# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 19 | 20 May 2020 to 26 May 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com


# ਟਰੰਪ ਪ੍ਰਸ਼ਾਸਨ ਨੇ ਸਰਹੱਦੀ ਪਾਬੰਦੀਆਂ ਅਣਮਿੱਥੇ ਸਮੇਂ ਲਈ ਵਧਾਈਆਂ

## ਅਮਰੀਕਾ ਵਿਚ ਕੋਰੋਨਵਾਇਰਸ ਨਾਲ 1552 ਹੋਰ ਮੌਤਾਂ, ਮੌਤਾਂ ਦੀ ਗਿਣਤੀ 93533 ਹੋਈ

**ਵਾਸ਼ਿੰਗਟਨ/ਹੁਸਨ ਲੜੋਆ ਬੰਗਾ:** ਨਿਰੰਤਰ ਫੈਲ ਰਹੀ ਕੋਵਿਡ-19 ਉਪਰ ਚਿੰਤਾ ਪ੍ਰਗਟ ਕਰਦਿਆਂ ਟਰੰਪ ਪ੍ਰਸ਼ਾਸਨ ਨੇ ਬਿਮਾਰੀਆਂ 'ਤੇ ਨਿਯੰਤਰਣ ਤੇ ਰੋਕਥਾਮ ਬਾਰੇ ਕੇਂਦਰ (ਸੀ.ਡੀ.ਸੀ) ਦੇ ਸਰਹੱਦੀ ਪਾਬੰਦੀਆਂ ਬਾਰੇ ਹੁਕਮ ਦੀ ਮਿਆਦ ਨੂੰ ਅਣਮਿਥੇ ਸਮੇਂ ਲਈ ਵਧਾ ਦਿੱਤਾ ਹੈ। ਇਸ ਹੁਕਮ ਤਹਿਤ ਸਰਹੱਦ ਉਪਰ ਤਾਇਨਾਤ ਸੰਘੀ ਅਧਿਕਾਰੀ ਅਮਰੀਕਾ ਵਿਚ ਦਾਖਲ ਹੁੰਦੇ ਅਣਅਧਿਕਾਰਤ ਲੋਕਾਂ ਨੂੰ ਫੌਰੀ ਉਨਾਂ ਦੇ ਮੂਲ ਦੇਸ਼ ਵੱਲ ਵਾਪਿਸ ਭੇਜ ਰਹੇ ਹਨ। ਸੀ.ਡੀ.ਸੀ ਦੇ ਡਾਇਰੈਕਟਰ ਰਾਬਰਟ ਰੈਡਫੀਲਡ ਨੇ ਆਪਣੇ ਹੁਕਮ ਵਿਚ ਲਿਖਿਆ ਹੈ ਕਿ ਉਸ ਸਮੇ ਜਦੋਂ ਕੋਰੋਨਾਵਾਇਰਸ ਵਿਰੁੱਧ ਸਾਡੀਆਂ ਕੋਸ਼ਿਸ਼ਾਂ ਜਾਰੀ ਹਨ ਤੇ ਅਸਰਦਾਇਕ ਹਨ, ਅਜਿਹੇ ਵਿਚ ਬਾਹਰਲੇ ਦੇਸ਼ਾਂ ਦੇ ਲੋਕਾਂ ਨੂੰ ਅੰਦਰ ਆਉਣ ਦੀ ਇਜਾਜਤ ਦੇਣ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਘਟਾਕੇ ਨਹੀਂ ਵੇਖਿਆ ਜਾ ਸਕਦਾ। ਬਾਹਰੋਂ ਆਉਣ ਵਾਲੇ ਲੋਕਾਂ ਕਾਰਨ ਖਤਰਨਾਕ ਨਤੀਜੇ ਨਿਕਲ ਸਕਦੇ ਹਨ। ਸੀ.ਡੀ.ਸੀ ਦੇ ਅਗਲੇ ਹੁਕਮਾਂ ਤੱਕ ਇਹ ਨਿਰਦੇਸ਼ ਲਾਗੂ ਰਹਿਣਗੇ। ਸੀ. ਡੀ. ਸੀ ਨੇ ਕਿਹਾ ਹੈ ਕਿ ਉਸ ਦੀ ਇਨਾਂ ਹੁਕਮਾਂ ਉਪਰ ਹਰੇਕ 30 ਦਿਨਾਂ ਬਾਅਦ ਨਜਰਸਾਨੀ ਕਰਨ ਦੀ ਯੋਜਨਾ ਹੈ।

### 1552 ਹੋਰ ਮੌਤਾਂ

ਅਮਰੀਕਾ ਵਿਚ ਪਿਛਲੇ 24 ਘੰਟਿਆਂ ਦੌਰਾਨ ਕੋਰੋਨਾਵਾਇਰਸ ਕਾਰਨ 1552 ਹੋਰ ਮਰੀਜ ਦਮ ਤੋੜ ਗਏ ਹਨ। ਮੌਤਾਂ ਦੀ ਕੁਲ ਗਿਣਤੀ 93533 ਹੋ ਗਈ ਹੈ ਜਦ ਕਿ 20289 ਨਵੇਂ ਮਰੀਜ ਹਸਪਤਾਲਾਂ ਵਿਚ ਦਾਖਲ ਹੋਏ ਹਨ। ਇਸ ਤਰਾਂ ਪੀੜਤ ਮਰੀਜਾਂ ਦੀ ਗਿਣਤੀ 15,70,583 ਹੋ ਗਈ ਹੈ। 4797 ਹੋਰ ਮਰੀਜ ਠੀਕ ਹੋਏ ਹਨ ਜਿਨਾਂ ਨੂੰ ਘਰਾਂ ਵਿਚ ਭੇਜ ਦਿੱਤਾ ਗਿਆ ਹੈ। ਹੁਣ ਤੱਕ 3,61,180 ਮਰੀਜ ਠੀਕ ਹੋ ਚੁੱਕੇ ਹਨ। ਲੋਕਾਂ ਦੇ ਸਿਹਤਮੰਦ ਹੋਣ ਦੀ ਦਰ 79% ਹੈ। ਇਕੱਲੇ ਨਿਊਯਾਰਕ



ਵਿਚ ਹੁਣ ਤੱਕ 28648 ਅਮਰੀਕੀਆਂ ਦੀ ਕੋਰੋਨਾਵਾਇਰਸ ਕਾਰਨ ਮੌਤ ਹੋ ਚੁੱਕੀ ਹੈ। ਮੌਤਾਂ ਦੇ ਮਾਮਲੇ ਵਿਚ ਦੂਸਰਾ ਸਥਾਨ ਨਿਊਜਰਸੀ ਦਾ ਹੈ ਜਿਥੇ 10591 ਮੌਤਾਂ ਹੋ ਚੁੱਕੀਆਂ ਹਨ।

### ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ

ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੋਰੋਨਾਵਾਇਰਸ ਤੋਂ ਬਚਾਅ ਲਈ ਗੈਰ ਪ੍ਰਵਾਨਤ ਹਾਈਡਰੌਕਸੀਕਲੋਰੋਕੁਈਨ ਦਵਾਈ ਲੈਣ ਦੇ ਬਿਆਨ ਉਪਰੰਤ ਡਾਕਟਰਾਂ, ਪੱਤਰਕਾਰਾਂ ਤੇ ਰਾਜਸੀ ਆਗੂਆਂ ਨੇ ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੱਤੀ ਹੈ। ਫੌਕਸ ਨਿਊਜ ਐਂਕਰ ਨੀਲ ਕੈਵੂਟੋ ਰਾਸ਼ਟਰਪਤੀ ਵੱਲੋਂ ਦਿੱਤੇ ਬਿਆਨ ਤੋਂ ਹੈਰਾਨ ਹਨ। ਉਨਾਂ ਨੇ ਹਾਈਡਰੌਕਸੀਕਲੋਰੋਕੁਈਨ ਦੀ ਵਰਤੋਂ ਵਿਰੁੱਧ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਇਸ ਦੇ ਖਾਣ ਨਾਲ ਮਾੜੇ ਸਿਹਤ ਹਾਲਾਤ ਵਿਚ ਰਹਿ ਰਹੇ ਲੋਕਾਂ ਦੀ ਮੌਤ ਹੋ ਸਕਦੀ ਹੈ। ਕੈਵੂਟੋ ਅਨੁਸਾਰ ਤਰਾਸਦੀ ਇਹ ਹੈ ਕਿ ਰਾਸ਼ਟਰਪਤੀ ਕਹਿੰਦੇ ਹਨ ਕਿ ਤੁਹਾਡੇ ਕੋਲ ਗਵਾਉਣ ਲਈ ਕੀ ਹੈ ? ਉਨਾਂ ਕਿਹਾ ਕਿ ਮਾੜੇ ਹਾਲਾਤ ਵਿਚ ਰਹਿੰਦੀ ਅਬਾਦੀ ਕੋਲ ਇਕ ਚੀਜ ਗਵਾਉਣ ਲਈ ਹੈ, ਉਹ ਹੈ ਉਨਾਂ ਦੀ ਜਾਨ।

# ਕੈਪਟਨ ਫਸ ਰਹੇ ਨੇ ਧਰਮ ਸੰਕਟ 'ਚ, ਪਾਰਟੀ ਅੰਦਰੋਂ ਹੋ ਸਕਦੀ ਏ ਬਗਾਵਤ

**ਜਲੰਧਰ/ਸੁਰਿੰਦਰਪਾਲ ਸਿੰਘ ਗੋਲਡੀ:** ਨਵਜੋਤ ਸਿੰਘ ਸਿੱਧੂ ਤੋਂ ਬਾਅਦ ਇੱਕ ਹੋਰ ਕਾਂਗਰਸੀ ਵਿਧਾਇਕ ਪਦਮ ਸ੍ਰੀ ਪ੍ਰਗਟ ਸਿੰਘ ਨੇ ਆਪਣੀ ਹੀ ਸਰਕਾਰ ਖ਼ਿਲਾਫ਼ ਮੋਰਚਾ ਖੋਲ ਦਿੱਤਾ ਹੈ। ਸਾਬਕਾ ਹਾਕੀ ਖਿਡਾਰੀ ਪਰਗਟ ਸਿੰਘ ਕੈਪਟਨ ਸਰਕਾਰ ਤੋਂ 'ਬਾਗੀ' ਨਵਜੋਤ ਸਿੰਘ ਸਿੱਧੂ ਦਾ ਕਰੀਬੀ ਦੋਸਤ ਹੈ ਅਤੇ ਸਿੱਧੂ ਨੇ ਹੀ ਉਸ ਨੂੰ ਪਾਰਟੀ ਵਿਚ ਸ਼ਾਮਲ ਕਰਕੇ ਹਾਈਕਮਾਂਡ ਟਿਕਟ ਦਿਵਾਈ ਸੀ। ਉਹ ਇਸ ਸਮੇਂ ਜਲੰਧਰ ਕੈਂਟ ਅਸੈਂਬਲੀ ਹਲਕੇ ਤੋਂ ਵਿਧਾਇਕ ਹੈ। ਰਾਜਨੀਤਿਕ ਹਲਕਿਆਂ ਵਿਚ ਇਹ ਚਰਚਾ ਹੈ ਕਿ ਪ੍ਰਗਟ ਸਿੰਘ ਨੇ ਨਵਜੋਤ ਸਿੰਘ ਸਿੱਧੂ ਦੀ ਹਦਾਇਤ 'ਤੇ ਇਹ ਬਗਾਵਤ ਕੀਤੀ ਹੈ। ਵੈਸੇ, ਇਨੀਂ ਦਿਨੀਂ ਕਾਂਗਰਸ ਵਿਚ ਕੈਪਟਨ ਅਮਰਿੰਦਰ ਸਿੰਘ ਖਿਲਾਫ ਨਵਾਂ ਬਾਗੀ ਮੋਰਚਾ ਖੜਾ ਹੋ ਰਿਹਾ ਹੈ।

ਸਾਬਕਾ ਉਲੰਪੀਅਨ ਪਰਗਟ ਸਿੰਘ ਨੇ ਆਪਣੀ ਹੀ ਸਰਕਾਰ ਨੂੰ ਕਟਹਿਰੇ ਵਿੱਚ ਖੜਾ ਕਰਦਿਆਂ ਮੁੱਖ ਮੰਤਰੀ ਕੈਪਟਨ ਤੋਂ ਮੰਗ ਕੀਤੀ ਹੈ ਕਿ ਉਹ ਕਾਂਗਰਸੀ ਵਿਧਾਇਕਾਂ ਦੀ ਤੁਰੰਤ ਮੀਟਿੰਗ ਸੱਦਣ। ਪਰਗਟ ਸਿੰਘ ਨੇ ਕਿਹਾ ਕਿ ਵਿਧਾਇਕਾਂ ਦੀ ਮੀਟਿੰਗ ਵਿੱਚ ਸਰਕਾਰ ਦੇ ਤਿੰਨ ਸਾਲਾਂ ਦੀ ਕਾਰਗੁਜ਼ਾਰੀ ਬਾਰੇ ਸਵੈ-ਪੜਚੋਲ ਕੀਤੀ ਜਾਵੇ। ਉਨਾਂ ਕਿਹਾ ਕਿ ਕੋਵਿਡ-19 ਦੀ ਆੜ ਹੇਠ ਉਹ ਮੁੱਦੇ ਨਹੀਂ ਦੱਬੇ ਜਾ ਸਕਦੇ ਜਿਨਾਂ ਨੂੰ ਉਭਾਰ ਕੇ ਕਾਂਗਰਸ ਸੱਤਾ ਵਿੱਚ ਆਈ ਸੀ। ਉਨਾਂ ਕਿਹਾ, "ਬੇਅਦਬੀ ਦਾ ਬੜਾ ਅਹਿਮ ਮੁੱਦਾ ਹੈ। ਰੇਤਾ ਤੇ ਨਸ਼ਿਆਂ ਦੇ ਅਜਿਹੇ ਮੁੱਦੇ ਹਨ ਜਿਸ 'ਤੇ ਲੋਕਾਂ ਨੇ ਸਾਡੇ ਕੋਲੋਂ ਜਵਾਬ ਮੰਗਣੇ ਹਨ। ਲੋਕ ਇਹ ਵੀ ਪੁੱਛਦੇ ਹਨ ਕਿ 31000 ਕਰੋੜ ਰੁਪਏ ਦੇ ਅਨਾਜ ਤੇ ਸਿੰਜਾਈ ਘੁਟਾਲੇ ਦੇ ਕੇਸਾਂ ਦਾ ਕੀ ਹੋਇਆ ?" ਉਨਾਂ ਕੈਪਟਨ ਦਾ ਨਾਂ ਲਏ ਬਿਨਾਂ ਕਿਹਾ ਕਿ ਵਿਧਾਇਕਾਂ ਨੂੰ ਇਕੱਠੇ ਹੋ ਕੇ ਪੁੱਛਣਾ ਚਾਹੀਦਾ ਹੈ ਕਿ ਆਖਿਰ ਸੂਬੇ ਵਿੱਚ ਹੋ ਕੀ ਹੋ ਰਿਹਾ ?

ਵਿਧਾਇਕ ਨੇ ਕਿਹਾ ਕਿ ਪੰਜਾਬ ਸਰਕਾਰ 'ਤੇ ਢਾਈ ਲੱਖ ਕਰੋੜ ਦਾ ਕਰਜ਼ਾ ਹੈ ਪਰ ਕੇਂਦਰ ਸਰਕਾਰ ਨੇ ਸੂਬੇ ਨੂੰ ਕੁਝ ਨਹੀਂ ਦੇਣਾ ਅਤੇ ਆਪਣੇ ਸਾਧਨ ਖੁਦ ਹੀ ਜੁਟਾਉਣੇ ਪੈਣਗੇ। ਉਨਾਂ ਸੁਝਾਅ ਦਿੱਤਾ, "ਸ਼ਰਾਬ ਅਤੇ ਮਾਈਨਿੰਗ ਨਾਲ ਸੂਬੇ ਦੀ ਆਮਦਨ ਵੱਧ ਸਕਦੀ ਹੈ। ਤਾਮਿਲਨਾਡੂ ਦੀ ਤਰਜ਼ 'ਤੇ ਸੂਬੇ ਵਿੱਚ ਸ਼ਰਾਬ ਦੀ ਵਿਕਰੀ ਲਈ ਕਾਰਪੋਰੇਸ਼ਨ ਬਣਾਈ ਜਾਵੇ ਤੇ ਇਹ ਮੁੱਦਾ ਮੰਤਰੀ ਰਹਿੰਦਿਆਂ ਨਵਜੋਤ ਸਿੱਧੂ ਨੇ ਵੀ ਉਠਾਇਆ ਸੀ।" ਉਨਾਂ ਕਿਹਾ ਕਿ ਕਾਂਗਰਸ ਸਰਕਾਰ ਦੇ ਹੋਂਦ ਵਿੱਚ ਆਉਣ ਸਮੇਂ ਇਹ ਕਹਿ ਕੇ ਕਾਰਪੋਰੇਸ਼ਨ ਨਹੀਂ ਬਣਾਈ ਗਈ ਸੀ ਕਿ ਸਮਾਂ ਬੜਾ ਘੱਟ ਹੈ ਅਤੇ ਅਗਲੇ ਸਾਲ ਬਣਾਵਾਂਗੇ ਪਰ ਹੁਣ ਤਿੰਨ ਸਾਲ ਬੀਤ ਗਏ ਹਨ। ਪਰਗਟ ਸਿੰਘ ਨੇ ਸਵਾਲ ਖੜਾ ਕੀਤਾ ਕਿ ਕਾਰਪੋਰੇਸ਼ਨ ਨਾ ਬਣਾਉਣ ਪਿੱਛੇ ਕਿਹੜੇ ਤੱਤ ਹਨ। ਉਨਾਂ ਕਿਹਾ ਕਿ ਜੇ ਕਾਰਪੋਰੇਸ਼ਨ ਬਣ ਜਾਂਦੀ ਤਾਂ ਪੰਜਾਬ ਨੂੰ ਹਰ ਸਾਲ 10 ਹਜ਼ਾਰ ਕਰੋੜ ਰੁਪਏ ਦਾ ਲਾਭ ਹੋਣਾ ਸੀ।

ਮੋਦੀ ਸਰਕਾਰ ਵੱਲੋਂ ਤਾਕਤਾਂ ਦਾ ਕੇਂਦਰੀਕਰਨ ਕੀਤੇ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਖਾਮੋਸ਼ੀ 'ਤੇ ਹੈਰਾਨੀ ਪ੍ਰਗਟਾਉਂਦਿਆਂ ਪਰਗਟ ਸਿੰਘ ਨੇ ਕਿਹਾ ਕਿ ਕਦੇ ਅਕਾਲੀ ਦਲ ਫੈਡਰਲ ਢਾਂਚੇ ਦੀ ਹਮਾਇਤ ਕਰਦਾ ਸੀ ਤੇ ਹੁਣ ਚੁੱਪ ਕਿਉਂ ਹੈ ? ਭਾਜਪਾ ਤੋਂ ਤਾਂ ਪੰਜਾਬ ਦੇ ਹਿੱਤ ਵਿੱਚ ਬੋਲਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ ਹੈ। ਆਪਣੀ ਪਾਰਟੀ ਦੀ ਸਰਕਾਰ 'ਤੇ ਸਖਤ ਹਮਲੇ ਕਰਦਿਆਂ ਵਿਧਾਇਕ ਪਰਗਟ ਸਿੰਘ ਨੇ ਕਿਹਾ ਕਿ ਕੈਪਟਨ ਕਮਜ਼ੋਰ ਮੁੱਖ ਮੰਤਰੀ ਹਨ। ਉਨਾਂ ਕਿਹਾ ਕਿ ਇਹ ਕਲਪਨਾਯੋਗ ਨਹੀਂ ਹੈ ਕਿ ਪੰਜਾਬ ਵਿਚ ਸਰਕਾਰ ਕਾਂਗਰਸ ਦੀ ਹੈ ਜਾਂ ਮੁੱਖ ਸਕੱਤਰ ਦੀ। ਮੰਤਰੀਆਂ ਅਤੇ ਮੁੱਖ ਸਕੱਤਰ ਦਰਮਿਆਨ ਹੋਏ ਵਿਵਾਦ ਤੋਂ ਬਾਅਦ ਮੁੱਖ ਮੰਤਰੀ ਨੂੰ ਤੁਰੰਤ ਵਿਧਾਇਕਾਂ ਦੀ ਇੱਕ ਮੀਟਿੰਗ ਬੁਲਾ ਕੇ ਸਪੱਸ਼ਟ ਕਰ ਦੇਣਾ ਚਾਹੀਦਾ ਸੀ ਕਿ ਜਿਨਾਂ ਮੁੱਦਿਆਂ 'ਤੇ ਅਸੀਂ ਸਰਕਾਰ ਬਣਾਈ ਹੈ, ਉਹ ਕਿਉਂ ਨਹੀਂ ਪੂਰੇ ਕੀਤੇ ਗਏ। ਭਾਵੇਂ ਹਾਲਾਂਕਿ ਕਾਫੀ ਵਿਧਾਇਕ ਕੈਪਟਨ ਤੋਂ ਨਰਾਜ਼ ਹਨ, ਪਰ ਉਹ ਹਾਲ ਦੀ ਘੜੀ ਨਹੀਂ ਬੋਲ ਰਹੇ। ਪਰ ਪਰਗਟ ਸਿੰਘ ਦੀਆਂ ਉੱਚੀਆਂ ਸੁਰਾਂ ਨੇ ਕੈਪਟਨ ਨੂੰ ਧਰਮ ਸੰਕਟ ਵਿਚ ਪਾ ਦਿੱਤਾ ਹੈ। ਕੈਪਟਨ ਦੇ ਖਿਲਾਫ਼ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਵੀ ਸਰਗਰਮ ਹਨ।

ਹੁਣ ਕਾਦੀਆਂ ਤੋਂ ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ ਨੇ ਕੈਪਟਨ ਸਰਕਾਰ ਨੂੰ ਵਿਰੁਧ ਮੋਰਚਾ ਖੋਲ ਦਿੱਤਾ ਹੈ। ਵਿਧਾਇਕ ਫ਼ਤਿਹ ਜੰਗ ਸਿੰਘ ਬਾਜਵਾ ਨੇ ਟਵੀਟ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਨੂੰ ਕੁਝ ਅਫ਼ਸਰਸ਼ਾਹਾਂ ਨੇ ਬੰਧਕ ਬਣਾ ਕੇ ਰੱਖਿਆ ਹੋਇਆ ਹੈ। ਇਸ ਨੂੰ ਤਿੰਨ ਹੋਰ ਕਾਂਗਰਸੀ ਵਿਧਾਇਕਾਂ ਨੇ ਰੀਟਵੀਟ ਵੀ ਕੀਤਾ।

**ਬਾਕੀ ਸਫ਼ਾ 32 'ਤੇ**

# ਅਮਰੀਕਾ 'ਚੋਂ ਕੱਢੇ 167 ਭਾਰਤੀ ਅੰਮ੍ਰਿਤਸਰ ਪੁੱਜੇ

**ਅੰਮ੍ਰਿਤਸਰ/ਏ.ਟੀ.ਨਿਊਜ਼:** ਅਮਰੀਕਾ ਵੱਲੋਂ ਕੱਢੇ ਗਏ (ਡਿਪੋਰਟ ਕੀਤੇ) 167 ਭਾਰਤੀ ਅੱਜ ਸ਼ਾਮ ਇੱਥੇ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪੁੱਜੇ। ਇਹ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਗਏ ਸਨ। ਇਹ ਵਿਅਕਤੀ ਪੰਜਾਬ ਸਮੇਤ 10 ਸੂਬਿਆਂ ਦੇ ਵਸਨੀਕ ਹਨ ਅਤੇ ਇਨ੍ਹਾਂ ਵਿਚ ਸਭ ਤੋਂ ਵੱਧ 79 ਵਿਅਕਤੀ ਹਰਿਆਣਾ ਨਾਲ ਸਬੰਧਤ ਹਨ। ਪੰਜਾਬ ਦੇ 67 ਵਿਅਕਤੀ ਹਨ। ਇਹ ਵਿਸ਼ੇਸ਼ ਹਵਾਈ ਜਹਾਜ਼ ਰਾਹੀਂ ਇੱਥੇ ਪੁੱਜੇ। ਹਵਾਈ ਅੱਡੇ 'ਤੇ ਉਨ੍ਹਾਂ ਦੀ ਆਮਦ ਵਾਸਤੇ ਪ੍ਰਸ਼ਾਸਨ ਨੇ ਲੋੜੀਂਦੇ ਪ੍ਰਬੰਧ ਕੀਤੇ ਹਨ। ਦਸਤਾਵੇਜ਼ੀ ਕਾਰਵਾਈ ਅਤੇ ਮੈਡੀਕਲ ਜਾਂਚ ਮਗਰੋਂ ਉਹ ਆਪੋ ਆਪਣੇ ਸੂਬਿਆਂ ਅਤੇ ਜ਼ਿਲ੍ਹਿਆਂ ਵਿਚ ਭੇਜੇ ਜਾਣਗੇ, ਜਿੱਥੇ ਉਨ੍ਹਾਂ ਨੂੰ 14 ਦਿਨਾਂ ਵਾਸਤੇ ਇਕਾਂਤਵਾਸ ਵਿਚ ਰੱਖਿਆ ਜਾਵੇਗਾ। ਇਨ੍ਹਾਂ ਵਿਚੋਂ ਵਧੇਰੇ ਵਿਅਕਤੀ ਏਜੰਟਾਂ ਰਾਹੀਂ ਗ਼ਲਤ ਤਰੀਕੇ ਨਾਲ ਅਮਰੀਕਾ ਗਏ ਸਨ ਪਰ ਮਗਰੋਂ ਉਨ੍ਹਾਂ ਨੂੰ ਉੱਥੇ ਕਾਬੂ ਕਰ ਲਿਆ ਗਿਆ। ਐੱਸਡੀਐੱਮ ਨੇ ਮੀਡੀਆ ਨੂੰ ਦੱਸਿਆ ਕਿ ਵਾਪਸ ਆਏ 167 ਵਿਅਕਤੀਆਂ ਵਿਚੋਂ 5 ਅੰਮ੍ਰਿਤਸਰ ਤੇ 5 ਤਰਨ ਤਾਰਨ ਜ਼ਿਲ੍ਹਿਆਂ ਨਾਲ ਸਬੰਧਤ ਹਨ। 79 ਵਿਅਕਤੀ ਹਰਿਆਣਾ ਨਾਲ ਸਬੰਧਤ ਹਨ। ਇਨ੍ਹਾਂ ਵਿਚ ਗੁਜਰਾਤ, ਮਹਾਰਾਸ਼ਟਰ, ਉੱਤਰ ਪ੍ਰਦੇਸ਼, ਤਿਲੰਗਾਨਾ, ਗੋਆ, ਕੇਰਲਾ, ਆਂਧਰਾ ਪ੍ਰਦੇਸ਼ ਆਦਿ ਦੇ ਵਾਸੀ ਵੀ ਸ਼ਾਮਲ ਹਨ। ਉਨ੍ਹਾਂ ਦੱਸਿਆ ਕਿ ਹੋਰਨਾਂ ਸੂਬਿਆਂ ਦੇ 21 ਨਾਗਰਿਕਾਂ ਨੂੰ ਵਾਪਸੀ ਤਕ ਫਿਲਹਾਲ ਇੱਥੇ ਹੀ ਇਕਾਂਤਵਾਸ ਵਿਚ ਰੱਖਿਆ ਜਾਵੇਗਾ ਜਦੋਂਕਿ ਬਾਕੀ ਆਪਣੇ ਜ਼ਿਲ੍ਹਿਆਂ ਵੱਲ ਰਵਾਨਾ ਹੋ ਜਾਣਗੇ। ਉਨ੍ਹਾਂ ਦੱਸਿਆ ਕਿ ਫਿਲਹਾਲ ਕਿਸੇ ਵਿਚ ਵੀ ਕਰੋਨਾ ਦੇ ਲੱਛਣ ਨਹੀਂ ਹਨ। ਪ੍ਰਾਪਤ ਵੇਰਵਿਆਂ ਮੁਤਾਬਕ ਅਮਰੀਕਾ ਵਿਚ ਲਗਪਗ 1793 ਪਰਵਾਸੀ ਭਾਰਤੀਆਂ ਨੂੰ ਗ਼ੈਰਕਾਨੂੰਨੀ ਢੰਗ ਨਾਲ ਅਮਰੀਕਾ ਵਿਚ ਦਾਖ਼ਲ ਹੋਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਨ੍ਹਾਂ ਨੂੰ ਉੱਥੇ ਵੱਖ ਵੱਖ ਜੇਲ੍ਹਾਂ ਵਿਚ ਰੱਖਿਆ ਗਿਆ ਸੀ ਪਰ ਹੁਣ ਕਰੋਨਾ ਸਕੰਟ ਕਾਰਨ ਉਨ੍ਹਾਂ ਨੂੰ ਵਾਪਸ ਭਾਰਤ ਭੇਜਿਆ ਜਾ ਰਿਹਾ ਹੈ। ਇਸ ਤਹਿਤ ਅੱਜ ਪਹਿਲੀ ਉਡਾਣ ਰਾਹੀਂ 167 ਭਾਰਤੀ ਵਾਪਸ ਪਰਤੇ ਹਨ। ਇਸ ਦੌਰਾਨ ਹਵਾਈ ਅੱਡੇ 'ਤੇ ਕਿਸੇ ਨੂੰ ਵੀ ਉਨ੍ਹਾਂ ਨਾਲ ਮਿਲਣ ਨਹੀਂ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਵੱਖਰਾ ਰੱਖਿਆ ਗਿਆ ਹੈ। ਇਸ ਦੌਰਾਨ ਇੱਥੇ ਪੁੱਜੇ ਪਿੰਡ ਠੱਠੀ ਸੋਹਲ ਦੇ ਮੰਗਲ ਸਿੰਘ ਨੇ ਦੱਸਿਆ ਕਿ ਅੱਜ ਉਸ ਦਾ ਬੇਟਾ ਗੁਰਦੇਵ ਸਿੰਘ ਵੀ ਪਰਤਿਆ ਹੈ, ਜਿਸ ਨੂੰ ਉਸ ਨੇ ਏਜੰਟ ਰਾਹੀਂ 11 ਮਹੀਨੇ ਪਹਿਲਾਂ ਭੇਜਿਆ ਸੀ ਅਤੇ ਇਸ ਵਾਸਤੇ ਵੱਡੀ ਰਕਮ ਵੀ ਦਿੱਤੀ ਸੀ।


ਇਥੇ ਇਸ਼ਤਿਹਾਰ ਲਗਾਉਣ ਲਈ ਕਾਲ ਕਰੋ:

510-240-5949

Email: asrtimes.gmail.com















ਮਰਦਸ਼ੁਮਾਰੀ ਇੱਕ ਸਧਾਰਣ ਅੰਤ ਹੈ
ਗੁਪਤ ੯ ਪ੍ਰਸ਼ਨ ਸਰਵੇਖਣ

ਸਹੂਲਤਾਂ ਦੀ ਗਿਣਤੀ ਮਰਦਸ਼ੁਮਾਰੀ ਵਿਚ ਹਿੱਸਾ ਲਓ

ਪਰਿਵਾਰ ਗਿਣਦੇ ਹਨ ਅੱਜ

ਹਰ ਕੋਈ ਗਿਣਦਾ ਹੈ

ਮਰਦਮਸ਼ੁਮਾਰੀ
CALIFORNIA FOR ALL
2020

CaliforniaCensus.org

# ਜੁਝਾਰ ਸਿੰਘ ਨੇ ਰਚਿਆ ਇਤਿਹਾਸ

## ਹੇਵਰਡ ਪੁਲਿਸ ਵਿਚ ਪਹਿਲਾ ਦਸਤਾਰਧਾਰੀ ਸਿੱਖ ਅਧਿਕਾਰੀ





**ਕੈਲੀਫੋਰਨੀਆ/ਏ.ਟੀ.ਨਿਊਜ਼ :** 23 ਸਾਲਾ ਜੁਝਾਰ ਸਿੰਘ ਨੇ ਇਤਿਹਾਸ ਲਿਖ ਦਿੱਤਾ ਕਿਉਂਕਿ ਉਹ ਕੈਲੀਫੋਰਨੀਆ ਵਿਚ ਹੇਡਵਰਡ ਪੁਲਿਸ ਵਿਭਾਗ ਵਿਚ ਪਹਿਲਾ ਦਸਤਾਰਧਾਰੀ ਸਿੱਖ ਪੁਲਿਸ ਅਧਿਕਾਰੀ ਬਣ ਗਿਆ ਹੈ।

ਦਿਲਚਸਪ ਗੱਲ ਇਹ ਹੈ ਕਿ ਜੁਝਾਰ ਸਿੰਘ ਅਲਮੇਡਾ ਕਾਉਂਟੀ ਵਿਚ ਵੀ ਪਹਿਲਾ ਦਸਤਾਰਧਾਰੀ ਪੁਲਿਸ ਅਧਿਕਾਰੀ ਹੈ।

ਜੁਝਾਰ ਸਿੰਘ ਨੇ ਸੋਮਵਾਰ ਨੂੰ ਅਲਮੇਡਾ ਕਾਉਂਟੀ ਸ਼ੈਰਿਫ ਦੀ ਅਕੈਡਮੀ ਦੇ ਆਪਣੇ ਸਾਥੀ ਗ੍ਰੈਜੂਏਟਾਂ ਨਾਲ ਮਾਰਚ ਕੀਤਾ। ਉਹ ਇਕੋ ਇਕ ਅਧਿਕਾਰੀ ਸੀ ਜਿਸ ਨੇ ਟੋਪੀ ਨਹੀਂ ਪੱਗੜੀ ਪਹਿਨੀ ਹੋਈ ਸੀ। ਉਸ ਨੇ ਕਿਹਾ ਕਿ ਮੈਂ ਹਮੇਸ਼ਾਂ ਪੱਗ ਬੰਨਦਾ ਹਾਂ ਅਤੇ ਕਦੇ ਆਪਣੇ ਵਾਲ ਨਹੀਂ ਕਟਵਾਏ, ਮੈਂ ਬਹੁਤ ਚੰਗਾ ਮਹਿਸੂਸ ਕਰ ਰਿਹਾ ਹਾਂ। ਜੁਝਾਰ ਸਿੰਘ ਨੇ ਕਿਹਾ ਕਿ ਇਹ ਇਕ ਸੁਪਨਾ ਸਾਕਾਰ ਹੋਇਆ ਹੈ। ਰਿਪੋਰਟਾਂ ਦੇ ਅਨੁਸਾਰ, ਅਲੇਮੇਡਾ ਕਾਉਂਟੀ ਦੇ ਸ਼ੈਰਿਫ ਦਫਤਰ 6 ਮਹੀਨਿਆਂ ਦੀ ਪੁਲਿਸ ਅਕੈਡਮੀ ਕੈਲੀਫੋਰਨੀਆ ਰਾਜ ਦੀਆਂ ਸਭ ਤੋਂ ਮੁਸ਼ਕਲ ਅਕਾਦਮੀਆਂ ਵਿੱਚੋਂ ਇੱਕ ਹੈ।

ਇਸ ਸਿਖਲਾਈ ਪ੍ਰੋਗਰਾਮ ਨੂੰ ਸਫਲਤਾਪੂਰਵਕ ਪੂਰਾ ਕਰਨ ਦੀ ਪ੍ਰਾਪਤੀ ਲਈ ਸਮਰਪਣ, ਸ਼ਕਤੀ ਅਤੇ ਬੁੱਧੀ ਦੀ ਭੂਮਿਕਾ ਹੈ।

ਜੁਝਾਰ ਸਿੰਘ ਦੇ ਪਿਤਾ ਭੁਪਿੰਦਰ ਸਿੰਘ ਹੇਵਰਡ ਵਿਚ ਟੈਨਿਸਨ ਅਤੇ ਮਿਸ਼ਨ ਵਿਖੇ 76 ਗੈਸ ਸਟੇਸ਼ਨ ਦੇ ਮਾਲਕ ਹਨ।

ਭੁਪਿੰਦਰ ਸਿੰਘ ਨੇ ਕਿਹਾ, ਮੈਨੂੰ ਉਸ ਉੱਤੇ ਬਹੁਤ ਮਾਣ ਹੈ।

ਭੁਪਿੰਦਰ ਸਿੰਘ ਨੇ ਦੱਸਿਆ ਕਿ 10 ਸਾਲ ਦੀ ਉਮਰ ਵਿਚ ਉਸ ਦਾ ਲੜਕਾ ਉਸ ਵੇਲੇ ਦੇ ਹੇਵਰਡ ਪੁਲਿਸ ਕਪਤਾਨ ਡੈਰੀਅਲ ਮੈਕਲਿਸਟਰ ਨੂੰ ਮਿਲਿਆ ਜੋ ਗੈਸ ਸਟੇਸ਼ਨ ਤੇ ਕੋਲਡ ਡਰਿੰਕ ਲੈਣ ਲਈ ਰੁਕਿਆ ਸੀ।

ਉਸ ਘਟਨਾ ਨੂੰ ਯਾਦ ਕਰਦਿਆਂ ਜਿਸ ਨੇ ਉਸ ਦੀ ਜ਼ਿੰਦਗੀ ਬਦਲ ਦਿੱਤੀ, ਅਧਿਕਾਰੀ ਜੁਝਾਰ ਸਿੰਘ ਨੇ ਕਿਹਾ, ਉਸਨੇ ਮੈਨੂੰ ਇੱਕ ਜੂਨੀਅਰ ਅਧਿਕਾਰੀ ਪੁਲਿਸ ਬੈਜ ਦਿੱਤਾ

(ਇੱਕ ਸਟਿੱਕਰ)। ਇਸ ਲਈ ਮੈਂ ਮਹਿਸੂਸ ਕੀਤਾ ਕਿ ਇਹ ਸਭ ਤੋਂ ਵਧੀਆ ਚੀਜ਼ ਸੀ। ਭੁਪਿੰਦਰ ਸਿੰਘ ਨੇ ਦੱਸਿਆ ਕਿ ਮੈਕਲਿਸਟਰ ਨੇ ਉਸ ਛੋਟੇ ਲੜਕੇ ਦੇ ਬਚਪਨ ਵਿੱਚ ਇੱਕ ਬੀਜ ਲਾਇਆ ਸੀ।

# ਸਿੱਖਸ ਫਾਰ ਹਿਊਮੈਨਿਟੀ ਸੰਸਥਾ ਨੇ ਮਾਸਕ, ਸੈਨੇਟਾਈਜ਼ਰ ਵਸਤਾਂ ਤੇ ਲੰਗਰ ਦੀ ਸੇਵਾ ਕੀਤੀ



**ਸੈਨ ਫਰਾਂਸਿਸਕੋ/ਏ.ਟੀ.ਨਿਊਜ਼ :** ਕੈਲੇਫੋਰਨੀਆ ਵਿੱਚ ਸਰਬੱਤ ਦੇ ਭਲੇ ਦੇ ਉਦੇਸ਼ ਨੂੰ ਲੈਕੇ ਚੱਲੀ ਸਿੱਖਸ ਫਾਰ ਹਿਊਮੈਨਿਟੀ ਨਾਮ ਦੀ ਸੰਸਥਾ ਕਰੋਨਾ ਵਾਇਰਸ ਸਮੇਂ ਚੱਲ ਰਹੇ ਸੰਕਟ ਵਿੱਚ ਵੀ ਆਪਣਾ ਯੋਗਦਾਨ ਪਾ ਰਹੀ ਹੈ। ਇਸ ਕਾਰਜ ਲਈ ਅੱਜ ਸੈਨ ਫਰਾਂਸਿਸਕੋ ਦੀ ਗਲਾਈਡ ਮਮੋਰੀਅਲ ਚਰਚ ਨਾਲ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਸਿੱਖਸ ਫਾਰ ਹਿਊਮੈਨਿਟੀ ਨੇ ਤਾਲਮੇਲ ਕਰਕੇ ਉੱਥੇ ਲੋੜਵੰਦਾ ਨੂੰ ਮਾਸਕ, ਸੈਨੇਟਾਈਜ਼ਰ ਵਸਤਾਂ ਤੇ ਲੰਗਰ ਦੀ ਸੇਵਾ ਕੀਤੀ ਗਈ।ਉੱਥੇ ਤਕਰੀਬਨ 500 ਜਰੂਰਤਮੰਦਾਂ ਨੇ ਇਸ ਸੇਵਾ ਦੀ ਲਾਭ ਉਠਾਇਆ। ਭਾਈ ਰਜਿੰਦਰ ਸਿੰਘ ਟਾਂਡਾ ਅਤੇ ਭਾਈ ਕਸ਼ਮੀਰ ਸਿੰਘ ਨੇ ਚਰਚ ਅਤੇ ਆਏ ਹੋਏ ਵਲੰਟੀਅਰਾਂ ਦਾ ਧੰਨਵਾਦ ਕੀਤਾ।

# ਯੂ ਕੇ : ਨਵੀਂ ਵੀਜਾ ਅਤੇ ਇਮੀਗਰੇਸ਼ਨ ਰਣਨੀਤੀ ਬਾਰੇ ਵਿਚਾਰਾਂ

**ਲੰਡਨ/ਏ.ਟੀ.ਨਿਊਜ਼ :** ਇੰਗਲੈਂਡ 'ਚ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ 'ਚ ਵੀਜਿਆਂ ਅਤੇ ਇਮੀਗਰੇਸ਼ਨ ਬਾਰੇ 'ਇਤਿਹਾਸਕ' ਨਵੀ ਰਣਨੀਤੀ ਬਾਰੇ ਵਿਚਾਰਾਂ ਹੋਈਆਂ। ਸੰਸਦ ਮੈਂਬਰਾਂ ਨੇ ਹੁਨਰ ਦੇ ਆਧਾਰ 'ਤੇ ਅੰਕ ਆਧਾਰਿਤ ਪ੍ਰਣਾਲੀ ਦੀ ਵਕਾਲਤ ਕੀਤੀ ਹੈ। ਇਮੀਗਰੇਸ਼ਨ ਐਂਡ ਸੋਸ਼ਲ ਸਕਿਉਰਿਟੀ ਕੋਆਰਡੀਨੇਸ਼ਨ (ਈਯੂ ਵਾਪਸੀ) ਬਿੱਲ 2020 'ਤੇ ਚਰਚਾ ਹੋਈ। ਗ੍ਰਹਿ ਮੰਤਰੀ ਪ੍ਰੀਤੀ ਪਟੇਲ ਨੇ ਕਿਹਾ ਕਿ ਇਤਿਹਾਸਕ ਬਿੱਲ ਨਾਲ ਇਮੀਗਰੇਸ਼ਨ ਪ੍ਰਣਾਲੀ 'ਤੇ ਦਹਾਕਿਆਂ ਬਾਅਦ ਪਹਿਲੀ ਵਾਰ ਯੂਕੇ ਦਾ ਕੰਟਰੋਲ ਹੋਵੇਗਾ।ਉਨਾਂ ਕਿਹਾ ਕਿ ਅੰਕਾਂ 'ਤੇ ਆਧਾਰਿਤ ਨਵੀਂ ਪ੍ਰਣਾਲੀ ਲੋਕਾਂ ਨੂੰ ਆਕਰਸ਼ਿਤ ਕਰੇਗੀ ਅਤੇ ਅਰਥਚਾਰੇ 'ਚ ਸੁਧਾਰ ਹੋਵੇਗਾ।




Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

Raja™ Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja™ Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

1-866-FOR-RAJA (367-7252)
www.RajaSweets.com

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

PARADISE BALLROOMS
4100 Peralta Blvd. Fremont, CA 94536
(510) 900-6319
info@paradiseballrooms.com www.paradiseballrooms.com

SERVICES INCLUDE
- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING TABLE CLOTH, NAPKINS, CHAIRS ETC.

# ਸਿੱਖਾਂ ਨੂੰ ਸੈਣੀ ਵਰਗੇ ਕੌਮੀ ਕਾਤਲਾਂ ਅਤੇ ਇਹਨਾਂ ਦੇ ਸਰਪ੍ਰਸਤਾਂ ਨਾਲੋਂ ਨਿਖੇੜਾ ਕਰਨ ਦੀ ਲੋੜ

**ਲੰਡਨ/ਏ.ਟੀ.ਨਿਊਜ਼:** ਸੈਂਕੜੇ ਸਿੱਖਾਂ ਦੇ ਕਾਤਲ ਸੁਮੇਧ ਸੈਣੀ ਨੂੰ ਭਾਰਤੀ ਅਦਾਲਤ ਨੇ ਅਗਾਊਂ ਜਮਾਨਤ ਦੇ ਕੇ ਸਪੱਸ਼ਟ ਕਰ ਦਿੱਤਾ ਹੈ ਕਿ ਸਿੱਖਾਂ ਵਾਸਤੇ ਇਸ ਹਿੰਦੂਤਵੀ ਦੇਸ਼ ਕੋਈ ਇਨਸਾਫ ਨਹੀਂ ਹੈ । ਇਸ ਕਰਕੇ ਅਜੇ ਵੀ ਵਕਤ ਹੈ ਕਿ ਹਰ ਸਿੱਖ ਇਹ ਮਹਿਸੂਸ ਕਰ ਲਵੇ ਕਿ ਉਹ ਭਾਰਤ ਵਿੱਚ ਗੁਲਾਮ ਹੈ ਅਤੇ ਇਸ ਗੁਲਾਮੀਂ ਨੂੰ ਗਲੋਂ ਲਾਹੁਣਾ ਹੈ । ਭਾਈ ਬਲਵੰਤ ਸਿੰਘ ਮੁਲਤਾਨੀ ਸਮੇਤ ਸੈਂਕੜੇ ਸਿੱਖਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਸ਼ਹੀਦ ਕਰਨ ,ਸਿੱਖ ਨੌਜਵਾਨਾਂ ਤੇ ਅਕਹ ਅਤੇ ਅਸਹ ਤਸ਼ੱਦਦ ਕਰਨ ਮਗਰੋਂ ਉਹਨਾਂ ਨੂੰ ਝੂਠੇ ਕੇਸਾਂ ਵਿੱਚ ਫਸਾ ਕੇ ਜੇਲਾਂ ਵਿੱਚ ਬੰਦ ਕਰਨ ਵਾਲੇ ਇਸ ਸੁਮੇਧ ਸੈਣੀ ਨੇ ਇੰਨੇ ਗੁਨਾਹ ਅਤੇ ਪਾਪ ਕੀਤੇ ਹਨ ਕਿ ਇਸ ਵਾਸਤੇ ਦੁਨੀਆਂ ਦੀ ਹਰ ਸਜ਼ਾ ਘੱਟ ਹੈ । ਇਹੋ ਜਿਹੇ ਬੁੱਚੜ ਪੁਲਿਸੀਆਂ ਨੇ ਸਿੱਖ ਨੌਜਵਾਨਾਂ ਦੇ ਪਰਿਵਾਰਾਂ ਤੋਂ ਉਹਨਾਂ ਦੇ ਪੁੱਤਰਾਂ ਨੂੰ ਛੱਡਣ ਲਈ ਵੱਡੀ ਪੱਧਰ ਤੇ ਫਿਰੌਤੀਆਂ ਲਈਆਂ ਅਤੇ ਸ਼ਹੀਦ ਕਰਕੇ ਸਰਕਾਰ ਤੋਂ ਇਨਾਮ ਪ੍ਰਾਪਤ ਕੀਤੇ ,ਇਹੋ ਕਾਰਨ ਹੈ ਕਿ ਇਹਨਾਂ ਜਾਲਮ ਪੁਲਸੀਆਂ ਦੀਆਂ ਕਰੋੜਾਂ ਨਹੀਂ ਬਲਕਿ ਅਰਬਾਂ ਰੁਪਏ ਦੀਆਂ ਨਾਮੀਂ ਅਤੇ ਬੇਨਾਮੀ ਜਇਦਾਦਾਂ ਹਨ । ਇਹ ਸਰਕਾਰੀ ਵਰਦੀਧਾਰੀ ਬੁੱਚੜ ਸਖਤ ਤੋਂ ਸਖਤ ਸਜਾ ਦੇ ਹੱਕਦਾਰ ਹਨ । ਬਰਤਾਨੀਆ ਵਿੱਚ ਅਜਾਦ ਸਿੱਖ ਰਾਜ ਖਾਲਿਸਤਾਨ ਦੇ ਨਿਸ਼ਾਨੇ ਨੂੰ ਸਮਰਪਤਿ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ ਕੇ ਵਲੋਂ ਭਾਰਤ ਦੇ ਨਿਆਂਇਕ ਢਾਂਚੇ ਦੀ ਸਖਤ ਅਲੋਚਨਾ ਕੀਤੀ ਗਈ ਹੈ ।ਸਿੱਖਾਂ ਤੇ ਜੁਲਮ ਕਰਨ ਵਾਲੇ ਇਹਨਾਂ ਪੁਲਿਸ ਅਧਿਕਾਰੀਓਂ ਨੂੰ ਹਮੇਸਾਂ ਹੀ ਕਾਂਗਰਸ ਅਤੇ ਅਕਾਲੀ ਦਲ ਬਾਦਲ ਦੀ ਸ਼ਹਿ ਅਤੇ ਸਰਪ੍ਰਸਤੀ ਰਹੀ ਹੈ । ਭਾਈ ਤਜਿੰਦਰ ਸਿੰਘ ਬਿੱਲੂ ਨੂੰ ਅਗਵਾ ਕਰਕੇ ਸ਼ਹੀਦ ਕਰਨ ਵਾਲੇ ਦੋਸ਼ੀਆਂ ਦੀ ਕੈਪਟਨ ਅਮਰਇੰਦਰ ਵਲੋਂ ਸਜਾ ਮੁਆਫ ਕਰਨੀ , ਸਿੱਖ ਕੈਦੀਆਂ ਨੂੰ ਰਿਹਾਅ ਨਾ ਕਰਨਾ ਆਦਿ ਅਨੇਕਾਂ ਮਿਸਾਲਾਂ ਹਨ ਜੋ ਕਾਂਗਰਸ ਅਤੇ ਅਕਾਲੀ ਦਲ ਬਾਦਲ ਦੀ ਸਿੱਖ ਮਾਰੂ ਨੀਤੀ ਨੂੰ ਬੇਨਕਾਬ ਕਰਦੀਆਂ ਹਨ । ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ,ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ,ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਭਾਈ ਜੋਗਾ ਸਿੰਘ ਵਲੋਂ ਸਿੱਖ ਕੌਮ ਨੂੰ ਅਪੀਲ ਕੀਤੀ ਗਈ ਕਿ ਉਹ ਸਿੱਖਾਂ ਅਤੇ ਸਿੱਖੀ ਦੀ ਕਾਤਲ ,ਸਿੱਖਾਂ ਅਤੇ ਸਿੱਖੀ ਨਾਲ ਵਿਸ਼ਵਾਸ਼ਘਾਤ ਕਰਨ ਵਾਲੀ ਕਾਂਗਰਸ ਪਾਰਟੀ ਅਤੇ ਬਾਦਲਕਿਆਂ ਦੇ ਭ੍ਰਿਸ਼ਟ ਲਾਣੇ ਨੂੰ ਪੂਰੀ ਤਰਾਂ ਨਕਾਰ ਦੇਣ । ਕੈਪਟਨ ਅਮਰਇੰਦਰ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਦਰਬਾਰੇ,ਕੈਰੋਂ ਅਤੇ ਬੇਅੰਤੇ ਬੁੱਚੜ ਦੀਆਂ ਲੀਹਾਂ ਤੇ ਚੱਲਦਾ ਹੋਇਆ ਸਿੱਖ ਕੌਮ ਤੇ ਜੁਲਮ ਕਰ ਰਿਹਾ ਹੈ ਪਿਛਲੀ ਵਾਰ ਇਸ ਨੇ ਇਹੋ ਜਿਹੇ ਹੀ ਇੱਕ ਹੋਰ ਜਾਲਮ ਪੁਲਿਸ ਅਫਸਰ ਸਰਬਦੀਪ ਵਿਰਕ ਨੂੰ ਪੰਜਾਬ ਦਾ ਡੀ.ਜੀ.ਪੀ ਲਗਾਇਆ ਸੀ । ਬਾਦਕਿਆਂ ਨੇ ਵੀ ਇਸ ਨਾਲੋਂ ਘੱਟ ਨਹੀਂ ਕੀਤੀ ਉਹਨਾਂ ਵਲੋਂ ਸੇਂਕੜੇ ਸਿੱਖਾਂ ਦੇ ਕਾਤਲ ਇਸੇ ਹੀ ਸੁਮੇਧ ਸੈਣੀ ਨੂੰ ਪੰਜਾਬ ਦਾ ਡੀ.ਜੀ.ਪੀ ਲਗਾ ਕੇ ਸਿੱਖ ਕੌਮ ਦਾ ਵੱਡਾ ਧ੍ਰੋਹ ਕੀਤਾ ਗਿਆ ਸੀ । ਸਿੱਖ ਕੌਮ ਜੂਨ 1984 ਨੂੰ ਸਿੱਖ ਤਵਾਰੀਖ ਵਿੱਚ ਵਾਪਰੇ ਖੂਨੀ ਘੱਲੂਘਾਰੇ ਦੀ 36ਵੀਂ ਵਰੇ ਗੰਢ ਮਨਾ ਰਹੀ ਹੈ ।ਇਸ ਵਕਤ ਹਰ ਸਿੱਖ ਉਹਨਾਂ ਮਹਾਨ ਸ਼ਹੀਦਾਂ ਨੂੰ ਯਾਦ ਕਰਦਿਆਂ ਅਜਾਦ ਸਿੱਖ ਰਾਜ ਖਾਲਿਸਤਾਨ ਲਈ ਯਤਨਸ਼ੀਲ ਹੋਣਾ ਹੀ ਉਹਨਾਂ ਨੂੰ ਸੱਚੀ ਸ਼ਰਧਾਂਜਲੀ ਹੋਵੇਗੀ ।



# ਪੰਜਾਬ ਸਰਕਾਰ ਕਾਤਲ ਪੁਲਸੀਆਂ ਦੀ ਪੁਸ਼ਤਪਨਾਹੀ ਬੰਦ ਕਰੇ

## ਸੁਮੇਧ ਸੈਣੀ ਅਤੇ ਕਬੱਡੀ ਖਿਡਾਰੀ ਪੱਡਾ ਭਲਵਾਨ ਦੇ ਕਾਤਲਾਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਜਾਣ

**ਨਿਊਯਾਰਕ/ਟਰਾਂਟੋ/ਏ.ਟੀ.ਨਿਊਜ਼:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਕੋਆਰਡੀਨੇਸ਼ਨ ਕਮੇਟੀ ਦੀ ਟੈਲੀ ਕਾਨਫਰੰਸ ਵਿੱਚ ਪੰਜਾਬ ਪੁਲੀਸ ਤਸ਼ੱਦਦ ਦੇ ਸਰਗਣੇ ਸੁਮੇਧ ਸੈਣੀ ਬਾਰੇ ਗੰਭੀਰਤਾ ਨਾਲ ਵਿਚਾਰਾਂ ਕੀਤੀਆਂ ਗਈਆਂ। ਸੈਣੀ ਨੇ ਪੰਜਾਬ ਦੀ ਜੁਆਨੀ ਦਾ ਘਾਣ ਕਰਨ ਵਿੱਚ ਮੂਹਰਲੀ ਕਤਾਰ ਵਿੱਚ ਭੂਮਿਕਾ ਨਿਭਾਈ ਹੈ। ਸ਼ਰਮ ਵਾਲੀ ਗੱਲ ਇਹ ਵੀ ਹੈ ਕਿ ਪੰਜਾਬ ਦੀਆਂ ਵੱਖ ਵੱਖ ਸਰਕਾਰਾਂ ਨੇ ਅਜਿਹੇ ਕਾਤਲ ਪੁਲਸੀਆਂ ਦੀ ਰੱਜ ਕੇ ਪੁਸ਼ਤਪਨਾਹੀ ਕੀਤੀ ਹੈ। ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਕੋਰਆਰਡੀਨੇਸ਼ਨ ਕਮੇਟੀ ਦੀ ਤਤਕਾਲੀ ਟੈਲੀਫੋਨ ਮੀਟਿੰਗ ਹੋਈ, ਜਿਸ ਵਿੱਚ ਖਾਲਸਤਾਨ ਦੀ ਅਜਾਦੀ ਲਈ ਬਦਲ ਰਹੇ ਕੌਮੰਤਰੀ ਹਾਲਾਤਾਂ ਨੂੰ ਧਿਆਨ ਵਿੱਚ ਰੱਖਦਿਆਂ ਡੂੰਘੀਆਂ ਵਿਚਾਰਾਂ ਦੇ ਨਾਲ ਨਾਲ ਪੰਜਾਬ ਪੁਲਿਸ ਪ੍ਰਸਾਸ਼ਨ ਵਲੋਂ ਵਧ ਰਹੇ ਜ਼ੁਲਮਾਂ ਬਾਰੇ ਵੀ ਡਾਢੀ ਚਿੰਤਾ ਪ੍ਰਗਟ ਕੀਤੀ ਗਈ। ਕੁੱਝ ਵਿਚਾਰਾਂ ਅਧੀਨ ਜੋ ਫੈਸਲੇ ਲਏ ਗਏ ਉਨਾਂ ਦਾ ਵਿਸਥਾਰ ਇਸ ਪ੍ਰਕਾਰ ਹੈ।

1) ਪੰਜਾਬ ਪੁਲਿਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ, ਜਿਸ ਨੇ ਆਪਣੀ ਸੇਵਾ ਦੌਰਾਨ ਸਿੱਖ ਨੌਜਵਾਨਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਸ਼ਹੀਦ ਕੀਤਾ ਸੀ ਅਤੇ ਹੋਰ ਹਜਾਰਾਂ ਸਿੱਖਾਂ ਉਪਰ ਤਸ਼ੱਦਦ ਅਤੇ ਝੂਠੇ ਕੇਸ ਬਣਾ ਕੇ ਜੇਲਾਂ ਵਿੱਚ ਬੰਦ ਕਰਾਇਆ ਸੀ, ਹਾਲ ਹੀ ਵਿੱਚ ਚੰਡੀਗੜ ਵਿਖੇ ਨੌਜਵਾਨ ਸਰਦਾਰ ਬਲਦੇਵ ਸਿੰਘ ਮੁਲਤਾਨੀ ਅਤੇ ਸਾਥੀਆਂ ਨੂੰ ਸੰਨ 1991 ਵਿੱਚ ਲਾਪਤਾ ਕਰ ਦਿੱਤਾ ਸੀ, ਦੇ ਵਿਰੁੱਧ ਐਫ ਆਈ ਆਰ ਦਰਜ ਹੋਈ ਹੈ। ਭ੍ਰਿਸ਼ਟ ਭਾਰਤੀ ਸਿਸਟਮ ਵਿੱਚ ਉਸ ਦਰਿੰਦਗੀ ਭਰੀ ਬੇਇਨਸਾਫੀ ਲਈ ਸਿਰਫ ਐਫ ਆਈ ਆਰ ਦਰਜ ਕਰਾਉਣ ਲਈ ਤਿੰਨ ਦਹਾਕੇ ਲੱਗ ਗਏ ਹਨ।

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਦੀ ਕੋਆਰਡੀਨੇਸ਼ਨ ਕਮੇਟੀ ਨੇ ਵਿਚਾਰਾਂ ਤੋ ਬਾਅਦ ਫੈਸਲਾ ਕਰਦਿਆਂ ਇੰਡੀਅਨ ਜੁਡੀਸ਼ੀਅਲ ਸਿਸਟਮ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਸ ਸਮੇਂ ਵਿੱਚ ਇਕ ਪੁਲਿਸ ਅਫਸਰ ਵਲੋਂ ਜਦ ਉਹ ਪੰਜਾਬ ਪੁਲਿਸ ਵਿੱਚ ਐਸ ਐਸ ਪੀ ਦੀ ਸੀਨੀਅਰ ਪੁਜੀਸ਼ਨ ਤੇ ਸੀ, ਨੂੰ ਗਲਤ ਤਰੀਕੇ ਨਾਲ ਵਰਤ ਕੇ ਮਨੁੱਖਤਾ ਤੋਂ ਹੀਣੇ ਕਾਰਨਾਮਿਆਂ ਲਈ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਵੇ।

2) ਕਪੂਰਥਲਾ ਜਿਲੇ ਦੇ ਪਿੰਡ ਲੱਖਣ ਕੇ ਪੱਡੇ ਦੇ ਹੋਣਹਾਰ ਕੌਮਾਂਤਰੀ ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਉਰਫ "ਪੱਡਾ ਬਲਵਾਨ" ਨੂੰ ਸਬ ਇੰਸਪੈਕਟਰ ਦੇ ਸਹਿਯੋਗੀ ਪਰਮਜੀਤ ਸਿੰਘ ਨੇ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਜਦਕਿ ਉਸਦਾ ਦੋਸਤ ਪਰਦੀਪ ਸਿੰਘ ਸਖਤ ਜ਼ਖਮੀ ਹੋ ਗਿਆ। ਮਿਲੀ ਜਾਣਕਾਰੀ ਅਨੁਸਾਰ ਕਪੂਰਥਲਾ ਪੁਲੀਸ ਵਿੱਚ ਤਾਇਨਾਤ ਐਸ ਐਸ ਪੀ ਸਮਸ਼ੇਰ ਸਿੰਘ ਜੋ ਕਿ ਰਹਿ ਚੁੱਕੇ ਐਸ ਐਸ ਪੀ ਸਰਵਣਾ ਘੋਟਣਾ ਦਾ ਪੁੱਤਰ ਹੈ, ਇਹ ਇਲਾਕੇ ਵਿੱਚ ਖਤਰਨਾਕ ਡਰੱਗ ਭਾਵ ਚਿੱਟੇ ਦਾ ਵਿਉਪਾਰੀ ਹੈ। ਕਬੱਡੀ ਖਿਡਾਰੀ ਅਰਵਿੰਦਰ ਸਿੰਘ ਪੱਡਾ ਅਜਿਹਾ ਕੁਕਰਮ ਕਰਨ ਤੋਂ ਵਰਜਦਾ ਸੀ। ਇਸ ਮੀਟਿੰਗ ਵਿੱਚ ਕੋਆਰਡੀਨੇਸ਼ਨ ਕਮੇਟੀ ਨੇ ਮਤਾ ਪਾਸ ਕੀਤਾ ਹੈ ਕਿ ਅਜਿਹੇ ਅਪਰਾਧੀਆਂ ਨੂੰ, ਜਿਸ ਨੇ ਗੋਲੀਆਂ ਮਾਰ ਕੇ ਅਰਵਿੰਦਰ ਸਿੰਘ ਪੱਡਾ ਦਾ ਕਤਲ ਕੀਤਾ ਹੈ, ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਕਿ ਆਉਣ ਵਾਲੀਆਂ ਨਸਲਾਂ ਲਈ ਉਦਾਹਰਣ ਪੈਦਾ ਕੀਤੀ ਜਾ ਸਕੇ।

3) ਅੰਤ ਵਿੱਚ ਭਾਰਤੀ ਹਿੰਦੂਤਵ ਦੀਆਂ ਹਥਿਆਰਬੰਦ ਫੌਜਾਂ ਵੱਲੋਂ ਸ੍ਰੀ ਦਰਬਾਰ ਸਾਹਿਬ ਉਪਰ 1984 ਵਿੱਚ ਕੀਤੇ ਹਮਲੇ ਦੀ ਯਾਦ 36 ਵੀ ਯਾਦ, ਜੋ ਸਾਰੀ ਦੁਨੀਆਂ ਵਿੱਚ ਸੋਗ ਰੂਪ ਵਿੱਚ ਮਨਾਇਆ ਜਾਂਦਾ ਹੈ, ਐਤਕੀਂ ਕਾਰੋਨਾ ਵਾਰਿਸ ਦੀ ਮਹਾਮਾਰੀ ਦੇ ਸੰਸਾਰ ਤਾਲਾਮਾਰੀ ਲਾਕਡਾਊਨ ਕਾਰਨ ਕੋਈ ਵੀ ਇਕੱਠ ਨਹੀਂ ਕੀਤਾ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਦੀ ਕੋਆਰਡੀਨੇਸ਼ਨ ਕਮੇਟੀ ਨੇ ਫੈਸਲਾ ਕੀਤਾ ਹੈ ਕਿ ਇਸ ਸਾਲ ਸੋਸ਼ਲ ਮੀਡੀਆ ਰਾਹੀਂ ਸ਼ਹੀਦਾਂ ਦਾ ਖਾਲਿਸਤਾਨ ਦੀ ਆਜਾਦੀ ਦਾ ਸੁਨੇਹਾ ਘਰ ਘਰ ਪਹੁੰਚਾਇਆ ਜਾਵੇ। ਜਿਸ ਲਈ ਮੀਡੀਆ ਸਬ ਕਮੇਟੀ ਬਣਾ ਕੇ ਕੰਮ ਕੀਤਾ ਜਾਵੇਗਾ। ਮੀਟਿੰਗ ਵਿੱਚ ਬੂਟਾ ਸਿੰਘ ਖੜੌਦ ਯੂ ਐਸ ਏ, ਸੁਖਮਿੰਦਰ ਸਿੰਘ ਹੰਸਰਾ ਕੈਨੇਡਾ, ਚੈਨ ਸਿੰਘ ਫਰਾਂਸ, ਮਲਕੀਅਤ ਸਿੰਘ ਢੇਸੀ ਐਡਮੈਂਟਨ, ਜੀਤ ਸਿੰਘ ਆਲੋਅਰਖ ਕੈਲੀਫੋਰਨੀਆ, ਸੁਰਜੀਤ ਸਿੰਘ ਕੁਲਾਰ ਅਮਰੀਕਾ, ਗੁਰਜੋਤ ਸਿੰਘ ਐਡਮੈਂਟਨ, ਰਣਜੀਤ ਸਿੰਘ ਖਾਲਸਾ ਐਡਮੈਂਟਨ, ਮੱਖਣ ਸਿੰਘ ਕਲੇਰ ਸ਼ਿਕਾਗੋ, ਸੋਹਣ ਸਿੰਘ ਕੰਗ ਜਰਮਨੀ, ਜਸਪਾਲ ਸਿੰਘ ਬੈਂਸ ਯੂ ਕੇ, ਮਨਵੀਰ ਸਿੰਘ ਮਾਂਟਰੀਅਲ, ਸੁਖਜੀਵਨ ਸਿੰਘ, ਪਰਮਜੀਤ ਸਿੰਘ ਸੋਹਲ, ਸੋਹਣ ਸਿੰਘ ਕੰਗ ਜਰਮਨੀ ਆਦਿ ਨੇ ਸ਼ਮੂਲੀਅਤ ਕੀਤੀ।

# ਕਰੋਨਾ ਨਾਲ ਨਜਿੱਠਣ ਦੀ ਪ੍ਰਕਿਰਿਆ ਦਾ ਮੁਲਾਂਕਣ ਕਰਾਏਗਾ ਡਬਲਯੂਐੱਚਓ

**ਜਨੇਵਾ/ ਏ.ਟੀ.ਨਿਊਜ਼:** ਮਈ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਦੇ ਮੁਖੀ ਨੇ ਅੱਜ ਕਿਹਾ ਕਿ ਉਹ ਆਲਮੀ ਮਹਾਮਾਰੀ ਨਾਲ ਨਜਿੱਠਣ ਦੀ ਪ੍ਰਕਿਰਿਆ ਦਾ ਮੁਲਾਂਕਣ ਜਿੰਨੀ ਜਲਦੀ ਹੋ ਸਕੇ ਸ਼ੁਰੂ ਕਰਵਾਉਣਗੇ ਜਦਕਿ ਚੀਨ ਨੇ ਇਸ ਫੈਸਲਾ ਦੀ ਹਮਾਇਤ ਕੀਤੀ ਹੈ। ਡਬਲਯੂਐੱਚਓ ਦੇ ਡਾਇਰੈਕਟਰ-ਜਨਰਲ ਟੈਡਰੋਸ ਅਧਾਨੋਮ ਗੈਬਰੇਸਿਸ ਨੇ ਇਹ ਵਾਅਦਾ ਵਿਸ਼ਵ ਸਿਹਤ ਸਭਾ ਦੇ ਦੋ ਰੋਜ਼ਾ ਆਨਲਾਈਨ ਸੰਮੇਲਨ ਦੌਰਾਨ ਕੀਤਾ। ਇਸ ਦੌਰਾਨ ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਰੋਨਾ ਸੰਕਟ ਨਾਲ ਨਜਿੱਠਣ ਲਈ ਆਪਣੇ ਮੁਲਕ ਵੱਲੋਂ ਕੀਤੀਆਂ ਕੋਸ਼ਿਸ਼ਾਂ ਦਾ ਬਚਾਅ ਕੀਤਾ। ਟੈਡਰੋਸ ਨੇ ਕਿਹਾ ਕਿ ਉਹ ਢੁੱਕਵੇਂ ਸਮੇਂ 'ਤੇ ਭਵਿੱਖੀ ਪੇਸ਼ਬੰਦੀਆਂ ਲਈ ਸਲਾਹ ਜਾਰੀ ਕਰਨਗੇ। ਇਸ ਤੋਂ ਪਹਿਲਾਂ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਐਂਤੋਂਨੀਓ ਗੁਟੇਰੇਜ ਨੇ ਸੰਮੇਲਨ ਦਾ ਉਦਘਾਟਨ ਕੀਤਾ। ਇਸ ਤੋਂ ਪਹਿਲਾਂ ਭਾਰਤ ਨੇ ਇਸ ਸੰਮੇਲਨ 'ਚ ਹਿੱਸਾ ਲੈ ਰਹੇ ਉਨਾਂ 60 ਦੇਸ਼ਾਂ ਦੀ ਮੰਗ ਦੀ ਹਮਾਇਤ ਕੀਤੀ ਜਿਸ 'ਚ ਕੋਵਿਡ-19 ਸੰਕਟ ਦੀ ਆਲਮੀ ਪ੍ਰਤੀਕਿਰਿਆ ਪ੍ਰਣਾਲੀ ਦਾ ਨਿਰਪੱਖ, ਆਜਾਦਾਨਾ ਤੇ ਸੰਪੂਰਨ ਢੰਗ ਨਾਲ ਮੁਲਾਂਕਣ ਕਰਨ ਤੇ ਕਰੋਨਾਵਾਇਰਸ ਦੇ ਕਿਸੇ ਪਸ਼ੂ ਨਾਲ ਸਬੰਧਤ ਹੋਣ ਦੇ ਸਰੋਤ ਦਾ ਪਤਾ ਲਾਉਣ ਦੀ ਗੱਲ ਕਹੀ ਗਈ ਹੈ।

# ਮਾਸਕ ਵਾਇਰਸ ਦੇ ਖ਼ਤਰੇ ਨੂੰ ਵਧਾਉਂਦੇ ਹਨ : ਸਰਜਨ ਜਨਰਲ ਡਬਲਜ਼ ਡਾਊਨ



**ਵਾਸ਼ਿੰਗਟਨ/ਰਾਜ ਗੋਗਨਾ:** ਸਰਜਨ ਜਨਰਲ ਜੇਰੋਮ ਐਡਮਜ਼ ਨੇ ਮੰਗਲਵਾਰ ਨੂੰ ਆਪਣੇ ਆਪ ਨੂੰ ਕੋਰੋਨਵਾਇਰਸ ਤੋਂ ਬਚਾਉਣ ਲਈ ਚਿਹਰੇ ਦੇ ਮਾਸਕ ਪਹਿਨਣ ਵਾਲੇ ਸਿਹਤਮੰਦ ਲੋਕਾਂ ਖਿਲਾਫ ਦਿੱਤੀ ਸਲਾਹ 'ਕਿ ਵਾਇਰਸ ਇਸ ਨੂੰ ਦੁੱਗਣੇ ਜੋਖਮ ਵਿੱਚ ਪਾਉਦੇ ਹਨ। ਉਹਨਾ ਕਿਹਾ ਕਿ ਇਕ ਗ਼ਲਤ ਢੰਗ ਨਾਲ ਪਹਿਨਣ ਨਾਲ ਬਿਮਾਰੀ ਹੋਣ ਦੇ ਅਸਲ ਵਿਚ ਤੁਹਾਡੇ ਖ਼ਤਰੇ ਵਿਚ ਵਾਧਾ ਹੋ ਸਕਦਾ ਹੈ।ਪਿਛਲੇ ਕੁਝ ਦਿਨਾਂ ਵਿੱਚ ਵਿਸ਼ਵ ਸਿਹਤ ਸੰਗਠਨ ਅਤੇ ਸੀਡੀਸੀ ਨੇ ਜੋ ਪੁਸ਼ਟੀ ਕੀਤੀ ਹੈ।ਉਹ ਇਹ ਹੈ ਕਿ ਉਹ ਆਮ ਲੋਕਾਂ ਨੂੰ ਮਾਸਕ ਪਹਿਨਣ ਦੀ ਸਿਫਾਰਸ਼ ਨਹੀਂ ਕਰਦੇ, ਐਡਮਜ਼ ਨੇ ਕਿਹਾ, '2015 ਵਿੱਚ ਇੱਕ ਅਧਿਐਨ ਮੈਡੀਕਲ ਵਿਦਿਆਰਥੀਆਂ ਨੂੰ ਵੇਖਦਿਆਂ ਹੋਇਆ ਸੀ। ਮੈਡੀਕਲ ਵਿਦਿਆਰਥੀ ਸਰਜੀਕਲ ਮਾਸਕ ਪਹਿਨਣ, ਔਸਤਨ 23 ਵਾਰ ਉਹ ਚਿਹਰੇ ਨੂੰ ਛੂਹਦੇ ਹਨ। ਅਸੀਂ ਇੱਕ ਵੱਡਾ ਤਰੀਕਾ ਜਾਣਦੇ ਹਾਂ ਕਿ ਤੁਸੀਂ ਸਾਹ ਦੀਆਂ ਬਿਮਾਰੀਆਂ ਨੂੰ ਨਹੀਂ ਲੈ ਸਕਦੇ ਹੋ ਜਿਵੇਂ ਕਿ ਕੋਰੋਨਾਵਾਇਰਸ ਇੱਕ ਜਗਾ ਨੂੰ ਛੂਹਣਾ ਅਤੇ ਫਿਰ ਆਪਣੇ ਚਿਹਰੇ ਨੂੰ ਛੂਹਣਾ ਹੈ। ਐਡਮਜ਼ ਨੇ ਕਿਹਾ, ਮਾਸਕ ਪਹਿਨਣ ਵਾਲੇ ਨੂੰ ਸੁਰੱਖਿਆ ਦੀ ਗਲਤ ਭਾਵਨਾ ਵੀ ਦੇ ਸਕਦੇ ਹਨ ਅਤੇ ਲੋਕਾਂ ਨੂੰ ਇਕ ਦੂਜੇ ਦੇ ਬਹੁਤ ਨੇੜੇ ਹੋਣ ਲਈ ਉਤਸ਼ਾਹਤ ਵੀ ਕਰਦੇ ਹਨ, ਅਤੇ ਅੱਗੇ, ਦੇਸ਼ ਭਰ ਵਿਚ ਅਜੇ ਵੀ ਮਾਸਕ ਦੀ ਬਹੁਤ ਘਾਟ ਹੈ।

ਸਰਜਨ ਜਨਰਲ ਡਬਲਜ਼ ਡਾਊਨ ਨੇ ਸਾਬਤ ਕੀਤਾ ਕਿ ਮਾਸਕ ਵਾਇਰਸ ਦੇ ਜੋਖਮ ਨੂੰ ਵਧਾਉਂਦੇ ਹਨ।

ਐਡਮਜ਼ ਨੇ ਕਿਹਾ ਕਿ ਜਿਹੜੇ ਲੋਕ ਬਿਮਾਰ ਹਨ ਉਹਨਾਂ ਨੂੰ ਮਾਸਕ ਪਹਿਨਣੇ ਚਾਹੀਦੇ ਹਨ, ਪਰ ਮੰਨਿਆ ਕਿ ਜੇ ਤੰਦਰੁਸਤ ਲੋਕ ਮਾਸਕ ਪਹਿਨ ਕੇ ਵਧੀਆ ਮਹਿਸੂਸ ਕਰਦੇ ਹਨ।ਹਰ ਤਰਾਂ ਨਾਲ, ਇਸ ਨੂੰ ਪਹਿਨੋ" ਪਰ ਉਨਾਂ ਨੂੰ ਆਪਣੇ ਚਿਹਰੇ ਨੂੰ ਨਹੀਂ ਛੂਹਣਾ ਚਾਹੀਦਾ।ਉਹਨਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਆਮ ਲੋਕਾਂ ਨੂੰ ਮੈਡੀਕਲ ਸ਼ੈਲੀ ਵਾਲੇ ਐਨ 95 ਦੇ ਮਖੌਟੇ ਨਹੀਂ ਪਹਿਨਣੇ ਚਾਹੀਦੇ, ਕਿਉਂਕਿ ਉਨਾਂ ਨੂੰ ਲਾਗ ਤੋਂ ਬਚਣ ਲਈ ਸਹੀ ਫਿਟਿੰਗ ਨਾਲ ਲਗਾਇਆ ਜਾਣਾ ਚਾਹੀਦਾ ਹੈ।ਜਨਤਾ ਲਈ, ਉਹਨਾਂ ਨੂੰ ਫੇਸ ਮਾਸਕ ਨਹੀਂ ਪਹਿਨਣੇ ਚਾਹੀਦੇ ਜਦ ਤੱਕ ਉਹ ਬਿਮਾਰ ਨਹੀਂ ਹੁੰਦੇ, ਅਤੇ ਜੇ ਕੋਈ ਸਿਹਤ ਸੰਭਾਲ ਕਰਮਚਾਰੀ ਉਨਾਂ ਨੂੰ ਸਲਾਹ ਦਿੰਦਾ ਹੈ।ਤਾਂ ਉਸ ਨੂੰ ਸਵਾਲ ਪੁੱਛੋ ਕਿ ਇਹ ਕਿਸ ਤਰੀਕੇ ਵਾਇਰਸ ਨੂੰ ਰੋਕਦੇ ਹਨ। ਜਦ ਕਿ ਵਾਇਰਸ ਦਾ ਟ੍ਰੈਵਲ ਕਰਨ ਦਾ ਤਰੀਕਾ ਤਾਂ ਵੱਖਰਾ ਹੈ।ਹੈਲੀ ਵਿਚ ਘੁੰਮਦੇ ਹੋਏ ਆਮ ਜਨਤਾ ਦੇ ਔਸਤਨ ਮੈਂਬਰਾਂ ਲਈ, ਇਹ ਚੰਗਾ ਵਿਚਾਰ ਨਹੀਂ ਹੈ।ਉਨਾਂ ਕਿਹਾ, ਜੋ ਵਾਪਰਦਾ ਹੈ, ਉਹ ਹੈ ਲੋਕਾਂ ਦਾ ਇਕ ਮਖੌਟਾ। ਉਹ ਹਰ ਸਮੇਂ ਇਸ ਨੂੰ ਨਹੀਂ ਪਹਿਨਣਗੇ, ਜਦੋਂ ਉਹ ਘਰ ਆਉਣਗੇ ਤਾਂ ਉਹ ਇਸ ਨੂੰ ਉਤਾਰ ਦੇਣਗੇ, ਉਹ ਇਸ ਨੂੰ ਉਸ ਸਤਾ 'ਤੇ ਸੁੱਟ ਦੇਣਗੇ ਜਿਸ ਨੂੰ ਉਨਾਂ ਨੇ ਸਾਫ਼ ਨਹੀਂ ਕੀਤਾ।ਅੱਗੇ, ਉਸਨੇ ਕਿਹਾ ਕਿ ਵਿਵਹਾਰ ਸੰਬੰਧੀ ਮੁੱਦੇ ਆਪਣੇ ਆਪ ਨੂੰ ਸੰਕਰਮਿਤ ਹੋਣ ਦੇ ਵਧੇਰੇ ਜੋਖਮ ਤੇ ਉਲਟਾ ਸਕਦੇ ਹਨ। ਉਦਾਹਰਣ ਦੇ ਲਈ, ਲੋਕ ਬਾਹਰ ਜਾਂਦੇ ਹਨ ਅਤੇ ਆਪਣੇ ਹੱਥ ਨਹੀਂ ਧੋਂਦੇ, ਉਹ ਮਾਸਕ ਦੇ ਹਿੱਸੇ ਜਾਂ ਉਨਾਂ ਦੇ ਚਿਹਰੇ ਨੂੰ ਛੂੰਹਦੇ ਹਨ, ਅਤੇ ਉਹ ਸੰਕਰਮਿਤ ਹੋ ਜਾਂਦੇ ਹਨ।ਉਨਾਂ ਲਈ ਮਾਸਕ ਦੀ ਸਿਫਾਰਸ਼ ਕੀਤੀ ਜਾਂਦੀ ਹੈ ਜੋ ਬਿਮਾਰੀ ਦੇ ਲੱਛਣ ਦਰਸਾਉਂਦੇ ਹਨ, ਜੇ ਉਹ ਬਿਮਾਰ ਹਨ, ਜਾਂ ਉਨਾਂ ਨੇ 3®ↄ94-19 ਲਈ ਸਕਾਰਾਤਮਕ ਜਾਂਚ ਕੀਤੀ ਹੈ ਕਿਉਂਕਿ ਇਹ ਵਿਸ਼ਾਣੂ ਨੂੰ ਬਾਹਰ ਆਉਣ ਤੋਂ ਰੋਕਣ ਲਈ ਤਿਆਰ ਕੀਤੇ ਗਏ ਹਨ।ਜਦੋਂ ਵਾਇਰਲ ਇਨਫੈਕਸ਼ਨ ਦਾ ਕੇਂਦਰ ਚੀਨ ਵਿੱਚ ਪ੍ਰਕੋਪ ਸ਼ੁਰੂ ਹੋਇਆ, ਫੇਸ ਮਾਸਕ ਦੀ ਮੰਗ ਜਨਵਰੀ ਵਿੱਚ ਇਕ ਦਿਨ ਵਿਚ 200 ਮਿਲੀਅਨ ਨੂੰ ਪਾਰ ਕਰ ਗਈ, ਤਾਂ ਬੜੀ ਸਪਲਾਈ ਵਿਚ ਕਮੀ ਆਈ। ਵੱਧਦੀ ਮੰਗ ਦੀ ਪੂਰਤੀ ਲਈ, ਬਹੁਤ ਸਾਰੇ ਨਿਰਮਾਤਾਵਾਂ ਨੂੰ ਸਟਾਫ ਦੀ ਛੁੱਟੀ ਰੱਦ ਕਰਨੀ ਪਈ ਅਤੇ ਉਤਪਾਦਨ ਵਿੱਚ ਵਾਧਾ ਕਰਨ ਲਈ ਮਜ਼ਦੂਰੀ ਵਿਚ ਵਾਧਾ ਕਰਨਾ ਪਿਆ। ਜਦ ਕਿ ਤੰਦਰੁਸਤ ਵਿਅਕਤੀਆਂ ਲਈ ਮਾਸਕ ਲਾਹੇਵੰਦ ਨਹੀਂ ਹਨ। ਸਿਰਫ ਛੂਹਣ ਦੇ ਜੋਖਮ ਨੂੰ ਕਾਬੂ ਵਿੱਚ ਰਖਿਆ ਜਾਵੇ ਅਤੇ ਕਰੋਨਾ ਵਾਇਰਸ ਮਰੀਜ਼ਾਂ ਤੋ ਦੂਰੀ ਬਣਾਈ ਜਾਵੇ।

# ਭਾਈ ਨਿਰਮਲ ਸਿੰਘ ਖ਼ਾਲਸਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਦੌਰਾਨ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸ ਵੇਅ ਦੇ ਮਾਮਲੇ ਵਿਚ ਕੇਂਦਰ ਸਰਕਾਰ ਤੱਕ ਪਹੁੰਚ ਕਰਨ ਦਾ ਫੈਸਲਾ ਕੀਤਾ ਹੈ। ਇਸ ਦੇ ਨਾਲ ਹੀ ਕੋਰੋਨਾ ਕਾਰਨ ਪੈਦਾ ਹੋਏ ਹਲਾਤਾਂ ਦੇ ਚੱਲਦਿਆਂ ਵਿੱਤੀ ਸਮੀਖਿਆ ਕਰਨ ਲਈ ਇਕ ਉੱਚ ਪੱਧਰੀ ਕਮੇਟੀ ਬਣਾਉਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਇਥੇ ਸ੍ਰੀ ਗੁਰੂ ਰਾਮਦਾਸ ਮੈਡੀਕਲ ਯੂਨੀਵਰਸਿਟੀ ਵਿਖੇ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਕਈ ਹੋਰ ਅਹਿਮ ਫੈਸਲਿਆਂ 'ਤੇ ਵੀ ਮੋਹਰ ਲਗਾਈ ਗਈ। ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਨੇ ਦੱਸਿਆ ਕਿ ਇਕੱਤਰਤਾ ਦੌਰਾਨ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਗਈ ਹੈ ਕਿ ਦਿੱਲੀ-ਅੰਮ੍ਰਿਤਸਰ-ਕੱਟੜਾ ਐਕਸਪ੍ਰੈੱਸ ਵੇਅ ਨੂੰ ਪਹਿਲਾਂ ਵਾਲੀ ਬਣਾਈ ਗਈ ਯੋਜਨਾ ਅਨੁਸਾਰ ਹੀ ਬਣਾਇਆ ਜਾਵੇ। ਇਸ ਵਿੱਚੋਂ ਅੰਮ੍ਰਿਤਸਰ ਨੂੰ ਕਿਸੇ ਵੀ ਕੀਮਤ 'ਤੇ ਬਾਹਰ ਨਹੀਂ ਕੀਤਾ ਜਾਣਾ ਚਾਹੀਦਾ। ਉਨਾਂ ਦੱਸਿਆ ਕਿ ਇਸ ਸਬੰਧ ਵਿਚ ਭਾਰਤ ਦੇ ਗ੍ਰਹਿ ਮੰਤਰੀ ਸ੍ਰੀ ਅਮਿਤ ਸ਼ਾਹ ਅਤੇ ਰੋਡ ਟਰਾਂਸਪੋਰਟ ਤੇ ਹਾਈਵੇਅ ਮੰਤਰੀ ਸ੍ਰੀ ਨਿਤਿਨ ਗਡਕਰੀ ਤੱਕ ਵੀ ਪਹੁੰਚ ਕੀਤੀ ਜਾਵੇਗੀ। ਇਸ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਵੱਲੋਂ ਹਰ ਪੱਧਰ 'ਤੇ ਕਾਰਵਾਈ ਨੂੰ ਅੱਗੇ ਵਧਾਇਆ ਜਾਵੇਗਾ।

ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਹੋਰ ਫੈਸਲਿਆ



ਬਾਰੇ ਦੱਸਿਆ ਕਿ ਕੋਰੋਨਾ ਵਾਇਰਸ ਮਹਾਂਮਾਰੀ ਕਾਰਨ ਪੈਦਾ ਹੋਏ ਵਿੱਤੀ ਸੰਕਟ ਨਾਲ ਨਜਿੱਠਣ ਲਈ ਉੱਚ ਪੱਧਰੀ ਕਮੇਟੀ ਦਾ ਗਠਨ ਕੀਤਾ ਗਿਆ ਹੈ। ਸੀਨੀਅਰ ਮੀਤ ਪ੍ਰਧਾਨ ਭਾਈ ਰਜਿੰਦਰ ਸਿੰਘ ਮਹਿਤਾ, ਜੂਨੀਅਰ ਮੀਤ ਪ੍ਰਧਾਨ ਭਾਈ ਗੁਰਬਖ਼ਸ਼ ਸਿੰਘ, ਜਨਰਲ ਸਕੱਤਰ ਸ. ਹਰਜਿੰਦਰ ਸਿੰਘ ਧਾਮੀ, ਮੁੱਖ ਸਕੱਤਰ ਡਾ. ਰੂਪ ਸਿੰਘ ਅਤੇ ਐਜੂਕੇਸ਼ਨ ਖੇਤਰ ਦੇ ਨੁਮਾਇੰਦੇ ਇਸ ਕਮੇਟੀ ਦਾ ਹਿੱਸਾ ਹੋਣਗੇ। ਉਨਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ, ਧਰਮ ਪ੍ਰਚਾਰ ਕਮੇਟੀ, ਸਮੂਹ ਗੁਰਦੁਆਰਾ ਸਾਹਿਬਾਨ ਅਤੇ ਵਿਦਿਅਕ ਅਦਾਰਿਆਂ ਨਾਲ ਸਬੰਧਤ ਵਿੱਤੀ ਮਾਮਲਿਆਂ ਦੀ ਸਮੀਖਿਆ ਇਸ ਕਮੇਟੀ ਵੱਲੋਂ ਹੀ ਕੀਤੀ ਜਾਵੇਗੀ। ਭਾਈ ਲੌਂਗੋਵਾਲ ਨੇ ਇਹ ਵੀ ਦੱਸਿਆ ਕਿ ਕੋਰੋਨਾ ਕਾਰਨ ਫਿਲਹਾਲ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੇ ਅਖ਼ਤਿਆਰੀ ਕੋਟੇ 'ਤੇ ਵੀ ਇਕ ਸਾਲ ਲਈ ਰੋਕ ਲਗਾ ਦਿੱਤੀ ਗਈ ਹੈ। ਇਸ ਤੋਂ ਇਲਾਵਾ ਹਰ ਤਰਾਂ ਦੀ ਸਹਾਇਤਾ ਵੀ ਤਿੰਨ ਮਹੀਨੇ ਲਈ ਨਹੀਂ ਦਿੱਤੀ ਜਾਵੇਗੀ।

ਇਕੱਤਰਤਾ ਦੌਰਾਨ ਸ੍ਰੀ ਅੰਮ੍ਰਿਤਸਰ ਦੇ ਕੋਟ ਖਾਲਸਾ ਇਲਾਕੇ ਅਤੇ ਹਰਿਆਣਾ ਦੇ ਪਿਹੇਵਾ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਪਾਵਨ ਪੋਥੀਆਂ ਦੀ ਬੇਅਦਬੀ ਸਬੰਧੀ ਨਿਖੇਧੀ ਮਤਾ ਪਾਸ ਕਰਦਿਆਂ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਗਈ। ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਦੀ ਧਰਮ ਪਤਨੀ ਬੀਬੀ ਅਮਰਪਾਲ ਕੌਰ, ਸਾਬਕਾ ਹਜ਼ੂਰੀ ਰਾਗੀ ਪ੍ਰਦਮਸ੍ਰੀ ਭਾਈ ਨਿਰਮਲ ਸਿੰਘ ਖ਼ਾਲਸਾ, ਤਖ਼ਤ ਸ੍ਰੀ ਹਜ਼ੂਰ ਸਾਹਿਬ ਦੇ ਜਥੇਦਾਰ ਬਾਬਾ ਕੁਲਵੰਤ ਸਿੰਘ ਦੇ ਭਰਾ ਭਾਈ ਧਨਵੰਤ ਸਿੰਘ ਕੜੇ ਵਾਲੇ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਂਬਰ ਸ. ਹਰਸੁਰਿੰਦਰ ਸਿੰਘ ਗਿੱਲ ਦੇ ਅਕਾਲ ਚਲਾਣੇ 'ਤੇ ਸ਼ੋਕ ਮਤੇ ਵੀ ਪਾਏ ਗਏ। ਭਾਈ ਨਿਰਮਲ ਸਿੰਘ ਖ਼ਾਲਸਾ ਦੇ ਭੋਗ ਮੌਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਭਾਈ ਲੌਂਗੋਵਾਲ ਵੱਲੋਂ ਕੀਤੇ ਗਏ ਐਲਾਨ ਮੁਤਾਬਿਕ ਭਾਈ ਖ਼ਾਲਸਾ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਨੂੰ ਪ੍ਰਵਾਨਗੀ ਦਿੱਤੀ ਗਈ ।

# ਗੁਰਦਾਸ ਸਿੰਘ ਬਾਦਲ ਨੂੰ ਸ਼ਰਧਾਂਜਲੀਆਂ ਭੇਟ



**ਲੰਬੀ/ ਏ.ਟੀ.ਨਿਊਜ਼:** ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦੀ ਬਾਦਲ ਪਿੰਡ ਵਿੱਚਲੀ ਰਿਹਾਇਸ਼ 'ਤੇ ਅੱਜ ਉਨਾਂ ਦੇ ਪਿਤਾ ਗੁਰਦਾਸ ਸਿੰਘ ਬਾਦਲ ਨਮਿੱਤ ਸ਼ਰਧਾਂਜਲੀ ਸਮਾਗਮ ਕੀਤਾ ਗਿਆ, ਜਿਸ ਵਿੱਚ ਸੀਮਿਤ ਗਿਣਤੀ ਵਿੱਚ ਰਿਸ਼ਤੇਦਾਰਾਂ ਅਤੇ ਨੇੜਲਿਆਂ ਨੇ ਸ਼ਿਰਕਤ ਕੀਤੀ। ਸਿਰਫ਼ 55 ਦਿਨਾਂ ਵਿੱਚ ਮਾਪਿਆਂ ਨੂੰ ਗੁਆਉਣ ਵਾਲੇ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਇਸ ਦੌਰਾਨ ਭਾਵੁਕਤਾ 'ਚ ਰੱਬ ਤੋਂ ਸਾਰੀ ਦੌਲਤ, ਸ਼ੋਹਰਤ ਅਤੇ ਅਹੁਦਿਆਂ ਬਦਲੇ ਚਾਰ ਦਿਨਾਂ ਲਈ ਮਾਪਿਆਂ ਨੂੰ ਵਾਪਸ ਮੋੜ ਦੇਣ ਦੀ ਗੁਹਾਰ ਲਗਾਈ। ਉਨਾਂ ਦੇ ਭਾਵੁਕਤਾ ਭਰੇ ਸ਼ਬਦਾਂ ਨੇ ਮੌਕੇ 'ਤੇ ਮੌਜੂਦ ਬਹੁਤੀਆਂ ਅੱਖਾਂ ਨਮ ਕਰ ਦਿੱਤਾ। ਇਸ ਮੌਕੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਹਰਦੀਪਇੰਦਰ ਸਿੰਘ ਬਾਦਲ, ਮਹੇਸ਼ਇੰਦਰ ਸਿੰਘ ਬਾਦਲ, ਆਦੇਸ਼ ਪ੍ਰਤਾਪ ਸਿੰਘ ਕੈਰੋਂ, ਸੁਖਬੀਰ ਸਿੰਘ ਬਾਦਲ ਅਤੇ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ, ਮੁੱਖ ਮੰਤਰੀ ਦੇ ਵਿਸ਼ੇਸ਼ ਪ੍ਰਿੰਸੀਪਲ ਸਕੱਤਰ ਸੁਰੇਸ਼ ਕੁਮਾਰ, ਡੀ.ਜੀ.ਪੀ ਦਿਨਕਰ ਗੁਪਤਾ, ਪ੍ਰਿੰਸੀਪਲ ਸਕੱਤਰ ਤੇਜਵੀਰ ਸਿੰਘ ਮੌਜੂਦ ਸਨ।

# ਵਿਸ਼ਵ ਸਿਹਤ ਸੰਗਠਨ ਚੀਨ ਦੀ 'ਕਠਪੁਤਲੀ': ਟਰੰਪ

**ਵਾਸ਼ਿੰਗਟਨ/ ਏ.ਟੀ.ਨਿਊਜ਼:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਵਿਸ਼ਵ ਸਿਹਤ ਸੰਗਠਨ 'ਤੇ ਇਕ ਵਾਰ ਮੁੜ ਹਮਲਾ ਬੋਲਿਆ ਅਤੇ ਕਿਹਾ ਕਿ ਸੰਯੁਕਤ ਰਾਸ਼ਟਰ ਦੀ ਇਹ ਸੰਸਥਾ ਚੀਨ ਦੇ ਹੱਥ ਦੀ 'ਕਠਪੁਤਲੀ' ਹੈ। ਟਰੰਪ ਨੇ ਦਾਅਵਾ ਕੀਤਾ ਕਿ ਜੇ ਉਨਾਂ ਨੇ ਚੀਨ ਯਾਤਰਾ 'ਤੇ ਰੋਕ ਨਾ ਲਗਾਈ ਹੁੰਦੀ ਤਾਂ ਕਰੋਨਾ ਵਾਇਰਸ ਕਾਰਨ ਮੁਲਕ ਵਿੱਚ ਵੱਡੀ ਗਿਣਤੀ ਲੋਕਾਂ ਦੀ ਮੌਤ ਹੁੰਦੀ। ਉਨਾਂ ਕਿਹਾ ਕਿ ਵਿਸ਼ਵ ਸਿਹਤ ਸੰਗਠਨ ਜਨਵਰੀ ਦੇ ਅਖੀਰ ਵਿੱਚ ਚੀਨ ਯਾਤਰਾ 'ਤੇ ਰੋਕ ਲਾਏ ਜਾਣ ਦੇ ਖਿਲਾਫ ਸੀ। ਉਨਾਂ ਇਸ ਦੇ ਨਾਲ ਹੀ ਕਿਹਾ ਕਿ ਉਹ ਕਰੋਨਾ ਤੋਂ ਬਚਣ ਲਈ ਡੇਢ ਹਫਤੇ ਤੋਂ ਮਲੇਰੀਆ ਦੀ ਦਵਾਈ (ਹਾਈਡਰੋਕਸੀਕਲੋਰੀਕੁਈਨ) ਲੈ ਰਹੇ ਹਨ।


DIAMOND TRANSPORTATION

DIAMOND Transportation Logistics, Inc.

Dry Van ਤੇ Reefer ਦੇ ਕੰਮ ਲਈ
Owner Operators ਦੀ ਲੋੜ

Good Pay

Dedicated Routs

Weekly Payment
ਇਕ ਹਫ਼ਤੇ 'ਚ ਪੇਮੈਂਟ ਲਵੋ



ਅੱਜ ਹੀ ਕਾਲ ਕਰੋ :

ਗੁਲਵਿੰਦਰ ਸਿੰਘ ਗਾਖ਼ਲ
209.487.3699

ਹਰਨੇਕ ਸਿੰਘ ਅਟਵਾਲ
209.351.5965

2850 Loomis Rd, Stockton, CA 95205




# ਬੋਲਣ ਵਿਚ ਮੁਸ਼ਕਲ ਵੀ ਹੋ ਸਕਦੈ ਕੋਰੋਨਾ ਦਾ ਇਕ ਗੰਭੀਰ ਲੱਛਣ

**ਲੰਡਨ/ਏ.ਟੀ.ਨਿਊਜ਼:**ਡਬਲਯੂਐਚਓ ਕਹਿੰਦਾ ਹੈ ਕਿ ਵੱਡੀ ਗਿਣਤੀ ਵਿਚ ਕੋਰੋਨਾ ਪੀੜਤ ਲੋਕ ਪਾਏ ਜਾ ਰਹੇ ਹਨ ਜਿਨਾਂ ਨੂੰ ਬੋਲਣ ਵਿਚ ਮੁਸ਼ਕਲ ਆ ਰਹੀ ਹੈ। ਜੇ ਕੋਈ ਵਿਅਕਤੀ ਅਜਿਹੇ ਲੱਛਣ ਦਿਖਾਉਂਦਾ ਹੈ ਤਾਂ ਉਸਨੂੰ ਤੁਰੰਤ ਡਾਕਟਰ ਨਾਲ ਸੰਪਰਕ ਕਰਨਾ ਚਾਹੀਦਾ ਹੈ। ਡਬਲਯੂਐਚਓ ਦਾ ਕਹਿਣਾ ਹੈ ਕਿ ਜ਼ਰੂਰੀ ਨਹੀਂ ਕਿ ਕੋਰੋਨਾ ਵਾਲੇ ਸਾਰੇ ਮਰੀਜ਼ਾਂ ਨੂੰ ਬੋਲਣ ਜਾਂ ਸੰਚਾਰ ਕਰਨ ਚ ਮੁਸ਼ਕਲ ਨਜ਼ਰ ਆਵੇ, ਦੂਜੇ ਲੱਛਣਾਂ ਵਾਂਗ ਇਹ ਲੱਛਣ ਵੀ ਲੁਕ ਸਕਦੇ ਹਨ ਜਾਂ ਦੇਰੀ ਹੋ ਸਕਦੀ ਹੈ। ਕੋਵਿਡ -19 ਮਰੀਜ਼ਾਂ ਨੂੰ ਸਾਹ ਨਾਲ ਸਬੰਧਤ ਸਮੱਸਿਆ ਹੋ ਸਕਦੀ ਹੈ। ਜੇ ਪੀੜਤ ਮਰੀਜ਼ ਮਾਹਰਾਂ ਦੁਆਰਾ ਦਿੱਤੇ ਦਿਸ਼ਾ-ਨਿਰਦੇਸ਼ਾਂ ਦਾ ਸਹੀ ਢੰਗ ਨਾਲ ਪਾਲਣ ਕਰਣਗੇ ਤਾਂ ਯਕੀਨਨ ਉਹ ਬਿਨਾਂ ਕਿਸੇ ਇਲਾਜ ਦੇ ਠੀਕ ਹੋ ਸਕਦੇ ਹਨ। ਇਸ ਤੋਂ ਪਹਿਲਾਂ ਆਕਸੀਜਨ ਅਤੇ ਲਾ ਟਰੋਬ ਯੂਨੀਵਰਸਿਟੀ (ਮੈਲਬਰਨ) ਦੇ ਖੋਜਕਰਤਾਵਾਂ ਨੇ ਕੋਰੋਨਾ ਦੇ ਮਰੀਜ਼ਾਂ ਚ 'ਸਾਈਕੋਸਿਸ' ਦੀ ਸਮੱਸਿਆ ਬਾਰੇ ਚਾਨਣਾ ਪਾਇਆ ਸੀ। ਖੋਜ ਦੇ ਮੁਖੀ ਡਾਕਟਰ ਐਲੀ ਬਰਾਊਨ ਨੇ ਕਿਹਾ ਕਿ ਕੋਵਿਡ-19 ਮਾਨਸਿਕ ਤਣਾਅ ਦੇ ਜੋਖਮ ਨੂੰ ਕਾਫ਼ੀ ਵਧਾਉਂਦੀ ਹੈ।

# ਜਥੇਦਾਰ ਸੰਘੇੜਾ ਦਾ ਬੇਵਕਤੀ ਜਾਣ ਕੌਮੀ ਘਾਟਾ



**ਪੈਰਿਸ/ਏ.ਟੀ.ਨਿਊਜ਼ :** ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਬਰਨਾਲਾ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਸੰਘੇੜਾ ਜੋ 13 ਮਈ ਇਸ ਫਾਨੀ ਸੰਸਾਰ ਨੂੰ ਛੱਡ ਗਏ ਹਨ, ਜਿਸ ਨਾਲ ਪੰਥਕ ਸੋਚ ਅਤੇ ਸਿੱਖ ਕੌਮੀ ਅਜਾਦੀ ਦੀ ਲਹਿਰ ਨੂੰ ਵੱਡਾ ਘਾਟਾ ਪਿਆ ਹੈ। ਜੁਝਾਰੂ ਸੋਚ ਦੇ ਮਾਲਕ ਜਥੇਦਾਰ ਸੰਘੇੜਾ ਸਾਰੀ ਜਿੰਦਗੀ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਸੋਚ ਤੇ ਪਹਿਰਾ ਦਿੰਦਿਆਂ ਖਾਲਸਾ ਰਾਜ ਦੀ ਲੜਾਈ ਨੂੰ ਸਮਰਪਿਤ ਰਹੇ। ਇਲੈਕਸ਼ਨ ਹੋਣ, ਸ਼੍ਰੀ ਫਤਹਿਗੜ ਸਾਹਿਬ ਵਿਖੇ ਮਨਾਏ ਜਾਂਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੇ ਜਨਮ ਦਿਹਾੜੇ ਹੋਣ, ਪੰਜਾਬ, ਪੰਜਾਬੀ, ਪੰਜਾਬੀਅਤ ਨਾਲ ਵਾਪਰਦੇ ਵਰਤਾਰੇ ਹੋਣ ਤਾਂ ਹਰ ਥਾਂ ਸਮੇਤ ਜ਼ਿਲਾ ਜਥੇਬੰਦੀ ਆਪਣੀ ਹਾਜਰੀ ਪੱਕੀ ਰੱਖਦੇ ਸਨ। ਕੌਮੀ ਆਗੂ ਸਿਮਰਨਜੀਤ ਸਿੰਘ ਮਾਨ ਨਾਲ ਚਟਾਨ ਵਾਂਗ ਖੜਕੇ ਦ੍ਰਿੜਤਾ, ਇਮਾਨਦਾਰੀ ਅਤੇ ਸਰਕਾਰੀ ਜਬਰ ਜੁਲਮ ਦਾ ਡਟਕੇ ਮੁਕਾਬਲਾ ਕਰਦਿਆਂ ਹਮੇਸ਼ਾ ਪੰਥਕ ਸੋਚ ਨੂੰ ਅੱਗੇ ਰੱਖਿਆ। ਸ਼ੋਮਣੀ ਅਕਾਲੀ ਦਲ ਅੰਮ੍ਰਿਤਸਰ ਯੂਰਪ ਵਲੋਂ ਸ. ਦਲਵਿੰਦਰ ਸਿੰਘ ਘੁੰਮਣ ਪ੍ਰਧਾਨ ਯੂਥ ਵਿੰਗ, ਸ. ਹਰਜਾਪ ਸਿੰਘ ਸਰੋਆ, ਸ. ਜਗਜੀਤ ਸਿੰਘ ਚੀਮਾਂ, ਸ.ਤਲਵਿੰਦਰ ਸਿੰਘ ਮਾਵੀ, ਸ. ਜਸਪਾਲ ਸਿੰਘ ਪੰਨੂੰ, ਡਾ ਰਾਜਬੀਰ ਸਿੰਘ, ਸ.ਬਲਦੇਵ ਸਿੰਘ ਸ਼ਾਹਕੋਟ, ਸ. ਹਰਜਾਪ ਸਿੰਘ ਸੰਘਾ, ਸ. ਨਿਹਾਲ ਸਿੰਘ ਸੁਭਾਨਪੁਰ, ਸ. ਜਗਦੀਸ਼ ਸਿੰਘ ਫਤਹਿ ਗੜ ਸਾਹਿਬ ਆਦਿ ਵਲੋਂ ਪੁਰਾਣੇ ਅਕਾਲੀ ਲੀਡਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਲਈ ਯਾਦ ਰੱਖਿਆ ਜਾਵੇਗਾ। ਜਥੇਦਾਰ ਸੰਘੇੜਾ ਦੇ ਨਮਿਤ ਸ਼੍ਰੀ ਸਹਿਜ ਪਾਠ ਦੇ ਭੋਗ ਪਿੰਡ ਸੰਘੇੜਾ ਦੇ ਵੱਡੇ ਗੁਰਦੁਆਰਾ ਸਾਹਿਬ ਵਿਖੇ 22 ਮਈ ਨੂੰ 12 ਵਜੇਂ ਤੋ 2 ਵਜੇਂ ਤੱਕ ਪਾਏ ਜਾਣਗੇ।



# ਖਪਤਕਾਰਾਂ ਨੇ ਸੰਸਾਰ ਮੰਡੀਆਂ ’ਚੋਂ ਕੋਰੋਨਾ ਸੰਕਟ ਦੌਰਾਨ 8300 ਕਰੋੜ ਡਾਲਰ ਕੱਢੇ

**ਜਲੰਧਰ/ ਏ.ਟੀ. ਬਿਉਰੋ:** ਕਰੋਨਾ ਮਹਾਂਮਾਰੀ ਕਰਕੇ ਪੈਦਾ ਹੋਏ ਸੰਕਟ ਨਾਲ਼ ਜਿੱਥੇ ਪੂਰੇ ਸੰਸਾਰ ਵਿੱਚ ਲੋਕਾਈ ਦਾ ਸਮਾਜਿਕ ਜੀਵਨ ਲੀਹੋਂ ਲੱਥਾ ਹੈ, ਉੱਥੇ ਸੰਸਾਰ ਅਰਥਚਾਰਾ ਭਿਅੰਕਰ ਮੰਦੀ ਵਿੱਚ ਫਸਦਾ ਜਾ ਰਿਹਾ ਹੈ। ਅਰਥਸ਼ਾਸ਼ਤਰੀਆਂ ਦਾ ਕਹਿਣਾ ਹੈ ਕਿ ਇਹ ਮੰਦੀ 2008-09 ਦੀ ਸੰਸਾਰ ਮੰਦੀ ਨਾਲ਼ੋਂ ਕਿਤੇ ਭਿਅੰਕਰ ਹੋਵੇਗੀ। ਹੋਰ ਤਾਂ ਹੋਰ ਇਸ ਆਰਥਿਕ ਸੰਕਟ ਨੂੰ 1929-30 ਦੀ ਮਹਾਂਮੰਦੀ ਤੋਂ ਵੀ ਕਈ ਮਾਅਨਿਆਂ ਵਿੱਚ ਜ਼ਿਆਦਾ ਲੰਮਾ ਹੋਣ ਦੇ ਕਿਆਸ ਪੇਸ਼ ਕੀਤੇ ਜਾ ਰਹੇ ਹਨ ਤੇ ਇਸ ਵੇਲੇ ਨੂੰ ਸੰਸਾਰ ਸਰਮਾਏਦਾਰੀ ਦੇ ਪਿਛਲੇ 150 ਸਾਲਾਂ ਦੇ ਇਤਿਹਾਸ ਵਿੱਚ ਸਭ ਤੋਂ ਚੁਣੌਤੀਪੂਰਨ ਸਮਾਂ ਮੰਨਿਆ ਜਾ ਰਿਹਾ ਹੈ। ਮੌਜੂਦਾ ਆਰਥਕ ਸੰਕਟ ਆਉਣ ਦੇ ਕਿਆਸ ਤਾਂ ਪਹਿਲਾਂ ਹੀ ਅਰਥਸ਼ਾਸ਼ਤਰੀਆਂ ਵੱਲੋਂ ਲਗਾਏ ਜਾ ਰਹੇ ਸਨ, ਕਰੋਨਾ ਨੇ ਇਸ ਸੱਲ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਇਸ ਕਰਕੇ ਇਸ ਸੰਕਟ ਨੂੰ ਨਿਰੋਲ ਕਰੋਨਾ ਕਰਕੇ ਪੈਦਾ ਹੋਏ ਸੰਕਟ ਵਜੋਂ ਨਾ ਵੇਖਦਿਆਂ ਸਰਮਾਏਦਾਰਾ ਢਾਂਚੇ ਦੇ ਵਜੂਦ ਸਮੋਏ ਆਰਥਕ ਸੰਕਟਾਂ ਦੀ ਲਗਾਤਾਰਤਾ ਵਜੋਂ ਹੀ ਵੇਖਣਾ ਤੇ ਪੜਤਾਲਣਾ ਚਾਹੀਦਾ ਹੈ।

ਕਰੋਨਾ ਕਰਕੇ ਸੰਸਾਰ ਭਰ ਵਿੱਚ ਹੋਏ ਸੰਪੂਰਨ ਜਾਂ ਅੰਸ਼ਿਕ ਬੰਦ ਕਰਕੇ ਸੱਨਅਤਾਂ, ਸੈਰ-ਸਪਾਟਾ, ਆਵਾਜਾਈ, ਵਪਾਰ, ਮਨੋਰੰਜਨ ਸੱਨਅਤ ਸਮੇਤ ਲਗਭਗ ਸਭ ਤਰਾਂ ਦੀਆਂ ਸੱਨਅਤਾਂ ਬੁਰੇ ਰੁਖ ਪ੍ਰਭਾਵਿਤ ਹੋਈਆਂ ਹਨ। ਕੰਮਕਾਜ ਠੱਪ ਹੋਏ ਹਨ। ਨਿਵੇਸ਼ ਘਟੇ ਹਨ, ਅਸੁਰੱਖਿਆ ਵਿੱਚੋਂ ਖਪਤਕਾਰਾਂ ਨੇ ਸੰਸਾਰ ਮੰਡੀਆਂ ਵਿਚੋਂ ਇਸੇ ਦੌਰਾਨ 8300 ਕਰੋੜ ਡਾਲਰ ਕੱਢ ਲਏ ਹਨ। ਕੌਮਾਂਤਰੀ ਮੁਦਰਾ ਕੋਸ਼ ਦੇ ਮੁਤਾਬਕ ਇਹ ਅਰਥਚਾਰੇ ਵਿੱਚੋਂ ਸਰਮਾਇਆ ਬਾਹਰ ਕੱਢਣ ਦਾ ਹੁਣ ਤੱਕ ਦਾ ਸਭ ਤੋਂ ਵੱਡਾ ਅੰਕੜਾ ਹੈ। ਜਿਸ ਕਾਰਨ ਸੰਸਾਰ ਅਰਥਚਾਰਾ ਮੂਧੇ ਮੂੰਹ ਡਿੱਗਿਆ ਹੈ। ਵਿਕਾਸਸ਼ੀਲ ਦੇਸ਼ ਜਾਂ ਹੋਰ ਉੱਭਰ ਰਹੇ ਅਰਥਚਾਰੇ ਇਹਨਾਂ ਹਾਲਤਾਂ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਹਨ। ਮੁਲਕਾਂ ਉੱਤੇ ਕਰਜੇ ਰਿਕਾਰਡ ਤੋੜ ਹੱਦ ਤੱਕ ਅੱਪੜ ਚੁੱਕੇ ਹਨ। ਕੌਮਾਂਤਰੀ ਮੁਦਰਾ ਕੋਸ਼ ਦੀ ਗੀਤਾ ਗੋਪੀਨਾਥ ਦਾ ਕਹਿਣਾ ਹੈ ਕਿ ਵਿੱਤੀ ਵਰੇ 2020-21 ਵਿੱਚ ਸੰਸਾਰ ਅਰਥਚਾਰੇ ਦੀ ਵਾਧਾ ਦਰ -3.0 ਫੀਸਦੀ ਰਹਿਣ ਦੀ ਸੰਭਾਵਨਾ ਹੈ। ਇਸ ਵਿੱਤੀ ਵਰੇ ਭਾਰਤ ਦੀ ਕੁੱਲ ਘਰੇਲੂ ਪੈਦਾਵਾਰ ਦੀ ਵਾਧਾ ਦਰ 1.9 ਫੀਸਦੀ (ਪਰ ਹੋਰਾਂ ਰੇਟਿੰਗ ਏਜੰਸੀਆਂ ਜਿਵੇਂ ਮੂਡੀਜ ਨੇ ਭਾਰਤ ਦੀ ਵਾਧਾ ਦਰ 0.2 ਫੀਸਦੀ ਅਤੇ ਫਿਚ ਰੇਟਿੰਗਸ ਨੇ 0.8 ਫੀਸਦੀ ਦਾ ਕਿਆਸ ਲਾਇਆ ਹੈ), ਚੀਨ ਦੀ 1.2 ਫੀਸਦੀ, ਅਮਰੀਕਾ -5.9 ਫੀਸਦੀ, ਜਪਾਨ -5.2 ਫੀਸਦੀ, ਇੰਗਲੈਂਡ -6.5 ਫੀਸਦੀ, ਜਰਮਨੀ -7.0 ਫੀਸਦੀ, ਫਰਾਂਸ -7.2 ਫੀਸਦੀ, ਇਟਲੀ -9.1 ਫੀਸਦੀ, ਸਪੇਨ -8.0 ਫੀਸਦੀ, ਇੰਡੋਨੇਸ਼ੀਆ 0.5 ਫੀਸਦੀ, ਥਾਈਲੈਂਡ -6.7 ਫੀਸਦੀ, ਲਤੀਨੀ ਅਮਰੀਕਾ -5.2 ਫੀਸਦੀ, ਬ੍ਰਾਜੀਲ -5.3 ਫੀਸਦੀ, ਮੈਕਸੀਕੋ -6.6 ਫੀਸਦੀ, ਯੂਰਪ -5.2 ਫੀਸਦੀ, ਰੂਸ -5.5 ਫੀਸਦੀ, ਮੱਧ ਪੂਰਬ ਅਤੇ ਕੇਂਦਰੀ ਏਸ਼ੀਆ -2.8 ਫੀਸਦੀ, ਸਾਊਦੀ ਅਰਬ -2.3 ਫੀਸਦੀ, ਸਬ ਸਹਾਰਾ ਅਫਰੀਕਾ -1.6 ਫੀਸਦੀ, ਨਾਈਜੀਰੀਆ -3.4 ਫੀਸਦੀ, ਦੱਖਣੀ ਅਫਰੀਕਾ -5.8 ਫੀਸਦੀ ਰਹਿਣ ਦੇ ਕਿਆਸ ਹਨ। ਸੰਸਾਰ ਦੇ ਕੁੱਲ ਦੇਸ਼ਾਂ ਵਿੱਚੋਂ 90 ਫੀਸਦੀ ਦੇਸ਼ਾਂ ਵਿੱਚ ਵਾਧਾ ਦਰ ਰਿਣਾਤਮਕ(-) ਰਹੇਗੀ, ਜਦਕਿ 2009 ਦੇ ਸੰਕਟ ਸਮੇਂ ਸਿਰਫ 62 ਫੀਸਦੀ ਦੇਸ਼ਾਂ ਦੀ ਵਾਧਾ ਦਰ ਰਿਣਾਤਮਕ ਸੀ। ਇਹਨਾਂ ਮਾਅਨਿਆਂ ਵਿੱਚ ਵੀ ਇਹ ਆਰਥਕ ਸੰਕਟ 2008-09 ਦੇ ਆਰਥਕ ਸੰਕਟ ਤੋਂ ਕਿਤੇ ਜ਼ਿਆਦਾ ਭਿਅੰਕਰ ਹੈ। ਅਰਥ ਸ਼ਾਸਤਰੀਆਂ ਦਾ ਮੰਨਣਾ ਹੈ ਕਿ ਅਸਲ ਹਾਲਤਾਂ ਕਿਆਸੀਆਂ ਹਾਲਤਾਂ ਤੋਂ ਕਿਤੇ ਜ਼ਿਆਦਾ ਬੁਰੀਆਂ ਹੋਣਗੀਆ। ਭਾਰਤ ਵਿੱਚ ਵਾਧਾ ਦਰ ਦੇ 1 ਫੀਸਦੀ ਘਟਣ ਨਾਲ਼ 2 ਲੱਖ ਕਰੋੜ ਦਾ ਨੁਕਸਾਨ ਹੁੰਦਾ ਹੈ ਅਤੇ 5 ਫੀਸਦੀ ਘਟਣ ਦਾ ਮਤਲਬ ਹੈ 10 ਲੱਖ ਕਰੋੜ ਦਾ ਨੁਕਸਾਨ। ਇਸ ਕਰਕੇ ਸਪੱਸ਼ਟ ਹੈ ਕਿ ਭਾਰਤ ਇਸ ਸੰਕਟ ਦਾ ਬੋਝ ਝੱਲ਼ਣ ਨੂੰ ਬਿਲਕੁਲ ਵੀ ਤਿਆਰ ਨਹੀਂ ਹੈ।

ਅਸਲ ਵਿੱਚ 2008-09 ਦੇ ਸੰਸਾਰ ਵਿਆਪੀ ਆਰਥਕ ਸੰਕਟ ਤੋਂ ਮਗਰੋਂ ਹੀ ਅਰਥਸ਼ਾਸ਼ਤਰੀ 2020 ਵਿੱਚ ਇੱਕ ਵੱਡੇ ਆਰਥਕ ਸੰਕਟ ਆਉਣ ਦੇ ਦਾਅਵੇ ਪੇਸ਼ ਕਰ ਰਹੇ ਸਨ। 2008 ਦੇ ਆਰਥਕ ਸੰਕਟ ਤੋਂ ਖਹਿੜਾ ਛੁਡਾਉਣ ਵਾਸਤੇ ਸੰਸਾਰ ਦੇ ਕਈ ਵੱਡੇ ਅਰਥਚਾਰਿਆਂ ਨੇ ਮੁਦਰਿਕ ਉਤੇਜਕਾਂ ਦੇ ਟੀਕੇ ਲਾਏ, ਜਿਸ ਨਾਲ਼ ਸਰਮਾਏਦਾਰੀ ਨੂੰ ਸੰਕਟ ਤੋਂ ਵਖਤੀ ਰਾਹਤ ਤਾਂ ਮਿਲ਼ੀ। ਪਰ ਆਰਥਿਕ ਸੰਕਟ ਸਰਮਾਏਦਾਰਾ ਢਾਂਚੇ ਦੇ ਵਜੂਦ ਸਮੋਇਆ ਵਰਤਾਰਾ ਹੈ। ਕਿਉਂਕਿ ਸਰਮਾਏਦਾਰੀ ਸੰਕਟ ਨਫੇ ਦੀ ਘਟਦੀ ਦਰ ਦੇ ਲਾਜਮੀ ਸਿੱਟੇ ਵਜੋਂ ਪੈਦਾ ਹੁੰਦੇ ਹਨ, ਜਿਸਦੇ ਘਟਣ ਨਾਲ਼ ਨਿਵੇਸ਼ ਵੀ ਘਟਦੇ ਹਨ। ਇਸ ਨਫੇ ਦੀ ਦਰ ਨੂੰ ਬਣਾਈ ਰੱਖਣ ਵਾਸਤੇ ਸਰਮਾਏਦਾਰਾ ਹਕੂਮਤਾਂ ਲਗਾਤਾਰ ਮੁਦਰਕ ਉਤੇਜਕਾਂ, ਕਰਜ ਵਿਸਥਾਰ ਦੀਆਂ ਨੀਤੀਆਂ ਰਾਹੀਂ ਢਾਂਚੇ ਨੂੰ ਨੌ ਬਰ ਨੌ ਕਰਨ ਦਾ ਤੰਤ ਲਾਉਂਦੀਆਂ ਹਨ। 2008-09 ਵਿੱਚ ਸਰਮਾਏਦਾਰਾ ਹਾਕਮਾਂ ਨੇ ਇਵੇਂ ਹੀ ਕੀਤਾ ਜਿਸਨੇ ਇਸਨੂੰ ਇੱਕ ਵਾਰ ਵਕਤੀ ਰਾਹਤ ਤਾਂ ਦਿੱਤੀ ਪਰ 2020 ਦਾ ਆਰਥਕ ਸੰਕਟ ਉਹਨਾਂ ਅੱਗੇ ਮੂੰਹ ਅੱਡੀ ਖੜਾ ਸੀ। ਜਿਸਨੂੰ ਅੱਜ ਨਿਰੋਲ ਕਰੋਨਾ ਦੇ ਸਿਰ ਮੜਕੇ ਹਾਕਮ ਸਰਮਾਏਦਾਰਾ ਢਾਂਚੇ ਦੀ ਵਾਜਬੀਅਤ ਬਣਾਕੇ ਉਮਰ ਲੰਮੇਰੀ ਕਰਨਾ ਚਾਹੁੰਦੇ ਹਨ।

ਅਖੌਤੀ ਕਰੋਨਾ ਨਾਲ਼ ਪੈਦਾ ਹੋਏ ਸੰਕਟ ਦਾ ਬਹਾਨਾ ਬਣਾਕੇ ਜਨਤਕ ਦਬਾਅ ਨੂੰ ਖੂੰਜੇ ਲਾਕੇ ਸਰਮਾਏਦਾਰਾਂ ਦੇ ਮੁਨਾਫਿਆਂ ਨੂੰ ਦੂਣ-ਸਵਾਇਆ ਕਰਨ ਹਿੱਤ ਆਰਥਕ ਸੁਧਾਰਾਂ ਦੀ ਰਫ਼ਤਾਰ ਤੇਜ ਕਰਨ ਦੀਆਂ ਤਿਆਰੀਆਂ ਵਿੱਢੀਆਂ ਗਈਆਂ ਹਨ। ਸੰਸਾਰ ਬੈਂਕ, ਕੌਮਾਂਤਰੀ ਮੁਦਰਾ ਕੋਸ਼ ਅਤੇ ਹੋਰ ਸੰਸਾਰ ਸਾਮਰਾਜੀਆਂ-ਸਰਮਾਏਦਾਰਾਂ ਦੀਆਂ ਚਾਕਰ ਸੰਸਥਾਵਾਂ ਮੁਲਕਾਂ ਨੂੰ ਆਰਥਕ ਸੁਧਾਰ ਕਰਨ ਦੀ ਸਖ਼ਤ ਨਸੀਹਤ ਦੇ ਰਹੀਆਂ ਹਨ। ਇਹਨਾਂ ਆਰਥਕ ਸੁਧਾਰਾਂ ਜਰੀਏ ਸਰਮਾਏਦਾਰਾਂ ਦੀਆਂ ਝੋਲੀਆਂ ਭਰੀਆਂ ਜਾ ਰਹੀਆਂ ਹਨ, ਟੈਕਸਾਂ ਵਿੱਚੋਂ ਵੱਡੀਆਂ ਛੋਟਾਂ ਦਿੱਤੀਆਂ ਜਾ ਰਹੀਆਂ ਹਨ, ਖਜਾਨਿਆਂ ਦਾ ਮੂੰਹ ਸਰਮਾਏਦਾਰਾਂ ਦੀਆਂ ਤਿਜੋਰੀਆਂ ਭਰਨ ਲਈ ਖੋਲਿਆ ਜਾ ਰਿਹਾ ਹੈ। ਭਾਰਤ ਦੇ ਸਰਮਾਏਦਾਰਾਂ ਦੀ ਸੰਸਥਾ ਫਿੱਕੀ ਨੇ ਪੈ ਰਹੇ ਘਾਟੇ ਦੀ ਪੂਰਤੀ ਲਈ ਸਰਕਾਰ ਤੋਂ 16 ਲੱਖ ਕਰੋੜ ਦੇ ਵਿੱਤੀ ਪੈਕੇਜ ਦੀ ਮੰਗ ਕੀਤੀ ਸੀ। ਸਰਕਾਰ ਨੇ ਪਹਿਲੇ ਬੋਲ ਹੀ ਆਵਦੇ ਮਾਲਕਾਂ ਦੀ ਮੰਗ ਪੂਰੀ ਕਰਦਿਆਂ 50 ਸਿਖਰਲੇ ਸਰਮਾਏਦਾਰਾਂ ਦੇ 68,600 ਕਰੋੜ ਰੂਪਏ ਵੱਟੇ ਖਾਤੇ ਪਾ ਦਿੱਤੇ ਹਨ, 50,000 ਕਰੋੜ ਦਾ ਵਿੱਤੀ ਉੱਤੇਜਕ ਮਿਊਚਲ ਫੰਡਜ ਲਈ ਐਲਾਨ ਕੇ, ਰਾਹਤ ਦੀ ਪਹਿਲੀ ਕਿਸ਼ਤ ਦੇ ਦਿੱਤੀ ਹੈ ਤੇ ਅਗਲੀਆਂ ਦੀ ਤਿਆਰੀ ਹੋ ਰਹੀ ਹੈ। ਸੰਸਾਰ ਸਰਮਾਏਦਾਰੀ ਢਾਂਚੇ ਦੇ ਗੱਡੇ ਨੂੰ ਆਰਥਕ ਸੰਕਟ ਦੀ ਗਾਰ ਵਿਚੋਂ ਕੱਢਣ ਲਈ ਵਿੱਤੀ ਉਤੇਜਕਾਂ ਜਰੀਏ ਧੱਕਾ ਲਾਇਆ ਜਾ ਰਿਹਾ ਹੈ। ਜਦੋਂ ਇੱਕ ਪਾਸੇ ਇਹ ਸੰਕਟ ਦਾ ਸਰਮਾਏਦਾਰਾਂ ਨੂੰ ਛੋਟਾਂ ਦੇਣ ਦੇ ਮੌਕੇ ਵਜੋਂ ਲਾਹਾ ਲਿਆ ਜਾ ਰਿਹਾ ਹੈ, ਤਾਂ ਦੂਜੇ ਪਾਸੇ ਸਾਮਰਾਜੀ ਦੇਸ਼ਾਂ ਜਾਂ ਉਹਨਾਂ ਦੀਆਂ ਸੰਸਥਾਵਾਂ ਵੱਲੋਂ ਗਰੀਬ ਮੁਲਕਾਂ ਨੂੰ ਸੰਕਟ ਤੋਂ ਨਜਿੱਠਣ ਦੇ ਨਾਂ ਉੱਤੇ ਆਰਥਕ ਮਦਦ ਪੇਸ਼ ਕਰਕੇ ਕਰਜਾ ਕੁੜਿੱਕੀ ਵਿੱਚ ਫਸਾਉਣ ਦੀਆਂ ਸੰਭਾਵਨਾਵਾਂ ਵੀ ਵੇਖੀਆਂ ਜਾ ਰਹੀਆਂ ਹਨ। ਕੌਮਾਂਤਰੀ ਮੁਦਰਾ ਕੋਸ਼ ਨੇ ਗਰੀਬ ਮੁਲਕਾਂ ਨੂੰ ਇਸ ਹਾਲਤ ਨਾਲ਼ ਨਜਿੱਠਣ ਲਈ 1000 ਅਰਬ ਡਾਲਰ ਦੀ ਵਿੱਤੀ ਸਹਾਇਤਾ ਦੇਣ ਦਾ ਐਲਾਨ ਵੀ ਕੀਤਾ ਹੈ, ਜਿਸ ਵਾਸਤੇ 81 ਮੁਲਕਾਂ ਨੇ ਬੇਨਤੀਆਂ ਵੀ ਕੀਤੀਆਂ ਹਨ। ਕਰੋਨਾ ਅਤੇ ਆਰਥਕ ਸੰਕਟ ਦੇ ਇਸ ਦੌਰ ਵਿੱਚ ਸਰਮਾਏਦਾਰਾਂ ਦੀਆਂ ਪੰਜੇ ਉਂਗਲਾਂ ਘਿਉ ਵਿੱਚ ਹਨ, ਕਿਉਂਕਿ ਜਨਤਕ ਦਬਾਅ ਪਹਿਲਾਂ ਹਾਕਮਾਂ ਵੱਲੋਂ ਕੀਤੇ ਆਰਥਕ ਸੁਧਾਰਾਂ ਦੀਆਂ ਕੋਸ਼ਿਸ਼ਾਂ ਮੂਹਰੇ ਹੋਕੇ ਰਾਹ ਡੱਕਦਾ ਰਿਹਾ ਹੈ। ਪਰ ਕਰੋਨਾ ਦਾ ਇਹ ਮੌਕਾ ਹਾਕਮਾਂ ਲਈ ਦੇਸ਼ ਦੀ ਲੋਕਾਈ ਨੂੰ ਘਰਾਂ ਅੰਦਰ ਡੱਕਕੇ ਮਨਚਾਹੇ ਫੈਸਲੇ ਕਰਨ ਦਾ ਮੌਕਾ ਸਾਬਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਜਦੋਂ ਪੂਰੀ ਦੁਨੀਆਂ ਦੀ ਕਿਰਤੀ ਅਬਾਦੀ ਦੁਸ਼ਵਾਰੀਆਂ ਕੱਟ ਰਹੀ ਹੈ ਤਾਂ ਉਦੋਂ ਇਸ ਮੌਕੇ ਵੀ ਸੰਸਾਰ ਦੇ ਸਿੱਖਰਲੇ 10 ਖਰਬਾਂ ਪਤੀਆਂ ਦੀ ਜਾਇਦਾਦ ਵਿੱਚ 51 ਅਰਬ ਡਾਲਰ ਦਾ ਵਾਧਾ ਹੋਇਆ ਹੈ। ਦੂਜੇ ਪਾਸੇ ਇਸ ਸੰਕਟ ਦਾ ਸਾਰਾ ਬੋਝ ਦੇਸ਼-ਦੁਨੀਆਂ ਦੀ ਕਿਰਤੀ ਵਸੋਂ ਦੇ ਸਿਰ ਪਾ ਦਿੱਤਾ ਗਿਆ ਹੈ। ਸੰਸਾਰ ਮਜ਼ਦੂਰ ਸੰਸਥਾ ਦੇ ਅੰਕੜਿਆਂ ਮੁਤਾਬਕ ਪਿਛਲੇ ਕੁਝ ਸਮੇਂ ਵਿੱਚ ਹੀ ਬੇਰੁਜ਼ਗਾਰੀ ਦੀ ਦਰ ਵਿੱਚ ਰਿਕਾਰਡਤੋੜ ਵਾਧਾ ਹੋਇਆ ਹੈ। ਇਕੱਲੇ ਭਾਰਤ ਵਿੱਚ ਬੇਰੁਜ਼ਗਾਰੀ ਦੀ ਦਰ ਪਿਛਲੇ 30 ਦਿਨਾਂ ਵਿੱਚ 13.5 ਫੀਸਦੀ ਪਹੁੰਚ ਗਈ ਹੈ ਅਤੇ ਹਾਲੇ ਵਾਧਾ ਜਾਰੀ ਹੈ। ਮਾਰਚ ਮਹੀਨੇ ਵਿੱਚ ਵਾਧਾ ਦਰ 7.58 ਫੀਸਦੀ ਦਰਜ ਕੀਤੀ ਗਈ ਸੀ, ਜਦਕਿ ਅਗਲੇ ਹੀ ਮਹੀਨੇ ਇਹ ਦਰ ਦੁੱਗਣੇ ਨੂੰ ਟੱਪ ਚੁੱਕੀ ਹੈ। ਸਾਲ 2016 (ਦਰ 11.5 ਫੀਸਦੀ) ਤੋਂ ਮਗਰੋਂ ਪਹਿਲੀ ਵਾਰ ਬੇਰੁਜ਼ਗਾਰੀ ਦੀ ਦਰ ਦੋ-ਅੰਕੀ ਹੋਈ ਹੈ। ਸੰਕਟ ਦੀ ਇਸ ਮਾਰ ਹੇਠ ਸਭ ਤੋਂ ਜ਼ਿਆਦਾ ਦਿਹਾੜੀਦਾਰ, ਪ੍ਰਵਾਸੀ ਜਾਂ ਗੈਰਰਸਮੀ ਖੇਤਰ ਵਿੱਚ ਕੰਮ ਕਰਦੇ ਕਾਮੇ ਆਏ ਹਨ। ਕੌਮਾਂਤਰੀ ਮਜ਼ਦੂਰ ਸੰਸਥਾ ਮੁਤਾਬਕ ਇਸ ਸੰਕਟ ਦੀ ਵਜਾ ਨਾਲ਼ ਭਾਰਤ ਦੇ 40 ਕਰੋੜ ਗੈਰ ਰਸਮੀ ਕਾਮੇ ਭਿਅੰਕਰ ਗਰੀਬੀ ਦੀ ਹਾਲਤ ਵਿੱਚ ਧੱਕੇ ਜਾਣਗੇ, ਭਾਰਤ ਵਿੱਚ ਕੰਮ ਕਰਦੇ ਕੁੱਲ਼ ‘ਚੋਂ 90 ਫੀਸਦੀ ਤੋਂ ਜ਼ਿਆਦਾ ਕਾਮੇ ਗੈਰ-ਰਸਮੀ ਖੇਤਰ ਵਿੱਚ ਕੰਮ ਕਰਦੇ ਹਨ। ਸੰਸਾਰ ਪੱਧਰ ਉੱਤੇ ਕੁੱਲ ਕਾਮਾਸ਼ਕਤੀ ਵਿੱਚੋਂ ਲਗਭਗ 330 ਕਰੋੜ (81 ਫੀਸਦੀ) ਕਿਰਤੀ ਅਬਾਦੀ ਬੁਰੀ ਤਰਾਂ ਪ੍ਰਭਾਵਿਤ ਹੋਵੇਗੀ।

ਬਾਕੀ ਸਫ਼ਾ 32 ’ਤੇ



ALL STATE INSURANCE
Allstate. You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



When tired of all treatments for any disease at any age Try
HOMEOPATHIC
Experienced Consultant Physician since 1973
American Red Cross

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ Listen live on Radio 1170
‘Jus Punjabi TV’ & Face Book Every Saturday 09:00 AM, Live on ‘Jus Punjabi TV’ Sunday 4:00 A.M.



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ


ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



BSons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.302.0512, 916.340.8100 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533
4200 North Boulevard Street No. 1B, Sacramento, CA, 95834

# Sir Speedy® Tustin

*Printers to the Community*

**Outdoor 3'x11' Promo Flag**

**Only $29/-**

Pole & Spike $55/-

GURU NANAK SIKH TEMPLE FAIRFIELD
Visit Our Website:
www.FairfieldGurudwara.com

**Outdoor 3'x6' Durable Banner**

All weather, durable to sunlight, rain and wear & tear. Text only.

**Only $69/-**

**Receipt Books**

Customized with your information and design. 2 part carbonless with numbering and perforation.

**Call for Price**

**Retractable 33"x 80" Banner**

Includes stand and carry bag. Hi-res imaging, durable and Brilliant colors!

**Only $225/-**

**All Weather 18"x24" Yard Signs**

Includes H-stakes. Single sided, durable to sunlight and rain. Reusable!

**$49/- for 4**

ਲੱਖ ਲੱਖ ਵਧਾਈ

**11" Printed Balloons**

Printed with your logo and info. One color, one location. Min. qty 1000

**19¢ each**

YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Your Printed T-Shirts**

**Only $4.99**

YOUR LOGO HERE

1 color in 1 position. Min Qty. 100

**Your Printed Caps**

**Only $4.99**

DAILY TRIP ENVELOPE

**Trip Envelopes** Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

**CUSTOMIZED SWEET BOXES**

*South Asian Wedding Cards*

CALL NOW

# ਸੰਯੁਕਤ ਰਾਸ਼ਟਰ ਸੰਘ ਵੱਲੋਂ ਭਾਰਤ ਸਰਕਾਰ ਦੀ ਨਫਰਤੀ ਨੀਤੀ ਤੇ ਵਿਤਕਰੇ ਭਰੇ ਵਿਉਹਾਰ ਦੀ ਤਿੱਖੀ ਆਲੋਚਨਾ





**ਨਿਊਯਾਰਕ/ਬਲਵਿੰਦਰਪਾਲ ਸਿੰਘ ਖਾਲਸਾ:** ਸੰਯੁਕਤ ਰਾਸਟਰ ਸੰਘ ਦੇ ਅੰਡਰ ਸੈਕਟਰੀ ਜਨਰਲ ਅਡਾਮਾ ਡੀਐੈਂਗ, ਜੋ ਕਿ ਸੰਯੁਕਤ ਰਾਸ਼ਟਰ ਸੰਘ ਦੇ ਨਸਲਕੁਸ਼ੀ ਦੀ ਰੋਕਥਾਮ (UN Special Advisor on the Prevention of Genocide) ਵਾਸਤੇ ਸਪੈਸ਼ਲ ਐਡਵਾਇਜਰ ਹਨ, ਨੇ ਭਾਰਤ ਦੀਆਂ ਘੱਟ ਗਿਣਤੀਆਂ ਵਿਰੁੱਧ ਲਾਗੂ ਕੀਤੀਆ ਜਾ ਰਹੀਆਂ ਨਫਰਤੀ ਨੀਤੀਆਂ ਤੇ ਵਿਤਕਰੇ ਭਰੇ ਵਿਉਹਾਰ ਦੀ ਤਿੱਖੀ ਅਲੋਚਨਾ ਕੀਤੀ ਹੈ।

ਭਾਰਤ ਨੇ ਕੁਝ ਮਹੀਨੇ ਪਹਿਲਾਂ ਨਾਗਰਿਕਤਾ ਸੋਧ ਬਿਲ ਪਾਸ ਕੀਤਾ ਹੈ, ਜਿਸ ਵਿਚ ਮੁਸਲਮਾਨਾਂ ਨੂੰ ਬਰਾਬਰਤਾ ਦਾ ਅਧਿਕਾਰ ਨਹੀਂ ਦਿੱਤਾ ਗਿਆ ਤੇ ਇਸੇ ਦੀ ਹੀ ਅੰਡਰ ਸੈਕਟਰੀ ਜਨਰਲ ਅਡਾਮਾ ਡੀਐੈਂਗ ਨੇ ਆਲੋਚਨਾ ਕੀਤੀ ਹੈ ਤੇ ਕਿਹਾ ਹੈ ਕਿ ਹੈ ਕਿ ਭਾਰਤੀ ਸਰਕਾਰ ਦਾ ਇਹ ਕਾਨੂੰਨ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਵਡੀ ਉਲੰਘਣਾ ਕਰਦਾ ਹੈ, ਜਿਸਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ।

ਅੰਡਰ ਜਨਰਲ ਸੈਕਟਰੀ ਨੇ ਕਿਹਾ ਕਿ ਇਹ ਵੱਡੇ ਵਿਤਰਕੇ ਨਾਲ ਭਰਿਆ ਕਾਨੂੰਨ ਹੈ ਜੋ ਸੰਮੂਹ ਨਾਗਰਿਕਾਂ ਨਾਲ ਬਰਾਬਰ ਦਾ ਸਲੂਕ ਨਹੀਂ ਕਰਦਾ। ਤੇ ਭਾਰਤ ਦੀ ਜੋ ਸੰਮੂਹ ਨਾਗਰਿਕਾਂ ਪ੍ਰਤੀ ਜੁਮੇਵਾਰੀ ਬਣਦੀ ਹੈ, ਇਹ ਕਾਨੂੰਨ ਉਸ ਭਾਵਨਾ ਦੇ ਵੀ ਵਿਰੁੱਧ ਹੈ। ਜਿਸਦਾ ਸਬੂਤ ਉਹ ਕਤਲੇਆਮ ਹੈ ਜੋ ਮਹਾਂਮਾਰੀ ਕੋਵਿਡ-19 ਤੋਂ ਪਹਿਲਾਂ ਦਿੱਲੀ ਵਿਚ ਹੋਇਆ ਤੇ ਭਾਰਤ ਸਰਕਾਰ ਨੇ ਉਸ ਕਤਲੇਆਮ ਨੂੰ ਰੋਕਣ ਦੀ ਬਹੁਤੀ ਕੋਸ਼ਿਸ਼ ਨਹੀਂ ਕੀਤੀ, ਜਿਸ ਵਿਚ ਮੁਸਲਮਾਨਾਂ ਦੀਆਂ ਮਸਜਿਦਾਂ ਫੂਕੀਆਂ ਤੇ ਮਾਰ ਕੁੱਟ ਕੀਤੀ, ਅਨੇਕਾਂ ਮੁਸਲਮਾਨ ਮਾਰ ਦਿੱਤੇ ਗਏ।

ਇਸੇ ਦੌਰਾਨ ਭਾਰਤੀ ਸਰਕਾਰ ਦੇ ਮੰਤਰੀਆ ਅਫਸਰਾਂ, ਪਾਰਲੀਮੈਂਟ ਮੈਬਰਾਂ ਤੇ ਸਰਕਾਰੀ ਅਲੀਟ ਗਰੁਪ ਦੇ ਸੁਬਰਾਮਨੀਅਮ ਸੁਆਮੀ ਵੱਲੋਂ ਭਾਰੀ ਵਿਤਕਰੇ ਭਰੀ ਤੇ ਨਫਰਤ ਨਾਲ ਭਰਪੂਰ ਤਕਰੀਰਾਂ ਕੀਤੀਆਂ ਸਨ,ਜਿਸ ਨਾਲ ਹਿੰਦੂ ਬਹੁਗਿਣਤੀ ਵਿਚ, ਮੁਸਲਮਾਨਾਂ ਵਿਰੁੱਧ ਨਫਰਤ ਫੈਲੀ ਤੇ ਕਤਲੇਆਮ ਫੈਲ ਗਿਆ, ਜਿਸ ਵਿਚ ਘੱਟ ਗਿਣਤੀਆਂ ਨੂੰ ਮਿੱਥ ਕੇ ਨਿਸ਼ਾਨਾ ਬਣਾਇਆ ਗਿਆ।

ਉਨਾਂ ਸੁਬਰਾਮਨੀਅਮ ਸੁਆਮੀ ਦਾ ਨਾਮ ਲੈ ਕੇ ਕਿਹਾ ਕਿ ਉਸਦੀ ਤਕਰੀਰ ਨਫਰਤ ਤੇ ਵਿਤਕਰੇ ਨਾਲ ਭਰਪੂਰ ਹੈ ਤੇ ਅੰਤਰਰਾਸ਼ਟਰੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਦੀ ਹੈ। ਉਨਾਂ ਆਸ ਪਰਗਟ ਕੀਤੀ ਕਿ ਭਾਰਤ ਮਨੁੱਖੀ ਅਧਿਕਾਰਾਂ ਦਾ ਸਤਿਕਾਰ ਕਰੇਗਾ ਤੇ ਸਭ ਨਾਗਰਿਕਾਂ ਨਾਲ ਬਰਾਬਰਤਾ ਦਾ ਸਲੂਕ ਕਰਦਿਆਂ ਆਪਣੀ ਬਣਦੀ ਜਿਮੇਵਾਰੀ ਨਿਭਾਵੇਗਾ। ਇਸ ਤੋਂ ਅੱਗੇ ਜਾ ਕੇ ਉਨਾਂ ਕਿਹਾ ਕਿ ਉਹ ਭਾਰਤ ਦੇ ਵਿਉਹਾਰ ਉਤੇ ਨਜਰ ਰਖਣਗੇ। ਇਸ ਤੋਂ ਇਲਾਵਾ ਉਹ ਚਾਹੁਣਗੇ ਕਿ ਭਾਰਤ ਕੋਵਿਡ-19 ਮਹਾਂਮਾਰੀ ਦੇ ਦੌਰਾਨ ਸਭ ਨੂੰ ਨਾਲ ਲੈ ਕੇ ਚੱਲੇ। ਸਾਨੂੰ ਸਭ ਨੂੰ ਸਣੇ ਭਾਰਤ, ਮਿਲਜੁਲ ਕੇ ਚੱਲਣਾ ਹੋਵੇਗਾ ਤੇ ਮਨੁੱਖਤਾ ਨੂੰ ਵੰਡਣ ਵਾਲੀਆਂ ਨੀਤੀਆਂ ਤਿਆਗਣੀਆਂ ਹੋਣਗੀਆਂ।

ਡਾ: ਇਕਤਦਾਰ ਚੀਮਾਂ ਜੋ ਸੰਯੁਕਤ ਰਾਸ਼ਟਰ ਗਲੋਬਲ ਸਟੀਅਰਿੰਗ ਕਮੇਟੀ ਦੇ ਮੈਂਬਰ ਹਨ, ਨੇ ਅੰਡਰ ਸੈਕਟਰੀ ਜਨਰਲ ਦੇ ਭਾਰਤ ਵਿਰੁੱਧ ਸਖਤ ਬਿਆਨ ਦੀ ਪ੍ਰਸ਼ੰਸਾ ਕੀਤੀ

ਹੈ. ਤੇ ਕਿਹਾ ਹੈ ਕਿ ਸੰਯੁਕਤ ਰਾਸ਼ਟਰ ਸੰਘ ਨੇ ਵਕਤ ਸਿਰ ਦਖਲ ਦੇ ਕੇ ਸ਼ਾਨਦਾਰ ਕਾਰਜ ਕੀਤਾ ਹੈ। ਡਾ: ਚੀਮਾ ਨੇ ਕਿਹਾ ਕਿ ਮੋਦੀ ਸਰਕਾਰ ਹਿੰਦੂ ਰਾਸ਼ਟਵਾਦੀਆ ਦੀ ਪਾਰਟੀ ਹੈ, ਜਿਸਨੇ ਇਤਰਾਜਯੋਗ ਕਾਨੂੰਨ ਪਾਸ ਕੀਤਾ ਹੈ ਤੇ ਜੋ ਨਫਰਤ ਤੇ ਵਿਤਕਰੇ ਭਰਿਆ ਹੈ। ਜੋ ਕਿ ਭਾਰਤੀ ਸੰਵਿਧਾਨ ਦੇ ਆਰਟੀਕਲ 14 ਤੇ 15 ਦੇ ਵੀ ਵਿਰੁੱਧ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਇਹ ਕਾਨੂੰਨ ਸਰਕਾਰ ਨੇ ਬਹੁਤ ਕਾਹਲੀ ਨਾਲ ਪਾਸ ਕੀਤਾ ਹੈ। ਇਸ ਕਾਨੂੰਨ ਨਾਲ ਭਾਰਤੀ ਮੁਸਲਮਾਨਾਂ ਵਿਚ ਵਡੇ ਪੱਧਰ ਉਤੇ ਉਨਾਂ ਦੇ ਨਾਗਰਿਕ ਅਧਿਕਾਰਾਂ ਤੇ ਖਾਸ ਕਰ ਵੋਟ ਪਾਣ ਦੇ ਅਧਿਕਾਰ ਦੇ ਖ਼ੁਸਣ ਦਾ ਡਰ ਪੈਦਾ ਹੋਵੇਗਾ। ਇਸ ਤੋਂ ਇਲਾਵਾ ਮੁਸਲਮਾਨਾਂ ਨਾਲ ਭਾਰੀ ਹਿੰਸਾ ਹੋ ਸਕਦੀ ਹੈ, ਗੈਰਕਾਨੂੰਨੀ ਕੈਦ ਤੇ ਦੇਸ਼ ਵਿਚੋਂ ਨਿਕਾਲਾ ਦੇਣ ਦਾ ਵਡਾ ਡਰ ਲਗਾਤਾਰ ਬਣਿਆ ਰਹੇਗਾ। ਜਿਸ ਨਾਲ ਮਨੁਖਤਾ ਉਤੇ ਦਹਿਸ਼ਤ ਦੇ ਸਾਏ ਇਕ ਵਡੀ ਘੱਟ ਗਿਣਤੀ ਵਾਸਤੇ ਬਹੁਤ ਖਤਰਨਾਕ ਹੋਣਗੇ। ਕਿਉਂਕਿ ਭਾਰਤ ਦੇ ਅਸਾਮ ਰਾਜ ਵਿਚ ਪਹਿਲਾਂ ਹੀ ਵਡੀਆਂ ਵਡੀਆਂ ਜੇਲਾਂ ਬਣ ਰਹੀਆ ਹਨ, ਜੋ ਕਿ ਤਹਿ ਹੈ ਕਿ ਇਸ ਵਿਚ ਮੁਸਲਮਾਨਾਂ ਨੂੰ ਕੈਦ ਕੀਤਾ ਜਾਵੇਗਾ। ਵਡਾ ਡਰ ਇਹੋ ਹੈ ਕਿ ਵਡੀ ਨਸਲਕੁਸ਼ੀ ਹੋ ਸਕਦੀ ਹੈ, ਜਿਸ ਵਿਚ ਘੱਟ ਗਿਣਤੀਆ ਤੇ ਖਾਸ ਕਰਕੇ ਮੁਸਲਮਾਨ ਹੀ ਨਿਸ਼ਾਨਾ ਬਣਨਗੇ।

ਏਜੀਪੀਸੀ ਦੇ ਕੋਆਰਡੀਨੇਟਰ ਡਾ: ਪ੍ਰਿਤਪਾਲ ਸਿੰਘ, ਸਿੱਖ ਕੋਆਰਡੀਨੇਸ਼ਨ ਕਮੇਟੀ ਦੇ ਹਿੰਮਤ ਸਿੰਘ ਤੇ ਅਮਰੀਕਨ ਸਿੱਖ ਕਾਕਸ ਕਮੇਟੀ ਦੇ ਡਾਇਰੈਕਟਰ ਹਰਪ੍ਰੀਤ ਸਿੰਘ ਸੰਧੂ ਨੇ ਰਾਸ਼ਟਰ ਸੰਘ ਦੇ ਅੰਡਰ ਸੈਕਟਰੀ ਜਨਰਲ ਜਨਾਬ ਅਡਾਮਾ ਡੀਐੈਂਗ ਦਾ ਹਾਰਦਿਕ ਧੰਨਵਾਦ ਕਰਦਿਆਂ ਕਿਹਾ ਹੈ ਕਿ ਅੰਡਰ ਸੈਕਟਰੀ ਜਨਰਲ ਭਾਰਤ ਦੇ ਵਿਉਹਾਰ ਉਤੇ ਨਜਰ ਰਖਣਗੇ ਤੇ ਇਹ ਪੱਕਾ ਕਰਨਗੇ ਕਿ ਭਾਰਤ ਵਿਚ ਭਾਰਤ ਸਰਕਾਰ ਵੱਲੋਂ ਕਿਸੇ ਨਾਲ ਵਿਤਕਰਾ ਨਾ ਹੋਵੇ ਤੇ ਕਿਸੇ ਨਾਲ ਦੂਜੇ ਦਰਜੇ ਦੇ ਸ਼ਹਿਰੀ ਵਰਗਾ ਸਲੂਕ ਨਾ ਹੋਵੇ।

HOTHI FREIGHTLINES
HOTHI FREIGHTLINES

ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।

- California to Michigan, New Jersey Florida & Texas
- Dedicated Load (ਪੱਕੇ ਲੋਡ)




ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਜੀਤ ਸਿੰਘ ਹੋਠੀ (408) 332-9355

248 South Hillview Dr Milpitas CA 95035



Corporate Office
4127 Bay Street, Suite 8
Fremont, CA 94538
Email: asrtimes@gmail.com

Tel: (510) 240-5949
Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਮੋਦੀ ਸਰਕਾਰ ਵਲੋਂ ਰਾਹਤ ਨਹੀਂ, ਕਰਜ਼ਾ ਪੈਕੇਜ ਦਿੱਤਾ

## ਆਰਥਿਕ ਪੈਕੇਜ ਧੋਖਾ, ਖੋਦਿਆ ਪਹਾੜ ਨਿਕਲਿਆ ਚੂਹਾ: ਕਾਂਗਰਸ, ਕੈਪਟਨ ਮਗਰੋਂ ਕੇਜਰੀਵਾਲ ਨੇ ਸੁਆਲ ਖੜੇ ਕੀਤੇ

**ਜਲੰਧਰ/ਏ.ਟੀ.ਨਿਊਜ਼** :ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਬੀਤੇ ਮੰਗਲਵਾਰ ਆਪਣੇ ਸੰਬੋਧਨ ਵਿੱਚ ਲੋਕਾਂ ਨੂੰ ਸਪੱਸ਼ਟ ਦੱਸ ਦਿੱਤਾ ਸੀ ਕਿ ਕੋਰੋਨਾ ਮਹਾਂਮਾਰੀ ਨਾਲ ਲੜਨ ਲਈ ਉਸ ਦੀ ਸਰਕਾਰ ਜੋ ਕਰ ਸਕਦੀ ਸੀ, ਉਹ ਕਰ ਚੁੱਕੀ ਹੈ, ਇਸ ਤੋਂ ਵੱਧ ਉਸ ਤੋਂ ਕੋਈ ਆਸ ਨਾ ਰੱਖੀ ਜਾਵੇ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਸ ਵਾਰ ਆਪਣੇ ਅੱਧਾ ਘੰਟਾ ਲੰਮੇ ਭਾਸ਼ਣ ਵਿੱਚ ਹਸਪਤਾਲਾਂ, ਡਾਕਟਰਾਂ ਤੇ ਨਰਸਾਂ ਦਾ ਜ਼ਿਕਰ ਕਰਨ ਦੀ ਵੀ ਲੋੜ ਤੱਕ ਨਾ ਸਮਝੀ। ਪ੍ਰਧਾਨ ਮੰਤਰੀ ਨੇ ਆਪਣੇ ਭਾਸ਼ਣ ਵਿੱਚ 20 ਲੱਖ ਕਰੋੜ ਦਾ ਆਰਥਿਕ ਪੈਕੇਜ, ਵੱਡੇ ਆਰਥਿਕ ਸੁਧਾਰ, ਕੋਰੋਨਾ ਮਹਾਂਮਾਰੀ ਨੂੰ ਮੌਕੇ ਵਿੱਚ ਬਦਲਣ ਤੇ ਭਾਰਤ ਨੂੰ ਆਤਮ-ਨਿਰਭਰ ਬਣਾਉਣ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ ਉਨਾ ਇੱਕ ਰੰਗ-ਬਰੰਗੇ ਚੌਥੇ ਲਾਕਡਾਊਨ ਨੂੰ ਜਾਰੀ ਰੱਖਣ ਦਾ ਐਲਾਨ ਕਰਦਿਆਂ ਕਿਹਾ ਕਿ ਹੁਣ ਸਾਨੂੰ ਕੋਰੋਨਾ ਨਾਲ ਜੀਣਾ ਸਿੱਖਣਾ ਹੋਵੇਗਾ।

ਪ੍ਰਧਾਨ ਮੰਤਰੀ ਦੇ ਵੀਹ ਲੱਖ ਕਰੋੜ ਦੇ ਪੈਕੇਜ ਦੀ ਵਿਆਖਿਆ ਅਗਲੇ ਦੋ ਦਿਨਾਂ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਕੀਤੀ ਜਾ ਚੁੱਕੀ ਹੈ। ਇਸ ਨੂੰ ਰਾਹਤ ਪੈਕੇਜ ਦੀ ਥਾਂ ਕਰਜ਼ਾ ਪੈਕੇਜ ਕਿਹਾ ਜਾਵੇ ਤਾਂ ਇਹ ਠੀਕ ਹੋਵੇਗਾ। ਇਸ ਪੈਕੇਜ ਵਿੱਚ ਪਹਿਲਾਂ ਐਲਾਨੀਆਂ ਰਕਮਾਂ ਨੂੰ ਵੀ ਸ਼ਾਮਲ ਕਰ ਲਿਆ ਗਿਆ ਹੈ। ਰਿਜ਼ਰਵ ਬੈਂਕ ਵੱਲੋਂ ਪਿਛਲੇ ਤਿੰਨ ਮਹੀਨਿਆਂ ਦੌਰਾਨ ਨਗਦੀ ਵਧਾਉਣ ਲਈ ਜਾਰੀ 8.04 ਲੱਖ ਕਰੋੜ ਤੇ ਸਰਕਾਰ ਵੱਲੋਂ ਮਾਰਚ ਵਿੱਚ ਐਲਾਨੇ 1.70 ਲੱਖ ਕਰੋੜ ਨੂੰ ਕੱਢ ਦੇਣ ਤੋਂ ਬਾਅਦ ਇਹ ਪੈਕੇਜ ਸਿਰਫ਼ 10.26 ਲੱਖ ਕਰੋੜ ਰੁਪਏ ਬਣਦਾ ਹੈ। ਸਰਕਾਰ ਨੇ ਚਾਲੂ ਵਿੱਤੀ ਵਰੇ ਲਈ ਕਰਜ਼ਾ ਹੱਦ 7.8 ਲੱਖ ਕਰੋੜ ਤੋਂ ਵਧਾ ਕੇ 12 ਲੱਖ ਕਰੋੜ ਕੀਤੀ ਹੈ। ਅਰਥ ਸ਼ਾਸਤਰੀਆਂ ਮੁਤਾਬਕ ਸਰਕਾਰ ਪਾਸ ਰਾਹਤ ਪੈਕੇਜ ਲਈ ਖਰਚਣ ਵਾਸਤੇ ਸਿਰਫ਼ 4.2 ਲੱਖ ਕਰੋੜ ਦੀ ਰਕਮ ਹੀ ਹੈ। ਇਸ ਲਈ ਨਿਰਮਲਾ ਸੀਤਾਰਮਨ ਦੇ ਐਲਾਨਾਂ ਵਿੱਚ ਕਰਜ਼ਾ ਵੰਡਣ ਤੋਂ ਇਲਾਵਾ ਕੁਝ ਨਹੀਂ ਹੈ।

ਇਸ ਪੈਕੇਜ ਵਿੱਚ ਮਜ਼ਦੂਰਾਂ, ਕਿਸਾਨਾਂ ਤੇ ਮੱਧਵਰਗ ਲਈ ਕੁਝ ਵੀ ਨਹੀਂ ਹੈ। ਜਿਹੜੇ ਲੋਕ ਅੱਜ ਭੁੱਖੇ ਮਰਦੇ ਸੜਕਾਂ ਨਾਪ ਰਹੇ ਹਨ, ਉਨਾਂ ਨਾਲ ਰਾਹਤ ਦੇ ਨਾਂਅ ਉੱਤੇ ਮਜ਼ਾਕ ਕੀਤਾ ਜਾ ਰਿਹਾ ਹੈ। ਵਿੱਤ ਮੰਤਰੀ ਨੇ 8 ਕਰੋੜ ਪ੍ਰਵਾਸੀ ਮਜ਼ਦੂਰਾਂ ਲਈ 3500 ਕਰੋੜ ਰੁਪਏ ਖਰਚਣ ਦਾ ਐਲਾਨ ਕੀਤਾ ਹੈ। ਇਸ ਅਧੀਨ ਹਰ ਪ੍ਰਵਾਸੀ ਮਜ਼ਦੂਰ ਪਰਵਾਰ ਨੂੰ ਦੋ ਮਹੀਨਿਆਂ ਲਈ 5-5 ਕਿਲੋ ਅਨਾਜ ਤੇ ਇੱਕ-ਇੱਕ ਕਿਲੋ ਛੋਲੇ ਦਿੱਤੇ ਜਾਣਗੇ। ਜੇਕਰ 3500 ਕਰੋੜ ਨੂੰ 8 ਕਰੋੜ ਲੋਕਾਂ ਵਿੱਚ ਵੰਡਿਆ ਜਾਵੇ ਤਾਂ ਹਰੇਕ ਪਰਿਵਾਰ ਨੂੰ ਕੁਲ 437.50 ਰੁਪਏ, ਯਾਨੀ 218.75 ਰੁਪਏ ਪ੍ਰਤੀ ਮਹੀਨਾ ਮਿਲਣਗੇ। ਇਸ ਦਾ ਮਤਲਬ ਹੈ 5 ਮੈਂਬਰਾਂ ਦੇ ਪਰਿਵਾਰ ਨੂੰ 43 ਰੁਪਏ 75 ਪੈਸੇ ਪ੍ਰਤੀ ਵਿਅਕਤੀ ਪ੍ਰਤੀ ਮਹੀਨਾ ਮਿਲਣਗੇ। ਹੁਣ ਜੇਕਰ 5 ਕਿਲੋ ਅਨਾਜ ਤੇ 1 ਕਿਲੋ ਦਾਲ ਦੀ ਵੰਡ 5 ਮੈਬਰਾਂ ਵਾਲੇ ਪਰਵਾਰ ਵਿੱਚ ਕਰੀਏ ਤਾਂ ਹਰ ਜੀਅ ਨੂੰ ਇੱਕ ਡੰਗ 50 ਗਰਾਮ ਤੋਂ ਥੋੜਾ ਜਿਹਾ ਵੱਧ ਭੋਜਨ ਮਿਲੇਗਾ।



ਕਿਸਾਨਾਂ ਨੂੰ ਰਾਹਤ ਦੇ ਨਾਂਅ ਉੱਤੇ ਹੋਰ ਕਰਜ਼ਾ ਦਿੱਤੇ ਜਾਣ ਦੀ ਗੱਲ ਕਹੀ ਗਈ ਹੈ। ਕਿਸਾਨਾਂ ਦੀਆਂ ਤਾਂ ਪਹਿਲਾਂ ਹੀ ਹੱਦ ਕਰਜ਼ੇ ਦੀਆਂ ਲਿਮਟਾਂ ਬਣੀਆਂ ਹੋਈਆਂ ਹਨ, ਫਿਰ ਰਾਹਤ ਕਿਹੜੀ ਦਿੱਤੀ ਗਈ। ਕਿਸਾਨਾਂ ਦੀ ਤਾਂ ਲੰਮੇ ਸਮੇਂ ਤੋਂ ਮੰਗ ਰਹੀ ਹੈ ਕਿ ਗਲਤ ਸਰਕਾਰੀ ਨੀਤੀਆਂ ਕਾਰਨ ਉਨਾਂ ਸਿਰ ਚੜ੍ਹਿਆ ਕਰਜ਼ਾ ਮਾਫ਼ ਕੀਤਾ ਜਾਵੇ, ਪਰ ਇਸ ਪਾਸੇ ਸਰਕਾਰ ਮੂੰਹ ਕਰਨ ਲਈ ਤਿਆਰ ਨਹੀਂ।

ਛੋਟੀਆਂ ਤੇ ਦਰਮਿਆਨੀਆਂ ਸਨਅਤੀ ਇਕਾਈਆਂ ਨੂੰ ਜੋ ਬਿਨਾਂ ਵਿਆਜ ਤੇ ਗਰੰਟੀ ਕਰਜ਼ਾ ਦੇਣ ਦੀ ਗੱਲ ਕੀਤੀ ਗਈ ਹੈ, ਉਸ ਦਾ ਵੀ ਕੋਈ ਲਾਭ ਹੋਣ ਵਾਲਾ ਨਹੀਂ। ਸਭ ਤੋਂ ਵੱਡੀ ਸਮੱਸਿਆ ਮੰਗ ਦੀ ਹੈ। ਜਦੋਂ ਬਜ਼ਾਰ ਵਿੱਚ ਮੰਗ ਹੀ ਨਹੀਂ ਹੋਵੇਗੀ, ਉਸ ਸਮੇਂ ਇਹ ਇਕਾਈਆਂ ਉਤਪਾਦਨ ਕਿਸ ਲਈ ਕਰਨਗੀਆਂ ? ਜਦੋਂ ਉਨਾਂ ਦਾ ਮਾਲ ਹੀ ਨਹੀਂ ਵਿਕਣਾ, ਫਿਰ ਉਹ ਆਪਣੇ ਸਿਰ ਕਰਜ਼ਾ ਕਿਉਂ ਚੜਾਉਣਗੀਆਂ, ਭਾਵੇਂ ਉਹ ਬਿਨਾਂ ਵਿਆਜ ਹੀ ਕਿਉਂ ਨਾ ਹੋਵੇ।

ਅਸਲ ਵਿੱਚ ਮੋਦੀ ਦੇ 20 ਲੱਖੀਏ ਪੈਕੇਜ ਦੇ ਉਹਲੇ ਉਸ ਦਾ ਅਗਲਾ ਏਜੰਡਾ ਛੁਪਿਆ ਹੋਇਆ ਹੈ, ਜਿਹੜਾ ਉਸ ਦੇ ਚਾਰ ਲੱਲਿਆਂ ਵਿੱਚੋਂ ਪਹਿਲੇ ਤਿੰਨਾਂ ਵਿੱਚ ਝਲਕਦਾ ਹੈ। ਪਹਿਲਾ ਲੱਲਾ ਲੈਂਡ ਯਾਨੀ ਜ਼ਮੀਨ ਦਾ ਹੈ, ਜਿਸ ਉੱਤੇ ਪੂੰਜੀਪਤੀਆਂ ਦੀ ਹਮੇਸ਼ਾ ਨਜ਼ਰ ਰਹੀ ਹੈ। ਭਾਰਤ ਮਾਲਾ ਯੋਜਨਾ ਅਧੀਨ ਅੰਮ੍ਰਿਤਸਰ ਤੋਂ ਜਾਮਨਗਰ ਤੱਕ ਬਣਨ ਵਾਲਾ ਐਕਸਪ੍ਰੈੱਸ ਵੇਅ ਕਿਸਾਨਾਂ ਦੇ ਵਿਰੋਧ ਕਾਰਨ ਅੱਗੇ ਨਹੀਂ ਸੀ ਵਧ ਸਕਿਆ। ਮੋਦੀ ਦੇ 'ਬੋਲਡ ਰਿਫਾਰਮ' ਅਧੀਨ ਹੁਣ ਨਵੇਂ ਜ਼ਮੀਨੀ ਸੁਧਾਰਾਂ ਲਈ ਜ਼ਮੀਨ ਤਿਆਰ ਕੀਤੀ ਜਾ ਰਹੀ ਹੈ। ਇਸ ਸਮੇਂ ਪੂੰਜੀਵਾਦੀ ਸਿਸਟਮ ਜ਼ਮੀਨ ਉੱਤੇ ਆ ਚੁੱਕਾ ਹੈ। ਹੁਣ ਸਿਰਫ਼ ਜ਼ਮੀਨ ਹੀ ਉਸ ਨੂੰ ਮੁੜ ਪੈਰਾਂ 'ਤੇ ਖੜਾ ਕਰ ਸਕਦੀ ਹੈ।

ਅਗਲਾ 'ਲੱਲਾ' ਲੇਬਰ ਦਾ ਹੈ। ਇਸ ਲਈ ਲੇਬਰ ਨੂੰ ਜਿੰਨਾ ਭੁੱਖਾ ਮਾਰੋ, ਓਨੀ ਹੀ ਉਹ ਆਪਣੀ ਮਿਹਨਤ ਨੂੰ ਸਸਤਾ ਵੇਚਣ ਲਈ ਮਜਬੂਰ ਹੋ ਜਾਂਦੀ ਹੈ। ਇਸ ਲਈ ਉਸ ਤੋਂ ਹੁਣ 8 ਘੰਟੇ ਦੀ ਥਾਂ 12 ਘੰਟੇ ਕੰਮ ਲੈ ਕੇ ਪੈਸੇ 8 ਘੰਟੇ ਦੇ ਹੀ ਦਿੱਤੇ ਜਾਣਗੇ। ਇਸ ਦੀ ਸ਼ੁਰੂਆਤ ਕੀਤੀ ਜਾ ਚੁੱਕੀ ਹੈ। 'ਲੱਲਾ' ਲਾਅ ਦਾ ਸੰਬੰਧ ਵੀ ਮਜ਼ਦੂਰਾਂ ਨਾਲ ਹੈ। ਉਸ ਵੱਲੋਂ ਲੰਮੇ ਸੰਘਰਸ਼ਾਂ ਬਾਅਦ ਪ੍ਰਾਪਤ ਕੀਤੇ ਕਾਨੂੰਨਾਂ ਨੂੰ ਖ਼ਤਮ ਕਰਕੇ ਉਸ ਨੂੰ ਬੰਧੂਆ ਮਜ਼ਦੂਰ ਬਣਾਉਣ ਦਾ ਕਾਰਜ ਆਰੰਭ ਹੋ ਚੁੱਕਾ ਹੈ। ਇਸ ਦਾ ਹੁਣ ਖਾਸਾ ਵਿਰੋਧ ਹੋ ਰਿਹਾ ਹੈ।

ਬਾਕੀ ਸਫ਼ਾ 32 'ਤੇ

# ਪੰਜਾਬ ਦੀ ਕਿਰਤੀ ਸਾਂਝ ਨੂੰ ਪਾੜ੍ਹਨ ਦੀ ਬਜਾਏ ਮਜ਼ਬੂਤ ਕਰਨ ਦੀ ਲੋੜ

**- ਸੁਖਵਿੰਦਰ ਸਿੰਘ**

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ, ਜਿੱਥੇ ਬਹੁਤਾਤ ਵਸੋਂ ਪਿੰਡਾਂ ਵਿਚ ਵਸਦੀ ਹੈ ਅਤੇ ਇਸ ਵਸੋਂ ਦੇ ਜੀਵਨ ਨਿਰਵਾਹ ਦਾ ਮੁੱਖ ਸਰੋਤ ਖੇਤੀਬਾੜੀ ਹੈ। ਖੇਤੀਬਾੜੀ ਕਰਦੇ ਕਿਰਤੀਆਂ ਵਿਚ ਵਰਗ ਵੰਡ- ਕਿਸਾਨ (ਜ਼ਮੀਨ ਮਾਲਕ ਅਤੇ ਠੇਕੇ ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ) ਅਤੇ ਖੇਤ ਮਜ਼ਦੂਰ ਵਜੋਂ ਹੋਈ ਹੈ। ਖੇਤੀਬਾੜੀ ਨਾਲ ਜੁੜੇ ਇਸ ਸਮੂਹਿਕ ਕਿਰਤੀ ਵਰਗ ਵਿਚ ਲਗਭਗ 90 ਫੀਸਦੀ ਦੇ ਕਰੀਬ ਜਾਂ ਇਸ ਤੋਂ ਵੀ ਵੱਧ ਸਿੱਖ ਧਰਮ ਨਾਲ ਸਬੰਧਿਤ ਲੋਕ ਹਨ। ਅਖੌਤੀ ਜਾਤੀ ਵੰਡ ਮੁਤਾਬਕ ਗੱਲ ਕਰੀਏ ਤਾਂ ਬਹੁਗਿਣਤੀ ਕਿਸਾਨ ਵਰਗ ਵਿਚ ਜੱਟ ਅਤੇ ਖੇਤ ਮਜ਼ਦੂਰ ਵਰਗ ਵਿਚ ਦਲਿਤ ਕਹੀਆਂ ਜਾਂਦੀਆਂ ਜਾਤਾਂ ਨਾਲ ਸਬੰਧਿਤ ਲੋਕ ਹਨ। ਪਰ ਇਹ ਵੀ ਸੱਚ ਨਹੀਂ ਕਿ ਕਿਸਾਨ ਹੀ ਜੱਟ ਹੈ ਅਤੇ ਖੇਤ ਮਜ਼ਦੂਰ ਹੀ ਦਲਿਤ ਹੈ। ਹਰੀ ਕ੍ਰਾਂਤੀ ਦੇ ਕੁੱਝ ਵਿਕਾਸਸ਼ੀਲ ਵਰ੍ਹਿਆਂ ਮਗਰੋਂ ਭਾਰਤ ਸਰਕਾਰ ਦੀਆਂ ਮਾੜੀਆਂ ਖੇਤੀ ਨੀਤੀਆਂ ਕਰਕੇ ਅੱਜ ਵੱਡੀ ਗਿਣਤੀ ਜੱਟ ਵੀ ਬੇਜ਼ਮੀਨੇ ਹੋ ਕੇ ਫਾਹੇ ਲਾ ਰਹੇ ਹਨ ਅਤੇ ਖੇਤ ਮਜ਼ਦੂਰੀ ਕਰ ਰਹੇ ਹਨ। ਜਦਕਿ ਪਿਛਲੇ ਕੁੱਝ ਦਹਾਕਿਆਂ ਵਿਚ ਦਲਿਤ ਕਹੀਆਂ ਜਾਂਦੀਆਂ ਜਾਤਾਂ ਨਾਲ ਸਬੰਧਿਤ ਲੋਕ ਵੀ ਆਪਣੀ ਨਿਜੀ ਜ਼ਾਇਦਾਦ ਵਿਚ ਚੋਖਾ ਵਾਧਾ ਕਰਕੇ ਛੋਟੇ ਅਤੇ ਵੱਡੇ ਕਿਸਾਨ ਵਰਗ ਵਿਚ ਸ਼ਾਮਲ ਹੋ ਚੁੱਕੇ ਹਨ।

ਪੰਜਾਬ ਦੇ ਕਿਸਾਨੀ ਨਾਲ ਜੁੜੇ ਸਮਾਜਿਕ ਢਾਂਚੇ ਦੀ ਵੰਡ ਦੀਆਂ ਦੋ ਮੁੱਖ ਵਜ੍ਹਾ ਹਨ: ਜ਼ਮੀਨ ਦੀ ਮਲਕੀਅਤ ਅਤੇ ਜਾਤੀ ਪਛਾਣ। ਇਹਨਾਂ ਕਿਰਤੀ ਲੋਕਾਂ ਦੀ ਸਾਂਝ ਦਾ ਇਕ ਹੀ ਧੁਰਾ ਹੈ: ਖਾਲਸਾਈ ਜਾਂ ਸਿੱਖੀ ਪਛਾਣ। ਇਤਿਹਾਸਕ ਨਜ਼ਰ ਤੋਂ ਪੰਜਾਬ ਦੀ ਧਰਤ ਤੇ ਇਹਨਾਂ ਕਿਰਤੀ ਲੋਕਾਂ ਨੇ ਬ੍ਰਾਹਮਣਵਾਦ ਦੀ ਜਾਤੀ ਪਛਾਣ ਨੂੰ ਛੱਡ ਕੇ ਖਾਲਸਾਈ ਪਛਾਣ ਧਾਰਨ ਕਰ 17ਵੀਂ ਅਤੇ 18ਵੀਂ ਸਦੀ ਵਿਚ ਸਮੇਂ ਦੀ ਹਕੂਮਤ ਖਿਲਾਫ ਹਥਿਆਰਬੰਦ ਸੰਘਰਸ਼ ਲੜਿਆ ਅਤੇ ਕਈ ਸਦੀਆਂ ਮਗਰੋਂ ਆਪਣੀ ਧਰਤ ਪੰਜਾਬ ਤੇ ਆਪਣਾ ਖਾਲਸਾ ਰਾਜ ਸਥਾਪਤ ਕੀਤਾ। ਇਹਨਾਂ ਕਿਰਤੀ ਲੋਕਾਂ ਦੀ ਸਾਂਝ ਦੀ ਇਹ ਪਛਾਣ ਅੱਜ ਵੀ ਬ੍ਰਾਹਮਣਵਾਦ ਦੀ ਵਿਚਾਰਧਾਰਾ ਤੇ ਚਲਦੀ ਭਾਰਤ ਦੀ ਰਾਜਸੱਤਾ ਲਈ ਸਭ ਤੋਂ ਵੱਡੀ ਚੁਣੌਤੀ ਹੈ। ਇਸ ਚੁਣੌਤੀ ਨੂੰ ਖਤਮ ਕਰਨ ਲਈ ਭਾਰਤੀ ਰਾਜਸੱਤਾ ਆਪਣੇ ਰਾਜਸੀ, ਪ੍ਰਸ਼ਾਸਨਕ, ਵਿਦਿਅਕ, ਮੀਡੀਆ ਪ੍ਰਬੰਧ ਰਾਹੀਂ ਇਹਨਾਂ ਕਿਰਤੀ ਲੋਕਾਂ ਦਰਮਿਆਨ ਸਾਂਝ ਦੀ ਖਾਲਸਾਈ ਪਛਾਣ ਨੂੰ ਧੁੰਦਲਾ ਕਰਕੇ ਵੰਡ ਪਾਊ ਪਛਾਣਾਂ ਨੂੰ ਸਥਾਪਤ ਕਰਨ ਲਈ ਸਿਰਤੋੜ ਕੋਸ਼ਿਸ਼ਾਂ ਕਰ ਰਹੀ ਹੈ। ਇਸ ਲਈ ਭਾਰਤੀ ਰਾਜਸੱਤਾ ਅਖੌਤੀ ਡੇਰਾਵਾਦ ਤੋਂ ਲੈ ਕੇ ਪੰਜਾਬ ਦੇ ਕਾਮਰੇਡਾਂ ਨੂੰ ਵੀ ਪੂਰਾ ਵਰਤਦੀ ਹੈ ਤੇ ਇਹ ਧਿਰਾਂ ਆਪਣੇ ਜਮਾਤੀ-ਵੰਡ ਦੇ ਮਾਰਕਸੀ ਰਾਜਨੀਤਕ ਹਾਲਾਤਾਂ ਨੂੰ ਬਣਾਉਣ ਲਈ ਪੰਜਾਬ ਵਿਚ ਜਾਤੀ-ਵੰਡ ਨੂੰ ਜਮਾਤੀ ਵੰਡ ਦਾ ਰੂਪ ਦੇ ਕੇ ਆਪਣੀ ਰਾਜਸੀ ਦੁਕਾਨਦਾਰੀ ਚਲਾਉਣ ਹਿੱਤ ਯਤਨਸ਼ੀਲ ਹਨ।

ਪੰਜਾਬ ਦੇ ਕਾਮਰੇਡ ਵਿਚਾਰਵਾਨ ਕਿਸਾਨ ਅਤੇ ਖੇਤ ਮਜ਼ਦੂਰ ਦੇ ਰਿਸ਼ਤੇ ਨੂੰ ਫੈਕਟਰੀ ਮਾਲਕ ਅਤੇ ਫੈਕਟਰੀ ਵਿਚ ਕੰਮ ਕਰਦੇ ਮਜ਼ਦੂਰ ਵਜੋਂ ਸਥਾਪਤ ਕਰ ਰਹੇ ਹਨ। ਜਦਕਿ ਰਾਜਸੱਤਾ ਵਿਚ ਭਾਈਵਾਲ ਪੰਜਾਬ ਦੇ ਕੁੱਝ ਧਨਾਢ ਲੋਕਾਂ ਨੂੰ ਛੱਡ ਕੇ ਪੰਜਾਬ ਦੀ ਜ਼ਮੀਨੀ ਮਲਕੀਅਤ ਵਾਲੀ ਬਹੁਤਾਤ ਕਿਸਾਨੀ ਖੇਤ ਵਿਚ ਕੰਮ ਕਰਦੇ ਮਜ਼ਦੂਰ ਨਾਲ ਆਪ ਵੀ ਮਿੱਟੀ ਵਿਚ ਮਿੱਟੀ ਹੁੰਦੀ ਹੈ। ਫੈਕਟਰੀ ਅਤੇ ਖੇਤ ਦੀ ਇਕ ਪੈਦਾਵਾਰੀ ਸਾਧਨ ਵਜੋਂ ਕੋਈ ਨੇੜਲੀ ਸਮਾਨਤਾ ਨਹੀਂ ਹੈ। ਫੈਕਟਰੀ ਦੀ ਪੈਦਾਵਾਰ ਦੀ ਕੀਮਤ ਅਤੇ ਖੇਤ ਦੀ ਪੈਦਾਵਾਰ ਦੀ ਕੀਮਤ ਦਾ ਜ਼ਮੀਨ ਅਸਮਾਨ ਵਾਲਾ ਫਰਕ ਹੈ। ਖੇਤ ਪੈਦਾਵਾਰ ਅਤੇ ਫੈਕਟਰੀ ਪੈਦਾਵਾਰ ਦੀ ਕੀਮਤ ਦੇ ਫਰਕ ਨੂੰ ਘੋਖੀਏ ਤਾਂ ਸਪਸ਼ਟ ਹੁੰਦਾ ਹੈ ਕਿ ਖੇਤ ਮਜ਼ਦੂਰੀ ਦਰ ਫੈਕਟਰੀ ਮਜ਼ਦੂਰੀ ਦਰ ਨਾਲੋਂ ਬਹੁਤ ਚੰਗੀ ਅਤੇ ਇਜਤਯੋਗ ਹੈ।

ਪਿਛਲੇ ਦਹਾਕੇ ਦੌਰਾਨ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੀ ਵੱਡੀ ਆਮਦ ਨੇ ਪੰਜਾਬ ਦੇ ਕਿਰਤੀਆਂ ਤੋਂ ਉਹਨਾਂ ਦਾ ਰੁਜ਼ਗਾਰ ਖੋਹ ਲਿਆ ਸੀ। ਪੰਜਾਬ ਦੀਆਂ ਜਿਹੜੀਆਂ ਕਾਮਰੇਡ ਜਥੇਬੰਦੀਆਂ ਇਹਨਾਂ ਪ੍ਰਵਾਸੀਆਂ ਨੂੰ ਆਪਣਾ ਵੋਟ ਬੈਂਕ ਸਮਝਦਿਆਂ ਕਿਸੇ ਸਮੇਂ ਪੰਜਾਬੀਆਂ ਦੇ ਹੱਕਾਂ ਤੇ ਡਾਕਾ ਮਾਰਨ ਵਾਲੇ ਇਸ ਵਰਗ ਦੀ ਪੁਸ਼ਤਪਨਾਹੀ ਕਰਦੀਆਂ ਸਨ ਉਹਨਾਂ ਨੇ ਹੁਣ ਬਣੇ ਹਾਲਾਤਾਂ ਵਿਚ ਜਦੋਂ ਉਹ ਪ੍ਰਵਾਸੀ ਆਪੋ-ਆਪਣੀ ਪਿਤਰੀ ਭੂਮੀ ਨੂੰ ਪਰਤ ਗਏ ਤਾਂ ਆਪਣੀ ਸਿਆਸਤ ਲਈ ਦਲਿਤ ਪਛਾਣ ਨੂੰ ਵਰਤਣਾ ਸ਼ੁਰੂ ਕਰ ਦਿੱਤਾ ਹੈ। ਇਸ ਲਈ ਇਹਨਾਂ ਧਿਰਾਂ ਵੱਲੋਂ ਇਹ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਝੋਨੇ ਦੀ ਲਵਾਈ ਵਾਸਤੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦਰਮਿਆਨ ਟਕਰਾਅ ਕਰਵਾਇਆ ਜਾਵੇ। ਜਦਕਿ ਇਹ ਸਮਾਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀ ਆਪਸੀ ਸਾਂਝ ਨੂੰ ਮਜ਼ਬੂਤ ਕਰਕੇ ਪੰਜਾਬ ਦੀ ਖੇਤੀਬਾੜੀ ਉਪਜ ਦੇ ਹੱਕ ਲੈਣ ਲਈ ਸਾਂਝਾ ਮੁਹਾਜ਼ ਉਸਾਰਨ ਦਾ ਹੈ।

ਪੰਜਾਬ ਵਿਚ ਕਿਸਾਨ ਨੂੰ ਛੇ ਮਹੀਨਿਆਂ ਦੀ ਇਕ ਕਿੱਲ੍ਹੇ ਦੀ ਫਸਲ ਪਿੱਛੇ 5000 ਤੋਂ 7000 ਰੁਪਏ ਸਭ ਖਰਚੇ ਕਰਨ ਮਗਰੋਂ ਬਚਦੇ ਹਨ। ਜੇ ਪੰਜ ਕਿਲ੍ਹਿਆਂ ਵਾਲੇ ਕਿਸਾਨ ਦੀ ਗੱਲ ਕਰੀਏ ਤਾਂ ਉਸ ਦੀ ਛੇ ਮਹੀਨਿਆਂ ਦੀ ਕਮਾਈ 25000 ਰੁਪਏ ਔਸਤਨ ਬਣਦੀ ਹੈ। ਇਹ ਕਮਾਈ ਕਿਸੇ ਵੀ ਮਜ਼ਦੂਰ ਦੀ ਔਸਤਨ ਕਮਾਈ ਤੋਂ ਬਹੁਤ ਘੱਟ ਹੈ। ਇਸੇ ਦੇ ਨਤੀਜੇ ਵਜੋਂ ਪੰਜਾਬ ਦੀ ਕਿਸਾਨੀ ਵਿਚੋਂ ਮਣਾ-ਮੂੰਹੀ ਵਿਦੇਸ਼ਾਂ ਨੂੰ ਪ੍ਰਵਾਸ ਹੋ ਰਿਹਾ ਹੈ।

ਇਹਨਾਂ ਹਾਲਾਤਾਂ ਵਿਚ ਸਿਰਫ ਇਕ ਚੀਜ਼ ਹੈ ਜੋ ਕਿਸਾਨ ਨੂੰ ਮਜ਼ਦੂਰ ਤੋਂ ਉਤਾਂਹ ਕਰਦੀ ਹੈ। ਉਹ ਹੈ ਜ਼ਮੀਨ ਦੀ ਮਾਲਕੀ। ਪਰ ਪੰਜਾਬ ਦੇ ਕਿਸਾਨ ਦੀ ਇਹ ਬਹੁਤੀ ਜ਼ਮੀਨ ਮਾਲਕੀ ਭਾਰਤੀ ਬੈਂਕਾਂ ਕੋਲ ਗਹਿਣੇ ਪਈ ਹੈ। ਪਦਾਰਥਵਾਦ ਦੀ ਅੰਨ੍ਹੀ ਦੌੜ ਅਤੇ ਮਹਿੰਗਾਈ ਦੇ ਇਸ ਕਾਲ ਵਿਚ ਕਿਸਾਨ ਦੇ ਖਰਚਿਆਂ ਦਾ ਅਧਾਰ ਉਸ ਵੱਲੋਂ ਬੈਂਕਾਂ ਤੋਂ ਲਈਆਂ ਲਿਮਟਾਂ ਹਨ ਅਤੇ ਇਹਨਾਂ ਲਿਮਟਾਂ ਨਾਲ ਵੀ ਗੁਜ਼ਰ ਨਾ ਬਣਦੀ ਦੇਖ ਬਹੁਤੇ ਕਿਸਾਨ ਜ਼ਮੀਨ ਦਾ ਇਕ ਹਿੱਸਾ ਵੇਚ ਕੇ ਆਪਣੇ ਸਮਾਜਿਕ ਰਸੂਖ ਨੂੰ ਬਰਕਰਾਰ ਰੱਖ ਰਹੇ ਹਨ। ਇਹਨਾਂ ਜ਼ਮੀਨਾਂ ਨੂੰ ਬਹੁਤੀ ਥਾਈਂ ਪੰਜਾਬ ਵਿਚ ਬਾਣੀਆ ਜਮਾਤ ਖਰੀਦ ਰਹੀ ਹੈ ਜਾਂ ਫੇਰ ਸ਼ਹਿਰੀਕਰਨ ਦੇ ਨਾਂ ਤੇ ਅਕਵਾਇਰ ਹੋਈਆਂ ਜ਼ਮੀਨਾਂ ਦਾ ਮੁੱਲ ਵੱਟਣ ਵਾਲੇ ਕਿਸਾਨ ਇਕ ਤੋਂ ਦੂਜੀ ਥਾਂ ਜਾ ਇਹ ਜ਼ਮੀਨਾਂ ਖਰੀਦ ਰਹੇ ਹਨ। ਭਾਵ ਕਿ ਜ਼ਮੀਨ ਦੀ ਪੈਦਾਵਾਰ ਦੀ ਆਮਦਨ ਨਾਲ ਅੱਜ ਜ਼ਮੀਨ ਦੀ ਮਾਲਕੀ ਨਹੀਂ ਖਰੀਦੀ ਜਾ ਸਕਦੀ।

ਇਤਿਹਾਸਕ ਵਿਚਾਰ ਮੁਤਾਬਕ ਪੰਜਾਬ ਵਿਚ ਹਲ ਵਾਹਕ ਜਾਤਾਂ ਵਿਚ ਜੱਟ, ਕੰਬੋਜ, ਸੈਣੀ ਕਬੀਲੇ ਮੰਨੇ ਜਾਂਦੇ ਸਨ। ਪੰਜਾਬ ਵਿਚ ਹਰੀ ਕ੍ਰਾਂਤੀ ਤੋਂ ਪਹਿਲਾਂ ਅਤੇ ਟਰੈਕਟਰ ਆਉਣ ਤੋਂ ਪਹਿਲਾਂ ਕਿਸਾਨੀ ਬਹੁਤ ਔਖੀ ਸੀ ਅਤੇ ਬਹੁਤ ਘੱਟ ਰਕਬਾ ਵਾਹੀਯੋਗ ਸੀ। ਇਸ ਸਮੇਂ ਦੌਰਾਨ ਖੇਤੀ ਅਤੇ ਪਿੰਡ ਸੱਭਿਆਚਾਰ ਦੇ ਬਾਕੀ ਧੰਦੇ ਇਕ ਦੂਜੇ ਦੇ ਸਹਾਇਕ ਸਨ ਤੇ ਪਿੰਡ ਦੇ ਸਾਰੇ ਕਾਮੇ ਮਿਲ ਕੇ ਪਿੰਡ ਦੀ ਜੀਵਕਾ ਦਾ ਢਾਂਚਾ ਉਸਾਰਦੇ ਸਨ। ਪਰ ਹਰੀ ਕ੍ਰਾਂਤੀ ਆਉਣ ਨਾਲ ਉਪਜ ਵਧੀ ਅਤੇ ਮਸ਼ੀਨਰੀ ਆਉਣ ਨਾਲ ਵਰਾਨੀਆਂ ਜ਼ਮੀਨਾਂ ਵੀ ਵਾਹੀਯੋਗ ਹੋ ਗਈਆਂ। ਇਸ ਨੇ ਪਿੰਡ ਦੇ ਆਰਥਿਕ ਪ੍ਰਬੰਧ ਵਿਚ ਕਿਸਾਨ ਨੂੰ ਬਾਕੀਆਂ ਨਾਲੋਂ ਇਕ ਦਮ ਕੁੱਝ ਉਤਾਂਹ ਚੁੱਕ ਦਿੱਤਾ। ਇਸ ਤੋਂ ਪਿੰਡ ਵਿਚ ਇਕ ਪਾੜ ਵਧਣਾ ਸ਼ੁਰੂ ਹੋਇਆ ਜਿਸ ਨੂੰ ਬ੍ਰਾਹਮਣਵਾਦੀ ਜਾਤੀ ਪਛਾਣ ਅਤੇ ਕਾਮਰੇਡੀ ਸਿਆਸਤ ਨੇ ਹੋਰ ਹਵਾ ਦਿੱਤੀ।

ਇਸ ਸਮੇਂ ਪੰਜਾਬ ਵਿਚ ਕਿਸਾਨ ਅਤੇ ਖੇਤ ਮਜ਼ਦੂਰ, ਦੋਵਾਂ ਦੀ ਹਾਲਤ ਬਹੁਤ ਮਾੜੀ ਹੈ। ਸਭ ਤੋਂ ਵੱਧ ਖੁਦਕੁਸ਼ੀਆਂ ਕਿਸਾਨ ਕਰ ਰਿਹਾ ਹੈ। ਖੁਦਕੁਸ਼ੀ ਦਾ ਕਾਰਨ ਹੱਕਾਂ ਤੇ ਡਾਕਾ ਹੈ। ਇਹ ਡਾਕਾ ਭਾਰਤ ਦੀ ਬ੍ਰਾਹਮਣਵਾਦੀ ਸੱਤਾ ਮਾਰ ਰਹੀ ਹੈ। ਇਸ ਖਿਲਾਫ ਪੰਜਾਬ ਦੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਨੂੰ ਆਪਣੀਆਂ ਜਾਤੀ ਪਛਾਣਾਂ ਛੱਡ ਕੇ ਖਾਲਸਾਈ ਪਛਾਣ ਨਾਲ ਸੰਘਰਸ਼ ਸ਼ੁਰੂ ਕਰਨਾ ਚਾਹੀਦਾ ਹੈ। ਇਹ ਸੰਘਰਸ਼ ਹੀ ਉਹਨਾਂ ਨੂੰ ਗੈਰਤਮੰਦ ਅਜ਼ਾਦੀ ਦੇ ਨਿਸ਼ਾਨੇ ਤੇ ਪਹੁੰਚਾ ਸਕਦਾ ਹੈ।

ਕਾਮਰੇਡਾਂ ਅਤੇ ਭਾਰਤੀ ਸੱਤਾ ਵੱਲੋਂ ਦਲਿਤ ਬਨਾਮ ਜੱਟ ਲੜਾਈ ਬਣਾਉਣ ਲਈ ਜਿੱਥੇ ਕੁੱਝ ਝੂਠੇ ਨਾਟਕ ਉਸਾਰੇ ਜਾ ਰਹੇ ਹਨ ਉੱਥੇ ਜ਼ਮੀਨ ਵੰਡ ਦੇ ਇਕ ਸੱਚੇ ਮਸਲੇ ਨੂੰ ਵੀ ਉਹਨਾਂ ਆਪਣੀ ਰਾਜਨੀਤੀ ਦਾ ਅਧਾਰ ਬਣਾਇਆ ਹੈ। ਪਰ ਉਹਨਾਂ ਵੱਲੋਂ ਜ਼ਮੀਨ ਵੰਡ ਦਾ ਫਾਰਮੁੱਲਾ ਪੇਸ਼ ਨਹੀਂ ਕੀਤਾ ਜਾ ਰਿਹਾ। ਜਿਸ ਤੋਂ ਸਪਸ਼ਟ ਹੈ ਕਿ ਉਹ ਪੰਜਾਬ ਦੇ ਖੇਤ ਮਜ਼ਦੂਰਾਂ ਦੀ ਸਮੱਸਿਆ ਦਾ ਹੱਲ ਨਹੀਂ ਚਾਹੁੰਦੇ ਬਸ ਉਹਨਾਂ ਦੇ ਜ਼ਖਮਾਂ ਤੇ ਆਪਣੀ ਰਾਜਨੀਤੀ ਕਰਨੀ ਚਾਹੁੰਦੇ ਹਨ। ਕਾਮਰੇਡ ਵਿਚਾਰਵਾਨਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਦੇ ਲੋਕਾਂ ਵਿਚ ਆਪਸੀ ਫੁੱਟ ਪਾ ਕੇ ਦਿੱਲੀ ਦੀ ਰਾਜਸੱਤਾ ਦੇ ਅਜੈਂਡੇ ਨੂੰ ਤਾਕਤ ਦੇਣ ਦੀ ਬਜਾਏ ਇਹ ਸਪਸ਼ਟ ਕਰਨ ਕਿ ਪੰਜਾਬ ਵਿਚ ਜ਼ਮੀਨੀ ਵੰਡ ਲਈ ਉਹਨਾਂ ਕੋਲ ਕੀ ਫਾਰਮੁੱਲਾ ਹੈ।

## ਦੱਰਿਆਂ ਤੇ ਦਰਿਆਵਾਂ ਸੰਗ - 4

# ਚੰਦਰ ਭਾਗਾ ਦੇ ਸੰਗਮ ਤੋਂ ਝਨਾਂ ਦਾ ਜਨਮ



- ਪ੍ਰੀਤਮ ਰੁਪਾਲ

ਮੜੀ ਰੈਸਟ ਹਾਊਸ ਵਿਚ ਪੂਰੀ ਰਾਤ ਜਾਗੋ ਮੀਚੀ ਵਿਚ ਹੀ ਲੰਘ ਗਈ। ਪਹਿਲਾਂ ਤਲਵਾੜ ਦੇ ਜਨਮ ਦਿਨ ਦੇ ਜਸ਼ਨਾਂ ਤੋਂ ਵਿਹਲੇ ਹੋ ਕੇ ਥੋੜਾ ਚਿਰ ਅੱਖ ਲੱਗੀ। ਕਮਰੇ ਦੀ ਟੀਨ ਦੀ ਢਾਲਵੀਂ ਛੱਤ ਉਪਰ ਪੈਂਦੇ ਤੇਜ਼ ਮੀਂਹ ਦੀ ਖੜਖੜ ਨੇ ਜਗਾ ਦਿੱਤਾ। ਫਿਰ ਕੁਝ ਚਿਰ ਨੀਂਦ ਆਈ ਤਾਂ ਨਾਲ ਦੇ ਸਾਥੀਆਂ ਨੇ ਇਹ ਕਹਿ ਕੇ ਸਾਰਿਆਂ ਨੂੰ ਜਗਾਉਣਾ ਸ਼ੁਰੂ ਕਰ ਦਿੱਤਾ ਕਿ ਸਵੇਰ ਹੋ ਗਈ ਹੈ। ਬਾਰੀ ਥਾਣੀਂ ਦਿਸਦਾ ਚਾਨਣ ਸਵੇਰ ਦਾ ਸੰਕੇਤ ਦੇ ਰਿਹਾ ਸੀ। ਸਾਡੇ ਰਾਤ ਦੇ ਰੰਗਾਰੰਗ ਪ੍ਰੋਗਰਾਮ ਦੇ ਗ਼ੈਰ ਹਾਜ਼ਰ ਨਾਇਕ ਵਿਸ਼ਾਲ ਅਤੇ ਪਰਮਵੀਰ ਜੀਪ ਵਿਚੋਂ ਉਠ ਕੇ ਅੰਦਰ ਆ ਗਏ ਸਨ ਅਤੇ ਸਵੇਰ ਦੀ ਕਿਰਿਆ ਲਈ ਟਾਇਲਟ ਲੱਭ ਰਹੇ ਸਨ।

ਮੈਂ ਉਹਨਾਂ ਨੂੰ ਰਾਤ ਦੀਆਂ ਖਾਲੀ ਹੋਈਆਂ ਬੋਤਲਾਂ ਵਿਚ ਪਾਣੀ ਭਰ ਕੇ ਰੈਸਟ ਹਾਊਸ ਦੇ ਪਿਛਵਾੜੇ ਨੀਵੇਂ ਜਿਹੇ ਮੈਦਾਨ ਵਿਚ 'ਮੈਦਾਨ ਫਤਹਿ' ਕਰਨ ਲਈ ਆਖਿਆ ਤਾਂ ਵਿਸ਼ਾਲ ਤਾਂ ਝੱਟ ਸਮਝ ਗਿਆ ਪਰ ਚੰਡੀਗੜ ਦੇ ਜੰਮਪਲ ਪਰਮਵੀਰ ਨੂੰ ਮੇਰੀ ਗੱਲ ਸਮਝ ਨਾ ਪਈ। ਫਿਰ ਵਿਸ਼ਾਲ ਨੇ ਸਮਝਾਇਆ ਕਿ ਭਾਅ ਜੀ ਓਪਨ ਏਅਰ ਲੈਟਰੀਨ ਦੀ ਗੱਲ ਕਰ ਰਹੇ ਨੇ। ਅਗਲੇ ਪਲ ਹੀ ਉਹ ਓਲਡ ਮੌਂਕ ਦੀਆਂ ਖਾਲੀ ਬੋਤਲਾਂ ਵਿਚ ਪਾਣੀ ਭਰ ਕੇ ਬਾਹਰ ਨੂੰ ਤੁਰ ਪਏ। ਸ਼ਾਇਦ ਰਾਤੀਂ ਰਮ ਪੀਤੀ ਹੋਣ ਕਰਕੇ ਹਾਜਤ ਵਧੇਰੇ ਤੀਬਰ ਸੀ। ਬਰੈਡਾਂ ਨੂੰ ਜੈਮ, ਮੱਖਣ ਅਤੇ ਪਨੀਰ ਲਗਾ ਕੇ ਨਾਸ਼ਤਾ ਕੀਤਾ ਗਿਆ। ਆਪਣੇ ਰਕਸੈਕ ਅਤੇ ਰਸੋਈ ਦਾ ਸਮਾਨ ਜੀਪਾਂ 'ਤੇ ਲੱਦ ਕੇ ਅਗਲੀ ਮੰਜ਼ਿਲ ਵੱਲ ਰਵਾਨਗੀ ਪਾਈ। ਅਸੀਂ ਇਹ ਮਿੱਥ ਕੇ ਚੱਲੇ ਕਿ ਜੇ ਰੋਹਤਾਂਗ ਵਾਲੀ ਸੜਕ 'ਤੇ ਡਿੱਗੀਆਂ ਢਿੱਗਾਂ ਛੇਤੀ ਸਾਫ਼ ਹੋ ਗਈਆਂ ਤੇ ਸ਼ਾਮ ਤੱਕ ਸਰਚੂ (ਹਿਮਾਚਲ ਪ੍ਰਦੇਸ਼ ਦਾ ਆਖ਼ਰੀ ਸਥਾਨ) ਪਹੁੰਚ ਜਾਵਾਂਗੇ, ਜਿਥੋਂ ਲੇਹ ਦਾ ਰਸਤਾ ਮਸਾਂ ਇਕ ਦਿਨ ਦਾ ਰਹਿ ਜਾਵੇਗਾ। ਮੜੀ ਤੋਂ ਕੋਈ ਦੋ ਕੁ ਕਿਲੋਮੀਟਰ ਅੱਗੇ ਜਿਥੇ ਇਹ ਢਿਗਾਂ ਡਿੱਗੀਆਂ ਸਨ, ਪਹੁੰਚ ਕੇ ਵੇਖਿਆ ਕਿ ਗਰੈਫ਼ ਵਾਲੇ ਸੜਕ ਸਾਫ਼ ਕਰਨ ਦੇ ਕੰਮ 'ਤੇ ਲੱਗੇ ਹੋਏ ਸਨ। ਡੋਜ਼ਰ ਦੇ ਨਾਲ ਨਾਲ ਕਾਮੇ ਵੀ ਪੱਥਰ ਚੁੱਕ ਕੇ ਹੇਠਾਂ ਸੁੱਟ ਰਹੇ ਸਨ। ਇਥੇ ਬਹੁਤਾ ਸਮਾਂ ਨਹੀਂ ਰੁਕਣਾ ਪਿਆ। ਕੋਈ ਅੱਧੇ ਪੌਣੇ ਘੰਟੇ ਵਿਚ ਹੀ ਸਾਡੇ ਲੰਘਣ ਜੋਗਾ ਰਸਤਾ ਬਣ ਗਿਆ ਅਤੇ ਗਰੈਫ ਵਾਲਿਆਂ ਨੇ ਸਭ ਤੋਂ ਪਹਿਲਾਂ ਸਾਨੂੰ ਲੰਘਾ ਦਿੱਤਾ। ਰੋਹਤਾਂਗ ਦੱਰੇ 'ਤੇ ਤਾਜ਼ੀ ਬਰਫ਼ ਪਈ ਹੋਈ ਸੀ। ਦੱਰੇ ਦੇ ਐਨ ਉਪਰ ਜ਼ੀਰੋ ਪੁਆਇੰਟ 'ਤੇ ਰੁਕ ਕੇ ਤਸਵੀਰਾਂ ਵਗੈਰਾ ਖਿੱਚਣ ਲੱਗੇ। ਮੈਂ ਪਹਿਲੀ ਵਾਰ ਰੋਹਤਾਂਗ ਦੱਰੇ 'ਤੇ ਸੁੰਨਸਾਨ ਦੇਖੀ ਸੀ। ਪਹਿਲਾਂ ਜਦ ਵੀ ਆਉਂਦੇ ਸਾਂ ਸੈਲਾਨੀਆਂ ਅਤੇ ਖਾਣ ਪੀਣ ਦਾ ਸਮਾਨ ਵੇਚਣ ਵਾਲਿਆਂ ਦੀ ਭੀੜ ਹੁੰਦੀ ਸੀ। ਕਿਧਰੇ ਖੱਚਰ, ਘੋੜਿਆਂ ਤੇ ਟੱਟੂਆਂ ਦੀ ਲਿੱਦ ਦੀ ਮੁਸ਼ਕ ਮਾਰ ਰਹੀ ਹੁੰਦੀ ਸੀ। ਅੱਜ ਰੋਹਤਾਂਗ ਦੱਰਾ ਬਿਲਕੁਲ ਅਛੋਹ ਲੱਗ ਰਿਹਾ ਸੀ ਅਤੇ ਇਸ ਦੇ ਆਲੇ ਦੁਆਲੇ ਦੀਆਂ ਪਹਾੜੀ ਢਲਾਨਾਂ 'ਤੇ ਦੁੱਧ ਚਿੱਟੀ ਬਰਫ਼ ਚਾਦਰ ਵਾਂਗ ਵਿਛੀ ਹੋਈ ਸੀ।

ਅਸੀਂ ਛੇਤੀ ਹੀ ਰੋਹਤਾਂਗ ਦੱਰੇ ਤੋਂ ਲਹੌਲ ਸਪਿਤੀ ਵਾਦੀ ਵੱਲ ਹੇਠਾਂ ਨੂੰ ਉਤਰਨ ਲੱਗੇ। ਰੋਹਤਾਂਗ ਦੱਰਾ ਸਮੁੰਦਰੀ ਤਲ ਤੋਂ 13050 ਫੁੱਟ ਦੀ ਉਚਾਈ 'ਤੇ ਹੈ। ਇਹ ਕੁੱਲੂ ਅਤੇ ਲਹੌਲ ਸਪਿਤੀ ਵਾਦੀ ਨੂੰ ਮਿਲਾਉਣ ਵਾਲਾ ਬਹੁਤ ਪੁਰਾਤਨ ਦੱਰਾ ਹੈ। ਰਿਆਸਤੀ ਨਿਜ਼ਾਮ ਦੌਰਾਨ ਕੁੱਲੂ ਦੇ ਰਾਜੇ ਇਸ ਦੱਰੇ ਰਾਹੀਂ ਤਿੱਬਤ ਨਾਲ ਵਪਾਰ ਕਰਦੇ ਸਨ ਅਤੇ ਖੱਚਰਾਂ ਆਵਾਜਾਈ ਤੇ ਢੋਅ ਢੁਆਈ ਦਾ ਮੁੱਖ ਸਾਧਨ ਹੁੰਦੇ ਸਨ।

ਰੋਹਤਾਂਗ ਤੋਂ ਹੇਠਾਂ ਉਤਰਦਿਆਂ ਗਰਾਂਫੂ ਨੇੜੇ ਵੀ ਮੀਂਹ ਕਾਰਨ ਇਕ ਥਾਂ ਤੋਂ ਸੜਕ ਟੁੱਟ ਚੁੱਕੀ ਸੀ। ਪਰ ਇਥੇ ਛੋਟੀਆਂ ਗੱਡੀਆਂ ਦੇ ਲੰਘਣ ਜੋਗਾ ਰਸਤਾ ਸੀ। ਅਸੀਂ ਕੋਕਸਰ ਜਾ ਕੇ ਰੁਕੇ। ਇਥੇ ਕੇਲਾਂਗ ਨੂੰ ਜਾਣ ਵਾਲੀਆਂ ਮੋਟਰ ਵਾਹਨਾਂ ਦੇ ਨੰਬਰ ਅਤੇ ਵੇਰਵੇ ਆਈ.ਟੀ.ਬੀ.ਪੀ. ਵਾਲੇ ਦਰਜ ਕਰਦੇ ਹਨ। ਇਥੇ ਰੁਕਦਿਆਂ ਹੀ ਸਾਨੂੰ ਇਕ ਹੋਰ ਮਾੜੀ ਖ਼ਬਰ ਮਿਲ ਗਈ ਕਿ ਅੱਗੇ ਪਾਗਲ ਨਾਲੇ ਨੇ ਸਾਰੀ ਸੜਕ ਵਹਾ ਦਿੱਤੀ ਏ ਜਿਥੇ ਟ੍ਰੈਫ਼ਿਕ ਚਾਲੂ ਹੋਣ ਵਿਚ ਕਿੰਨੀ ਵੀ ਦੇਰ ਲੱਗ ਸਕਦੀ ਹੈ। ਇਸ ਤੋਂ ਪਹਿਲਾਂ ਕਿ ਵਾਪਸ ਮੁੜਨ ਲਈ ਫਿਰ ਕੋਈ ਸੁਰ ਉਭਰਦੀ, ਦੀਪਕ ਨੇ ਮੈਨੂੰ ਅਤੇ ਡਰਾਈਵਰ ਨੂੰ ਇਸ਼ਾਰਾ ਕੀਤਾ। ਸਾਡੀ ਜੀਪ ਅੱਗੇ ਸੀ। ਅਸੀਂ ਕੇਲਾਂਗ ਵੱਲ ਜੀਪ ਤੋਰ ਲਈ ਤੇ ਸਾਡੇ ਪਿਛੇ ਦੂਜੀਆਂ ਜੀਪਾਂ ਵੀ ਲੱਗ ਗਈਆਂ। ਦੀਪਕ ਦੀ ਰਾਇ ਸੀ ਕਿ ਪਾਗਲ ਨਾਲੇ ਕੋਲ ਜਾ ਕੇ ਹੀ ਵੇਖਾਂਗੇ ਕੀ ਹਾਲਾਤ ਹਨ। ਮੇਰੀ ਰਾਇ ਵੀ ਉਸ ਦੇ ਨਾਲ ਹੀ ਸੀ। ਅਸੀਂ ਚੰਦਰ ਦਰਿਆ ਦੇ ਨਾਲ ਨਾਲ ਕੇਲਾਂਗ ਵੱਲ ਵੱਧਣ ਲੱਗੇ।

ਪਾਗਲ ਨਾਲੇ 'ਤੇ ਪਹੁੰਚ ਕੇ ਵੇਖਿਆ ਵਾਕਿਆ ਹੀ ਹਾਲਤ ਚਿੰਤਾਜਨਕ ਸੀ। ਸੜਕ ਦਾ ਕੋਈ ਨਾਂ ਨਿਸ਼ਾਨ ਨਹੀਂ ਸੀ। ਪਾਗਲ ਨਾਲਾ ਜੋ ਚੰਦਰ ਦਰਿਆ ਦਾ ਇਕ ਸਹਾਇਕ ਜਲ ਸੋਮਾ ਹੈ ਗਰੇਟਰ ਹਿਮਾਲਾ ਪਹਾੜੀਆਂ ਵਿਚੋਂ ਨਿਕਲਦਾ ਹੈ। ਪਿਛਲੇ ਦਿਨਾਂ ਵਿਚ ਜ਼ਿਆਦਾ ਮੀਂਹ ਪੈਣ ਕਾਰਨ ਇਸ ਵਿਚ ਹੜ ਆਇਆ ਹੋਇਆ ਸੀ। ਇਹ ਨਾਲਾ ਅਸਲ ਵਿਚ ਕੌਮੀ ਸ਼ਾਹ ਰਾਹ ਉਪਰੋਂ ਇਕ ਕਾਜ਼ਵੇ ਰਾਹੀਂ ਗੁਜ਼ਰਦਾ ਹੈ ਪਰ ਉਪਰ ਹੜ ਆਉਣ ਕਾਰਨ ਇਸ ਵਿਚ ਭਾਰੀ ਪੱਥਰ ਅਤੇ ਰੁੱਖ ਵਗੈਰਾ ਆ ਜਾਂਦੇ ਹਨ ਅਤੇ ਇਸ ਦਾ ਤੇਜ਼ ਵਹਾਅ ਸੜਕ ਨੂੰ ਤੋੜ ਦਿੰਦਾ ਹੈ। ਆਮ ਹਾਲਤਾਂ ਵਿਚ ਵੀ ਇਸ ਕਾਜ਼ ਵੇ ਉਪਰੋਂ ਛੋਟੇ ਵਾਹਨਾਂ ਦਾ ਲੰਘਣਾ ਔਖਾ ਹੁੰਦਾ ਕਿਉਂਕਿ ਪਾਣੀ ਕਾਫ਼ੀ ਹੁੰਦਾ ਹੈ।



ਇਥੇ ਵੀ ਗਰੈਫ਼ ਦਾ ਇਕ ਡੋਜ਼ਰ ਨਾਲੇ ਦੇ ਪਾੜ ਨੂੰ ਪੂਰ ਕੇ ਰਸਤਾ ਬਣਾਉਣ ਲੱਗਾ ਹੋਇਆ ਸੀ। ਦੂਜੇ ਮਜ਼ਦੂਰ ਵੀ ਨਾਲ ਕੰਮ ਕਰ ਰਹੇ ਸਨ। ਡੋਜ਼ਰ ਦਾ ਡਰਾਈਵਰ ਬਹੁਤ ਹਸਮੁੱਖ ਨੌਜਵਾਨ ਸੀ ਅਤੇ ਮਸਤੀ ਨਾਲ ਆਪਣੇ ਕੰਮ ਵਿਚ ਲੱਗਾ ਹੋਇਆ ਸੀ। ਅਸੀਂ ਉਹਨਾਂ ਨੂੰ ਰਸਤਾ ਬਣਾਉਣ ਵਿਚ ਆਪਣੀਆਂ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਉਹਨਾਂ ਸਾਨੂੰ ਭਾਰੇ ਪੱਥਰ ਚੁੱਕ ਕੇ ਨਾਲੇ ਦੇ ਵਹਿਣ ਵਿਚ ਸੁੱਟਣ ਲਈ ਕਿਹਾ ਤਾਂ ਜੋ ਮਿੱਟੀ ਦਾ ਖੋਰਾ ਰੁਕ ਸਕੇ। ਅਸੀਂ ਵੀ ਲੇਬਰ ਵਾਲਿਆਂ ਨਾਲ ਪੱਥਰ ਢੋਣ ਦੇ ਕੰਮ ਵਿਚ ਲੱਗ ਗਏ। ਸਾਨੂੰ ਉਮੀਦ ਸੀ ਕਿ ਰਸਤਾ ਛੇਤੀ ਬਣ ਜਾਏਗਾ ਅਤੇ ਅਸੀਂ ਸ਼ਾਮ ਤੱਕ ਸਰਚੂ ਪਹੁੰਚ ਜਾਵਾਂਗੇ। ਸਾਰਿਆਂ ਦੇ ਇਕੱਠੇ ਹੋ ਕੇ ਹੰਭਲਾ ਮਾਰਨ ਨਾਲ ਢਾਈ ਤਿੰਨ ਘੰਟਿਆਂ ਵਿਚ ਰਸਤਾ ਤਿਆਰ ਹੋ ਗਿਆ। ਡੋਜ਼ਰ ਨੇ ਭਾਰੇ ਪੱਥਰ ਅੱਗੇ ਲਗਾ ਕੇ ਦਰਿਆ ਵਾਲੇ ਪਾਸੇ ਪਾਣੀ ਵਲੋਂ ਲਾਇਆ ਜਾ ਰਿਹਾ ਖੋਰਾ ਰੋਕ ਦਿੱਤਾ ਸੀ ਅਤੇ ਭਾਰੇ ਪੱਥਰਾਂ ਦੀ ਅੱਤੜ ਵਿਚ ਛੋਟੇ ਪੱਥਰ ਅਤੇ ਮਿੱਟੀ ਗਾਰਾ ਰੁਕ ਗਿਆ ਸੀ। ਇਕ ਤਰਾਂ ਦਾ ਆਰਜ਼ੀ ਜਿਹਾ ਕਾਜ਼ ਵੇ ਬਣ ਗਿਆ ਸੀ। ਪਹਿਲਾਂ ਗਰੈਫ਼ ਵਾਲਿਆਂ ਨੇ ਆਪਣਾ ਛੋਟਾ ਟਰੱਕ ਅਤੇ ਜੀਪ ਲੰਘਾਈ। ਫਿਰ ਏਅਰ ਫੋਰਸ ਵਾਲਿਆਂ ਦੀ ਇਕ ਛੋਟੀ ਬਸ ਲੰਘਾਈ ਗਈ ਜੋ ਫ਼ੌਜੀਆਂ ਦੇ ਪਰਿਵਾਰਾਂ ਨੂੰ ਲੈ ਕੇ ਲੇਹ ਜਾ ਰਹੀ ਸੀ। ਫਿਰ ਸਾਡੀ ਵਾਰੀ ਆਈ। ਸਾਡੀਆਂ ਦੋ ਜੀਪਾਂ ਤਾਂ ਲੰਘ ਗਈਆਂ ਪਰ ਤੀਜੀ ਲਾਲ ਜੀਪ ਫਸ ਗਈ। ਭਾਰ ਹਲਕਾ ਕਰਨ ਲਈ ਪਾਣੀ ਦੇ ਵਿਚਕਾਰ ਹੀ ਸਾਡੇ ਸਾਥੀਆਂ ਨੂੰ ਉਤਰਨਾ ਪਿਆ, ਜਿਹਨਾਂ ਦੀਆਂ ਪੈਂਟਾਂ, ਬੂਟ ਅਤੇ ਜੁਰਾਬਾਂ ਵਗੈਰਾ ਭਿੱਜ ਗਏ।

ਪਾਗਲ ਨਾਲਾ ਪਾਰ ਕਰਕੇ ਸੁੱਖ ਦਾ ਸਾਹ ਲਿਆ ਅਤੇ ਕੇਲਾਂਗ ਨੂੰ ਚੱਲ ਪਏ। ਇਥੇ ਸਾਡੀ ਇਕ ਜੀਪ ਦੀ ਚਾਬੀ ਟੁੱਟਣ ਕਾਰਨ ਉਸ ਦਾ ਤਾਕੀ ਵਾਲਾ ਲੌਕ ਅਤੇ ਸਟਾਰਟਰ ਵਗੈਰਾ ਸਭ ਕੁਝ ਖੋਲਣਾ ਪਿਆ। ਇਹ ਇਕ ਨਵੀਂ ਸਮੱਸਿਆ ਆਣ ਖੜੀ ਹੋਈ ਕਿਉਂਕਿ ਇਹਨਾਂ ਨਵੇਂ ਮਾਡਲਾਂ ਦੀਆਂ ਗੱਡੀਆਂ ਦਾ ਸਾਰਾ ਸਿਸਟਮ, ਇੰਜਨ, ਲੌਕ, ਬੱਤੀਆਂ ਵਗੈਰਾ ਚਾਬੀ ਨਾਲ ਹੀ ਕੰਮ ਕਰਦੇ ਹਨ। ਚੰਦਰ ਦਰਿਆ ਦੇ ਨਾਲ ਬਣੀ ਸੜਕ 'ਤੇ ਅਸੀਂ ਕੇਲਾਂਗ ਵੱਲ ਵੱਧ ਰਹੇ ਸਾਂ। ਅੱਗੇ ਛੋਟਾ ਜਿਹਾ ਪਿੰਡ ਸਿੱਸੂ ਆਇਆ। ਲਹੌਲ ਵਾਦੀ ਵਿਚ ਦਰਿਆ ਦੇ ਦੋਵੇਂ ਪਾਸੇ ਹਰਿਆਲੀ ਸੀ। ਇਥੇ ਮਟਰ ਅਤੇ ਆਲੂਆਂ ਦੀ ਕਾਸ਼ਤ ਹੁੰਦੀ ਹੈ। ਲਹੌਲ ਵਾਦੀ ਦੇ ਆਲੂ ਪੂਰੇ ਦੇਸ਼ ਵਿਚ ਜਾਣੇ ਜਾਂਦੇ ਹਨ। ਡਰਾਈਵਰਾਂ ਨੇ ਚਾਹ ਪੀਣ ਦਾ ਇੱਛਾ ਜ਼ਾਹਿਰ ਕੀਤੀ ਅਸੀਂ ਅਗਲੇ ਪਿੰਡ ਗੋਂਦਲਾ ਰੁਕ ਗਏ ਜਿਥੇ ਸੜਕ ਦੇ ਉਪਰ ਹੀ ਦੋ ਤਿੰਨ ਢਾਬੇ ਅਤੇ ਚਾਹ ਦੀਆਂ ਦੁਕਾਨਾਂ ਸਨ। ਇਥੇ ਐਸ.ਟੀ.ਡੀ. ਦੀ ਸੁਵਿਧਾ ਵੀ ਸੀ। ਸਵੇਰ ਦਾ ਨਾਸ਼ਤਾ ਤਾਂ ਪਾਗਲ ਨਾਲੇ 'ਤੇ ਪੱਥਰ ਢੋਣ ਸਮੇਂ ਹੀ ਹਜ਼ਮ ਹੋ ਗਿਆ ਸੀ। ਇਸ ਲਈ ਇਥੇ ਹੀ ਦੁਪਹਿਰ ਦੇ ਖਾਣੇ ਦਾ ਪ੍ਰੋਗਰਾਮ ਬਣ ਗਿਆ। ਦੋ ਤਿੰਨ ਦੁਕਾਨਾਂ 'ਤੇ ਵੰਡ ਕੇ ਰੋਟੀ ਖਾਧੀ। ਡਰਾਈਵਰਾਂ ਨੇ ਚਾਹ ਪੀਤੀ। ਸ਼ਾਇਦ ਉਹਨਾਂ ਚੋਰੀ ਛਿਪੇ ਭੁੱਕੀ ਦੇ ਕਾਰਡ ਵੀ ਮਾਰ ਲਏ ਹੋਣ। ਕਿਸੇ ਵੀ ਮੋਬਾਇਲ ਫੋਨ 'ਤੇ ਸਿਗਲਨ ਨਹੀਂ ਸੀ ਆ ਰਿਹਾ। ਪਿਛਲੇ ਦਿਨਾਂ ਵਿਚ ਪਏ ਮੀਂਹ ਅਤੇ ਢਿਗਾਂ ਡਿੱਗਣ ਕਾਰਨ ਐਸ.ਟੀ.ਡੀ. ਫੋਨ ਸੁਵਿਧਾ ਵੀ ਠੱਪ ਪਈ ਸੀ।

ਗੋਂਦਲਾ ਤੋਂ ਚੱਲ ਕੇ ਅਸੀਂ ਤਾਂਦੀ ਪਹੁੰਚੇ। ਜਿਥੇ ਸੜਕ ਉਪਰ ਸਥਿਤ ਪੈਟਰੋਲ ਪੰਪ ਤੋਂ ਗੱਡੀਆਂ ਵਿਚ ਈਂਧਣ ਭਰਾਇਆ ਗਿਆ। ਇਥੇ ਪੈਟਰੋਲ ਪੰਪ ਵਾਲਿਆਂ ਨੇ ਲਿਖ ਕੇ ਲਾਇਆ ਹੋਇਆ ਸੀ ਕਿ ਇਸ ਤੋਂ ਬਾਅਦ ਲੇਹ ਤੱਕ ਕੋਈ ਪੈਟਰੋਲ ਪੰਪ ਨਹੀਂ ਹੈ। ਅਸੀਂ ਆਪਣੇ ਨਾਲ ਰੱਖੀਆਂ ਵਾਧੂ ਢੋਲੀਆਂ (ਜੈਰੀਕੇਨ) ਵਿਚ ਵੀ ਡੀਜ਼ਲ ਭਰਵਾ ਲਿਆ। ਪੈਟਰੋਲ ਪੰਪ ਤੋਂ ਥੋੜਾ ਅੱਗੇ ਜਾ ਕੇ ਚੰਦਰ ਅਤੇ ਭਾਗਾ ਦਰਿਆਵਾਂ ਦਾ ਸੰਗਮ ਸੀ। ਚੰਦਰ ਦਰਿਆ ਸਾਡੇ ਨਾਲ ਨਾਲ ਹੀ ਜਾ ਰਿਹਾ ਸੀ, ਜੋ ਸਪਿਤੀ ਵਾਦੀ ਦੇ ਪ੍ਰਵੇਸ਼ ਦੁਆਰ ਕੁੰਜਮ ਦੱਰੇ ਨੇੜਿਓਂ ਚੰਦਰ ਤਾਲ ਦੇ ਉਪਰੋਂ ਨਿਕਲਦਾ ਹੈ ਅਤੇ ਭਾਗਾ ਦਰਿਆ ਦਾ ਨਿਕਾਸ ਬੜਾ ਲਾਚਾ ਦੱਰੇ ਦੇ ਲਾਗਲੇ ਗਲੇਸ਼ੀਅਰ ਤੋਂ ਹੁੰਦਾ ਹੈ ਜੋ ਕੇਲਾਂਗ ਰਾਹੀਂ ਹੁੰਦਾ ਹੋਇਆ ਤਾਂਦੀ ਪਹੁੰਚਦਾ ਹੈ। ਤਾਂਦੀ ਦੇ ਸਥਾਨ 'ਤੇ ਇਹਨਾਂ ਦਰਿਆਵਾਂ ਦੇ ਸੰਗਮ ਤੋਂ ਹੀ ਝਨਾਂ (ਚਿਨਾਬ) ਦਰਿਆ ਦਾ ਜਨਮ ਹੁੰਦਾ ਹੈ, ਜੋ ਇਥੋਂ ਉਦੈਪੁਰ ਤੇ ਫਿਰ ਚੰਬਾ ਜ਼ਿਲੇ ਵਿਚੋਂ ਹੁੰਦਾ ਹੋਇਆ ਅੱਗੇ ਜੰਮੂ ਕਸ਼ਮੀਰ ਵਿਚ ਪ੍ਰਵੇਸ਼ ਕਰ ਜਾਂਦਾ ਹੈ ਫਿਰ ਅੱਗੇ ਕੌਮਾਂਤਰੀ ਸਰਹੱਦ ਟੱਪ ਕੇ ਪਾਕਿਸਤਾਨੀ ਪੰਜਾਬ ਵਿਚ ਦਾਖਲ ਹੁੰਦਾ ਹੈ।

ਚਿਨਾਬ ਦੋ ਸ਼ਬਦਾਂ ਚੀਨ ਤੇ ਆਬ ਨੂੰ ਜੋੜ ਕੇ ਬਣਾਇਆ ਗਿਆ ਹੈ। ਇਸ ਦਾ ਨਾਮਕਰਨ ਉਰਦੂ ਫਾਰਸੀ ਦੇ ਅਸਰ ਹੇਠਲੇ ਲਹਿੰਦੇ ਪੰਜਾਬ ਵਿਚ ਹੋਇਆ ਹੈ। ਉਸ ਵੇਲੇ ਦੇ ਲੋਕਾਂ ਦਾ ਖਿਆਲ ਸੀ ਕਿ ਇਹ ਦਰਿਆ ਚੀਨ ਵਿਚੋਂ ਆਉਂਦਾ ਹੈ ਇਸ ਲਈ ਦਰਿਆ ਦਾ ਨਾਂ ਚੀਨਆਬ (ਚਿਨਾਬ) ਰੱਖ ਲਿਆ। ਪੰਜਾਬੀ ਬੋਲਚਾਲ ਦੀ ਭਾਸ਼ਾ ਵਿਚ ਇਸ ਨੂੰ ਝਨਾਂ ਕਿਹਾ ਜਾਣ ਲੱਗਿਆ। ਝਨਾਂ ਨਾਲ ਪੰਜਾਬ ਦੀਆਂ ਕਿੰਨੀਆਂ ਹੀ ਪ੍ਰੇਮ ਗਾਥਾਵਾਂ ਜੁੜੀਆਂ ਹੋਈਆਂ ਹਨ। ਸ਼ਾਇਦ ਤਾਂਦੀ ਵਿਖੇ ਚੰਦਰ ਅਤੇ ਭਾਗਾ ਦੇ ਮਿਲਣ ਨੇ ਹੀ ਝਨਾਂ ਵਿਚ ਇਸ਼ਕ ਦਾ ਰੰਗ ਘੋਲ ਦਿੱਤਾ ਹੈ। ਇਹਨਾਂ ਦਰਿਆਵਾਂ ਦੇ ਸੰਗਮ ਕੋਲੋਂ ਹੀ ਸਿੱਧੀ ਸੜਕ ਪੁਲ ਪਾਰ ਕਰ ਕੇ ਉਦੈਪੁਰ ਵੱਲ ਚਲੀ ਜਾਂਦੀ ਹੈ। ਅਸੀਂ ਸੱਜੇ ਪਾਸੇ ਕੇਲਾਂਗ ਵੱਲ ਮੁੜ ਗਏ।

ਪਾਗਲ ਨਾਲੇ 'ਤੇ ਸਮਾਂ ਜ਼ਿਆਦਾ ਲੱਗਣ ਕਾਰਨ ਅਸੀਂ ਕਾਫ਼ੀ ਲੇਟ ਹੋ ਚੁੱਕੇ ਸਾਂ। ਇਸ ਲਈ ਹੁਣ ਸਰਚੂ ਪਹੁੰਚਣਾ ਮੁਸ਼ਕਲ ਲੱਗਦਾ ਸੀ ਕਿਉਂਕਿ ਇਸ ਤੋਂ ਪਹਿਲਾਂ ਬੜਾ ਲਾਚਾ ਦੱਰਾ ਪੈਂਦਾ ਸੀ ਜੋ ਪਾਰ ਕਰਨਾ ਐਡਾ ਸੌਖਾ ਨਹੀਂ ਸੀ। ਤਾਂਦੀ ਤੋਂ ਚੱਲਣ ਸਮੇਂ ਅਸੀਂ ਜਿਸਪਾ ਤੱਕ ਪਹੁੰਚਣ ਦਾ ਟੀਚਾ ਮਿਥਿਆ। ਪਰ ਕੇਲਾਂਗ ਪਹੁੰਚਦਿਆਂ ਹੀ ਸਾਡੀ ਸਕੀਮ ਧਰੀ ਧਰਾਈ ਰਹਿ ਗਈ। ਸ਼ਹਿਰ ਤੋਂ ਥੋੜਾਂ ਅੱਗੇ ਪਹਾੜੀ ਖਿਸਕਣ ਕਾਰਨ ਸੜਕ ਦੋ ਦਿਨ ਤੋਂ ਬੰਦ ਪਈ ਸੀ। ਲੇਹ ਤੱਕ ਰਸਤਾ ਖੁੱਲਾ ਹੋਣ ਬਾਰੇ ਸਾਨੂੰ ਥੋੜਾ ਸ਼ੱਕ ਇਸ ਗੱਲ ਤੋਂ ਪਹਿਲਾਂ ਹੀ ਹੋ ਗਿਆ ਸੀ ਕਿ ਸਾਹਮਣੇ ਵਾਲੇ ਪਾਸਿਓਂ ਕੋਈ ਸੈਲਾਨੀ ਜਾਂ ਤੇਲ ਵਾਲਾ ਟੈਂਕਰ ਆਉਂਦਾ ਨਹੀਂ ਮਿਲਿਆ ਜੋ ਅਕਸਰ ਇਸੇ ਰਸਤੇ ਤੋਂ ਆਉਂਦੇ ਹਨ। ਇਥੇ ਆ ਕੇ ਇਹ ਸ਼ੱਕ ਯਕੀਨ ਵਿਚ ਬਦਲ ਗਿਆ। ਲੇਹ ਤੋਂ ਵਾਪਸ ਆ ਰਹੇ ਰਾਜਸਥਾਨ ਦੇ ਤਿੰਨ ਚਾਰ ਨੌਜਵਾਨ ਮਿਲੇ, ਜਿਹਨਾਂ ਦੀ ਕਾਰ ਸੜਕ 'ਤੇ ਡਿੱਗੇ ਭਾਰੇ ਪੱਥਰਾਂ ਦੇ ਪਰਲੇ ਪਾਸੇ ਰੁਕੀ ਹੋਈ ਸੀ। ਉਹਨਾਂ ਦੱਸਿਆ ਕਿ ਬੜਾ ਲਾਚਾ ਦੱਰੇ 'ਤੇ ਬਹੁਤ ਜ਼ਿਆਦਾ ਬਰਫ਼ਬਾਰੀ ਹੋਈ ਹੈ ਜਿਥੇ ਢਾਈ ਤਿੰਨ ਸੌ ਗੱਡੀਆਂ ਫਸੀਆਂ ਹੋਈਆਂ ਹਨ। ਉਹਨਾਂ ਕਿਹਾ ਕਿ ਕੁਝ ਵਿਦੇਸ਼ੀ ਸੈਲਾਨੀ ਲਾਪਤਾ ਹੋ ਗਏ ਹਨ ਜਿਹਨਾਂ ਨੂੰ ਲੱਭਣ ਲਈ ਫ਼ੌਜ ਦੇ ਚੋਪਰ (ਹੈਲੀਕਾਪਟਰ) ਮੰਗਵਾਏ ਗਏ ਹਨ। ਉਹਨਾਂ ਦੀਆਂ ਗੱਲਾਂ ਸੁਣ ਕੇ ਸਾਡੇ ਕੁਝ ਸਾਥੀ ਤਾਂ ਬਿਲਕੁਲ ਹੀ ਢੇਰੀ ਢਾਅ ਗਏ। ਸੁਖਬੀਰ ਦੇ ਚਿਹਰੇ 'ਤੇ ਵੀ ਚਿੰਤਾ ਨਜ਼ਰ ਆ ਰਹੀ ਸੀ ਪਰ ਉਸ ਨੇ ਹੌਂਸਲਾ ਨਹੀਂ ਸੀ ਛੱਡਿਆ।

ਇਹਨਾਂ ਸਾਰੀਆਂ ਅਫਵਾਹਾਂ ਅਤੇ ਗਰਮ ਗਰਮ ਖ਼ਬਰਾਂ ਦੇ ਚਲਦਿਆਂ ਅਸੀਂ ਕੇਲਾਂਗ ਦੇ ਲੋਕ ਨਿਰਮਾਣ ਵਿਭਾਗ ਦੇ ਆਰਾਮ ਘਰ ਵਿਚ ਕਮਰਾ ਬੁੱਕ ਕਰਵਾ ਲਿਆ। ਸੈਲਾਨੀਆਂ ਦੇ ਫਸੇ ਹੋਣ ਕਾਰਨ ਛੋਟੇ ਕਮਰੇ ਪਹਿਲਾਂ ਹੀ ਬੁੱਕ ਸਨ। ਸਾਨੂੰ ਵੱਡਾ ਮੀਟਿੰਗ ਹਾਲ, ਡਾਈਨਿੰਗ ਹਾਲ ਅਤੇ ਰਸੋਈ ਮਿਲ ਗਈ।

ਸਾਡੇ ਨਿਰਾਸ਼ ਸਾਥੀਆਂ ਨੇ ਫਿਰ ਵਾਪਸ ਮੁੜਨ ਲਈ ਪੂਛ ਚੁੱਕ ਲਈ। ਮੈਨੂੰ ਥੋੜਾ ਗੁੱਸਾ ਆਇਆ। ਮੈਂ ਕਿਹਾ ਕਿ ਅਸੀਂ ਸਹੀ ਸਥਿਤੀ ਦਾ ਪਤਾ ਲਾਉਣ ਮਗਰੋਂ ਹੀ ਅਗਲਾ ਪ੍ਰੋਗਰਾਮ ਬਣਾਵਾਂਗੇ। ਮੇਰੇ ਸਾਥੀ ਦੀਪਕ ਅਤੇ ਰੋਹਿਤ ਨੇ ਮੇਰੇ ਬਾਰੇ ਇਕ ਮੁਹਾਵਰਾ ਘੜ ਰੱਖਿਆ ਸੀ ਕਿ "ਜਹਾਂ ਫਸੇ ਵਹੀਂ ਮਜ਼ੇ"। ਚਲਦਿਆਂ ਚਲਦਿਆਂ ਅੜਿੱਕਾ ਪੈਣ ਜਾਂ ਫਸ ਜਾਣ 'ਤੇ ਮੈਨੂੰ ਆਨੰਦ ਤਾਂ ਭਾਵੇਂ ਨਹੀਂ ਸੀ ਆਉਂਦਾ ਪਰ ਮੈਨੂੰ ਬੇਲੋੜੀ ਘਬਰਾਹਟ ਵੀ ਨਹੀਂ ਸੀ ਹੁੰਦੀ। ਇਹ ਗੁਰ ਮੈਂ ਐਨ.ਸੀ.ਸੀ. ਅਤੇ ਪਰਬਤਾਰੋਹਣ ਦੇ ਅਨੁਭਵ ਤੋਂ ਸਿੱਖਿਆ ਸੀ।

ਮਨਮੋਹਨ ਹੁਰਾਂ ਨੇ ਕੇਲਾਂਗ ਦੇ ਡਿਪਟੀ ਕਮਿਸ਼ਨਰ ਅਤੇ ਐਸ.ਪੀ. ਨਾਲ ਸੰਪਰਕ ਕੀਤਾ। ਘੰਟੇ ਕੁ ਤੱਕ ਐਸ.ਪੀ. ਅਤੇ ਐਸ.ਡੀ.ਐਮ ਖ਼ੁਦ ਹੀ ਰੈਸਟ ਹਾਊਸ ਪਹੁੰਚ ਗਏ। ਉਹਨਾਂ ਨੇ ਬੜੀ ਖੁਸ਼ ਦਿਲੀ ਨਾਲ ਸਾਡੀ ਆਓ ਭਗਤ ਕੀਤੀ ਅਤੇ ਵਿਸ਼ਵਾਸ ਦਿਵਾਇਆ ਕਿ ਕੱਲ ਸਵੇਰੇ ਅੱਠ ਵਜੇ ਤੱਕ ਰਸਤਾ ਸਾਫ਼ ਹੋ ਜਾਵੇਗਾ।

ਤਲਵਾੜ ਸਾਹਿਬ, ਉਮੇਸ਼ ਘਰੇੜਾ ਅਤੇ ਤੇਜਿੰਦਰ ਸਹਿਗਲ ਹੁਰਾਂ ਨੇ ਰਸੋਈ ਦਾ ਸਾਮਾਨ ਫਿਟ ਕਰ ਲਿਆ ਅਤੇ ਰਾਤ ਦੇ ਖਾਣੇ ਦੇ ਆਹਰ ਵਿਚ ਲੱਗ ਗਏ। ਮੈਂ ਵੀ ਉਹਨਾਂ ਨਾਲ ਹੱਥ ਵਟਾਉਣ ਲੱਗਾ। ਮਨਮੋਹਨ, ਜੋ ਪਹਿਲਾਂ ਇਥੇ ਜ਼ੀ.ਟੀ.ਵੀ. ਦਾ ਰਿਪੋਰਟਰ ਰਿਹਾ ਸੀ, ਦੀ ਸ਼ਹਿਰ ਵਿਚ ਕਾਫ਼ੀ ਜਾਣ ਪਛਾਣ ਸੀ। ਉਸ ਨੂੰ ਚੰਡੀਗੜ ਸੰਪਰਕ ਕਰ ਕੇ ਸੁਨੇਹਾ ਦੇਣ ਲਈ ਕਿਹਾ ਗਿਆ। ਉਹਨਾਂ ਪੁਲਿਸ ਦੇ ਵਾਇਰਲੈਸ ਸਿਸਟਮ ਰਾਹੀਂ ਵਾਇਆ ਸ਼ਿਮਲਾ, ਚੰਡੀਗੜ ਪ੍ਰੈਸ ਕਲੱਬ ਵਿਚ ਇਹ ਸੁਨੇਹਾ ਦੇ ਦਿੱਤਾ ਕਿ ਸਾਰੇ ਮੈਂਬਰਾਂ ਦੇ ਘਰੀਂ ਫੋਨ ਕਰ ਕੇ ਦੱਸ ਦਿੱਤਾ ਜਾਵੇ।

ਰਾਤ ਦੇ ਖਾਣੇ ਮਗਰੋਂ ਕੱਲ ਦੇ ਪ੍ਰੋਗਰਾਮ ਲਈ ਸਭਾ ਜੁੜੀ। ਹੁਣ ਸਾਰੇ ਅੱਗੇ ਜਾਣ ਲਈ ਤਿਆਰ ਸਨ ਪਰ ਕਈਆਂ ਨੇ ਦਬਵੀਂ ਸੁਰ ਨਾਲ ਕਿਹਾ ਕਿ ਪੈਂਗੌਂਗ ਸੋ (ਝੀਲ) ਦਾ ਪ੍ਰੋਗਰਾਮ ਰੱਦ ਕਰ ਦਿੱਤਾ ਜਾਵੇ ਪਰ ਲੇਹ ਤੱਕ ਜ਼ਰੂਰ ਪਹੁੰਚਿਆ ਜਾਵੇ। ਉਮੇਸ਼, ਛੋਟੇ ਪੰਕਜ ਅਤੇ ਨਰਿੰਦਰ ਨੇ ਪੈਂਗੌਂਗ ਦਾ ਪ੍ਰੋਗਰਾਮ ਰੱਦ ਕਰਨ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ ਅਤੇ ਇਹ ਦਲੀਲ ਦਿਤੀ ਕਿ ਲੇਹ ਸ਼ਹਿਰ ਵਿਚ ਕੀ ਵੇਖਣਾ ਹੈ। ਮੈਂ ਤੇ ਦੀਪਕ ਵੀ ਪੈਂਗੌਂਗ ਜਾਣ ਦੇ ਹੱਕ ਵਿਚ ਸਾਂ, ਸਾਡੇ ਬੋਲਣ ਮਗਰੋਂ, ਚੇਅਰਮੈਨ, ਸੁਖਬੀਰ ਨੇ ਵੀ ਪੈਂਗੌਂਗ ਜਾਣ 'ਤੇ ਮੋਹਰ ਲਾ ਦਿੱਤੀ ਅਤੇ ਇਸ ਕਾਮਨਾ ਨਾਲ ਕਿ ਕੱਲ ਰਸਤਾ ਛੇਤੀ ਖੁਲਜਾਵੇ , ਆਪੋ ਆਪਣੇ ਸਲੀਪਿੰਗ ਬੈਗਾਂ ਵਿਚ ਜਾ ਵੜੇ।

ਮੈਂ ਸੁਖਬੀਰ ਅਤੇ ਦੀਪਕ ਰੈਸਟ ਹਾਊਸ ਵਿਚੋਂ ਬਾਹਰ ਸੜਕ 'ਤੇ ਨਿਕਲ ਆਏ। ਰਾਤ ਦੇ 11 ਵੱਜ ਚੁੱਕੇ ਸਨ। ਅਸਮਾਨ 'ਤੇ ਤਾਰੇ ਟਿਮਟਿਮਾ ਰਹੇ ਸਨ। ਮੈਨੂੰ ਆਪਣਾ ਬਚਪਨ ਯਾਦ ਆ ਗਿਆ ਜਦ ਕੋਠੇ 'ਤੇ ਪਏ ਤਾਰੇ ਗਿਣਦੇ ਹੁੰਦੇ ਸਾਂ। ਕਿੰਨੇ ਹੀ ਸਾਲਾਂ ਮਗਰੋਂ ਤਾਰਿਆਂ ਨਾਲ ਭਰਿਆ ਅਸਮਾਨ ਵੇਖ ਕੇ ਮਨ ਨੂੰ ਵੱਖਰੀ ਤਰਾਂ ਦਾ ਸਕੂਨ ਮਿਲ ਰਿਹਾ ਸੀ। "ਅਸੀਂ ਜ਼ਰੂਰ ਮੰਜ਼ਿਲ 'ਤੇ ਪਹੁੰਚਾਂਗੇ।" ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲ ਗਿਆ। ਸੁਖਬੀਰ ਨੇ ਹੱਸ ਕੇ ਮੈਨੂੰ ਜੱਫੀ ਪਾ ਲਈ। ਕੱਲ ਲਈ ਇਕ ਪਾਜ਼ੇਟਿਵ ਸੋਚ ਲੈ ਕੇ ਅਸੀਂ ਵੀ ਰੈਸਟ ਹਾਊਸ ਦੇ ਉਪਰਲੇ ਕਮਰੇ ਵਿਚ ਆ ਕੇ ਸੌਂ ਗਏ।

ਅੰਮ੍ਰਿਤਸਰ ਟਾਈਮਜ਼ AMRITSAR TIMES

20 ਮਈ 2020 ਤੋਂ 26 ਮਈ 2020

# ਜ਼ਫ਼ਰਨਾਮਹ

'ਜ਼ਫ਼ਰਨਾਮਹ' ਪੰਜਾਬੀ ਰਹਿਤਲ ਖ਼ਾਸ ਕਰ ਸਿੱਖ ਸੱਭਿਆਚਾਰ ਦਾ ਅਨਿਖੜਵਾਂ ਅੰਗ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਾ ਸਰਬੰਸ ਕੁਰਬਾਨ ਕਰਕੇ ਮਾਲਵੇ ਦੀ ਧਰਤੀ ਦੀਨਾ ਕਾਂਗੜ ਵਿਖੇ ਆਪਣੇ ਪੜਾਅ ਦੌਰਾਨ ਇਹ ਚਿੱਠੀ ਮੁਗ਼ਲ ਸਲਤਨਤ ਦੇ ਬਾਦਸ਼ਾਹ ਔਰੰਗਜੇਬ ਦੇ ਨਾਂ ਲਿਖੀ ਸੀ ਜਿਸ ਨੂੰ ਜ਼ਫ਼ਰਨਾਮਹ (ਜਿੱਤ ਦੀ ਚਿੱਠੀ) ਦਾ ਨਾਂ ਦਿੱਤਾ ਗਿਆ। ਫ਼ਾਰਸੀ ਜ਼ੁਬਾਨ ਵਿਚ ਲਿਖੀ ਇਹ ਰਚਨਾ ਸਿੱਖਾਂ ਲਈ ਇਕ ਅਕੀਦੇ ਦੀ ਬਾਣੀ ਹੋਣ ਦੇ ਨਾਲ ਨਾਲ ਸੰਸਾਰ ਭਰ ਵਿਚ ਫ਼ਾਰਸੀ ਦੀਆਂ ਸ਼ਾਹਕਾਰ ਰਚਨਾਵਾਂ ਵਿਚ ਸ਼ੁਮਾਰ ਹੁੰਦੀ ਹੈ। ਮੂਲ ਰੂਪ ਵਿਚ ਫ਼ਾਰਸੀ ਅੱਖਰਾਂ ਵਿਚ ਰਚਿਤ ਇਸ ਬਾਣੀ ਦੀ ਵਿਆਖਿਆ ਜਾਂ ਪਾਠ ਭਾਵੇਂ ਬਹੁਤ ਸੀਮਤ ਹੁੰਦਾ ਹੈ ਪਰ ਹਰ ਨਾਨਕ ਨਾਮਲੇਵਾ ਇਸ ਰਚਨਾ ਜਾਂ ਬਾਣੀ ਦੇ ਨਾਮ ਤੋਂ ਜ਼ਰੂਰ ਜਾਣੂ ਹੈ। ਭਾਰਤ, ਪਾਕਿਸਤਾਨ ਅਤੇ ਹੋਰਨਾਂ ਮੁਲਕਾਂ ਵਿਚ ਵਸਦੇ ਫ਼ਾਰਸੀ ਜ਼ੁਬਾਨ ਦੇ ਗਿਆਤਾ ਅਤੇ ਵਿਦਵਾਨ 'ਜਫ਼ਰਨਾਮਹ' ਬਾਰੇ ਬਹੁਤਾ ਕੁਝ ਜਾਣਦੇ ਹਨ ਜੋ ਇਸ ਦੀ ਵਿਆਖਿਆ ਦੇ ਵੀ ਸਮਰੱਥ ਹਨ।

'ਜਫ਼ਰਨਾਮਹ' ਹੁਣ ਤੱਕ ਪੰਜਾਬ ਦੀ ਸਰਜ਼ਮੀਂ ਤੇ ਚੱਲੀਆਂ ਸਿਆਸੀ ਅਤੇ ਸਮਾਜਿਕ-ਧਾਰਮਿਕ ਲਹਿਰਾਂ ਵਿਚ ਆਗੂਆਂ ਦੇ ਭਾਸ਼ਣਾਂ ਵਿਚ ਅਕਸਰ ਹਵਾਲੇ ਵਜੋਂ ਆਉਂਦਾ ਰਿਹਾ ਹੈ। ਇਸ ਬਾਣੀ ਦੀ ਇਹ ਹਿਕਾਇਤ :

ਚੂੰ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ ॥

ਸਾਡੇ ਆਗੂਆਂ ਦੀਆਂ ਤਕਰੀਰਾਂ ਦਾ ਹਿੱਸਾ ਬਣਦੀ ਆਈ ਹੈ। ਅੱਸੀਵਿਆਂ ਦੇ ਦਹਾਕੇ ਵਿਚ ਜਦ ਪੰਜਾਬ ਵਿਚ ਸਰਕਾਰੀ ਜਬਰ ਅਤੇ ਖਾੜਕੂਵਾਦ ਦਾ ਦੌਰ ਸੀ, ਉਸ ਸਮੇਂ ਰਾਸ਼ਟਰਪਤੀ ਰਾਜ ਦੌਰਾਨ ਪੰਜਾਬ ਵਿਚ ਗਵਰਨਰ ਲਗਾਏ ਗਏ ਬੰਗਾਲੀ ਸਿਆਸਤਦਾਨ ਸਿਧਾਰਥ ਸ਼ੰਕਰ ਰੇਅ ਆਪਣੇ ਅੰਗਰੇਜ਼ੀ ਭਾਸ਼ਣਾਂ ਵਿਚ 'ਜਫ਼ਰਨਾਮਹ' ਬਾਣੀ ਦਾ ਜ਼ਿਕਰ ਜ਼ਰੂਰ ਕਰਦੇ ਸਨ। ਭਾਵੇਂ ਉਨਾਂ ਦਾ ਮਕਸਦ ਨਿਰੋਲ ਸਿਆਸੀ ਅਤੇ ਇਸ ਨੂੰ ਖਾੜਕੂ ਲਹਿਰ ਦੇ ਖਿਲਾਫ਼ ਵਰਤਣਾ ਹੁੰਦਾ ਸੀ, ਪਰ ਉਹ ਇਸ ਬਾਣੀ ਦੀ ਸ਼ਕਤੀ ਅਤੇ ਸਿੱਖ ਮਾਨਸਿਕਤਾ ਵਿਚ ਇਸ ਦੀ ਛਾਪ ਤੋਂ ਭਲੀਭਾਂਤ ਜਾਣੂ ਸਨ।

ਹੁਣ ਇਸ ਨੂੰ ਇਕ ਕ੍ਰਿਸ਼ਮਾ ਜਾਂ ਗੁਰੂ ਸਾਹਿਬ ਦੀ ਕ੍ਰਿਪਾ ਮੰਨ ਲਿਆ ਜਾਵੇ ਕਿ 'ਜ਼ਫ਼ਰਨਾਮਹ' ਇੱਕਵੀਂ ਸਦੀ ਵਿਚ ਫਿਰ ਚਰਚਾ ਵਿਚ ਹੈ। ਅੱਜ ਤੋਂ ਚਾਰ ਸਦੀਆਂ ਪਹਿਲਾਂ ਰਚੀ ਗਈ ਇਸ ਬਾਣੀ ਨੂੰ ਪੰਜਾਬੀ ਦੇ ਬਹੁ ਮਕਬੂਲ ਸੂਫ਼ੀ ਗਾਇਕ ਡਾ. ਸਤਿੰਦਰ ਸਰਤਾਜ ਵਲੋਂ ਮੂਲ ਰੂਪ ਵਿਚ ਗਾਏ ਜਾਣ ਨਾਲ ਇਸ ਦੀ ਮਹਿਮਾ ਪਹਿਲਾਂ ਨਾਲੋਂ ਕਈ ਗੁਣਾ ਵਧ ਗਈ। ਸ਼ਾਇਦ ਇਹ ਬਾਣੀ ਏਨੀ ਮਕਬੂਲ ਨਾ ਹੁੰਦੀ ਜੇ ਦੋ ਸਿੱਖ ਬੁੱਧੀਜੀਵੀ ਭਾਈ ਅਜਾਇਬ ਸਿੰਘ ਅਭਿਆਸੀ ਅਤੇ ਪ੍ਰੋ. ਸਰਚਾਂਦ ਸਿੰਘ ਇਹ ਮਸਲਾ ਸ੍ਰੀ ਅਕਾਲ ਤਖਤ ਸਾਹਿਬ 'ਤੇ ਨਾ ਲੈ ਕੇ ਜਾਂਦੇ। ਉਨਾਂ ਨੇ ਇਸ ਵਿਚ ਕੁਝ ਤਰੁਟੀਆਂ ਦੱਸ ਕੇ ਜੋ ਬੇਨਤੀ ਕੀਤੀ ਸੀ, ਉਸ ਨੂੰ ਸ੍ਰੀ ਅਕਾਲ ਤਖਤ ਸਾਹਿਬ ਨੇ ਵਿਦਵਾਨਾਂ ਦੀ ਰਾਏ ਨਾਲ ਖਾਰਜ ਕਰ ਦਿੱਤਾ ਅਤੇ ਡਾ. ਸਰਤਾਜ ਦੇ ਇਸ ਉਪਰਾਲੇ ਨੂੰ ਸਹੀ ਕਰਾਰ ਦੇ ਦਿੱਤਾ।

ਪਹਿਲੀ ਗੱਲ ਤਾਂ ਡਾ. ਸਤਿੰਦਰ ਸਰਤਾਜ ਦੀ ਇਸ ਕਰਕੇ ਵਡਿਆਈ ਕਰਨੀ ਬਣਦੀ ਹੈ ਅਤੇ ਸਮੁੱਚੇ ਸਿੱਖ ਜਗਤ ਨੂੰ ਉਨਾਂ ਦਾ ਰਿਣੀ ਹੋਣਾ ਚਾਹੀਦਾ ਹੈ ਕਿ ਉਨਾਂ ਨੇ ਦਸਵੇਂ ਪਾਤਸ਼ਾਹ ਦੀ ਇਸ ਅਦੁੱਤੀ ਬਾਣੀ ਦਾ ਮੂਲ ਰੂਪ ਵਿਚ ਗਾਇਨ ਕੀਤਾ ਜੋ ਪਹਿਲਾਂ ਸਾਡੇ ਕੋਲ ਜ਼ਿਕਰ ਮਾਤਰ ਸੀ। ਡਾ. ਸਰਤਾਜ ਦੀ ਗਾਇਨ ਸ਼ੈਲੀ, ਅੰਦਾਜ਼ ਏ ਬਿਆਂ ਅਤੇ ਤਰਜ਼ ਏ ਬਿਆਂ ਉਪਰ ਉਂਗਲੀ ਉਠਾਉਣੀ ਬਿਲਕੁਲ ਜਾਇਜ਼ ਨਹੀਂ ਜਾਪਦੀ ਕਿਉਂਕਿ ਡਾ. ਸਰਤਾਜ ਨੇ ਉਚਾਰਣ (ਤੁਲਫ਼ਜ਼) ਨੂੰ ਲੈ ਕੇ ਇਰਾਨ ਦੇ ਵਿਦਵਾਨਾਂ ਨਾਲ ਰਿਕਾਰਡਿੰਗ ਤੋਂ ਪਹਿਲਾਂ ਪੂਰੀ ਰੀਹਰਸਲ ਕੀਤੀ ਹੈ ਅਤੇ ਹਰ ਇਕ ਹਿਕਾਇਤ ਨੂੰ ਉਸੇ ਬਹਿਰ ਵਿਚ ਨਿਭਾਇਆ ਜੋ ਇਸ ਵਿਚ ਇਹ ਰਚੀ ਗਈ ਹੈ। ਸਾਡਾ ਪੰਜਾਬੀਆਂ ਦਾ ਕੁਝ ਸੁਭਾਅ ਵੀ ਬਣ ਚੁੱਕਾ ਹੈ ਕਿ ਅਸੀਂ ਪਹਿਲਾਂ ਹਰੇਕ ਚੀਜ਼ ਵਿਚ ਨੁਕਸ ਲਭਦੇ ਹਾਂ, ਚੰਗੀ ਚੀਜ਼ ਵਿਚ ਵਧੇਰੇ ਸ਼ਿੱਦਤ ਨਾਲ ਨੁਕਸ ਲੱਭਦੇ ਹਾਂ। ਸਾਰੀ ਦੁਨੀਆਂ ਜਾਣਦੀ ਹੈ ਕਿ 'ਜ਼ਫ਼ਰਨਾਮਹ' ਫ਼ਾਰਸੀ ਦੀ ਸ਼ਾਹਕਾਰ ਰਚਨਾ ਹੈ। ਸਾਡੇ ਬਹੁਤੇ ਪੜੇ ਲਿਖੇ ਲੋਕਾਂ, ਬੁੱਧੀਜੀਵੀਆਂ ਕੋਲ ਫ਼ਾਰਸੀ ਜ਼ੁਬਾਨ ਉਰਦੂ ਦੇ ਰਸਤਿਓਂ ਆਈ ਹੈ। ਸਾਡੀ ਪੰਜਾਬੀਆਂ ਦੀ ਮਾਦਰੀ ਜ਼ੁਬਾਨ ਨਾ ਫ਼ਾਰਸੀ ਹੈ ਅਤੇ ਨਾ ਹੀ ਉਰਦੂ। ਇਸ ਭੂਗੋਲਿਕ ਖਿੱਤੇ ਵਿਚ ਉਰਦੂ ਦਾ ਲੰਮਾ ਸਮਾਂ ਬੋਲਬਾਲਾ ਰਿਹਾ ਹੋਣ ਕਰਕੇ ਅਸੀਂ ਉਰਦੂ ਰਾਹੀਂ ਸਾਡੇ ਕੋਲ ਪਹੁੰਚੇ ਲਫ਼ਜ਼, ਕਿੱਤੇ ਦੀ ਮਜ਼ਬੂਰੀ ਕਰਕੇ ਜਾਂ ਸ਼ੌਕ ਨਾਲ ਵਰਤਦੇ ਹਾਂ ਪਰ ਡਾ. ਸਤਿੰਦਰ ਸਰਤਾਜ ਨੇ ਇਸ ਰਚਨਾ ਦੀ ਅੰਦਰਲੀ ਭਾਵਨਾ ਨੂੰ ਸਮਝ ਕੇ ਗਾਇਨ ਕੀਤਾ ਹੈ।

ਡਾ. ਸਰਤਾਜ ਵਲੋਂ ਇਸ ਬਾਣੀ ਦੀ ਪੇਸ਼ਕਾਰੀ ਅਤੇ ਇਸ ਤੋਂ ਬਾਅਦ ਉੱਭਰੇ ਵਿਵਾਦ ਮਗਰੋਂ ਬਹੁਤ ਸਾਰੇ ਬੁੱਧੀਜੀਵੀਆਂ ਅਤੇ ਫਾਰਸੀ ਦੇ ਦਾਨਸ਼ਵਰਾਂ ਨੇ ਇਸ ਨੂੰ ਸਲਾਹਿਆ ਹੈ। ਡਾ. ਸਰਤਾਜ ਉਨਾਂ ਸਮਿਆਂ ਵਿਚ ਇਹ ਸ਼ਾਹਕਾਰ ਰਚਨਾ ਲੈ ਕੇ ਆਏ ਹਨ ਜਦ ਪੰਜਾਬੀ ਗਾਇਕੀ ਅਤੇ ਮਨੋਰੰਜਨ ਉਦਯੋਗ ਸਾਡੀ ਜਵਾਨੀ ਨੂੰ ਕੁਰਾਹੇ ਪਾਉਣ ਅਤੇ ਗੁੰਮਰਾਹ ਕਰਨ ਵਿਚ ਪੂਰੀ ਤਰਾਂ ਗ਼ਲਤਾਨ ਹੈ। ਇਹ ਕਦੀ ਕਿਸੇ ਨੇ ਸੋਚਿਆ ਵੀ ਨਹੀਂ ਹੋਵੇਗਾ ਕਿ ਦਸਮ ਪਾਤਸ਼ਾਹ ਦੀ ਇਸ ਬਹੁ ਚਰਚਿਤ ਬਾਣੀ ਨੂੰ ਇਸ ਤਰਾਂ ਵੀ ਦੁਨੀਆਂ ਸਾਹਮਣੇ ਲਿਆਂਦਾ ਜਾ ਸਕਦਾ ਹੈ। ਡਾ. ਸਰਤਾਜ ਨੇ ਭਾਵੇਂ ਇਹ ਵੀ ਖੁਲਾਸਾ ਕੀਤਾ ਹੈ ਕਿ ਉਨਾਂ ਦੀ ਗਰਜ਼ ਇਸ ਰਚਨਾ ਨੂੰ ਸੰਸਾਰ ਭਰ ਵਿਚ ਵਸਦੇ ਫ਼ਾਰਸੀ ਸਨਾਸ਼ ਲੋਕਾਂ ਸਾਹਮਣੇ ਰੱਖਣਾ ਹੈ ਤਾਂ ਜੋ ਉਹ ਵੀ ਸਿੱਖ ਇਤਿਹਾਸ ਤੋਂ ਜਾਣੂ ਹੋ ਸਕਣ ਪਰ ਇਹ ਕਾਰਜ ਕਰਕੇ ਉਨਾਂ ਨੇ ਸਮੁੱਚੇ ਸਿੱਖ ਜਗਤ ਤੇ ਵੀ ਪਰਉਪਕਾਰ ਕੀਤਾ ਹੈ। ਗਾਇਨ ਦੇ ਨਾਲ ਨਾਲ ਫਾਰਸੀ ਅਤੇ ਗੁਰਮੁਖੀ ਲਿੱਪੀ ਵਿਚ ਮੂਲ ਪਾਠ ਦੇਣ ਨਾਲ ਉਨਾਂ ਲੋਕਾਂ ਦੀ ਦਿਲਚਸਪੀ ਵੀ ਵਧੇਗੀ ਜੋ ਫਾਰਸੀ ਤੋਂ ਜਾਣੂ ਨਹੀਂ ਹਨ।

ਚੰਗੀ ਗੱਲ ਨੂੰ ਚੰਗੀ ਕਹਿਣਾ ਬਣਦਾ ਹੈ। ਜੇ ਅਸੀਂ ਚੰਗੇ ਨੂੰ ਚੰਗਾ ਨਹੀਂ ਕਹਾਂਗੇ ਅਤੇ ਅਜਿਹੀ ਪਹਿਲਕਦਮੀ ਕਰਨ ਵਾਲੇ ਕਲਾਕਾਰ ਨੂੰ ਸ਼ਾਬਾਸ਼ ਨਹੀਂ ਦੇਵਾਂਗੇ ਤਾਂ ਇਹ ਸਮਝਿਆ ਜਾਵੇਗਾ ਕਿ ਸਾਕਾਰਤਮਕ ਅਤੇ ਸਿਰਜਣਾਤਮਕ ਕਾਰਜਾਂ ਦਾ ਦੌਰ ਖਤਮ ਹੋ ਗਿਆ ਹੈ। ਡਾ. ਸਤਿੰਦਰ ਸਰਤਾਜ ਨੇ 'ਜ਼ਫ਼ਰਨਾਮਹ' ਦੀ ਪੇਸ਼ਕਾਰੀ ਕਰਕੇ ਇਹ ਵੀ ਦੱਸ ਦਿੱਤਾ ਹੈ ਕਿ ਪੰਜਾਬੀ ਜੇ ਮਿਹਨਤ ਕਰਨ ਤਾਂ ਕਿਸੇ ਵੀ ਜ਼ੁਬਾਨ ਵਿਚ ਆਪਣੇ ਫ਼ਨ ਦਾ ਮੁਜ਼ਾਹਰਾ ਕਰ ਸਕਦੇ ਹਨ।

# ਕੋਵਿਡ ਸੰਕਟ ਦੌਰਾਨ ਭਾਰਤ ਦਾ ਮੱਧ ਵਰਗ ਗੁਲਾਮੀ ਵਲ





- ਰਵੀਸ਼ ਕੁਮਾਰ

ਮਿਡਲ ਕਲਾਸ ਜਾਣਦਾ ਹੈ ਕਿ ਛੇ ਸਾਲਾਂ ਦੌਰਾਨ ਉਸ ਦੀ ਕਮਾਈ ਘੱਟ ਗਈ ਹੈ, ਉਸ ਨੂੰ ਵਪਾਰ ਵਿਚ ਬਹੁਤ ਜ਼ਿਆਦਾ ਘਾਟਾ ਪਿਆ ਹੈ। ਉਸ ਦੀ ਪ੍ਰਾਪਰਟੀ ਦੀ ਕੀਮਤ ਡਿੱਗ ਚੁੱਕੀ ਹੈ। ਹਰ ਰਾਜ ਵਿਚ ਸਰਕਾਰੀ ਨੌਕਰੀਆਂ ਘੱਟ ਰਹੀਆਂ ਹਨ। ਇਹ ਸਭ ਦੇਖ ਕੇ ਉਹ ਘਬਰਾਹਟ ਵਿਚ ਹੈ। ਉਹ ਇਹ ਸਭ ਜਾਣਦਾ ਹੈ, ਪਰ ਇਹ ਸਮੱਸਿਆਵਾਂ ਨਾ ਤਾਂ ਮੱਧ ਵਰਗੀ ਨੌਜਵਾਨਾਂ ਦੀ ਤਰਜੀਹ ਹਨ ਅਤੇ ਨਾ ਹੀ ਉਨਾਂ ਦੇ ਮਾਪਿਆਂ ਦੀ। ਮਿਡਲ ਕਲਾਸ ਨੂੰ ਆਪਣੇ ਮਾਲਕ ਦੀਆਂ ਹਦਾਇਤਾਂ 'ਤੇ ਥਾਲੀਆਂ ਖੜਕਾਉਣ, ਤਾੜੀਆਂ ਵਜਾਉਣ ਅਤੇ ਦੀਵੇ ਜਗਾਉਣ ਦਾ ਕੰਮ ਚਾਹੀਦਾ ਹੈ, ਪੈਕੇਜ ਦੀ ਉਸ ਨੂੰ ਲੋੜ ਨਹੀਂ। ਕੋਰੋਨਾ ਸੰਕਟ ਦੌਰਾਨ ਭਾਰਤ ਦੇ ਮੱਧ ਵਰਗ ਦਾ ਨਵਾਂ ਚਿਹਰਾ ਪੇਸ਼ ਹੋਇਆ ਹੈ, ਉਹ ਚਿਹਰਾ ਜਿਸ ਨੂੰ ਬਣਾਉਣ ਲਈ 6 ਸਾਲ ਲੱਗ ਗਏ ਹਨ, ਅੱਜ ਦਿਖਾਈ ਦੇ ਰਿਹਾ ਹੈ। ਆਲੋਚਕ ਹੈਰਾਨ ਹਨ ਕਿ ਨੌਕਰੀ ਅਤੇ ਤਨਖਾਹ ਗੁਆਉਣ ਤੋਂ ਬਾਅਦ ਮੱਧ ਵਰਗ ਕਿਉਂ ਨਹੀਂ ਬੋਲ ਰਿਹਾ। ਮਜ਼ਦੂਰਾਂ ਦੀ ਦੁਰਦਸ਼ਾ ਬਾਰੇ ਮਿਡਲ ਕਲਾਸ ਚੁੱਪ ਕਿਉਂ ਹੈ?

ਜਦੋਂ ਮਿਡਲ ਕਲਾਸ ਆਪਣੀ ਦੁਰਦਸ਼ਾ 'ਤੇ ਚੁੱਪ ਹੈ, ਤਾਂ ਉਹ ਮਜ਼ਦੂਰਾਂ ਦੀ ਸਥਿਤੀ 'ਤੇ ਕਿਵੇਂ ਪ੍ਰਤੀਕਰਮ ਕਰ ਸਕਦੀ ਹੈ। ਹੁਣ ਭਾਜਪਾ ਦੇ ਦੂਜੇ 5 ਸਾਲਾਂ ਦੇ ਕਾਰਜਕਾਲ ਦੌਰਾਨ ਮਿਡਲ ਕਲਾਸ ਨੂੰ ਵਿੱਤੀ ਤੌਰ 'ਤੇ ਬੁਰੀ ਤਰਾਂ ਬਰਬਾਦ ਕੀਤਾ ਹੈ। ਇਸ ਦੇ ਬਾਵਜੂਦ ਇਹ ਭਾਜਪਾ ਦਾ ਵੋਟ ਬੈਂਕ ਬਣਿਆ ਮਿਡਲ ਕਲਾਸ ਖੁਸ਼ ਦਿਖਾਈ ਦੇ ਰਿਹਾ ਹੈ। ਇੰਝ ਜਾਪਦਾ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ, ਭਾਜਪਾ ਅਜਿੱਤ ਹੈ ਅਤੇ ਉਹ ਆਪਣੇ ਮੂਲ ਵੋਟਰਾਂ ਲਈ ਕੰਮ ਕਰ ਰਹੀ ਹੈ। ਫਿਲਹਾਲ ਭਾਜਪਾ ਦੀ ਸ਼ਕਤੀ ਨੂੰ ਕੋਈ ਚੈਲਿੰਜ ਨਹੀਂ ਹੈ। ਇਸ ਮਿਡਲ ਕਲਾਸ ਨੂੰ ਦਰਬਾਰੀ ਮੀਡੀਆ ਗਿਫਟ ਵਜੋਂ ਦਿੱਤਾ ਗਿਆ ਹੈ ਤੇ ਮਿਡਲ ਕਲਾਸ ਇਸ ਮੀਡੀਏ ਨੂੰ ਦੇਖ ਕੇ ਖੁਸ਼ ਹੈ। ਦਰਬਾਰੀ ਮੀਡੀਆ ਉਸਾਰਨ ਵਿਚ ਮਿਡਲ ਕਲਾਸ ਦੀ ਵੱਡੀ ਭੂਮਿਕਾ ਹੈ। ਮਿਡਲ ਕਲਾਸ ਹੁਣ ਆਪਣੀ ਚੁੱਪ ਵਿੱਚ ਕੈਦ ਹੈ। ਇਹ ਇਕ ਸੱਚਾਈ ਹੈ ਜਿਸ ਨੂੰ ਇਹ ਮਿਡਲ ਕਲਾਸ ਵੀ ਜਾਣਦੀ ਹੈ ਕਿ ਜੇ ਇਸ ਦੇਸ਼ ਵਿਚ ਕਰੋੜਾਂ ਲੋਕ ਬੇਰੁਜ਼ਗਾਰ ਹਨ, ਤਾਂ ਇਸ ਵਿਚ ਮਿਡਲ ਕਲਾਸ ਦੇ ਸਾਰੇ ਵਰਗਾਂ ਦੇ ਲੋਕ ਹੋਣਗੇ, ਪਰ ਉਸਨੇ ਆਪਣੀ ਬੇਚੈਨੀ ਦਾ ਪ੍ਰਗਟਾਵਾ ਹੁਣ ਤੱਕ ਨਹੀਂ ਕੀਤਾ। ਉਸ ਨੇ ਤਾਂ ਆਪਣੇ ਲਈ ਬੇਰੁਜ਼ਗਾਰੀ ਭੱਤਾ ਵੀ ਨਹੀਂ ਮੰਗਿਆ। ਇਸ ਤੋਂ ਇੰਝ ਜਾਪਦਾ ਹੈ ਕਿ ਮਿਡਲ ਕਲਾਸ ਅਜੋਕੀ ਸਰਕਾਰ ਤੋਂ ਸੰਤੁਸ਼ਟ ਹੈ। ਮਿਡਲ ਕਲਾਸ ਨੇ ਹਰ ਉਸ ਆਵਾਜ਼ ਨੂੰ ਕੁਚਲ ਦਿੱਤਾ ਹੈ ਜੋ ਛੇ ਸਾਲਾਂ ਤੋਂ ਸਮਾਜ ਤੇ ਰਾਜਨੀਤਕ ਸੁਧਾਰ ਲਈ ਉੱਠਦੀ ਹੈ। ਮਿਡਲ ਕਲਾਸ ਜਾਣਦੀ ਹੈ ਕਿ ਅਵਾਜ਼ ਦਾ ਕੋਈ ਅਰਥ ਨਹੀਂ ਹੈ। ਇੱਥੋਂ ਤੱਕ ਕਿ ਮਿਡਲ ਕਲਾਸ ਵਲੋਂ ਸਥਾਪਿਤ ਦਰਬਾਰੀ ਮੀਡੀਆ ਮਿਡਲ ਕਲਾਸ ਦੇ ਹੱਕਾਂ ਦੀ ਆਵਾਜ਼ ਬੁਲੰਦ ਨਹੀਂ ਕਰ ਰਿਹਾ।

ਨਰਿੰਦਰ ਮੋਦੀ ਨੇ ਇਕ ਮਿਡਲ ਕਲਾਸ ਸਿਰਜੀ ਹੈ ਜੋ ਆਪਣੀ ਜਮਾਤੀ ਹਿੱਤ, ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹੈ। ਉਸਦੀ ਰੁਚੀ ਸਿਰਫ ਮੋਦੀ ਦੀਆਂ ਪਾਲਿਸੀਆਂ ਵਿਚ ਹੈ। ਇਹ ਮੋਦੀ ਸਰਕਾਰ ਦਾ ਅਹਿਮ ਵਰਗ ਹੈ, ਜੋ ਸਿਰਫ ਸਰਕਾਰ ਦੀ ਪ੍ਰਸ਼ੰਸਾ ਕਰਨਾ, ਸੁਣਨਾ ਤੇ ਪੜਨਾ ਚਾਹੁੰਦਾ ਹੈ। ਇਸ ਮਿਡਲ ਕਲਾਸ ਨੇ ਆਈਟੀਸੈੱਲ ਖੜਾ ਕੀਤਾ ਹੈ। ਉਸਦੀ ਭਾਸ਼ਾ ਨੂੰ ਸਾਮਾਜਿਕ ਆਧਾਰ ਦਿੱਤਾ। ਪੱਤਰਕਾਰਾਂ ਨੂੰ ਹੀਰੋ ਵਜੋਂ ਸਰਕਾਰ ਦੇ ਹੱਕ ਵਿੱਚ ਖੜੇ ਕੀਤਾ ਹੈ। ਸੋ ਕੋਰਨਾ ਸੰਕਟ ਦੌਰਾਨ ਮਿਡਲ ਕਲਾਸ ਨੂੰ ਕੋਈ ਸਮੱਸਿਆ ਨਹੀਂ ਹੈ। ਜੇ ਸਮੱਸਿਆ ਹੁੰਦੀ ਤਾਂ ਇਹ ਮੂਕਦਰਸ਼ਕ ਨਾ ਬਣਦਾ। ਮਿਡਲ ਕਲਾਸ ਦੀ ਕਮਜ਼ੋਰੀ ਕਾਰਨ ਭਾਰਤ ਦੀ ਰਾਜਨੀਤੀ ਵਿਚੋਂ ਬੇਰੁਜ਼ਗਾਰੀ ਦੇ ਭਖਦੇ ਮੁੱਦੇ ਖਤਮ ਹੋ ਚੁੱਕੇ ਹਨ। ਹਰ ਰਾਜ ਵਿੱਚ, ਸਰਕਾਰੀ ਨੌਕਰੀ ਦੀ ਪ੍ਰਕਿਰਿਆ ਵਿਚ ਗੜਬੜ ਹੈ। ਨੌਕਰੀ ਸਿਫਾਰਸ਼ ਦੇ ਆਧਾਰ 'ਤੇ ਮਿਲਦੀ ਹੈ ਤੇ ਇਸ ਵਿਚ ਘਪਲੇ ਵੀ ਹੁੰਦੇ ਹਨ। ਪਰ ਇਸ ਬਾਰੇ ਮਿਡਲ ਕਲਾਸ ਚੁੱਪ ਹੈ।

ਇਹ ਉਹ ਕਲਾਸ ਹੈ ਜੋ ਜਾਣਨਾ ਨਹੀਂ ਚਾਹੁੰਦੀ ਕਿ 20 ਲੱਖ ਕਰੋੜ ਦਾ ਆਰਥਿਕ ਪੈਕੇਜ ਕਿਸ ਲਈ ਹੈ। ਜਦੋਂ ਮਿਡਲ ਕਲਾਸ ਆਰਥਿਕ ਪੈਕੇਜ ਬਾਰੇ ਜਾਣਕਾਰੀ ਪ੍ਰਾਪਤ ਨਹੀਂ ਕਰਨਾ ਚਾਹੁੰਦੀ ਤਾਂ ਤੁਸੀਂ ਕਿਵੇਂ ਸੋਚਦੇ ਹੋ ਕਿ ਇਹ ਆਪਣੇ ਭਵਿੱਖ ਬਾਰੇ ਸੋਚੇਗੀ। ਨੋਟਬੰਦੀ ਦੇ ਸਮੇਂ ਇਹ ਮਿਡਲ ਕਲਾਸ ਤਬਾਹ ਹੋ ਗਈ ਸੀ, ਪਰ ਇਸ ਨੇ ਵਪਾਰ ਦੀ ਬਰਬਾਦੀ ਦੇ ਸਵਾਲ ਨੂੰ ਆਪਣੀ ਰਾਸ਼ਟਰੀ ਪਛਾਣ ਦੇ ਸਾਹਮਣੇ ਤੁੱਛ ਜਾਣਿਆ। ਇਸੇ ਨੂੰ ਤਾਂ ਹੀ ਦੇਸ ਭਗਤੀ ਕਿਹਾ ਜਾਂਦਾ ਹੈ। ਵਿਸ਼ਲੇਸ਼ਕਾਂ ਨੂੰ ਇਸ ਤਬਦੀਲੀ ਦਾ ਅਧਿਐਨ ਕਰਨਾ ਚਾਹੀਦਾ ਹੈ, ਪਰ ਇਸ ਸੰਕਟ ਵਿੱਚ ਰਾਜਨੀਤਿਕ ਤਬਦੀਲੀ ਦੀ ਉਮੀਦ ਨਹੀਂ ਕਰਨੀ ਚਾਹੀਦੀ। ਜੇਕਰ ਉਹ ਅਜਿਹਾ ਕਰਨਗੇ ਤਾਂ ਉਨਾਂ ਨੂੰ ਨਮੋਸ਼ੀ ਹੱਥ ਲੱਗੇਗੀ। ਮਿਡਲ ਕਲਾਸ ਇਨਾਂ ਰਾਜਨੀਤਕ ਤਜ਼ਰਬਿਆਂ ਬਾਰੇ ਸਭ ਜਾਣਦੀ ਹੈ। ਉਹ ਇਹ ਵੀ ਜਾਣਦੀ ਹੈ ਕਿ ਮੇਕ ਇਨ ਇੰਡੀਆ ਅਸਫਲ ਰਿਹਾ ਹੈ। ਸਮਾਰਟ ਸਿਟੀ ਪ੍ਰੋਜੈਕਟ ਦੇ ਨਾਮ 'ਤੇ ਉਹ ਵਿਅੰਗ ਕਰਕੇ ਹੱਸਦੀ ਹੈ। ਉਹ ਸਵੈ ਨਿਰਭਰ ਭਾਰਤੀ ਸੱਤਾ ਦੇ ਇਸ ਰਾਜਨੀਤਕ ਡਰਾਮੇ ਨੂੰ ਵੀ ਭਲੀਭਾਂਤ ਜਾਣਦੀ ਹੈ। ਉਹ ਹਰ ਤਰਾਂ ਦੇ ਝੂਠ ਜਾਣਦੀ ਹੈ। ਪਰ ਇਸ ਦਾ ਬਾਵਜੂਦ ਉਹ ਮੋਦੀ ਸੱਤਾ ਪ੍ਰਤੀ ਸੁਹਿਰਦ ਹੈ।

ਕਾਰਨ ਇਹ ਹੈ ਕਿ ਇਸ ਦੇ ਅੰਦਰ ਰਾਜਨੀਤੀ ਖਤਮ ਹੋ ਗਈ ਹੈ। ਇਸ ਲਈ ਇਹ ਰਾਜਨੀਤਿਕ ਦਬਾਅ ਨਹੀਂ ਬਣਾਉਣਾ ਚਾਹੁੰਦੀ। ਉਸ ਦੀ ਭਾਸ਼ਾ ਵਿਚ ਕਿਸੇ ਵੀ ਤਰਾਂ ਦਾ ਪ੍ਰਤੀਕਰਮ ਖਤਮ ਹੋ ਚੁੱਕਾ ਹੈ। ਉਹ ਮੋਦੀ ਜੀ ਦੀ ਬਿਲਕੁਲ ਆਲੋਚਨਾ ਨਹੀਂ ਕਰੇਗੀ। ਹੁਣ ਇਹ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਇਹ ਮਿਡਲ ਕਲਾਸ ਨੂੰ ਕੀ ਦਿੰਦੀ ਹੈ। ਇਕ ਪੱਤਰਕਾਰ ਦੇ ਨਜ਼ਰੀਏ ਤੋਂ, ਇਹ ਮੈਨੂੰ ਹੈਰਾਨ ਕਰਦਾ ਹੈ ਕਿ ਮੋਦੀ ਸਰਕਾਰ ਨੇ ਮੱਧ ਵਰਗ ਬਾਰੇ ਕਿਉਂ ਨਹੀਂ ਸੋਚਿਆ? ਹਾਲਾਂਕਿ ਇਹ ਵਰਗ ਉਸਦਾ ਵੱਡਾ ਵੋਟ ਬੈਂਕ ਹੈ।

ਭਾਰਤ ਦੀ ਮਿਡਲ ਕਲਾਸ ਹੁਣ ਗੰਭੀਰ ਫਿਲਾਸਫੀਕਲ ਪੁਸਤਕਾਂ ਨੂੰ ਨਹੀਂ ਪੜਨਾ ਚਾਹੁੰਦੀ, ਲੰਬੇ ਲੇਖਾਂ ਨੂੰ ਨਹੀਂ ਪੜਨਾ ਚਾਹੁੰਦੀ। ਇਹ ਸਟੇਟ ਦੇ ਲਈ ਖੁਸ਼ੀ ਦੀ ਗੱਲ ਹੈ। ਉਸ ਨੂੰ ਵਟਸਐਪ ਦੇ ਰੂਪ ਵਿਚ ਹਰ ਚੀਜ਼ ਦੀ ਜ਼ਰੂਰਤ ਹੈ। ਇਹ ਹੁਣ ਉਸ ਦੇ ਗਿਆਨ ਦੀ ਕਹਾਣੀ ਹੈ। ਉਸਦਾ ਸੁਪਨਾ ਬਦਲ ਗਿਆ ਹੈ। ਉਹ ਆਪਣੇ ਆਪ ਨੂੰ ਟਿਕਟੋਕ 'ਤੇ ਅਰਥਹੀਣ ਸਾਬਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਤੁਸੀਂ ਟਿਕਟੋਕ ਵਿਖੇ ਮੱਧ ਵਰਗ ਦੀ ਜ਼ਿੰਦਗੀ ਅਤੇ ਇੱਛਾਵਾਂ ਨੂੰ ਵੇਖ ਸਕਦੇ ਹੋ। ਰਾਸ਼ਟਰੀ ਅਤੇ ਸੰਵਿਧਾਨਕ ਸੰਕਟ ਦੇ ਇਸ ਦੌਰ ਵਿੱਚ, ਜੇ ਮੱਧਵਰਗ ਰਾਸ਼ਟਰੀ ਚਰਿੱਤਰ ਨੂੰ ਵੇਖਣ ਵਿੱਚ ਅਸਮਰੱਥ ਹੈ, ਤਾਂ ਇਹ ਚਿੰਤਾ ਵਾਲੀ ਗੱਲ ਹੈ

# ਭਗਵਿਆਂ ਦੇ ਨੈਟਵਰਕ ਦੇ ਨਿਸ਼ਾਨੇ ਉੱਪਰ ਏ ਵਿਦਿਆਰਥੀ ਆਗੂ ਸਫ਼ੂਰਾ ਜਰਗਰ

## ਇਕ ਮਹੀਨੇ ਤੋਂ ਵੱਧ ਸਮੇਂ ਤੋਂ ਕਾਲੇ ਕਾਨੂੰਨ ਯੂਏਪੀਏ ਦੇ ਤਹਿਤ ਦਿੱਲੀ ਦੀ ਤਿਹਾੜ ਜੇਲ ਵਿਚ ਬੰਦ

- ਪ੍ਰੋ. ਬਲਵਿੰਦਰਪਾਲ ਸਿੰਘ
9815700916

ਜੰਮੂ ਵਿੱਚ ਜੰਮੀ ਜਾਮੀਆ ਮਿਲੀਆ ਇਸਲਾਮੀਆ ਦੀ ਐਮ ਫਿਲ (ਸਮਾਜ ਸ਼ਾਸਤਰ) 27 ਸਾਲਾ ਵਿਦਿਆਰਥਣ ਸਫੂਰਾ ਜਰਗਰ ਇਕ ਮਹੀਨੇ ਤੋਂ ਵੱਧ ਸਮੇਂ ਤੋਂ ਦਿੱਲੀ ਦੀ ਤਿਹਾੜ ਜੇਲ ਵਿਚ ਬੰਦ ਹੈ। ਉਸ ਉੱਪਰ ਕਾਲੇ ਕਾਨੂੰਨ ਯੂਏਪੀਏ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਉਹ ਚਾਰ ਮਹੀਨਿਆਂ ਤੋਂ ਗਰਭਵਤੀ ਹੈ। ਉਹ ਜਾਮੀਆ ਤਾਲਮੇਲ ਕਮੇਟੀ ਦੇ ਮੀਡੀਆ ਕਨਵੀਨਰ ਵੀ ਹੈ। ਉਹ ਪਿਛਲੇ ਸਾਲ ਦੇ ਅੰਤ ਵਿੱਚ ਕੇਂਦਰ ਸਰਕਾਰ ਦੇ ਵਿਵਾਦਿਤ ਨਾਗਰਿਕਤਾ ਸੋਧ ਐਕਟ ਦੇ ਵਿਰੋਧ ਵਿੱਚ ਕਈ ਪ੍ਰਦਰਸ਼ਨਾਂ ਦੀ ਅਗਵਾਈ ਕਰ ਚੁੱਕੀ ਹੈ।

ਦਿੱਲੀ ਪੁਲਿਸ ਨੇ ਉਸ ਉੱਤੇ ਫਰਵਰੀ ਵਿੱਚ ਦੰਗਿਆਂ ਦੀ ਸਾਜਿਸ਼ ਰਚਣ ਦਾ ਦੋਸ਼ ਲਗਾਇਆ ਸੀ। ਸਫੂਰਾ ਨੂੰ 10 ਅਪ੍ਰੈਲ ਦੌਰਾਨ ਦਿੱਲੀ ਪੁਲਿਸ ਦੇ ਸਪੈਸ਼ਲ ਸੈੱਲ ਨੇ ਉਸ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ। ਉਸ 'ਤੇ ਦੋਸ਼ ਲਗਾਇਆ ਗਿਆ ਸੀ ਕਿ ਉਹ ਨਾਗਰਿਕਤਾ ਸੋਧ ਐਕਟ ਦੇ ਵਿਰੋਧ ਵਿਚ ਜਾਫਰਾਬਾਦ ਮੈਟਰੋ ਸਟੇਸ਼ਨ ਨੇੜੇ ਹਿੰਸਕ ਪ੍ਰਦਰਸ਼ਨਾਂ ਦੀ ਅਗਵਾਈ ਕਰ ਰਹੀ ਸੀ ਤੇ ਦੰਗੇ ਭੜਕਾ ਰਹੀ ਸੀ।

ਸਫੂਰਾ ਦੇ ਵਕੀਲ ਨੇ ਉਸ ਦੀ ਗਰਭ ਅਵਸਥਾ ਦਾ ਹਵਾਲਾ ਦਿੰਦੇ ਹੋਏ ਜ਼ਮਾਨਤ ਬਾਰੇ ਪਟੀਸ਼ਨ ਦਾਇਰ ਕੀਤੀ, ਜਿਸ ਨੂੰ ਅਦਾਲਤ ਨੇ ਰੱਦ ਕਰ ਦਿੱਤਾ। ਇੱਥੇ ਜ਼ਿਕਰਯੋਗ ਹੈ ਕਿ ਯੂਏਪੀਏ ਇੱਕ ਬਹੁਤ ਸਖਤ ਕਾਨੂੰਨ ਹੈ, ਜਿਸ ਦੀ ਵਰਤੋਂ ਅੱਤਵਾਦੀਆਂ ਵਿਰੁੱਧ ਤੇ ਹਿੰਸਕ ਗਤੀਵਿਧੀਆਂ ਨੂੰ ਰੋਕਣ ਲਈ ਕੀਤੀ ਜਾਂਦੀ ਹੈ ਜੋ ਦੇਸ਼ ਦੀ ਅਖੰਡਤਾ ਅਤੇ ਪ੍ਰਭੂਸੱਤਾ ਨੂੰ ਖ਼ਤਰੇ ਵਿੱਚ ਪਾਉਂਦੇ ਹਨ। ਇਸ ਦੇ ਤਹਿਤ, ਦੋਸ਼ੀ ਨੂੰ ਘੱਟੋ ਘੱਟ ਸੱਤ ਸਾਲ ਦੀ ਕੈਦ ਹੋ ਸਕਦੀ ਹੈ ਅਤੇ ਇਸ ਵਿੱਚ ਜ਼ਮਾਨਤ ਪ੍ਰਾਪਤ ਕਰਨਾ ਔਖਾ ਤੇ ਅਸੰਭਵ ਹੈ।

ਬੰਬੇ ਹਾਈ ਕੋਰਟ ਦੇ ਸੀਨੀਅਰ ਵਕੀਲ ਮਿਹਰ ਦੇਸਾਈ ਦਾ ਕਹਿਣਾ ਹੈ, "ਯੂਏਪੀਏ ਕਾਨੂੰਨ ਦੀ ਦੁਰਵਰਤੋਂ ਹੋ ਰਹੀ ਹੈ ਤੇ ਸਾਧਾਰਨ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਹੈ, ਜੋ ਕਿ ਸਰਕਾਰ ਦਾ ਜਮਹੂਰੀ ਪੱਧਰ 'ਤੇ ਸਰਕਾਰ ਦਾ ਵਿਰੋਧ ਕਰਦੇ ਹਨ। ਇਨਾਂ ਕਾਲੇ ਕਾਨੂੰਨਾਂ ਤਹਿਤ ਉਨਾਂ ਦੀ ਜ਼ਿੰਦਗੀ ਬਰਬਾਦ ਕਰ ਦਿੱਤੀ ਜਾਂਦੀ ਹੈ। ਸਾਧਾਰਨ ਮਾਮਲਿਆਂ ਵਿੱਚ, ਪੁਲੀਸ ਨੂੰ ਦੋਸ਼ੀ ਖਿਲਾਫ਼ ਸਬੂਤ ਪੇਸ਼ ਕਰਨੇ ਪੈਂਦੇ ਹਨ। ਪਰ ਯੂਏਪੀਏ ਦੇ ਅਧੀਨ ਦੋਸ਼ੀ ਵਲੋਂ ਆਪਣੇ ਆਪ ਨੂੰ ਨਿਰਦੋਸ਼ ਸਿੱਧ ਕਰਨ ਲਈ ਆਪ ਸਬੂਤ ਪੇਸ਼ ਕਰਨੇ ਪੈਂਦੇ ਹਨ।

### ਭਗਵੇਂ ਨੈਟਵਰਕ ਦੇ ਨਿਸ਼ਾਨੇ 'ਤੇ ਸ਼ਫੂਰਾ

ਭਗਵੇਂਵਾਦੀ ਸ਼ਫੂਰਾ ਨੂੰ ਸ਼ੋਸ਼ਲ ਮੀਡੀਆ ਉੱਪਰ ਉਸ ਦੀ ਗਰਭ ਅਵਸਥਾ ਤੇ ਵਿਆਹ ਨੂੰ ਲੈ ਕੇ ਅਸ਼ਲੀਲ ਤੇ ਜਾਅਲੀ ਖਬਰਾਂ ਪੇਸ਼ ਕਰ ਰਹੇ ਹਨ। ਭਗਵੇਂ ਨੈਟਵਰਕ ਵਲੋਂ ਇਹ ਝੂਠੀ ਖ਼ਬਰ ਫੈਲਾਈ ਜਾ ਰਹੀ ਹੈ ਕਿ ਸਫੂਰਾ ਅਣਵਿਆਹੀ ਹੈ ਅਤੇ ਜੇਲ ਵਿਚ ਡਾਕਟਰੀ ਜਾਂਚ ਤੋਂ ਇਹ ਪਤਾ ਚਲਿਆ ਹੈ ਕਿ ਉਹ ਗਰਭਵਤੀ ਹੈ। ਫੋਟੋਸ਼ਾਪ ਰਾਹੀਂ ਸਫੂਰਾ ਦੀਆਂ ਤਸਵੀਰਾਂ ਨਾਲ ਛੇੜਛਾੜ ਕਰਕੇ ਅਸ਼ਲੀਲ ਚਿੱਤਰ ਤਿਆਰ ਕਰਕੇ ਉਸ ਦੀ ਕਿਰਦਾਰਕੁਸ਼ੀ ਕੀਤੀ ਜਾ ਰਹੀ ਹੈ। ਉਸ ਦੀ ਕੁੱਖ ਵਿੱਚ ਪਲ ਰਹੇ ਬੱਚੇ ਦੇ ਪਿਤਾ ਦੀ ਪਛਾਣ ਬਾਰੇ ਵੱਡੀ ਪੱਧਰ 'ਤੇ ਝੂਠ ਫੈਲਾਏ ਜਾ ਰਹੇ ਹਨ। ਭਗਵੇਂਵਾਦੀ ਇਹ ਘਟੀਆ ਟਿੱਪਣੀਆਂ ਕਰ ਰਹੇ ਹਨ ਕਿ ਤਿਹਾੜ ਜੇਲ ਵਿਚ ਸਫੂਰਾ ਦੀ ਸਿਹਤ ਵਿਗੜ ਗਈ, ਇਸ ਲਈ ਨਿਯਮਾਂ ਅਨੁਸਾਰ ਚੈੱਕਅਪ ਕੀਤਾ ਗਿਆ। ਪਤਾ ਚਲਿਆ ਕਿ ਉਹ ਦੋ ਮਹੀਨਿਆਂ ਦੀ ਗਰਭਵਤੀ ਹੈ। ਯਾਨੀ ਉਹ ਸ਼ਾਹੀਨ ਬਾਗ ਦੇ ਮੋਰਚੇ ਦੌਰਾਨ ਗਰਭਵਤੀ ਸੀ। ਦਿਲਚਸਪ ਗੱਲ ਇਹ ਹੈ ਕਿ ਸਫੂਰਾ ਜਾਮੀਆ ਦੀ ਵਿਦਿਆਰਥਣ ਹੈ, ਅਜੇ ਵਿਆਹੀ ਨਹੀਂ ਹੋਈ ਹੈ। ਅਸੀਂ ਸਾਰੇ ਜੋ ਕਹਿੰਦੇ ਸੀ ਕਿ ਸ਼ਾਹੀਨ ਬਾਗ ਜੋ ਕਿ ਐਯਾਸ਼ੀ ਦਾ ਅੱਡਾ ਹੈ, ਸੱਚ ਸਾਬਤ ਹੋਇਆ। ਹੁਣ ਲੋਕ ਕਹਿ ਰਹੇ ਹਨ ਕਿ ਉਸ ਦੀ ਮੰਗਣੀ ਹੋਈ ਸੀ ਅਤੇ ਉਹ ਆਪਣੀ ਮੰਗੇਤਰ ਦੇ ਨਾਲ ਲਿਵ-ਇਨ ਰਹਿੰਦੀ ਸੀ। ਜੇਲ ਮੈਨੂਅਲ ਦੇ ਦੌਰਾਨ, ਉਸਨੇ ਬੱਚੇ ਦੇ ਪਿਤਾ ਦਾ ਨਾਮ ਨਹੀਂ ਲਿਆ। ਇਹ ਅਸ਼ਲੀਲ ਖਬਰ ਫੈਲਾਉਣ ਵਾਲੇ ਵਿਅਕਤੀ ਨੇ ਆਪਣਾ ਨਾਮ ਅਭਿਜਤ ਮਿਸ਼ਰਾ ਲਿਖਿਆ ਹੈ। ਟਵਿੱਟਰ 'ਤੇ ਉਸ ਨੇ ਆਪਣੇ ਆਪ ਨੂੰ ਭਾਰਤੀ ਜਨਤਾ ਯੁਵਾ ਮੋਰਚਾ ਬਿਹਾਰ ਦਾ ਜਨਰਲ ਸਕੱਤਰ ਦੱਸਿਆ ਹੈ। ਇਹੋ ਜਿਹੇ ਅਨੇਕਾਂ ਭਗਵੇਂਵਾਦੀ ਹਨ, ਜੋ ਇਹੋ ਜਿਹੀਆਂ ਪੋਸਟਾਂ ਪਾ ਰਹੇ ਹਨ।

ਹਾਲਾਂਕਿ ਭਗਵੇਂਵਾਦ ਦੀਆਂ ਇਹ ਖ਼ਬਰਾਂ ਝੂਠ ਹਨ, ਕਿਉਂਕਿ ਸੱਚਾਈ ਇਹ ਹੈ ਕਿ ਸਾਲ 2018 ਵਿੱਚ, ਸਫੂਰਾ ਦਾ ਵਿਆਹ ਇੱਕ ਕਸ਼ਮੀਰੀ ਨੌਜਵਾਨ ਅਹਿਮਦ ਸਿਰਵਾਲ ਨਾਲ ਹੋਇਆ ਸੀ। ਸਫੂਰਾ ਅਤੇ ਉਸ ਦਾ ਪਰਿਵਾਰ ਉਸ ਦੀ ਗਰਭ ਅਵਸਥਾ ਬਾਰੇ ਪਹਿਲਾਂ ਤੋਂ ਜਾਣੂ ਸੀ ਅਤੇ ਇਹੀ ਕਾਰਨ ਸੀ ਕਿ ਉਸ ਦੇ ਵਕੀਲ ਨੇ ਸਫੂਰਾ ਦੀ ਗਰਭ ਅਵਸਥਾ ਨੂੰ ਧਿਆਨ ਵਿੱਚ ਰੱਖਦਿਆਂ ਅਪ੍ਰੈਲ ਵਿੱਚ ਹੀ ਉਸ ਦੀ ਜ਼ਮਾਨਤ ਲਈ ਅਪੀਲ ਕੀਤੀ ਸੀ। ਸਫੂਰਾ ਦੇ ਵਕੀਲ ਰਿਤੇਸ਼ ਨੇ ਦੱਸਿਆ, "ਕੁਝ ਵੀ ਅਜਿਹਾ ਨਹੀਂ ਸੀ ਜਿਸ ਕਾਰਨ ਫਿਰਕਾਪ੍ਰਸਤਾਂ ਵਲੋਂ ਸਫੂਰਾ ਦੀ ਬਦਨਾਮੀ ਕੀਤੀ ਜਾ ਰਹੀ ਹੈ। ਉਸ ਨੂੰ ਹਫਤੇ ਵਿਚ ਇਕ ਵਾਰ ਸਿਰਫ ਪੰਜ ਮਿੰਟ ਲਈ ਆਪਣੇ ਪਤੀ ਨਾਲ ਫ਼ੋਨ ਤੇ ਗੱਲ ਕਰਨ ਦੀ ਇਜਾਜ਼ਤ ਹੈ। ਉਸ ਦਾ ਫੋਨ ਕੁਨੈਕਸ਼ਨ ਡਿਸਕਨੈਕਟ ਹੋ ਗਿਆ ਹੈ। ਮੈਨੂੰ ਅਜੇ ਤੱਕ ਸਫੂਰਾ ਨੂੰ ਮਿਲਣ ਦੀ ਆਗਿਆ ਨਹੀਂ ਦਿੱਤੀ ਗਈ, ਜੋ ਕਿ ਪੂਰੀ ਤਰਾਂ ਗੈਰ ਕਾਨੂੰਨੀ ਹੈ ਅਤੇ ਅਸੀਂ ਇਸ ਬਾਰੇ ਢੁਕਵੇਂ ਕਾਨੂੰਨੀ ਕਦਮ ਚੁੱਕਣ ਬਾਰੇ ਸੋਚ ਰਹੇ ਹਾਂ।

ਇਸ ਮਾਮਲੇ ਵਿੱਚ, ਵਿਵਾਦਿਤ ਤੇ ਫਿਰਕੂ ਭਾਜਪਾ ਨੇਤਾ ਕਪਿਲ ਮਿਸ਼ਰਾ ਜਿਸ ਉੱਪਰ ਦਿੱਲੀ ਦੰਗੇ ਭੜਕਾਉਣ ਦੇ ਦੋਸ਼ ਲੱਗ ਚੁੱਕੇ ਹਨ, ਨੇ ਵੀ ਸ਼ਫੂਰਾ ਨੂੰ ਬਦਨਾਮ ਕਰਨ ਦੀ ਕੋਈ ਕਸਰ ਨਹੀਂ ਛੱਡੀ। ਇੱਥੇ ਜ਼ਿਕਰਯੋਗ ਹੈ ਕਿ ਸਲਮਾਨ ਨਿਜ਼ਾਮੀ ਇੱਕ ਕਾਂਗਰਸੀ ਨੇਤਾ ਹੈ। ਉਸ ਨੇ ਸਫੂਰਾ ਦੀ ਜ਼ਮਾਨਤ ਨਾ ਮਿਲਣ 'ਤੇ ਰੋਸ ਪ੍ਰਦਰਸ਼ਨ ਕੀਤਾ ਸੀ। ਇਕ ਟਵੀਟ ਵਿੱਚ ਉਸ ਨੇ ਕਿਹਾ ਸੀ, 'ਕਾਰਕੁਨ ਸਫੂਰਾ ਜਰਗਰ (ਗਰਭਵਤੀ) ਰਮਜ਼ਾਨ ਦੇ ਸਮੇਂ ਵੀ ਜੇਲ ਵਿੱਚ ਹੈ, ਇਹ ਬੇਇਨਸਾਫੀ ਹੈ। ਨਫ਼ਰਤ ਫੈਲਾਉਣ ਵਾਲੇ ਕਪਿਲ ਮਿਸ਼ਰਾ, ਜਿਸ ਨੇ ਦਿੱਲੀ ਵਿਚ ਮੁਸਲਮਾਨਾਂ ਖਿਲਾਫ਼ ਹਿੰਸਾ ਨੂੰ ਭੜਕਾਇਆ, ਉਹ ਆਜ਼ਾਦ ਕਿਉਂ ਹੈ? ਕੀ ਭਾਰਤ ਵਿਚ ਮੋਦੀ ਰਾਜ ਦੌਰਾਨ ਮੁਸਲਮਾਨ ਹੋਣਾ ਗੁਨਾਹ ਹੈ।

ਇਸ ਤੋਂ ਭੜਕੇ ਭਾਜਪਾ ਨੇਤਾ ਕਪਿਲ ਮਿਸ਼ਰਾ ਨੇ ਟਵੀਟ ਰਾਹੀਂ ਜਵਾਬ ਦਿੱਤਾ ਕਿ ਉਹ ਆਪਣੀ ਸੋਚ 'ਤੇ ਤਰਸ ਕਰਨ। ਕਿਰਪਾ ਕਰਕੇ ਸ਼ਫੂਰਾ ਦੀ ਗਰਭ ਅਵਸਥਾ ਨੂੰ ਮੇਰੇ ਭਾਸ਼ਣ ਨਾਲ ਨਾ ਜੋੜਨ। ਇਹ ਕੰਮ ਨਹੀਂ ਕਰੇਗਾ।

ਮਨੁੱਖੀ ਅਧਿਕਾਰ ਸੰਗਠਨ ਦੇ ਚੇਅਰਮੈਨ ਜਸਟਿਸ ਅਜੀਤ ਸਿੰਘ ਬੈਂਸ ਦਾ ਕਹਿਣਾ ਹੈ ਕਿ ਭਗਵੇਂਵਾਦੀ ਨੈਟਵਰਕ ਦੀਆਂ ਇਹ ਅਣਮਨੁੱਖੀ ਹਰਕਤਾਂ ਹਨ। ਭਾਵੇਂ ਕਿ ਸਫੂਰਾ ਅਣਵਿਆਹੀ ਹੈ ਜਾਂ ਵਿਆਹੀ ਹੈ, ਕਿਸੇ ਨੂੰ ਵੀ ਜੱਜ ਬਣਨ ਦਾ ਅਧਿਕਾਰ ਨਹੀਂ ਹੈ। ਇਹ ਕੌਣ ਹੁੰਦੇ ਹਨ, ਜੋ ਸ਼ਫੂਰਾ ਨੂੰ ਕਰੈਕਟਰ ਸਰਟੀਫਿਕੇਟ ਦੇ ਰਹੇ ਹਨ? ਉਸ ਉੱਪਰ ਇਹ ਕਾਲਾ ਕਾਨੂੰਨ ਥੋਪਣਾ ਕਿਸੇ ਵੀ ਤਰਾਂ ਦੀ ਜਮਹੂਰੀਅਤ ਨਹੀਂ ਹੈ। ਇਸ ਦੀ ਡੱਟ ਕੇ ਵਿਰੋਧਤਾ ਕੀਤੀ ਜਾਣੀ ਚਾਹੀਦੀ ਹੈ। ਸਫੂਰਾ ਦੇ ਮਾਮਲੇ ਵਿਚ ਜੋ ਵੀ ਹੋਇਆ, ਇਕ ਸਭਿਅਕ ਸਮਾਜ ਵਿਚ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਣਾ ਚਾਹੀਦਾ। ਸਫੂਰਾ ਦੀ ਭੈਣ ਸਾਮੀਆ ਕਹਿੰਦੀ ਹੈ, "ਉਸਨੂੰ ਝੂਠੇ ਇਲਜ਼ਾਮ ਲਗਾ ਕੇ ਦੋਸ਼ੀ ਠਹਿਰਾਇਆ ਗਿਆ ਸੀ।" ਫਿਰ, ਧਰਮ ਦੀ ਆੜ ਵਿਚ, ਇਕ ਪੂਰੀ ਭਗਵੀਂ ਟਰੋਲ ਆਰਮੀ ਉਸ ਨਾਲ ਅਸ਼ਲੀਲ ਦੁਰਵਿਵਹਾਰ ਕਰ ਰਹੀ ਹੈ, ਪਰ ਪੁਲੀਸ ਕੋਈ ਕਾਰਵਾਈ ਨਹੀਂ ਕਰ ਰਹੀ।

ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ ਕਾਟਜੂ ਆਖਦੇ ਹਨ ਕਿ ਸਾਡੇ ਦੇਸ਼ ਵਿਚ ਮੁਸਲਮਾਨਾਂ ਦੀ ਸਥਿਤੀ ਕਿਸੇ ਤੋਂ ਲੁਕੀ ਨਹੀਂ ਹੈ। ਅਜਿਹੀ ਸਥਿਤੀ ਵਿੱਚ, ਇੱਕ ਮੁਸਲਿਮ ਔਰਤ ਨੇ ਆਪਣੇ ਹੱਕਾਂ ਲਈ ਆਵਾਜ਼ ਬੁਲੰਦ ਕੀਤੀ ਤਾਂ ਭਗਵੇਂ ਲੋਕਾਂ ਨੇ ਉਸ ਨੂੰ ਬਦਨਾਮ ਕਰਨਾ ਸ਼ੁਰੂ ਕਰ ਦਿੱਤਾ। ਕੇਂਦਰ ਸਰਕਾਰ ਸ਼ੁਰੂ ਤੋਂ ਹੀ ਘੱਟ ਗਿਣਤੀਆਂ ਨੂੰ ਸ਼ੱਕ ਦੇ ਨਾਲ ਵੇਖ ਰਹੀ ਹੈ, ਜੋ ਕਿ ਗੈਰ ਜਮਹੂਰੀਅਤ ਤੇ ਗੈਰ ਕਾਨੂੰਨੀ ਹੈ। ਕਾਟਜੂ ਦਾ ਕਹਿਣਾ ਹੈ ਕਿ ਕੋਰੋਨਾ ਦੇ ਇਸ ਔਖੇ ਸਮੇਂ ਵਿੱਚ, ਜਦੋਂ ਦੇਸ਼ ਦੀਆਂ ਕਈ ਜੇਲਾਂ ਵਿੱਚ ਬੰਦ ਕੈਦੀਆਂ ਨੂੰ ਸਾਵਧਾਨੀ ਵਜੋਂ ਰਿਹਾਅ ਕੀਤਾ ਜਾ ਰਿਹਾ ਹੈ ਤਾਂ ਅਜਿਹੀ ਸਥਿਤੀ ਵਿੱਚ, ਗਰਭਵਤੀ ਔਰਤ ਨਾਲ ਅਜਿਹਾ ਸਲੂਕ ਕਰਨਾ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੈ। ਪਿਛਲੇ ਸਮੇਂ, ਪੁਲਿਸ ਅਕਸਰ ਨਿਰਦੋਸ਼ ਲੋਕਾਂ ਨੂੰ ਗ੍ਰਿਫਤਾਰ ਕਰਦੀ ਹੈ ਅਤੇ ਉਨਾਂ ਵਿਰੁੱਧ ਝੂਠੇ ਦੋਸ਼ ਪੱਤਰ ਦਾਖਲ ਕਰਦੀ ਹੈ ਅਤੇ ਝੂਠੇ ਸਬੂਤ ਤਿਆਰ ਕਰਦੀ ਹੈ ਪਰ ਹੁਣ ਇਹ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ। ਦਿੱਲੀ ਪੁਲਿਸ ਕਈ ਹੋਰ ਰਾਜਾਂ ਦੀ ਪੁਲਿਸ ਦੀ ਤਰਾਂ 'ਪਿੰਜਰੇ ਦਾ ਤੋਤਾ' ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਨਿਆਂਪਾਲਿਕਾ, ਜੋ ਸੰਵਿਧਾਨ ਦੀ ਸੁਰੱਖਿਆ ਅਤੇ ਨਾਗਰਿਕਾਂ ਦੇ ਅਧਿਕਾਰਾਂ ਲਈ ਬਣਾਈ ਗਈ ਹੈ, ਕੀ ਉਹ ਆਪਣਾ ਫਰਜ਼ ਨਿਭਾ ਰਹੀ ਹੈ?

ਇਸ ਦੌਰਾਨ ਮਨੁੱਖੀ ਅਧਿਕਾਰ ਸੰਗਠਨ ਐਮਨੇਸਟੀ ਇੰਡੀਆ ਨੇ ਸਫੂਰਾ ਦੀ ਗ੍ਰਿਫਤਾਰੀ ਦਾ ਵਿਰੋਧ ਕਰਦਿਆਂ ਕਿਹਾ ਹੈ, 'ਭਾਰਤ ਸਰਕਾਰ ਨੇ ਇਸ ਸੰਕਟ ਦੌਰਾਨ ਇਕ ਗਰਭਵਤੀ ਔਰਤ ਨੂੰ ਗ੍ਰਿਫਤਾਰ ਕਰਕੇ ਬੇਰਹਿਮੀ ਤੇ ਬੇਇਨਸਾਫੀ ਦਾ ਸਬੂਤ ਦਿੱਤਾ ਹੈ ਅਤੇ ਉਸ ਨੂੰ ਕੋਰੋਨਾ ਵਾਇਰਸ ਸੰਕਟ ਦੌਰਾਨ ਜੇਲ ਵਿਚ ਭੇਜ ਦਿੱਤਾ ਹੈ। ਅਸੀਂ ਸਫੂਰਾ ਦੀ ਤੁਰੰਤ ਰਿਹਾਈ ਦੀ ਮੰਗ ਕਰਦੇ ਹਾਂ। ਐਮਨੈਸਟੀ ਦਾ ਕਹਿਣਾ ਹੈ ਕਿ ਸੰਯੁਕਤ ਰਾਸ਼ਟਰ ਦੇ ਨਿਯਮਾਂ ਅਨੁਸਾਰ ਗਰਭਵਤੀ ਔਰਤਾਂ ਲਈ ਮੁਕੱਦਮਾ ਸ਼ੁਰੂ ਹੋਣ ਤੋਂ ਪਹਿਲਾਂ ਪੁਲਿਸ ਨੂੰ ਉਨਾਂ ਦੀ ਗ੍ਰਿਫਤਾਰੀ ਦੀ ਬਜਾਏ ਹੋਰ ਬਦਲ ਲੱਭਣੇ ਚਾਹੀਦੇ ਹਨ।

ਸਫੂਰਾ ਦਾ ਪਤੀ ਸਬੂਰ ਅਹਿਮਦ ਸਿਰਵਾਲ ਕਹਿੰਦਾ ਹੈ ਕਿ ਸਫੂਰਾ ਬੇਕਸੂਰ ਹੈ ਅਤੇ ਅਸੀਂ ਇਹ ਲੜਾਈ ਮਿਲ ਕੇ ਲੜਾਂਗੇ। ਅਲਜਾਜ਼ੀਰਾ ਨੇ ਉਸ ਦੇ ਪਤੀ ਦੇ ਹਵਾਲੇ ਨਾਲ ਕਿਹਾ, "ਉਹ 10 ਫਰਵਰੀ ਨੂੰ ਪੁਲਿਸ ਨਾਲ ਇਕ ਬਹਿਸ ਵਿਚ ਬੇਹੋਸ਼ ਹੋ ਗਈ ਸੀ ਤੇ ਫਿਰ ਗਰਭ ਅਵਸਥਾ ਵਧਣ ਤੋਂ ਬਾਅਦ ਉਸ ਨੂੰ ਆਰਾਮ ਕਰਨ ਲਈ ਕਿਹਾ ਗਿਆ ਹੈ। ਉਹ ਤਾਂ ਘਰੋਂ ਬਾਹਰ ਨਹੀਂ ਤਾਂ ਦੰਗੇ ਕਿਸ ਤਰਾਂ ਰਚ ਦਿੱਤੇ? ਇਸ ਸਮੇਂ, ਸਫੂਰਾ ਦਾ ਪਤੀ, ਭੈਣ ਅਤੇ ਮਾਪੇ ਉਸ ਦੀ ਅਤੇ ਉਸਦੇ ਬੱਚੇ ਦੀ ਸਿਹਤ ਨੂੰ ਲੈ ਕੇ ਚਿੰਤਤ ਹਨ। ਉਹ ਸ਼ਫੂਰਾ ਦੀ ਜ਼ਮਾਨਤ ਕਰਵਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਟਵਿੱਟਰ 'ਤੇ ਅਜਿਹਾ ਮਾਹੌਲ ਵੇਖਦਿਆਂ ਉਸ ਦੀ ਭੈਣ ਸਾਮੀਆ ਨੇ ਕਿਹਾ ਹੈ ਕਿ ਸਭ ਕੁਝ ਜਲਦੀ ਠੀਕ ਹੋ ਜਾਵੇਗਾ। ਉਹ ਸਫੂਰਾ ਨੂੰ ਚੜਦੀ ਕਲਾ ਵਿਚ ਰਹਿਣ ਲਈ ਕਹਿ ਰਹੀ ਹੈ।

ਦਿ ਪ੍ਰਿੰਟ ਦੀ ਇਕ ਰਿਪੋਰਟ ਦੇ ਅਨੁਸਾਰ, ਪੁਲਿਸ ਦਾ ਕਹਿਣਾ ਹੈ ਕਿ ਉਨਾਂ ਕੋਲ ਸਫੂਰਾ ਖਿਲਾਫ ਸਬੂਤ ਹਨ। ਅਗਲਾ ਕੰਮ ਨਿਆਂਪਾਲਿਕਾ ਦਾ ਹੈ। ਤਿਹਾੜ ਜੇਲ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਸ ਦੀ ਸਹੀ ਡਾਕਟਰੀ ਦੇਖਭਾਲ ਕੀਤੀ ਜਾ ਰਹੀ ਹੈ। ਸਵਾਲ ਇਹ ਹੈ ਕਿ ਭਗਵੇਂਵਾਦੀ ਕਿੰਨਾ ਖਤਰਨਾਕ ਨਫ਼ਰਤਾਂ ਦਾ ਬੋਝ ਢੋਅ ਰਹੇ ਹਨ। ਇਹੋ ਜਿਹੀ ਅਣਮਨੁਖੀ ਖੇਡ ਖੇਡ ਨੇ ਭਾਰਤ ਨੂੰ ਧਰਮਾਂ ਵਿਚ ਵੰਡ ਕੇ ਰੱਖ ਦਿੱਤਾ ਹੈ ਤੇ ਭਾਰਤ ਦੀ ਕਿਸਮਤ ਨੂੰ ਦੰਗਿਆਂ ਵਲ ਤੋਰ ਦਿੱਤਾ ਹੈ। ਇਹੋ ਜਿਹਾ ਦੇਸ ਕਿਵੇਂ ਵਿਕਾਸ ਕਰ ਸਕਦਾ ਹੈ, ਜਿੱਥੇ ਧਰਮਾਂ ਦੇ ਨਾਮ 'ਤੇ ਦੰਗਿਆਂ ਦੇ ਨਾਮ 'ਤੇ ਰਾਜਨੀਤੀ ਹੁੰਦੀ ਹੋਵੇ।

# ਕੋਰੋਨਾ: ਸਮਾਜ ਹੋਰ ਡਰਾਉਣਾ, ਹਿੰਸਕ ਅਤੇ ਜ਼ਾਲਮ ਕਿਉਂ ਬਣ ਗਿਆ?



- ਅਪੂਰਵਾਨੰਦ

ਜਦੋਂ ਦਾ ਭਾਰਤ ਵਿਚ ਕੋਰੋਨਾ ਆਇਆ ਹੈ, ਡਰ, ਦਹਿਸ਼ਤ, ਨਫ਼ਰਤ ਸਾਡੀ ਸੋਚ ਦਾ ਆਧਾਰ ਬਣ ਗਏ ਹਨ। ਜਦੋਂ ਪ੍ਰਧਾਨ ਮੰਤਰੀ ਮੋਦੀ ਜੀ ਵਲੋਂ ਕੋਰੋਨਾ ਖਿਲਾਫ਼ ਲੜਾਈ ਦਾ ਐਲਾਨ ਕੀਤਾ ਗਿਆ ਸੀ ਤਾਂ ਹਰ ਦੇਸ਼ ਵਾਸੀ ਨੂੰ ਯੋਧਾ ਦੀ ਉਪਾਧੀ ਦਿੱਤੀ ਗਈ ਸੀ। ਇਹ ਕਿਹਾ ਜਾਂਦਾ ਸੀ ਕਿ ਸਾਰੇ ਦੇਸ਼ ਨੂੰ ਮਿਲ ਕੇ ਲੜਨਾ ਹੋਵੇਗਾ। ਹੈਲੀਕਾਪਟਰਾਂ ਰਾਹੀਂ ਫੁੱਲਾਂ ਦੀ ਵਰਖਾ ਡਾਕਟਰਾਂ, ਪੁਲੀਸ ਵਾਲਿਆਂ, ਸਫਾਈ ਕਰਮਚਾਰੀਆਂ 'ਤੇ ਹੋਈ। ਪਰ ਤੁਹਾਨੂੰ ਇਨਾਂ ਦੋ ਮਹੀਨਿਆਂ ਵਿੱਚ ਬਹਾਦਰੀ ਦੀਆਂ ਕਿੰਨੀਆਂ ਤਸਵੀਰਾਂ ਯਾਦ ਹਨ?

ਅਮੀਰ ਲੋਕ ਜੋ ਆਰਥਿਕ ਤੌਰ 'ਤੇ ਮਜ਼ਬੂਤ ਸਾਮਾਜਿਕ ਤੌਰ 'ਤੇ ਸੁਰੱਖਿਅਤ ਸਨ, ਉਹ ਇਸ ਵਾਇਰਸ ਦੌਰਾਨ ਸਭ ਤੋਂ ਵੱਧ ਕਿਉਂ ਡਰੇ ਹੋਏ ਹਨ। ਵੱਡੀਆਂ ਗੇਟਡ ਕਲੋਨੀਆਂ ਵੱਲ ਦੇਖੋ, ਜਿਸ ਉੱਪਰ ਤਾਲੇ ਜੜੇ ਹੋਏ ਹਨ। ਕੋਈ ਦੂਸਰਾ ਵਿਅਕਤੀ ਆ ਜਾ ਨਹੀਂ ਸਕਦਾ। ਇਹ ਅਮੀਰ ਲੋਕ ਸਿਹਤ ਤੇ ਆਪਣੀ ਹੋਂਦ ਪੱਖੋ ਸਭ ਤੋਂ ਵੱਧ ਸੁਰੱਖਿਅਤ ਹਨ। ਪਰ ਹੈਰਾਨੀ ਦੀ ਗੱਲ ਹੈ ਕਿ ਇਹ ਸਭ ਤੋਂ ਵਧ ਡਰੇ ਹੋਏ ਹਨ। ਹਾਲਾਂਕਿ ਉਨਾਂ ਕੋਲ ਪੈਸਾ ਵੀ ਹੈ ਅਤੇ ਸਿਆਸੀ ਤੇ ਸਰਕਾਰੀ ਪਹੁੰਚ ਵੀ ਹੈ। ਇਸ ਦੇ ਬਾਵਜੂਦ ਉਹ ਸਭ ਤੋਂ ਜ਼ਿਆਦਾ ਮੌਤ ਤੋਂ ਡਰੇ ਹੋਏ ਹਨ। ਇਸੇ ਡਰ ਕਾਰਨ ਉਨਾਂ ਸਮਾਜ ਨਾਲੋਂ ਨਾਤਾ ਤੋੜ ਲਿਆ ਹੈ। ਕੋਰੋਨਾ ਵਾਇਰਸ ਤੋਂ ਬਚਣ ਲਈ ਸ਼ੋਸ਼ਲ ਡਿਸਟੈਸਿੰਗ ਇਸ ਅਮੀਰ ਸ਼੍ਰੇਣੀ ਦੀ ਹੋਂਦ ਦਾ ਤਰਕ ਹੈ। ਸਮਾਜਿਕ ਦੂਰੀ ਭਾਰਤੀ ਰਾਜਨੀਤੀ ਦਾ ਇੱਕ ਸਿਧਾਂਤ ਵੀ ਹੈ। ਇਹ ਰਾਜਨੀਤਕ ਸਿਧਾਂਤ ਨੇਤਾਵਾਂ ਨੂੰ ਆਮ ਲੋਕਾਂ ਤੋਂ ਦੂਰ ਰੱਖਦਾ ਹੈ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਇਕ ਬਿਆਨ ਜਾਰੀ ਕੀਤਾ ਕਿ ਪੂਰੀ ਦੁਨੀਆਂ ਵਿਚ ਨਸਲੀ ਰਾਸ਼ਟਰਵਾਦ ਦੀ ਸੁਨਾਮੀ ਆਈ ਹੋਈ ਹੈ। ਯਹੂਦੀ ਮੁਸਲਿਮ ਅਤੇ ਪਰਵਾਸੀ ਵਿਰੋਧੀ ਪ੍ਰਦਰਸ਼ਨ ਹੋ ਚੁੱਕੇ ਹਨ। ਉਸਨੇ ਕਿਹਾ, 'ਵਿਦੇਸ਼ੀ ਲੋਕਾਂ ਖਿਲਾਫ ਨਸਲਵਾਦੀ ਵਰਤਾਰਾ ਜਾਰੀ ਹੈ।

ਯਹੂਦੀਆਂ ਵਿਰੁੱਧ ਸਾਜ਼ਿਸ਼ ਦਾ ਦੌਰ ਜਾਰੀ ਹੈ ਅਤੇ ਕੋਵਿਡ -19 ਦੇ ਬਹਾਨੇ ਮੁਸਲਮਾਨਾਂ 'ਤੇ ਵੀ ਹਮਲੇ ਹੋ ਰਹੇ ਹਨ। ਇਸ ਸਮੇਂ ਦੌਰਾਨ ਘੱਟ ਗਿਣਤੀਆਂ, ਪ੍ਰਵਾਸੀਆਂ ਤੇ ਸ਼ਰਨਾਰਥੀਆਂ ਨੂੰ ਵਾਇਰਸ ਦਾ ਸਰੋਤ ਦੱਸਿਆ ਜਾ ਰਿਹਾ ਹੈ ਤੇ ਉਨਾਂ ਨੂੰ ਡਾਕਟਰੀ ਸਹੂਲਤਾਂ ਦੇਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ। ਇਟਲੀ ਵਿਚ ਬਜ਼ੁਰਗ ਲੋਕਾਂ ਨਾਲ ਮਾੜਾ ਵਰਤਾਰਾ ਕੀਤਾ ਗਿਆ। ਸੜਕਾਂ 'ਤੇ ਬਜ਼ੁਰਗ ਲੋਕਾਂ ਨੂੰ ਪਹਿਲਾਂ ਹੀ ਮਰਨਾ ਛੱਡ ਦਿੱਤਾ ਗਿਆ। ਇਸ ਵਾਇਰਸ ਦੌਰਾਨ ਇਹ ਸਮਾਜਿਕ ਦੂਰੀਆਂ ਜੋ ਦਿਲ ਦੀਆਂ ਦੂਰੀਆਂ ਬਣ ਗਈਆਂ ਉਹ ਕਿੰਨੀਆਂ ਖਤਰਨਾਕ ਤੇ ਘਾਤਕ ਹਨ।

ਪਰ ਇਸ ਨਫ਼ਰਤੀ ਵਾਇਰਸਾਂ ਤੇ ਅਖੌਤੀ ਰਾਸ਼ਟਰਵਾਦੀ ਪੜਾਅ ਵਿਚ ਇਹ ਮਨੁੱਖਤਾ ਨੂੰ ਸਮਝਣਾ ਮੁਸ਼ਕਲ ਹੋ ਰਿਹਾ ਹੈ। ਅਖੌਤੀ ਰਾਸ਼ਟਰਵਾਦੀ ਪਹਿਲਾਂ ਹੀ ਆਪਣੇ ਦੇਸ਼ ਦੇ ਸਰੀਰ ਨੂੰ ਬਾਹਰੀ ਭ੍ਰਿਸ਼ਟਾਚਾਰ ਤੋਂ ਬਚਾਉਣ ਦੀ ਮੁਹਿੰਮ ਵਿਚ ਲੱਗੇ ਹੋਏ ਹਨ। ਇਸ ਲਈ ਉਨਾਂ ਨੂੰ ਬਿਮਾਰੀ ਦੇ ਸਰੋਤ ਦੀ ਪਛਾਣ ਕਰਨ ਦਾ ਅਧਿਕਾਰ ਮਿਲਿਆ ਹੈ ਅਤੇ ਨਵਾਂ ਜੋਸ਼ ਵੀ। ਇਹ ਫਿਰਕੂ ਹਿੰਸਾ ਨਾਲ ਉਤਸ਼ਾਹਿਤ ਤੇ ਰਾਸ਼ਟਰ ਦਾ ਰਾਖਾ ਬਣਨ ਦੀ ਇੱਛਾ ਵਿਚ ਅਖੌਤੀ ਰਾਸ਼ਟਰਵਾਦੀ ਅਨੰਦ ਵਿਚ ਡੁੱਬੇ ਹੋਏ ਹਨ। ਭਾਰਤ ਵਿਚ ਮੁਸਲਮਾਨਾਂ ਵਿਰੁੱਧ ਨਫ਼ਰਤ ਅਤੇ ਹਿੰਸਾ, ਜੋ ਕਿ ਪਹਿਲਾਂ ਹੀ ਉਨਾਂ ਪ੍ਰਤੀ ਨਵੇਂ ਨਾਗਰਿਕਤਾ ਕਾਨੂੰਨ ਦੇ ਵਾਤਾਵਰਨ ਵਿਚ ਜ਼ਾਹਰ ਕੀਤੀ ਜਾ ਰਹੀ ਸੀ ਤੇ ਹੁਣ ਕੋਰੋਨਾ ਵਾਇਰਸ ਕਾਰਨ ਇਹ ਨਫ਼ਰਤ ਦਾ ਭਿਅੰਕਰ ਯੁੱਧ ਖੇਡਿਆ ਜਾ ਰਿਹਾ ਹੈ। ਤਬਲੀਗੀ ਜਮਾਤ ਨੂੰ ਕੋਰੋਨਾ ਸੰਕਰਮ ਦਾ ਸਭ ਤੋਂ ਵੱਡਾ ਸਰੋਤ ਦੱਸਿਆ ਜਾ ਰਿਹਾ ਹੈ। ਮੁਸਲਮਾਨਾਂ ਦਾ ਆਰਥਿਕ ਬਾਈਕਾਟ ਕੀਤਾ ਜਾ ਰਿਹਾ ਹੈ। ਉਨਾਂ 'ਤੇ ਮਾਨਸਿਕ ਤੇ ਸਰੀਰਕ ਹਮਲੇ ਕੀਤੇ ਜਾ ਰਹੇ ਹਨ। ਅਸੀਂ ਜਾਣਦੇ ਹਾਂ ਕਿ ਇਸ ਕੋਰੋਨਾ ਵਾਇਰਸ ਦੇ ਲੰਘ ਜਾਣ ਤੋਂ ਬਾਅਦ ਵੀ ਹਰ ਪਿੰਡ ਵਿਚ ਮੁਸਲਮਾਨਾਂ ਵਿਚ ਇਹ ਡਰ ਬਣਿਆ ਰਹੇਗਾ। ਰੋਹਿੰਗਿਆ ਸ਼ਰਨਾਰਥੀ ਵੀ ਇਸ ਨਸਲਵਾਦੀ ਨਫ਼ਰਤ ਦਾ ਸ਼ਿਕਾਰ ਹੋਏ ਹਨ।

ਭਾਰਤ ਵਿਚ ਨੇਤਾਵਾਂ ਦੀ ਕਮੀ ਨਹੀਂ ਹੈ। ਪਰ ਇਹ ਸਾਰੇ ਨੇਤਾ ਇਸ ਨਵੇਂ ਵਾਇਰਸ ਕੋਰੋਨਾ ਤੋਂ ਡਰੇ ਹੋਏ ਹਨ। ਉਹਨਾਂ ਕੋਲ ਲੋਕਾਂ ਦੀ ਅਗਵਾਈ ਕਰਨ ਦੀ ਹਿੰਮਤ ਨਹੀਂ ਹੈ। ਜੇ ਹਿੰਮਤ ਹੁੰਦੀ ਤਾਂ ਉਹ ਇਸ ਸੰਕਟ ਦਾ ਸ਼ਿਕਾਰ ਘੱਟ ਗਿਣਤੀਆਂ ਦੇ ਹੱਕ ਵਿਚ ਖਲੌਂਦੇ ਜੋ ਨਫ਼ਰਤੀ ਵਾਇਰਸਾਂ ਦਾ ਸ਼ਿਕਾਰ ਬਣੇ ਹੋਏ ਹਨ ਤੇ ਸਾਮਾਜਿਕ ਬਾਈਕਾਟ ਦਾ ਦੁਖਾਂਤ ਹੰਢਾ ਰਹੇ ਹਨ। ਸਾਨੂੰ ਇਸ ਬਾਰੇ ਭਾਜਪਾ ਤੋਂ ਉਮੀਦ ਨਹੀਂ ਹੈ ਕਿ ਉਹ ਕਮਜ਼ੋਰ ਲੋਕਾਂ ਦੀ ਰਾਖੀ ਕਰੇਗੀ, ਪਰ ਸੁਆਲ ਇਹ ਹੈ ਕਿ ਦੂਜੀਆਂ ਪਾਰਟੀਆਂ ਨੇ ਇਸ ਮੁਸਲਿਮ ਵਿਰੋਧੀ ਨਫ਼ਰਤ ਵਿਰੁੱਧ ਕੋਈ ਮੁਹਿੰਮ ਕਿਉਂ ਨਹੀਂ ਚਲਾਈ। ਸੰਯੁਕਤ ਰਾਸ਼ਟਰ ਦੇ ਮੁਖੀ ਨੇ ਇਸ ਤਰਾਂ ਦਾ ਬਿਆਨ ਵੀ ਨਹੀਂ ਦਿੱਤਾ। ਕੀ ਇਹ ਨਫ਼ਰਤੀ ਵਰਤਾਰਾ ਇਕ ਸਾਧਾਰਨ ਗੱਲ ਹੈ?

ਉਰਵਿਸ਼ ਕੋਠਾਰੀ ਦੱਖਣੀ ਅਫਰੀਕਾ ਵਿੱਚ ਗਾਂਧੀ ਦੇ ਦਿਨਾਂ ਨੂੰ ਯਾਦ ਕਰਦੇ ਹਨ।1904 ਦੌਰਾਨ ਗਾਂਧੀ ਨੇ ਜੋਹਾਨਸਬਰਗ ਵਿਚ ਫੈਲ ਰਹੀ ਮਹਾਂਮਾਰੀ ਦੇ ਦੌਰਾਨ ਬਿਮਾਰ ਲੋਕਾਂ ਦੀ ਸੇਵਾ ਕਰਕੇ ਆਪਣੀ ਜਾਨ ਨੂੰ ਖ਼ਤਰੇ ਵਿਚ ਪਾ ਦਿੱਤਾ ਤੇ ਨਸਲਵਾਦ ਵਿਰੁਧ ਮੁਹਿਮ ਵੀ ਛੇੜੀ। ਪਰ ਅੱਜ ਦੇ ਨੇਤਾ ਕੀ ਕਰ ਰਹੇ ਹਨ ਅਤੇ ਉਹ ਕਿੱਥੇ ਦਿਖਾਈ ਦਿੰਦੇ ਹਨ? ਮੁਸਲਮਾਨਾਂ 'ਤੇ ਹਮਲਿਆਂ ਦੇ ਵਿਰੁੱਧ ਸਾਡੇ ਨੇਤਾ ਕਿੱਥੇ ਹਨ? ਕੌਣ ਹੈ ਉਨਾਂ ਮਨੁੱਖਾਂ ਦੇ ਨੇੜੇ ਜੋ ਭੁੱਖੇ, ਪਿਆਸੇ, ਰੇਲ ਦੇ ਹੇਠਾਂ ਤੁਰਦੇ, ਮਰ ਰਹੇ ਹਨ। ਉਨਾਂ ਦਾ ਹੌਂਸਲਾ ਤੋੜਿਆ ਜਾ ਰਿਹਾ ਹੈ। ਪਰ ਸਾਡੇ ਨੇਤਾ ਕਿੱਥੇ ਹਨ?

ਦੋ ਮਹੀਨਿਆਂ ਦੌਰਾਨ ਕੋਰੋਨਾ ਦੀ ਲਾਗ ਦੀ ਦਹਿਸ਼ਤ ਕਾਰਨ ਭਾਰਤੀ ਸਮਾਜ ਪਹਿਲਾਂ ਨਾਲੋਂ ਵਧੇਰੇ ਡਰਾਉਣਾ ਹੋ ਗਿਆ ਹੈ। ਇਸ ਲਈ ਉਹ ਵਧੇਰੇ ਸੁਆਰਥੀ, ਵਧੇਰੇ ਸ਼ੱਕੀ, ਦੂਜਿਆਂ ਨਾਲੋਂ ਵਧੇਰੇ ਦੂਰ ਹੈ ਅਤੇ ਇਨਾਂ ਕਾਰਨਾਂ ਕਰਕੇ ਵਧੇਰੇ ਹਿੰਸਕ ਅਤੇ ਜ਼ਾਲਮ ਹੈ। ਇਸ ਲਈ ਨਫ਼ਰਤ ਫੈਲਾ ਰਿਹਾ ਹੈ। ਸਾਨੂੰ ਉਨਾਂ ਨਾਲ ਗੱਲ ਨਹੀਂ ਕਰਨੀ ਚਾਹੀਦੀ ਜੋ ਇਸ ਵਾਰ ਮਨੁੱਖਤਾ ਦੀ ਯਾਦ ਨੂੰ ਕਾਇਮ ਰੱਖਣ ਲਈ ਭੱਜੇ ਭੁੱਖੇ ਪਿਆਸੇ ਲੋਕਾਂ ਨੂੰ ਕੁਝ ਰਾਹਤ ਪ੍ਰਦਾਨ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਉਨਾਂ ਲੋਕਾਂ ਨੂੰ ਗ੍ਰਿਫਤਾਰ ਕੀਤਾ ਜਾ ਰਿਹਾ ਹੈ, ਜੋ ਲੋਕਾਂ ਲਈ ਖੜੇ ਹਨ ਤੇ ਸੰਘਰਸ਼ ਕਰ ਰਹੇ ਹਨ। ਚਾਹੇ ਉਹ ਪੱਤਰਕਾਰ ਹਨ, ਬੁੱਧੀਜੀਵੀ ਹਨ ਜਾਂ ਮਨੁੱਖੀ ਅਧਿਕਾਰ ਸੰਗਠਨਾਂ ਦੇ ਆਗੂ ਹਨ। ਇਹ ਸਰਕਾਰ ਦੀ ਅਕਲ ਹੈ ਜੋ ਉਨਾਂ 'ਤੇ ਨਜ਼ਰ ਰੱਖ ਰਹੀ ਹੈ, ਅਤੇ ਉਨਾਂ ਨੂੰ ਆਪਣਾ ਨਿਸ਼ਾਨਾ ਬਣਾਉਂਦੀ ਹੈ। ਕਿਤੇ ਸਾਡਾ ਸਮਾਜ ਕਾਇਰਤਾਪੂਰਣ ਸਮਾਜ ਦੀ ਸਿਰਜਣਾ ਵਲ ਤਾਂ ਨਹੀਂ ਵੱਧ ਰਿਹਾ?

# ਨੌਜਵਾਨਾਂ ਵਾਸਤੇ ਆਰਥਿਕਤਾ ਦੇ ਦਰਵਾਜ਼ੇ ਪੂਰੀ ਤਰਾਂ ਖੋਲਣ ਦੀ ਲੋੜ



- ਬਰਿੰਦਰ ਸਿੰਘ ਭੁੱਲਰ

ਸਾਡੀ ਦੁਨੀਆ ਮਹੱਤਵਪੂਰਣ ਢੰਗ ਨਾਲ ਬਦਲ ਗਈ ਹੈ। ਅਸੀਂ ਇਕ ਅਸਾਧਾਰਨ ਤੇ ਅਸਥਿਰ ਦੌਰ ਵਿਚੋਂ ਗੁਜ਼ਰ ਰਹੇ ਹਾਂ। ਵਿਸ਼ਵ ਭਰ ਵਿਚ ਸਰਕਾਰਾਂ ਅਤੇ ਉਦਮੀ-ਕਾਰੋਬਾਰੀ ਜ਼ਿੰਮੇਵਾਰੀ ਨਾਲ ਆਰਥਿਕਤਾ ਨੂੰ ਮੁੜ ਚਾਲੂ ਕਰਨ ਦੀ ਲੋੜ ਵੱਲ ਧਿਆਨ ਕੇਂਦਰਿਤ ਕਰ ਰਹੇ ਹਨ। ਇਸ ਮੌਜੂਦਾ ਮਹਾਂਮਾਰੀ ਸੰਕਟ ਦੇ ਚਲਦਿਆਂ ਦੂਸਰੇ ਤੇ ਤੀਸਰੇ ਪੜਾਅ ਦੀਆਂ ਆਰਥਿਕ ਤੇ ਸਮਾਜਿਕ ਚੁਣੌਤੀਆਂ ਦਰਮਿਆਨ ਨੀਤੀ ਘਾੜਿਆਂ ਲਈ ਰਵਾਇਤੀ ਨੀਤੀਗਤ ਫੈਸਲਿਆਂ ਤੋਂ ਅੱਗੇ ਸੋਚਣਾ ਵੀ ਚਨੌਤੀਪੂਰਣ ਬਣ ਗਿਆ ਹੈ। ਇਸ ਸੰਦਰਭ ਵਿਚ ਇਹ ਸਮਾਂ ਹੈ ਕਿ ਕੈਨੇਡਾ ਦੇ ਪਬਲਿਕ ਅਤੇ ਨਿੱਜੀ ਖੇਤਰ ਵਿਚ ਕਾਰਜਸ਼ੀਲ ਕੈਨੇਡੀਅਨ ਟਰੇਡ ਐਗਜ਼ੀਕਿਊਟਿਵ ਪੱਧਰ 'ਤੇ ਨਵੀਂ ਪੀੜੀ ਦੇ ਦ੍ਰਿਸ਼ਟੀਕੋਣ ਦਾ ਸਵਾਗਤ ਕੀਤਾ ਜਾਵੇ। ਇਮੀਗ੍ਰੇਸ਼ਨ ਵਿਰਾਸਤ ਅਤੇ ਕੈਨੇਡਾ ਵਿਚ ਪਲੇ-ਪੜੇ ਨੌਜਵਾਨ, ਸਫਲਤਾ ਲਈ ਵਿਸ਼ਵ ਵਿਚਾਲੇ ਇਕ ਅਹਿਮ ਪੁਲ ਦਾ ਕੰਮ ਕਰਦੇ ਹਨ। ਉਹ ਪੀੜੀ ਜੋ ਖੁੱਲੀ ਮੰਡੀ ਅਤੇ ਰੋਜ਼ਗਾਰ ਦੇ ਮੌਕਿਆਂ ਨੂੰ ਪੂਰੀ ਤਰਾਂ ਸਮਝਦੀ ਹੈ ਅਤੇ ਬੇਬੀ ਬੂਮਰਜ਼ ਅਤੇ ਮਿਲੇਨੀਅਲ ਦੇ ਤਜੁਰਬੇ ਵਿਚਾਲੇ ਪੁੱਲ ਦਾ ਕੰਮ ਕਰਦੀ ਹੈ । ਜੋ ਬਹੁਲਵਾਦੀ ਕੈਨੇਡਾ ਵਿਚ ਸਫਲ ਹਨ ਅਤੇ ਜਿਹਨਾਂ ਨੂੰ ਦੇਸ਼ ਦੀ ਖੁਸ਼ਹਾਲੀ ਵਿਚ ਯੋਗਦਾਨ ਪਾਉਣ ਲਈ ਅੱਗੇ ਆਉਣਾ ਚਾਹੀਦਾ ਹੈ। ਮੈਕਕਿਨਸੇ ਮੁਤਾਬਿਕ ਅੰਕੜੇ ਇਹ ਗੱਲ ਸਪੱਸ਼ਟ ਕਰਦੇ ਹਨ ਕਿ ਉਹ ਕੰਪਨੀਆਂ ਜੋ ਗਤੀਸ਼ੀਲਤਾ ਅਤੇ ਵਿਭਿੰਨਤਾ ਵਿਚ ਵਿਲੱਖਣ ਦ੍ਰਿਸ਼ਟੀਕੋਣਾਂ ਨੂੰ ਅਪਣਾਉਂਦੀਆਂ ਹਨ, ਉਹ ਸਮਕਾਲੀਆਂ ਨਾਲੋਂ ਜ਼ਿਆਦਾ ਸਫਲ ਹਨ।

ਇਹ ਹੈਰਾਨੀ ਵਾਲੀ ਗੱਲ ਨਹੀਂ ਹੋਣੀ ਚਾਹੀਦੀ ਕਿ ਸਮਾਜਿਕ ਵਿਭਿੰਨਤਾ (ਭਾਵ ਉਮਰ, ਲਿੰਗ, ਜਾਤ, ਨਸਲ ਵਗੈਰਾ ਸਬੰਧੀ ਵਿਭਿੰਨਤਾ) ਵਧੇਰੇ ਤਜੁਰਬਾ ਤੇ ਦੂਰਦ੍ਰਿਸਟੀ ਮੁਹੱਈਆ ਕਰਵਾਉਣ ਵਿਚ ਸਹਾਇਕ ਹੁੰਦੀ ਹੈ, ਜਿਸ ਨਾਲ ਕੰਪਨੀਆਂ ਅਤੇ ਕਾਰੋਬਾਰਾਂ ਵਿਚ ਵਧੇਰੇ ਸਫਲਤਾ ਅਤੇ ਪ੍ਰਤੀਯੋਗਤਾ ਵਿਚ ਸਹਾਇਤਾ ਮਿਲਦੀ ਹੈ।

ਅਸੀਂ ਜਲਦ ਹੀ ਕੈਨੇਡੀਅਨ ਆਰਥਿਕਤਾ ਦੀ ਰਿਕਵਰੀ ਲਈ ਸੰਭਾਵਨਾਵਾਂ ਅਤੇ ਖ਼ਤਰਿਆਂ ਨੂੰ ਪ੍ਰੀਭਾਸ਼ਤ ਕਰਨ ਵਾਲੀ ਕੌਮੀ ਬਹਿਸ ਵਿਚ ਰੁਝ ਜਾਵਾਂਗੇ। ਕੈਨੇਡਾ ਵਾਸਤੇ ਅਸਲ ਆਰਥਿਕ ਆਜ਼ਾਦੀ ਦਾ ਅਨੁਭਵ ਕਿਵੇਂ ਹੋਵੇ, ਲਈ ਕੈਨੇਡੀਅਨ ਵਸੀਲਿਆਂ, ਨਿਰਮਾਣ, ਨਵੀਨਤਾ ਤੇ ਮੁਹਾਰਤ ਭਰੀ ਰਣਨੀਤਕ ਸੋਚ ਨੂੰ ਪ੍ਰੀਭਾਸ਼ਤ ਕਰਨ ਵਾਸਤੇ ਸਾਨੂੰ ਵਿਸ਼ਵਵਿਆਪੀ ਬਾਜ਼ਾਰ ਵਿਚ ਕੈਨੇਡੀਅਨ ਪ੍ਰਤੀਯੋਗਤਾ ਨੂੰ ਤਰਜੀਹ ਦੇਣ ਦੀ ਲੋੜ ਹੋਵੇਗੀ।

ਕੈਨੇਡੀਅਨ ਕੰਪਨੀਆਂ, ਬੋਰਡਾਂ ਅਤੇ ਐਗਜ਼ੀਕਿਊਟਿਵਾਂ ਦਾ ਜਾਇਜ਼ਾ ਲੈਂਦਿਆਂ ਇਹ ਸਪੱਸ਼ਟ ਹੈ ਕਿ ਆਧੁਨਿਕ ਕਾਰੋਬਾਰੀ ਵਾਤਾਵਰਣ ਵਿਚ ਸਫਲ ਹੋਣ ਲਈ ਸਮਾਜਿਕ ਵਿਭਿੰਨਤਾ ਨੂੰ ਬਿਹਤਰ ਤਰੀਕੇ ਨਾਲ ਲਾਗੂ ਕਰਨ ਦੇ ਮੌਕੇ ਹਨ।

ਕਾਰਪੋਰੇਟ ਪ੍ਰਬੰਧ ਅਤੇ ਲੀਡਰਸ਼ਿਪ ਦੇ ਸਭ ਤੋਂ ਉਪਰਲੇ ਪੱਧਰ 'ਤੇ ਵਿਸ਼ਵ ਮੌਕੇ ਨੂੰ ਨੈਵੀਗੇਟ ਕਰਨ ਦੀ ਸਮਰੱਥਾ ਕਾਫੀ ਘਟ ਗਈ ਹੈ। ਦਰਮਿਆਨੇ ਆਕਾਰ ਦੇ ਕੈਨੇਡੀਅਨ ਉਦਮਾਂ ਦੀ ਬਹੁਗਿਣਤੀ ਕੋਲ ਉਨਾਂ ਮੌਕਿਆਂ ਦਾ ਲਾਭ ਲੈਣ ਵਿਚ ਵਿਸ਼ਵਾਸ ਦੀ ਘਾਟ ਦਿਖਾਈ ਦੇ ਰਹੀ ਹੈ ਜੋ ਕੈਨੇਡਾ ਨੇ ਵਿਸ਼ਵ ਭਰ ਵਿਚ 50 ਤੋਂ ਵੱਧ ਸਮਝੌਤੇ ਕੀਤੇ ਹੋਏ ਹਨ। ਸਾਡਾ ਦੇਸ਼ ਇਕ ਅਨੋਖੀ ਸਥਿਤੀ ਵਿਚ ਹੈ। ਯੂ ਐਸ-ਮੈਕਸੀਕੋ-ਕੈਨੇਡਾ ਸਮਝੋਤਾ (ਯੂ ਐਸ ਐਮ ਸੀ ਏ ) ਅਤੇ ਕੈਨੇਡਾ-ਯੂਰਪ ਟਰੇਡ ਸਮਝੈਤਾ (ਸੀਟਾ) ਆਦਿ ਕੈਨੇਡਾ ਲਈ ਇਕੱਲੇ ਇਸ ਤਰਾਂ ਦੀ ਸਥਿਤੀ ਬਣਾਉਂਦੇ ਹਨ ਜਿਹੜੇ ਪੱਛਮੀ ਵਿਕਸਤ ਮੁਲਕਾਂ ਲਈ ਇਕ ਪੋਰਟਲ ਵਜੋਂ ਕੰਮ ਕਰਦਾ ਹੈ। ਅਮਰੀਕਾ, ਅਫਰੀਕਾ ਅਤੇ ਇੰਡੋ-ਪੈਸੀਫਿਕ (ਖ਼ਾਸ ਕਰਕੇ ਸੀਪੀਟੀਪੀਪੀ ਨਾਲ) ਦੁਵੱਲੇ ਅਤੇ ਬਹੁਪੱਖੀ ਸਮਝੌਤਿਆਂ ਨੇ ਵਿਸ਼ਵ ਵਿਚ ਕਿਤੇ ਵੀ ਬੇਮਿਸਾਲ ਮੌਕਿਆਂ ਦੇ ਰਾਹ ਤਿਆਰ ਕੀਤੇ ਹਨ। ਭਾਵੇਂ ਕੈਨੇਡਾ ਲਈ ਕੈਨੇਡੀਅਨ ਨਿਵੇਕਲੇ ਪ੍ਰਸਤਾਵ ਨਾਲ ਨੌਕਰੀਆਂ, ਨਿਵੇਸ਼ ਅਤੇ ਰਣਨੀਤਕ ਭਾਈਵਾਲੀ ਨਾਲ ਵਪਾਰ ਨੂੰ ਵਧਾਉਣ ਦੀ ਸੰਭਾਵਨਾ ਮੌਜੂਦ ਹੈ ਪਰ ਇਹਨਾਂ ਮੌਕਿਆਂ ਦਾ ਲਾਹਾ ਲੈਣਾ ਕੈਨੇਡੀਅਨ ਉਦਮਾਂ 'ਤੇ ਨਿਰਭਰ ਕਰਦਾ ਹੈ। ਇਹ ਵਿਸ਼ੇਸ਼ ਰੂਪ ਵਿਚ ਕੋਵਿਡ-19 ਪਿਛੋਂ ਆਉਣ ਵਾਲੇ ਆਰਥਿਕ ਸਥਿਤੀ ਲਈ ਸਹੀ ਹੈ। ਕੈਨੇਡੀਅਨ ਇੰਡਸਟਰੀ ਨੂੰ ਸਾਡੇ ਲਈ ਵਿਸ਼ਵ ਆਰਥਿਕਤਾ ਨੂੰ ਮੁੜ ਤਰਤੀਬ ਦੇਣ ਦੀ ਲੋੜ ਹੋਵੇਗੀ ਜਿਸ ਵਿਚ ਵਿਸ਼ਵ ਆਰਥਿਕ ਜੀਵਨ ਦੇ ਸਾਰੇ ਪਹਿਲੂਆਂ ਵਿਚ ਪੁਨਰ ਗਠਿਤ ਸਪਲਾਈ ਚੇਨਜ਼ ਕੈਨੇਡੀਅਨ ਖੁਸ਼ਹਾਲੀ ਲਈ ਅਸਲ ਕੀਮਤ ਮੁਹੱਈਆ ਕਰੇਗੀ। ਬਿਹਤਰ ਯੋਜਨਾਬੰਦੀ ਜਿਸ ਦੀ ਕੈਨੇਡਾ ਪੇਸ਼ਕਸ਼ ਕਰਦਾ ਹੈ ਦੇ ਆਧਾਰ 'ਤੇ ਕੈਨੇਡਾ ਨੂੰ ਵਿਸ਼ਵ ਅਰਥ ਵਿਵਸਥਾ ਲੀਡਰਸ਼ਿਪ ਦਾ ਮਾਡਲ ਅਪਨਾਉਣ ਦੀ ਲੋੜ ਹੈ। ਕੈਨੇਡਾ ਉਹ ਧਰਤੀ ਹੈ ਜਿਸਦੇ ਤਟਾਂ ਉਪਰ ਬਹੁਤ ਸਾਰੇ ਪ੍ਰਵਾਸੀ ਮੌਕੇ ਅਤੇ ਪਨਾਹ ਦੀ ਤਲਾਸ਼ ਵਿਚ ਪੁੱਜੇ ਹਨ। ਉਹ ਆਪਣੇ ਪਰਿਵਾਰਾਂ ਦੇ ਚੰਗੇ ਪਾਲਣ ਪੋਸ਼ਣ ਅਤੇ ਸੁਨਹਿਰੀ ਭਵਿਖ ਵਾਸਤੇ ਨਾਕਾਮ ਅਤੇ ਅਸਫਲ ਹੋ ਰਹੇ ਰਾਜਾਂ ਦੀ ਵਿਰਾਸਤ ਨੂੰ ਪਿੱਛੇ ਛੱਡ ਕੇ ਆਏ ਹਨ। ਉਨਾਂ ਦੇ ਬੱਚੇ ਵਿਸ਼ਵ ਦੇ ਹਰੇਕ ਖੇਤਰ ਨਾਲ ਸਬੰਧਿਤ ਹਨ। ਉਹ ਕੈਨੇਡੀਅਨ ਸਮਾਜ ਵਿਚ ਸਫਲਤਾ ਪਾ ਰਹੇ ਹਨ, ਕੈਨੇਡੀਅਨ ਪਰਿਵਾਰਾਂ ਨੂੰ ਪਾਲ ਰਹੇ ਹਨ ਅਤੇ ਉਹਨਾਂ ਵਿਚ ਅਥਾਹ ਸੰਭਾਵਨਾਵਾਂ ਮੌਜੂਦ ਹਨ। ਉਨਾਂ ਦੇ ਤਜੁਰਬੇ ਅਤੇ ਮੁਹਾਰਤ ਦੀ ਕੈਨੇਡੀਅਨ ਮੁਕਾਬਲੇਬਾਜ਼ੀ ਦੀ ਖਾਤਰ ਹਮਾਇਤ ਕੀਤੀ ਜਾਣੀ ਚਾਹੀਦੀ ਹੈ। ਕੋਵਿਡ-19 ਤੋਂ ਬਾਅਦੇ ਆਰਥਿਕ ਰਿਕਵਰੀ ਵਿਚ ਉਨਾਂ ਦੀ ਸੂਝਬੂਝ, ਮੁਹਾਰਤ ਤੇ ਤਜਰਬੇ ਦਾ ਲਾਹਾ ਲੈਣ ਦੀ ਵਧੇਰੇ ਲੋੜ ਹੈ। ਹੁਣ ਜਦੋਂ ਅਸੀਂ ਵਿਕੋਲਿਤਰੀ ਵਿਸ਼ਵ ਆਰਥਿਕ ਗੜਬੜੀ ਦਾ ਸਾਹਮਣਾ ਕਰ ਰਹੇ ਹਨ ਤਾਂ ਦੇਸ਼ ਦੀ ਆਰਥਿਕ ਸਫਲਤਾ ਲਈ ਅਮਰੀਕਾ ਨਾਲੋਂ ਅਲਗ ਸੋਚਣ ਦੀ ਜ਼ਰੂਰਤ ਹੈ। ਅਸਲ ਵਿਚ ਸਾਡੇ ਕੋਲ ਨਵੀਂ ਵਿਸ਼ਵ ਅਰਥਵਿਵਸਥਾ ਵਿਚ ਸ਼ਾਮਿਲ ਹੋਣ ਤੋਂ ਬਿਨਾਂ ਕੋਈ ਚਾਰਾ ਨਹੀਂ। ਨੀਤੀ ਘਾੜਿਆਂ ਅਤੇ ਕਾਰੋਬਾਰੀਆਂ ਨੂੰ ਅਜਿਹਾ ਕਰਨ ਲਈ ਕੈਨੇਡਾ ਦੀ ਵਿਲੱਖਣ ਗਤੀਸ਼ੀਲ ਅਤੇ ਵਿਭਿੰਨ ਮਨੁੱਖੀ ਪੂੰਜੀ ਲਾਭਾਂ ਦੀ ਵਰਤੋਂ ਕਰਨੀ ਪਵੇਗੀ। ਦੇਸ਼ ਵਿਚ ਬਹੁਤ ਸਾਰੇ ਨੌਜਵਾਨ, ਹੁਸ਼ਿਆਰ ਤੇ ਪ੍ਰਤਿਭਾਸ਼ਾਲੀ ਵਿਅਕਤੀ ਹਨ ਜਿਹੜੇ ਕੈਨੇਡੀਅਨ ਖੁਸ਼ਹਾਲੀ ਦੀ ਨਵੀਂ ਲਹਿਰ ਲਿਆਉਣ ਲਈ ਤਿਆਰ ਤੇ ਸਮਰੱਥ ਹਨ ਪਰ ਉਨਾਂ ਵਾਸਤੇ ਸਾਡੀ ਆਰਥਿਕਤਾ ਦੇ ਦਰਵਾਜ਼ੇ ਪੂਰੀ ਤਰਾਂ ਖੋਲਣ ਦੀ ਲੋੜ ਹੈ।

**"ਸਾਡੇ ਕੋਲ ਬਹੁਤ ਸਾਰੇ ਸਿਆਣੇ, ਹੁਸ਼ਿਆਰ ਅਤੇ ਪ੍ਰਤਿਭਾਸ਼ਾਲੀ ਨੌਜਵਾਨ ਹਨ ਜੋ ਕੈਨੇਡੀਅਨ ਖੁਸ਼ਹਾਲੀ ਦੀ ਨਵੀਂ ਲਹਿਰ ਲਿਆਉਣ ਲਈ ਤਿਆਰ ਤੇ ਸਮਰੱਥ ਹਨ ਪਰ ਉਨਾਂ ਵਾਸਤੇ ਆਰਥਿਕਤਾ ਦੇ ਦਰਵਾਜ਼ੇ ਪੂਰੀ ਤਰਾਂ ਖੋਲਣ ਦੀ ਲੋੜ ਹੈ।"**

× ਬਰਿੰਦਰ ਸਿੰਘ ਭੁੱਲਰ, ਬ੍ਰਿਟਿਸ਼ ਕੋਲੰਬੀਆ ਦੀ ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਦੇ ਸਾਬਕਾ ਪੋਲਿਸੀ ਡਾਇਰੈਕਟਰ ਹਨ।

# ਦਫ਼ਤਰੀ ਰਾਜਨੀਤੀ ਅਤੇ ਦਫ਼ਤਰੀ ਸਕਰਾਤਮਕਤਾ ਤੇ ਸੁਹਿਰਦਤਾ !



- ਗੋਬਿੰਦਰ ਸਿੰਘ ਢੀਂਡਸਾ

ਸਰਕਾਰੀ ਅਤੇ ਗੈਰ ਸਰਕਾਰੀ ਅਦਾਰਿਆਂ ਵਿੱਚ ਪ੍ਰਸ਼ਾਸਨਿਕ ਅਤੇ ਆਪਣੇ ਖਿੱਤੇ ਨਾਲ ਸੰਬੰਧਤ ਟੀਚਿਆਂ ਦੀ ਪ੍ਰਾਪਤੀ ਲਈ ਦਫ਼ਤਰਾਂ ਅਤੇ ਦਫ਼ਤਰੀ ਅਮਲੇ ਦੀ ਜ਼ਰੂਰਤ ਹੁੰਦੀ ਹੈ ਜਿਸਦੇ ਸਦਕਾ ਇਹ ਆਪਣੇ ਕਾਰਜਾਂ ਨੂੰ ਸੰਤੁਲਨਤਾ ਨਾਲ ਨੇਪਰੇ ਚਾੜਦੇ ਹਨ। ਦਫ਼ਤਰ ਇਹਨਾਂ ਅਦਾਰਿਆਂ ਦਾ ਕੇਂਦਰ ਬਿੰਦੂ ਹੁੰਦੇ ਹਨ ਅਤੇ ਉਹਨਾਂ ਦੀ ਸਫ਼ਲਤਾ ਦਫ਼ਤਰੀ ਅਮਲੇ ਭਾਵ ਅਧਿਕਾਰੀਆਂ ਅਤੇ ਕਰਮਚਾਰੀਆਂ ਤੇ ਨਿਰਭਰ ਕਰਦੀ ਹੈ। ਹਰ ਵਿਅਕਤੀ ਜਾਂ ਕਰਮਚਾਰੀ ਦੇ ਕੰਮ ਕਰਨ ਦੇ ਦੋ ਨਜ਼ਰੀਆਂ ਜਾਂ ਪਹੁੰਚ ਹੁੰਦੀ ਹੈ ਸਕਰਾਤਮਕ ਅਤੇ ਨਕਰਾਤਮਕ। ਯੋਗ ਅਤੇ ਸਕਰਾਤਮਕ ਪਹੁੰਚ ਰੱਖਣ ਵਾਲੇ ਅਧਿਕਾਰੀ ਅਤੇ ਕਰਮਚਾਰੀ ਆਪਣੀ ਕਾਰਜਸ਼ੈਲੀ ਸਦਕਾ ਚੰਗੇ ਨਤੀਜੇ ਦਿੰਦੇ ਹਨ ਉੱਥੇ ਹੀ ਦਫ਼ਤਰਾਂ ਵਿੱਚ ਨਕਰਾਤਮਕ ਪਹੁੰਚ ਰੱਖਣ ਵਾਲੇ ਕਰਮਚਾਰੀ ਜਿੱਥੇ ਸਾਥੀ ਕਰਮਚਾਰੀਆਂ ਦਾ ਨੁਕਸਾਨ ਕਰਦੇ ਹਨ ਉੱਥੇ ਹੀ ਅਦਾਰੇ ਦੀਆਂ ਸੇਵਾਵਾਂ ਅਤੇ ਟੀਚਿਆਂ ਨੂੰ ਪਿਛਾਂਹ ਵੱਲ ਡਾਢਾ ਧੱਕਾ ਮਾਰਦੇ ਹਨ। ਦਫ਼ਤਰਾਂ ਵਿੱਚ ਹਲਕੀ ਮਾਨਸਿਕਤਾ ਵਾਲੇ ਕਰਮਚਾਰੀਆਂ ਦਾ ਸੁਭਾਅ ਹੀ ਹੁੰਦਾ ਹੈ ਦੂਜੇ ਦੇ ਕੰਮਾਂ ਵਿੱਚ ਸਿੱਧੇ ਜਾਂ ਅਸਿੱਧੇ ਢੰਗਾਂ ਨਾਲ ਰੁਕਾਵਟ ਪੈਦਾ ਕਰਦੇ ਹਨ। ਅਜਿਹੇ ਕਰਮਚਾਰੀ ਪ੍ਰਾਪਤ ਆਦੇਸ਼ਾਂ, ਕੰਮਾਂ ਨੂੰ ਪਹਿਲਾਂ ਹੀ ਨਕਰਾਤਮਕ ਪਹੁੰਚ ਨਾਲ ਸ਼ੁਰੂ ਕਰਦੇ ਹਨ। ਚਾਪਲੂਸ, ਚੁਗਲਬਾਜ਼, ਆਯੋਗ ਅਤੇ ਨਕਰਾਤਮਕ ਕਰਮਚਾਰੀਆਂ ਦਾ ਦਫਤਰ ਵਿੱਚ ਆਪਣਾ ਵਿਸ਼ੇਸ਼ ਰੁੱਤਬਾ ਬਣਾਈ ਰੱਖਣ ਦਾ ਜ਼ਿਆਦਾ ਰੁਝਾਨ ਹੁੰਦਾ ਹੈ। ਦਫ਼ਤਰੀ ਮਾੜੇ ਅਨਸਰ, ਉੱਚ ਅਧਿਕਾਰੀਆਂ ਦੇ ਦੂਜੇ ਕਰਮਚਾਰੀਆਂ ਪ੍ਰਤੀ ਕੰਨ ਭਰਦੇ ਰਹਿੰਦੇ ਹਨ, ਚਾਲਾਕੀਆਂ ਨਾਲ ਭਰਪੂਰ ਮਿੱਠੇ ਠੱਗ ਹੁੰਦੇ ਹਨ। ਅਜਿਹੇ ਕਰਮਚਾਰੀ ਅਫ਼ਸਰ ਜਾਂ ਉੱਚ ਅਧਿਕਾਰੀ ਦੇ ਵਿਸ਼ਵਾਸ ਦਾ ਬਹੁਤ ਨਜ਼ਾਇਜ਼ ਫਾਇਦਾ ਚੁੱਕਦੇ ਹਨ ਅਤੇ ਅਧਿਕਾਰੀ ਦੀ ਜਾਣਕਾਰੀ ਤੋਂ ਬਿਨਾਂ ਬਾਕੀ ਅਮਲੇ ਉੱਪਰ ਸਿੱਧੇ ਅਸਿੱਧੇ ਢੰਗਾਂ ਨਾਲ ਖ਼ੁਦ ਫੈਸਲੇ ਥੋਪਣ ਦੇ ਵਿਕਾਰ ਤੋਂ ਪੀੜਤ ਹੋ ਜਾਂਦੇ ਹਨ। ਇੱਥੇ ਸੰਬੰਧਤ ਅਧਿਕਾਰੀ ਦਾ ਫ਼ਰਜ਼ ਬਣਦਾ ਹੈ ਉਹ ਕੰਨਾਂ ਦਾ ਕੱਚਾ ਨਾ ਬਣੇ, ਲਾਈ ਲੱਗ ਨਾ ਬਣੇ ਅਤੇ ਕਰਮਚਾਰੀਆਂ ਸੰਬੰਧੀ, ਅਦਾਰੇ ਦੀ ਮਾਣ ਅਤੇ ਕਾਰਜਸ਼ੀਲਤਾ ਨਾਲ ਕੋਈ ਸਮਝੌਤਾ ਨਾ ਕਰੇ, ਉੱਚ ਅਧਿਕਾਰੀ ਨੂੰ ਫੈਸਲੇ ਆਪਣੇ ਵਿਵੇਕ ਨਾਲ ਲੈਣੇ ਚਾਹੀਦੇ ਹਨ। ਅਧਿਕਾਰੀ ਦਾ ਲਾਈਲੱਗ ਹੋਣਾ ਉਸਦੀ ਯੋਗਤਾ ਅਤੇ ਵਿਵੇਕ ਤੇ ਸਵਾਲੀਆਂ ਨਿਸ਼ਾਨ ਖੜਾ ਕਰਦਾ ਹੈ। ਸਿਫਾਰਸ਼ਾਂ ਰਾਹੀਂ ਆਏ ਆਯੋਗ ਵਿਅਕਤੀ, ਯੋਗ ਅਤੇ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਕੰਮਾਂ ਵਿੱਚ ਰੁਕਾਵਟ ਪੈਦਾ ਕਰਨ ਦੇ ਮੁੱਖ ਕਾਰਨਾਂ ਵਿੱਚੋਂ ਇੱਕ ਹੈ।

ਯੋਗ ਅਤੇ ਕੁਸ਼ਲ ਕਰਮਚਾਰੀ ਲਈ ਜ਼ਰੂਰੀ ਹੈ ਕਿ ਉਹ ਦਫ਼ਤਰੀ ਰਾਜਨੀਤੀ ਨੂੰ ਆਪਣੇ ਉੱਪਰ ਭਾਰੂ ਨਾ ਹੋਣ ਦੇਵੇ ਅਤੇ ਸਜਗਤਾ ਨਾਲ ਰਹੇ। ਕਈ ਵਾਰ ਦਫ਼ਤਰਾਂ ਵਿੱਚ ਅਜਿਹੇ ਸਹਿਕਰਮੀਆਂ ਨਾਲ ਕੰਮ ਕਰਨਾ ਪੈਂਦਾ ਹੈ ਜੋ ਯੋਗ ਨਹੀਂ ਹੁੰਦੇ ਅਤੇ ਆਪਣੇ ਉੱਚ ਅਧਿਕਾਰੀ ਦੇ ਅੱਗੇ ਆਪਣੀ ਵਾਹ-ਵਾਹ ਕਰਦੇ ਨਹੀਂ ਥੱਕਦੇ ਅਤੇ ਦੂਜਿਆਂ ਨੂੰ ਮਾੜਾ ਦਿਖਾਉਣ ਜਾਂ ਸਾਬਿਤ ਕਰਨ ਵਿੱਚ ਆਪਣੀ ਜਿੱਤ ਸਮਝਦੇ ਹਨ, ਸੋ ਦਫ਼ਤਰੀ ਮਾਹੌਲ ਸੰਬੰਧੀ ਹਮੇਸ਼ਾ ਚੌਕੰਨੇ ਰਹਿਣਾ ਚਾਹੀਦਾ ਹੈ ਅਤੇ ਆਪਣੀ ਸਥਿਤੀ ਬਿਲਕੁਲ ਸਪੱਸ਼ਟ ਰੱਖਣੀ ਚਾਹੀਦੀ ਹੈ। ਦੂਜਿਆਂ ਨਾਲ ਮਿਲ ਕੇ ਰਹਿਣਾ ਚੰਗੀ ਗੱਲ ਹੈ ਪਰੰਤੂ ਆਪਣੇ ਨਿੱਜੀ ਜੀਵਨ ਦੀਆਂ ਗੱਲਾਂ ਨੂੰ ਸਹਿ-ਕਰਮੀਆਂ ਨਾਲ ਸਾਂਝੀਆਂ ਕਰਨ ਤੋਂ ਬਚਣਾ ਚਾਹੀਦਾ ਹੈ। ਸਹਿਕਰਮੀਆਂ ਤੇ ਯਕੀਨ ਕਰੋ ਪਰੰਤੂ ਅੰਧਵਿਸ਼ਵਾਸ ਨਹੀਂ ਕਰਨਾ ਚਾਹੀਦਾ। ਕਿਸੇ ਇੱਕ ਦੇ ਕਹੇ ਤੇ ਦੂਜੇ ਸਹਿਕਰਮੀ ਨੂੰ ਮਾੜਾ ਨਹੀਂ ਮੰਨਣਾ ਚਾਹੀਦਾ ਸਗੋਂ ਸੰਬੰਧਤ ਵਿਅਕਤੀ ਨੂੰ ਖ਼ੁਦ ਜਾਣਨ ਦੀ ਕੋਸ਼ਿਸ ਕਰਨੀ ਚਾਹੀਦੀ ਹੈ। ਜਦ ਕੋਈ ਤੁਹਾਡੇ ਕੋਲ ਕਿਸੇ ਦੀ ਚੁਗਲੀ ਕਰ ਰਿਹਾ ਹੈ ਤਾਂ ਯਾਦ ਰਹੇ ਕਿਸੇ ਹੋਰ ਕੋਲ ਉਹ ਤੁਹਾਡੀ ਚੁਗਲੀ ਕਰ ਸਕਦਾ ਹੈ, ਕਮੈਂਟ ਕਰਨ ਤੋਂ ਬਚਣਾ ਚਾਹੀਦਾ ਹੈ। ਕਿਸੇ ਦੇ ਦਬਾਅ ਹੇਠ ਆ ਕੇ ਗਲਤ ਦਾ ਸਾਥ ਨਹੀਂ ਦੇਣਾ ਚਾਹੀਦਾ ਸਗੋਂ ਆਪਣਾ ਪੱਖ ਰੱਖਣ ਦੀ ਆਦਤ ਪਾਉਣੀ ਚਾਹੀਦੀ ਹੈ। ਇਹ ਯਕੀਨੀ ਬਣਾਇਆ ਜਾਵੇ ਕਿ ਤੁਹਾਡਾ ਵਿਵਹਾਰ ਨਿਮਰਤਾ ਭਰਪੂਰ ਹੋਵੇ, ਅਜਿਹਾ ਵਿਵਹਾਰ ਦੂਜਿਆਂ ਨੂੰ ਖਿੱਚ ਪੈਦਾ ਕਰਦਾ ਹੈ। ਕਿਸੇ ਕਾਰਨ ਨਾ ਤਾਂ ਜ਼ਿਆਦਾ ਖੁਸ਼ ਹੀ ਹੋਣਾ ਚਾਹੀਦਾ ਹੈ ਅਤੇ ਨਾਂਹੀ ਕਿਸੇ ਕਾਰਨ ਜਿਆਦਾ ਗੱਸੇ ਵਿੱਚ ਆਉਣਾ ਚਾਹੀਦਾ ਹੈ, ਆਪਣੇ ਸੁਭਾਅ ਵਿੱਚ ਸਹਿਜਤਾ ਅਤੇ ਸਥਿਰਤਾ ਬਣਾਈ ਰੱਖਣੀ ਚਾਹੀਦੀ ਹੈ।

ਯੋਗ ਅਤੇ ਕੁਸ਼ਲ ਕਰਮਚਾਰੀ ਕਿਸੇ ਤਰਾਂ ਦੀ ਗਲਤੀ ਹੋਣ ਤੇ ਗਲਤੀ ਸਵੀਕਾਰ ਕਰਨ ਦਾ ਗੁਣ ਰੱਖਦੇ ਹਨ ਅਤੇ ਉਹਨਾਂ ਦੇ ਵਿਵਹਾਰ ਵਿੱਚ ਵੀ ਸਕਰਾਤਮਕਤਾ ਅਤੇ ਸੁਹਿਰਤਦਾ ਦੀ ਝਲਕ ਸਪੱਸ਼ਟ ਨਜ਼ਰੀ ਆਉਂਦੀ ਹੈ। ਦਫ਼ਤਰਾਂ ਵਿੱਚ ਆਪਣੀ ਮਰਿਆਦਾ ਦਾ ਹਮੇਸ਼ਾਂ ਖ਼ਿਆਲ ਰੱਖਣਾ ਚਾਹੀਦਾ ਹੈ। ਜੇਕਰ ਕੋਈ ਤੁਹਾਡੇ ਖ਼ਿਲਾਫ ਰਾਜਨੀਤੀ ਕਰ ਰਿਹਾ ਹੈ ਤਾਂ ਉਸ ਨਾਲ ਇਕੱਲੇ ਗੱਲ ਕਰਨਾ ਚਾਹੀਦਾ ਹੈ ਤਾਂ ਜੇ ਉਹ ਸਮਝਦਾਰ ਹੋਵੇਗਾ ਤਾਂ ਤੁਹਾਡੇ ਤੋਂ ਮਾਫ਼ੀ ਮੰਗੇਗਾ, ਨਹੀਂ ਫਿਰ ਉਸਦੇ ਦੁਆਰਾ ਸ਼ੁਰੂ ਕੀਤੀ ਗਈ ਸਿਆਸਤ ਜਾਂ ਲੜਾਈ ਨੂੰ ਤੁਹਾਨੂੰ ਅੰਤ ਤੱਕ ਪਹੁੰਚਾਣਾ ਲਾਜ਼ਮੀ ਹੋਵੇਗਾ ਅਤੇ ਖੁਦ ਦੀ ਕਾਬਲੀਅਤ ਸਾਬਿਤ ਕਰਨੀ ਪਵੇਗੀ। ਸਮੇਂ ਰਹਿੰਦੇ ਉੱਚ ਅਧਿਕਾਰੀ ਨਾਲ ਸੰਬੰਧਤ ਤੱਥਾਂ ਤੇ ਗੱਲ ਕੀਤੀ ਜਾ ਸਕਦੀ ਹੈ। ਆਪਣੇ ਕੰਮ ਤੇ ਫੋਕਸ ਕਰਨਾ ਚਾਹੀਦਾ ਹੈ। ਆਪਣੇ ਟੀਮ ਲੀਡਰ ਜਾਂ ਉੱਚ ਅਧਿਕਾਰੀ ਨੂੰ ਹਮੇਸ਼ਾ ਭਰੋਸੇ ਵਿੱਚ ਲੈ ਕੇ ਚੱਲਣਾ ਚਾਹੀਦਾ ਹੈ ਅਤੇ ਉਹਨਾਂ ਨੂੰ ਸ਼ਿਕਾਇਤ ਦਾ ਮੌਕਾ ਨਾ ਦੇਵੋ। ਤੁਹਾਡੇ ਲਈ ਜ਼ਰੂਰੀ ਹੈ ਕਿ ਤੁਹਾਡਾ ਕੰਮ ਬੋਲੇ ਅਤੇ ਤੁਹਾਡੀ ਯੋਗਤਾ ਤੇ ਕੋਈ ਪ੍ਰਸ਼ਨ ਚਿੰਨ ਨਾ ਲਗਾ ਸਕੇ।

ਕਿਸੇ ਯੋਗ ਕਰਮਚਾਰੀ ਦੇ ਖ਼ਿਲਾਫ਼ ਦਫ਼ਤਰੀ ਰਾਜਨੀਤੀ ਵਿੱਚ ਸ਼ਾਮਿਲ ਹੋਣਾ ਚੰਗੀ ਗੱਲ ਨਹੀਂ ਸਗੋਂ ਇਸਤੋਂ ਪਾਸਾ ਵੱਟਣਾ ਹੀ ਜ਼ਿਆਦਾ ਸਮਝਦਾਰੀ ਹੋਵੇਗੀ। ਤੁਹਾਡੇ ਜਵਾਬ ਸਿੱਧੇ ਸਪਾਟ ਸਪੱਸ਼ਟ ਹੋਣੇ ਚਾਹੀਦੇ ਹਨ ਜਿਸ ਨਾਲ ਕੰਮ ਕਰਨ ਵਿੱਚ ਤੁਹਾਨੂੰ ਦਿੱਕਤ ਹੈ, ਉੱਥੇ ਨਾਂਹ ਕਹਿਣਾ ਚੰਗਾ ਹੈ, ਉਹਨਾਂ ਦੇ ਪੱਟੇ ਟੋਏ ਵਿੱਚ ਡਿੱਗਣ ਨਾਲੋਂ। ਦਫ਼ਤਰਾਂ ਵਿੱਚ ਮਾੜੇ ਸਹਿਕਰਮੀਆਂ ਨਾਲ ਨਿਪਟਣ ਵਿੱਚ ਤੁਹਾਡਾ ਆਤਮ ਵਿਸ਼ਵਾਸ ਹੀ ਤੁਹਾਡਾ ਹਥਿਆਰ ਹੈ।

ਚੁਗਲਖੋਰ ਅਤੇ ਚਾਪਲੂਸ ਕਰਮਚਾਰੀ ਦੀ ਅਸਲੀਅਤ ਜ਼ਿਆਦਾ ਦੇਰ ਤੱਕ ਛੁਪੀ ਨਹੀਂ ਰਹਿ ਸਕਦੀ ਅਤੇ ਉਹ ਆਪਣੀਆਂ ਕੋਝੀਆਂ ਹਰਕਤਾਂ ਕਾਰਨ ਆਪਣੇ ਸਹਿਕਰਮੀਆਂ ਦੀ ਨਜ਼ਰਾਂ ਚ ਆਪਣਾ ਵੱਕਾਰ ਗੁਆ ਲੈਂਦਾ ਹੈ। ਸੰਸਾਰ ਦਾ ਨਿਯਮ ਹੈ ਕਿ ਕਦੇ ਕਿਸੇ ਬਿਨਾਂ ਕੁਝ ਨਹੀਂ ਰੁੱਕਦਾ, ਇਸ ਲਈ ਨਕਰਾਤਮਕ ਕਰਮਚਾਰੀਆਂ ਨੂੰ ਆਪਣੀ ਕਾਰਜਸ਼ੈਲੀ ਵਿੱਚ ਸੁਧਾਰ ਕਰਨਾ ਚਾਹੀਦਾ ਹੈ, ਇਹੋ ਅਦਾਰੇ ਅਤੇ ਸਹਿਕਰਮੀਆਂ ਲਈ ਸਹੀ ਹੋਵੇਗਾ।

ਇਹ ਕੋਈ ਅੱਤਕੱਥਨੀ ਨਹੀਂ ਕਿ ਵਿਅਕਤੀ ਦੇ ਵਿਵਹਾਰ ਅਤੇ ਕਾਰਜਸ਼ੈਲੀ ਵਿੱਚ ਉਸਦੇ ਮਾਤਾ ਪਿਤਾ ਤੋਂ ਮਿਲੇ ਸੰਸਕਾਰ, ਪੜਾਈ ਅਤੇ ਸੋਚ ਦਾ ਪ੍ਰਗਟਾਵਾ ਹੁੰਦਾ ਹੈ। ਇਸ ਲਈ ਹਰ ਵਿਅਕਤੀ ਅਤੇ ਕਰਮਚਾਰੀ ਨੂੰ ਚਾਹੀਦਾ ਹੈ ਕਿ ਉਹ ਨਕਰਾਤਮਕਤਾਂ ਤੋਂ ਲਾਂਭੇ ਹੋ ਆਪਣੇ ਵਿਵਹਾਰ ਅਤੇ ਕਾਰਜਸ਼ੈਲੀ ਵਿੱਚ ਸਕਰਾਤਮਕਤਾ ਅਤੇ ਸੁਹਿਰਦਤਾ ਦਾ ਲੇਪ ਕਰੇ।

# ਲਾਕਡਾਊਨ ਨੇ ਸਿਖਾਏ ਜ਼ਿੰਦਗੀ ਜਿਊਣ ਦੇ ਕੁਝ ਚੰਗੇ ਨੁਕਤੇ



- ਚਾਨਣ ਦੀਪ ਸਿੰਘ ਔਲਖ

ਇਤਿਹਾਸ ਵਿੱਚ ਸਮੇਂ ਸਮੇਂ ਤੇ ਬੜੀਆਂ ਆਫ਼ਤਾਂ ਅਤੇ ਬਿਮਾਰੀਆਂ ਆਈਆਂ। ਇੱਕ ਨਹੀਂ ਅਨੇਕਾਂ ਵਾਰ ਵੱਡੀ ਪੱਧਰ ਤੇ ਜਾਨੀ ਨੁਕਸਾਨ ਵੀ ਹੋਇਆ। ਇਹਨਾਂ ਵਿਚੋਂ ਜਿਆਦਾਤਰ ਬਿਮਾਰੀਆਂ ਦਾ ਫੈਲਾਅ ਕੁਝ ਦੇਸ਼ਾਂ ਤੱਕ ਹੀ ਸੀਮਤ ਹੁੰਦਾ ਸੀ।ਪਰ ਕੋਵਿਡ-19 ਮਹਾਂਮਾਰੀ ਨੇ ਪੂਰੀ ਦੁਨੀਆਂ ਨੂੰ ਕੁਝ ਹਫਤਿਆਂ ਵਿੱਚ ਹੀ ਆਪਣੀ ਲਪੇਟ ਵਿੱਚ ਲੈ ਲਿਆ। ਇਸ ਨਾਲ ਲੱਗਭੱਗ ਹਰ ਦੇਸ਼ ਅਤੇ ਹਰ ਨਾਗਰਿਕ ਪ੍ਰਭਾਵਿਤ ਹੋਇਆ ਹੈ। ਇਸ ਬਿਮਾਰੀ ਦੇ ਨਾਲ ਬਹੁਤ ਸਾਰੇ ਲੋਕਾਂ ਦੀ ਮੌਤ ਹੋ ਚੁੱਕੀ ਹੈ। ਵਧੇਰੇ ਦੇਸ਼ਾਂ ਵਿੱਚ ਲਾਕਡਾਊਨ ਕਾਰਨ ਜਿੰਦਗੀ ਦੀ ਰਫਤਾਰ ਇੱਕਦਮ ਰੁੱਕ ਗਈ ਹੈ। ਹਰ ਤਰਾਂ ਦਾ ਕੰਮ ਕਾਰ ਬੰਦ ਹੋਣ ਨਾਲ ਜਿੱਥੇ ਆਮ ਲੋਕਾਂ ਨੂੰ ਬਹੁਤ ਮੁਸ਼ਕਲਾਂ ਪੇਸ਼ ਆਈਆਂ ਉੱਥੇ ਬਹੁਤ ਸਾਰੇ ਕੰਮਕਾਜੀ ਲੋਕਾਂ ਦਾ ਗੁਜ਼ਾਰਾ ਵੀ ਔਖਾ ਹੋ ਗਿਆ ਹੈ। ਕਿਉਂਕਿ ਮਜਦੂਰਾਂ, ਸਵੈ-ਰੁਜ਼ਗਾਰਾਂ, ਦੁਕਾਨਦਾਰਾਂ ਆਦਿ ਦੀ ਰੋਜ਼ਾਨਾ ਜਾਂ ਮਹੀਨਾਵਾਰ ਕਮਾਈ ਉੱਤੇ ਹੀ ਸਾਰੀ ਤਰਾਂ ਦੇ ਖਰਚ ਨਿਰਭਰ ਕਰਦੇ ਹਨ। ਕਮਾਈ ਇੱਕਦਮ ਰੁੱਕ ਜਾਣ ਨਾਲ ਜਿੱਥੇ ਰੋਟੀ ਪਾਣੀ ਦੇ ਖਰਚ ਮੁਸ਼ਕਲ ਹੋ ਗਿਆ ਹੈ ਉੱਥੇ ਉਨਾ ਨੂੰ ਵੱਖ ਵੱਖ ਕੰਮਾਂ ਲਈ ਚੁੱਕੇ ਕਰਜ਼ ਦੀ ਵਾਪਸੀ ਦੀ ਚਿੰਤਾ ਵੀ ਸਤਾਉਣ ਲੱਗੀ ਹੈ। ਪ੍ਰਾਈਵੇਟ ਹਸਪਤਾਲ ਬੰਦ ਰਹਿਣ ਅਤੇ ਸਿਹਤ ਵਿਭਾਗ ਦਾ ਅਮਲਾ ਕਰੋਨਾ ਮਹਾਂਮਾਰੀ ਵਿੱਚ ਲੱਗੇ ਹੋਣ ਦੇ ਕਾਰਨ ਆਮ ਬਿਮਾਰੀਆਂ ਦੇ ਮਰੀਜ਼ਾਂ ਨੂੰ ਵੀ ਬਹੁਤ ਦਿੱਕਤਾਂ ਦਾ ਸਾਹਮਣਾ ਕਰਨਾ ਪਿਆ । ਸਕੂਲ, ਕਾਲਜ ਬੰਦ ਹੋਣ ਨਾਲ ਵਿਦਿਆਰਥੀਆਂ ਦੀ ਪੜਾਈ ਦਾ ਬਹੁਤ ਨੁਕਸਾਨ ਹੋਇਆ ਹੈ। ਇੱਥੋਂ ਤੱਕ ਕਿ ਕੁਝ ਵਿਦਿਆਰਥੀਆਂ ਦੀਆਂ ਪ੍ਰੀਖਿਆਵਾਂ ਵਿਚਕਾਰ ਹੀ ਰਹਿ ਗਈਆਂ। ਆਵਾਜਾਈ ਬੰਦ ਹੋਣ ਕਾਰਨ ਬਹੁਤ ਸਾਰੇ ਲੋਕ ਵੱਖ ਵੱਖ ਥਾਵਾਂ ਤੇ ਬਾਹਰ ਵੀ ਫਸੇ ਰਹੇ। ਬੜੀਆਂ ਮੁਸ਼ਕਿਲਾਂ ਨਾਲ ਉਹ ਆਪਣੇ ਘਰਾਂ ਤੱਕ ਪਹੁੰਚੇ। ਇਸ ਤਰਾਂ ਇਸ ਮਹਾਂਮਾਰੀ ਦੇ ਪ੍ਰਕੋਪ ਨੇ ਹਰ ਵਰਗ ਨੂੰ ਪ੍ਰਭਾਵਿਤ ਕੀਤਾ ਹੈ। ਜਿਵੇਂ ਕਿ ਅਸੀਂ ਜਾਣਦੇ ਹਾਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ। ਜਿੱਥੇ ਇਸ ਮਹਾਂਮਾਰੀ ਦੇ ਕਾਰਨ ਬਹੁਤ ਸਾਰਾ ਨੁਕਸਾਨ ਹੋਇਆ ਉੱਥੇ ਇਸਨੇ ਜ਼ਿੰਦਗੀ ਜਿਉਣ ਦੇ ਕੁਝ ਚੰਗੇ ਨੁਕਤੇ ਵੀ ਸਿਖਾਏ ਹਨ। ਇਸੇ ਲਈ ਕਹਿੰਦੇ ਹਨ ਕਿ ਸਮਾਂ ਸਭ ਤੋਂ ਵੱਡਾ ਗੁਰੂ ਹੈ। ਇਸ ਲਾਕਡਾਊਨ ਤੋਂ ਬਹੁਤ ਸਾਰੇ ਸਬਕ ਸਿੱਖਣ ਦੀ ਲੋੜ ਹੈ। ਲਾਕਡਾਊਨ ਦੌਰਾਨ ਬਹੁਤ ਸਾਰੇ ਅਜਿਹੇ ਤਜਰਬੇ ਹੋਏ ਹਨ ਜਿਨਾਂ ਦੇ ਪਰਿਣਾਮ ਵੇਖਕੇ ਉਹਨਾਂ ਨੂੰ ਜੀਵਨ ਦਾ ਹਿੱਸਾ ਬਣਾਉਣ ਦੀ ਪ੍ਰੇਰਣਾ ਮਿਲਦੀ ਹੈ। ਉਨਾਂ ਦੀ ਚਰਚਾ ਅੱਗੇ ਕਰਦੇ ਹਾਂ :

**ਪ੍ਰਦੂਸ਼ਣ ਤੋਂ ਨਿਜਾਤ:** ਮੋਟਰ ਗੱਡੀਆਂ ਅਤੇ ਕਾਰਖਾਨਿਆਂ ਦੀ ਬਹੁਤਾਤ ਕਾਰਨ ਇਨਾਂ ਵਿੱਚੋਂ ਨਿਕਲਣ ਵਾਲਾ ਧੂੰਆਂ ਹਵਾ ਨੂੰ ਦਿਨੋ ਦਿਨ ਪ੍ਰਦੂਸ਼ਿਤ ਕਰ ਰਿਹਾ ਹੈ। ਹਵਾ ਇੰਨੀ ਗੰਧਲੀ ਹੋ ਰਹੀ ਹੈ ਕਿ ਇੱਕ ਦਿਨ ਇਸ ਵਿੱਚ ਸਾਹ ਲੈਣਾ ਔਖਾ ਹੋ ਜਾਵੇਗਾ। ਲਾਕਡਾਊਨ ਕਾਰਨ ਮੋਟਰ ਗੱਡੀਆਂ ਅਤੇ ਕਾਰਖਾਨੇ ਬੰਦ ਹੋਣ ਨਾਲ ਹਵਾ ਦੇ ਇਨਡੈਕਸ ਵਿੱਚ ਕਾਫੀ ਸੁਧਾਰ ਹੋਇਆ ਹੈ। ਲਾਕਡਾਊਨ ਤੋਂ ਬਿਨਾਂ ਇੰਨਾ ਨੂੰ ਰੋਕ ਪਾਉਣਾ ਨਾਮੁਮਕਿਨ ਸੀ। ਹੁਣ ਤਾਂ ਹਵਾ ਇੰਨੀ ਸਾਫ ਹੋ ਗਈ ਹੈ ਕਿ ਹਿਮਾਲਿਆ ਦੇ ਪਹਾੜ ਵੀ ਕਾਫੀ ਦੂਰੀ ਤੋਂ ਨਜ਼ਰ ਆਉਣ ਲੱਗ ਪਏ ਹਨ। ਕਾਰਖਾਨੇ ਬੰਦ ਹੋਣ ਨਾਲ ਸਮੁੰਦਰਾਂ ਅਤੇ ਨਦੀਆਂ ਦਾ ਪਾਣੀ ਵੀ ਸਾਫ ਹੋ ਗਿਆ ਹੈ। ਇਸ ਸੁਧਾਰ ਨੂੰ ਵੇਖਦਿਆਂ ਹਰ ਸਾਲ ਕੁੱਝ ਦਿਨ ਲਾਕਡਾਊਨ ਕਰਨ ਦੀ ਮੰਗ ਜੋਰ ਫੜਨ ਲੱਗੀ ਹੈ।



**ਸਾਦੇ ਪ੍ਰੋਗਰਾਮ:** ਮਜਬੂਰੀ ਬਸ ਹੀ ਸਹੀ ਲੋਕਾਂ ਨੇ ਲਾਕਡਾਊਨ ਦੌਰਾਨ ਵਿਆਹ ਬੜੇ ਸਾਦੇ ਤਰੀਕੇ ਨਾਲ ਕੀਤੇ। ਹਜ਼ਾਰਾਂ ਬਰਾਤੀਆਂ ਦੀ ਥਾਂ ਤੇ 5-10 ਬਰਾਤੀ ਲਿਜਾ ਕੇ ਵੀ ਵਿਆਹ ਸੰਪੂਰਨ ਹੋਏ। ਆਮ ਹਾਲਤਾਂ ਵਿੱਚ ਇਹਨਾ ਵਿਆਹਾਂ 'ਤੇ ਕੁਝ ਘੰਟਿਆਂ ਵਿੱਚ ਹੀ ਲੱਖਾਂ ਰੁਪਏ ਖਰਚ ਹੋਣੇ ਸਨ। ਅਸੀਂ ਲੋਕ ਦਿਖਾਵੇ ਲਈ ਕਰਜ਼ਾ ਚੁੱਕ ਚੁੱਕ ਕੇ ਵਿਆਹਾਂ ਉੱਤੇ ਫਜ਼ੂਲ ਖਰਚੀ ਕਰਦੇ ਹਾਂ। ਇੱਕ ਦਿਨ ਦਾ ਵਿਖਾਵਾ ਸਾਨੂੰ ਸਾਰੀ ਉਮਰ ਲਈ ਕਰਜ਼ ਵਿੱਚ ਡੋਬ ਦਿੰਦਾ ਹੈ। ਜਦੋਂ ਕਿ ਵਿਆਹ ਸਾਦੇ ਤਰੀਕੇ ਨਾਲ ਵੀ ਹੋ ਸਕਦੇ ਹਨ ਇਹ ਸਮਝਣ ਦੀ ਲੋੜ ਹੈ। ਇਸ ਤੋਂ ਇਲਾਵਾ ਲੋਕ ਮਰਗ ਦੇ ਭੋਗਾਂ ਅਤੇ ਹੋਰ ਪ੍ਰੋਗਰਾਮਾਂ ਤੇ ਵੀ ਬਹੁਤ ਖਰਚਾ ਕਰਨ ਲੱਗੇ ਹਨ। ਲਾਕਡਾਊਨ ਦੌਰਾਨ ਉਹ ਵੀ ਕਾਫੀ ਘਟਿਆ ਹੈ। ਇਸ ਰਿਵਾਜ਼ ਨੂੰ ਜਾਰੀ ਰੱਖਣ ਦੀ ਜਰੂਰਤ ਹੈ।

**ਫਜ਼ੂਲ ਖਰਚੇ ਘਟਾਏ:** ਅਸੀਂ ਭਾਰਤੀ ਲੋਕ ਵਧੇਰੇ ਸਮਾਜਿਕ ਹਾਂ। ਜਰੂਰੀ ਸਮਾਗਮਾਂ ਦੇ ਨਾਲ ਨਾਲ ਅਸੀਂ ਫਾਲਤੂ ਵਿੱਚ ਵੀ ਵਧੇਰੇ ਆਉਣ ਜਾਣ ਰੱਖਦੇ ਹਾਂ। ਖਾਸ ਕਰ ਅੰਨੇਵਾਹ ਧਾਰਮਿਕ ਯਾਤਰਾਵਾਂ ਦਾ ਚਲਨ ਆਮ ਵੇਖਿਆ ਜਾਂਦਾ ਹੈ। ਜਿਨਾਂ ਉੱਤੇ ਬਹੁਤ ਸਾਰਾ ਸਮਾਂ ਅਤੇ ਪੈਸਾ ਖਰਚ ਹੁੰਦਾ ਹੈ। ਪਰ ਉਨਾਂ ਬਿਨਾਂ ਸਰ ਸਕਦਾ ਹੈ ਇਹ ਲਾਕਡਾਊਨ ਨੇ ਸਾਨੂੰ ਸਿਖਾਇਆ ਹੈ। ਘਰ ਰਹਿ ਕੇ ਘਰ ਦੀਆਂ ਬਣੀਆਂ ਹੋਈਆਂ ਚੀਜਾਂ ਖਾ ਕੇ ਅਹਿਸਾਸ ਹੋਇਆ ਕਿ ਅਸੀਂ ਬਾਹਰ ਦਾ ਖਾ ਕੇ ਐਵੇਂ ਸਿਹਤ ਅਤੇ ਪੈਸੇ ਦੀ ਬਰਬਾਦੀ ਕਰਦੇ ਰਹੇ। ਇਸ ਨਾਲ ਪੈਸੇ ਦੀ ਦੌੜ ਵਿੱਚ ਘਰਦਿਆਂ ਤੋਂ ਬਣਾਈਆਂ ਦੂਰੀਆਂ ਵੀ ਘੱਟ ਹੋਈਆਂ ਹਨ। ਆਵਾਜਾਈ ਰੁਕਣ ਨਾਲ ਸੜਕਾਂ 'ਤੇ ਹੁੰਦੇ ਹਾਦਸਿਆਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਭਾਰੀ ਕਮੀ ਆਈ ਹੈ। ਇਸ ਤੋਂ ਇਲਾਵਾ ਕੁਝ ਲਾਲਚੀ ਡਾਕਟਰਾਂ ਵਲੋਂ ਨਿਰੋਲ ਕਮਾਈ ਲਈ ਕਰਵਾਏ ਜਾਂਦੇ ਟੈਸਟ ਅਤੇ ਦਿੱਤੇ ਜਾਂਦੇ ਦਵਾਈਆਂ ਦੇ ਥੱਬਿਆਂ ਦੁਆਰਾ ਲੋਕਾਂ ਦੀ ਹੁੰਦੀ ਆਰਥਿਕ ਲੁੱਟ ਵੀ ਰੁਕੀ ਹੈ। ਕਈ ਤਾਂ ਬਿਨਾ ਦਵਾਈਆਂ ਤੋਂ ਪਹਿਲਾਂ ਨਾਲੋਂ ਸਿਹਤਮੰਦ ਮਹਿਸੂਸ ਕਰ ਰਹੇ ਹਨ।

**ਕੰਮ ਕਰਨ ਦੇ ਤਰੀਕੇ ਬਦਲੇ:** ਜਿਵੇਂ ਕਹਿੰਦੇ ਹਨ ਕਿ ਲੋੜ ਕਾਢ ਦੀ ਮਾਂ ਹੈ । ਲਾਕਡਾਊਨ ਕਾਰਨ ਲੋਕ ਬਾਹਰ ਨਹੀ ਜਾ ਸਕਦੇ ਸੀ । ਇਸ ਕਰਕੇ ਲੋਕਾਂ ਨੇ ਇੰਟਰਨੈੱਟ ਦੇ ਯੁੱਗ ਵਿੱਚ ਕੁੱਝ ਕੰਮ ਘਰ ਬੈਠੇ ਆਨਲਾਈਨ ਕਰਨੇ ਸਿੱਖੇ ਅਤੇ ਕੀਤੇ । ਖਾਸ ਤੌਰ ਤੇ ਸਕੂਲਾਂ ਦੇ ਅਧਿਆਪਕਾਂ ਵੱਲੋਂ ਵਿਦਿਆਰਥੀਆਂ ਨੂੰ ਆਨਲਾਈਨ ਪੜਾਈ ਕਰਵਾਉਣ ਦੀ ਸ਼ੁਰੂਆਤ ਕੀਤੀ ਗਈ। ਇਸਦੇ ਨਾਲ ਹੀ ਘਰ ਬੈਠੇ ਇੰਟਰਨੈਟ ਤੇ ਵੀਡੀਓ ਕਾਲ ਰਾਹੀਂ ਡਾਕਟਰੀ ਸਲਾਹ ਵੀ ਲਈ ਜਾਣ ਲੱਗੀ ਹੈ। ਇਸ ਵਾਸਤੇ ਪੇਂਡੂ ਖੇਤਰਾਂ ਲਈ ਪੰਜਾਬ ਸਰਕਾਰ ਨੇ ਈ ਸੰਜੀਵਨੀ ਸੇਵਾ ਸ਼ੁਰੂ ਕੀਤੀ ਹੈ। ਆਨਲਾਈਨ ਸ਼ਾਪਿੰਗ ਸਾਈਟਾਂ ਤੋਂ ਇਲਾਵਾ ਛੋਟੇ ਦੁਕਾਨਦਾਰਾਂ ਤੋਂ ਵੀ ਹੁਣ ਫੋਨ 'ਤੇ ਬੁੱਕ ਕਰਵਾ ਕੇ ਘਰੇਲੂ ਸਮਾਨ ਮੰਗਵਾਇਆ ਜਾ ਹੈ। ਭੁਗਤਾਨ ਲਈ ਪੇਟੀਐੱਮ, ਗੂਗਲ ਪੇ, ਅਤੇ ਈ-ਬੈਕਿੰਗ ਸੇਵਾਵਾਂ ਦੀ ਵਰਤੋਂ ਵੀ ਆਮ ਹੋਣ ਲੱਗ ਪਈ ਹੈ। ਇਹਨਾ ਨਵੇਂ ਰੁਝਾਨਾਂ ਦਾ ਆਉਣ ਵਾਲੇ ਸਮੇਂ ਵਿੱਚ ਭਰਪੂਰ ਲਾਹਾ ਲਿਆ ਜਾ ਸਕਦਾ ਹੈ। ਭਵਿੱਖ ਵਿੱਚ ਘਰ ਤੋਂ ਬਹੁਤ ਸਾਰੇ ਆਨਲਾਈਨ ਕੰਮਾਂ ਦੀ ਸ਼ੁਰੂਆਤ ਵੱਡੇ ਪੱਧਰ ਤੇ ਕਰਕੇ ਆਵਾਜਾਈ ਦੇ ਖਰਚੇ ਅਤੇ ਭੀੜ ਨੂੰ ਕੰਟਰੋਲ ਕਰਨ ਦੇ ਨਾਲ ਨਾਲ ਸਮੇਂ ਦੀ ਬੱਚਤ ਕੀਤੀ ਜਾ ਸਕਦੀ ਹੈ।

**ਪਾਖੰਡਵਾਦ ਦਾ ਪਰਦਾਫਾਸ਼:** ਖਾਸਕਰ ਸਾਡੇ ਦੇਸ਼ ਵਿੱਚ ਪਾਖੰਡ ਦਾ ਬਹੁਤ ਬੋਲਬਾਲਾ ਹੈ। ਕਿੰਨੇ ਹੀ ਪਖੰਡੀ ਬਾਬੇ ਜਾਂ ਜੋਤਸ਼ੀ ਲੋਕਾਂ ਨੂੰ ਉਨਾਂ ਦਾ ਭਵਿੱਖ ਦੱਸਣ ਅਤੇ ਹਰ ਇੱਕ ਬਿਮਾਰੀ ਦਾ ਇਲਾਜ ਕਰਨ ਦਾ ਦਾਅਵਾ ਕਰਦੇ ਹਨ। ਪਰ ਨਾ ਤਾਂ ਉਹ ਵਿਆਹਾਂ ਆਦਿ ਦਾ ਸ਼ੁੱਭ ਮਹੂਰਤ ਕੱਢਣ ਸਮੇਂ ਇਸ ਲਾਕਡਾਊਨ ਬਾਰੇ ਅਗਾਹ ਕਰ ਸਕੇ ਅਤੇ ਨਾ ਹੀ ਕਰੋਨਾ ਦਾ ਇਲਾਜ ਕਰਨ ਲਈ ਸਾਹਮਣੇ ਆਏ। ਸਗੋਂ ਇਸ ਮੌਕੇ ਲੋਕਾਂ ਦੀ ਰੱਖਿਆ ਕਰਨ ਦੀ ਥਾਂ ਸਭ ਖੂਡਾਂ ਵਿੱਚ ਵੜੇ ਰਹੇ। ਇਸ ਨਾਲ ਬਹੁਤੇ ਲੋਕਾਂ ਨੂੰ ਜਰੂਰ ਸਮਝ ਆ ਗਈ ਹੋਵੇਗੀ ਕਿ ਇਨਾਂ ਪਾਖੰਡੀਆਂ ਪਿੱਛੇ ਆਪਣੀ ਕਮਾਈ ਤੇ ਵਕਤ ਬਰਬਾਦ ਕਰਨ ਦਾ ਕੋਈ ਲਾਭ ਨਹੀਂ ਹੈ।

ਪਬਲਿਕ ਅਦਾਰਿਆਂ ਦੀ ਸਾਖ ਮਜਬੂਤ ਹੋਈ : ਪਿਛਲੇ ਸਾਲਾਂ ਵਿੱਚ ਸਰਕਾਰਾਂ ਪਬਲਿਕ ਅਦਾਰਿਆਂ ਦਾ ਨਿੱਜੀਕਰਨ ਕਰ ਰਹੀਆਂ ਹਨ। ਪਰ ਇਸ ਦੁੱਖ ਦੀ ਘੜੀ ਵਿੱਚ ਪਬਲਿਕ ਸੈਕਟਰ ਜਿਨਾਂ ਵਿੱਚ ਮੁੱਖ ਤੌਰ ਤੇ ਸਿਹਤ, ਪੁਲਿਸ ਅਤੇ ਸਫਾਈ ਕਰਮਚਾਰੀਆਂ ਨੇ ਲੋਕਾਂ ਦੀ ਦਿਨ ਰਾਤ ਸੇਵਾ ਕੀਤੀ ਜਦੋਂ ਪ੍ਰਾਈਵੇਟ ਅਦਾਰੇ ਲੱਗਭੱਗ ਬੰਦ ਹੀ ਰਹੇ। ਇਸ ਨਾਲ ਨਿੱਜੀਕਰਨ ਦੇ ਵਿਰੋਧ ਨੂੰ ਬਲ ਮਿਲੇਗਾ। ਇਸ ਨਾਲ ਜਨਤਾ ਦਾ ਲਗਾਅ ਸਰਕਾਰੀ ਕਰਮਚਾਰੀਆਂ ਅਤੇ ਅਦਾਰਿਆਂ ਨਾਲ ਵਧਿਆ ਹੈ। ਲੋਕਾਂ ਵੱਲੋਂ ਜਗਾ ਜਗਾ 'ਤੇ ਸਿਹਤ , ਪੁਲਿਸ ਅਤੇ ਸਫਾਈ ਕਰਮਚਾਰੀਆਂ ਦਾ ਸਨਮਾਨ ਕੀਤਾ ਗਿਆ ਹੈ। ਸਾਡੇ ਦੇਸ਼ ਵਿੱਚ ਸਿਹਤ ਅਤੇ ਸਿੱਖਿਆ ਖੇਤਰ ਨੂੰ ਪੂਰੀ ਤਰਾਂ ਸਰਕਾਰੀ ਖੇਤਰ ਵਿੱਚ ਲਿਆਉਣ ਦੀ ਲੋੜ ਹੈ।

ਪੁਰਾਤਨ ਸਭਿਆਚਾਰ ਅਨੁਸਾਰ ਮਿਲਾਪ : ਸਾਡੇ ਸਭਿਆਚਾਰ ਨੇ ਸਾਨੂੰ ਦੂਰੋਂ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਜਾਂ ਨਮਸਕਾਰ ਕਰਨਾ ਸਿਖਾਇਆ ਸੀ । ਪਰ ਅਸੀਂ ਅਧੁਨਿਕਤਾ ਦੀ ਹੋੜ ਵਿੱਚ ਹੱਥ ਮਿਲਾਉਣਾ, ਗਲੇ ਮਿਲਣਾ ਰਿਵਾਜ਼ ਬਣਾ ਲਿਆ ਪਰ ਇਸ ਦੌਰ ਨੇ ਸਾਨੂੰ ਮੁੜ ਪੁਰਾਤਨ ਮਿਲਣੀ ਦਾ ਢੰਗ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ। ਹੁਣ ਸਮਾਜਿਕ ਦੂਰੀ ਦੀ ਪਾਲਣਾ ਕਰਦੇ ਅਸੀਂ ਦੂਰ ਤੋਂ ਹੀ ਫਤਿਹ ਬੁਲਾ ਰਹੇ ਹਾਂ।

ਇਸ ਤੋਂ ਇਲਾਵਾ ਸਮਾਜ ਸੇਵੀ ਸੰਸਥਾਵਾਂ ਵੀ ਲੋਕਾਂ ਦੀ ਸੇਵਾ ਵਿੱਚ ਜੁਟੀਆਂ ਰਹੀਆਂ। ਲੰਗਰ, ਰਾਸ਼ਣ ਆਦਿ ਦੀ ਨਿਰੰਤਰ ਵੰਡ ਕਰਕੇ ਲੋਕਾਂ ਦਾ ਦਿਲ ਜਿੱਤਿਆ ਹੈ। ਜਿਸ ਨਾਲ ਮਾੜੇ ਸਮੇਂ ਵਿੱਚ ਲੋੜਵੰਦਾਂ ਦੀ ਬਾਂਹ ਫੜਨ ਦੀ ਭਾਵਨਾ ਪੈਦਾ ਹੋਈ।

ਲਾਕਡਾਊਨ ਖਤਮ ਹੋਣ ਤੋਂ ਬਾਅਦ ਜਿੰਦਗੀ ਦੀ ਗੱਡੀ ਨੂੰ ਲੀਹ ਤੇ ਲਿਆਉਣ ਲਈ ਯਤਨ ਕਰਨ ਦੇ ਨਾਲ ਨਾਲ ਇਸ ਸਮੇਂ ਦੌਰਾਨ ਵਾਪਰੀਆਂ ਘਟਨਾਵਾਂ ਦੀ ਪੜਚੋਲ ਕਰਨ ਅਤੇ ਚੰਗੀਆਂ ਗੱਲਾਂ ਨੂੰ ਪੱਲੇ ਬੰਨ ਕੇ ਜੀਵਨ ਵਿੱਚ ਅਪਣਾਉਣ ਦੀ ਅੱਜ ਮੁੱਖ ਜਰੂਰਤ ਹੈ।

# ਕੋਰੋਨਾ ਦੇ ਕਾਰੇ

- ਰਵਿੰਦਰ ਸਿੰਘ ਕੁੰਦਰਾ
(ਕਵੈਂਟਰੀ, ਯੂ ਕੇ)
ਫ਼ੋਨ: 07748772308

ਮਾਪੇ ਕੰਮੀਂ ਬੱਚੇ ਸਕੂਲੀਂ, ਘਰ ਕਦੀ ਸਨ ਭਾਂ ਭਾਂ ਕਰਦੇ,
ਕੇਵਲ ਰੈਣ ਬਸੇਰੇ ਦੇ ਲਈ, ਇਹ ਸਭ ਜਿਉੜੇ ਘਰ ਸਨ ਵੜਦੇ।
ਅੱਜ ਘਰਾਂ ਵਿੱਚ ਚੀਕ ਚਿਹਾੜਾ, ਕੁਰਬਲ ਕੁਰਬਲ ਹੁੰਦੀ ਨਿੱਤ ਦਿਨ,
ਲੜਾਈ ਝਗੜੇ ਕੁੱਟ ਕੁਟਾਪੇ, ਟੁੱਟਦੇ ਰਿਸ਼ਤੇ ਦੇਖੇ ਭਿੰਨ ਭਿੰਨ।
ਸੱਸ ਨੂੰ ਆਪਣੀ ਨੂੰਹ ਨਾ ਸੋਹੰਦੀ, ਪੋਤੇ ਪੋਤੀਆਂ ਜ਼ਰਾ ਨਾ ਭਾਉਂਦੇ,
ਬੁੱਢੇ ਠੇਰੇ ਖੱਲ ਖੂੰਜੇ ਵਿੱਚ, ਲੁਕਦੇ ਫਿਰਦੇ ਜਾਨ ਬਚਾਉਂਦੇ।
ਬਾਹਰ ਕੋਈ ਨਿਕਲ ਨਾ ਸਕੇ, ਅੰਦਰ ਕੋਈ ਰਹਿਣ ਨਾ ਦੇਵੇ,
ਕੋਈ ਜਾਵੇ ਤੇ ਕਿੱਥੇ ਜਾਵੇ, ਸਭ ਦੇ ਹੋ ਗਏ ਸੱਖਣੇ ਘੇਰੇ।
ਕਾਰੋਬਾਰੀ ਵਿਹਲੜ ਬਣ ਗਏ, ਮਖੱਟੂ ਬਣੇ ਅੱਜ ਬੀਬੇ ਪੁੱਤਰ,
ਬਰਗਰ ਪੀਜ਼ੇ ਖਾਣ ਗਿੱਝੀਆਂ ਨੂੰ, ਕਰਨੇ ਪੈ ਗਏ ਰੋਟੀ ਟੁੱਕਰ।
ਦਫ਼ਤਰਾਂ ਦੇ ਸਭ ਮੌਜਾਂ ਮੇਲੇ, ਲੇਟ ਮੀਟਿੰਗਾਂ ਦੇ ਕਈ ਬਹਾਨੇ,
ਚਾਹ ਕੌਫ਼ੀਆਂ ਗੱਪਾਂ ਸ਼ੱਪਾਂ, ਕੰਮ ਕਰਨ ਤੋਂ ਆਨੇ ਕਾਨੇ।
ਕਦੀ ਫਰਲੋ ਦੇ ਸੁਪਨੇ ਲੈਣੇ, ਹੁਣ ਘਰ ਬੈਠਿਆਂ ਹੀ ਮਿਲੀ ਹੈ ਫਰਲੋ,
ਨਿੱਤ ਦਿਨ ਹੁਣ ਛੁੱਟੀਆਂ ਹੀ ਛੁੱਟੀਆਂ,
ਕਿਹੜੀ ਰਹਿ ਗਈ ਗੱਲ ਹੁਣ ਕਰ ਲਉ।
ਵੱਡੇ ਵੱਡੇ ਨਾਢੂ ਖਾਹਾਂ ਦੇ, ਮੂੰਹਾਂ ਉੱਤੇ ਮੱਖੀਆਂ ਭਿਣਕਣ,
ਅਫ਼ਸਰੀ ਰੋਅਬ ਸਭ ਪਸਤ ਹੋ ਗਏ, ਬੀਵੀਆਂ ਪੈਰ ਪੈਰ ਤੇ ਝਿੜਕਣ।
ਪਾਰਲਰਾਂ ਦੀ ਬੰਦੀ ਨੇ ਅੱਜ, ਕਈ ਸ਼ਕਲਾਂ ਇਸ ਤਰਾਂ ਵਿਗਾੜੀਆਂ,
ਕਈ ਬੀਬੀਆਂ ਹੁਣ ਬੀਬੇ ਲੱਗਣ, ਉੱਗਣ ਲੱਗੀਆਂ ਮੁਛਾਂ ਦਾਹੜੀਆਂ।
ਰੰਗ ਬਿਰੰਗੇ ਪੱਫ ਤੇ ਬੋਂਦੇ, ਸਾਰੇ ਹੁਣ ਬੱਸ ਖੁਰਦੇ ਜਾਵਣ,
ਛੁਪਾ ਕੇ ਰੱਖੀਆਂ ਕਈ ਉਮਰਾਂ ਦੇ, ਸੱਚ ਦੇ ਪਰਦੇ ਖੁਲਦੇ ਜਾਵਣ।
ਸੁੰਦਰ ਨੌਂਹ, ਨੈਣ ਤੇ ਨਖ਼ਰੇ, ਭਰਮਾਉਂਦੇ ਸਨ ਜੋ ਦੂਰੋਂ ਇੱਕ ਦਿਨ,
ਅੱਜ ਉਨਾਂ ਤੋਂ ਡਰ ਜਿਹਾ ਆਵੇ, ਸੁਪਨੇ ਵਿੱਚ ਵੀ ਤਭਕੇ ਇਹ ਮਨ।
ਖਾਣ ਦੀਆਂ ਕਈ ਭੁੱਲੀਆਂ ਚੀਜ਼ਾਂ, ਖੂੰਜਿਆਂ ਵਿੱਚੋਂ ਲੱਭਣ ਲੱਗੀਆਂ,
ਰਸੋਈ ਕਰਨ ਤੋਂ ਭੁੱਲੀਆਂ ਬੀਬੀਆਂ, ਇੱਕ ਦੂਜੀ ਤੋਂ ਪੁੱਛਣ ਲੱਗੀਆਂ।
ਮੁਸ਼ਟੰਡੇ ਨਿੱਤ ਬੱਸ ਮੰਜੇ ਤੋੜਨ, ਮੁੱਛਾਂ ਦੇ ਕੁੰਡ ਢਿੱਲੇ ਪੈ ਗਏ,
ਕਿਸ ਦੇ ਉੱਤੇ ਰੋਅਬ ਜਮਾਵਣ, ਹਥਿਆਰ ਵੀ ਧਰੇ ਧਰਾਏ ਰਹਿ ਗਏ।
ਰੰਡੀਆਂ ਨੂੰ ਹੁਣ ਪੀਹਣਾ ਪੈ ਗਿਆ, ਵਿਸਰ ਗਏ ਸਭ ਸੇਜ ਗਧੇਲੇ,
ਰੁੱਖੀ ਸੁੱਕੀ ਖਾਣੀ ਪੈ ਗਈ, ਗਿਣਨੇ ਪੈ ਗਏ ਪੌਲੀਆਂ ਧੇਲੇ।
ਛਿੱਕਣ ਦਾ ਕਦੀ ਸ਼ਗਨ ਸੀ ਚੰਗਾ, ਯਾਦ ਆਉਂਦੇ ਸਨ ਕਈ ਪਿਆਰੇ,
ਹੁਣ ਧਰਮਰਾਜ ਦਾ ਚੇਤਾ ਆਉਂਦਾ, ਇੱਕ ਅੱਧੀ ਵੀ ਛਿੱਕ ਕੋਈ ਮਾਰੇ।
ਦਿਨਾਂ ਵਿੱਚ ਸਭ ਉਲਟ ਹੋ ਗਿਆ, ਬਦਲ ਗਏ ਦੁਨੀਆ ਦੇ ਨਜ਼ਾਰੇ,
ਹਰ ਕੋਈ ਹਰ ਥਾਂ ਕੰਬਦਾ ਫਿਰਦਾ, ਦੇਖ ਕੇ ਇਹ ਕੋਰੋਨਾ ਦੇ ਕਾਰੇ।

# ਜਿੱਥੇ ਚਾਹ ਉੱਥੇ ਰਾਹ

**ਕਹਾਣੀ**

**- ਅੰਮ੍ਰਿਤ ਕੌਰ ਸ਼ੇਰਗਿੱਲ**

ਭਾਈ ਆਪ ਦੇ ਜਵਾਕਾਂ ਨੂੰ ਸੰਭਾਲ ਕੇ ਰੱਖੋ। ਸਮਾਂ ਮਾੜਾ ਚੱਲ ਰਿਹਾ ਹੈ।' ਬੂਹੇ ਅੱਗੋਂ ਲੰਘਦੇ ਗਿਆਨੀ ਜੀ ਨੇ ਜਰਨੈਲ ਸਿੰਘ ਨੂੰ ਸਾਹਮਣੇ ਬੈਠਾ ਦੇਖ ਕੇ ਕਿਹਾ।

ਅਜੇ ਤਕ ਤਾਂ ਗਿਆਨੀ ਜੀ ਕਿਰਪੈ ਮਾਲਕ ਦੀ। ਫਿਰ ਉਹਦੀ ਮਰਜ਼ੀ।' ਜਰਨੈਲ ਸਿੰਘ ਨੇ ਰਸਮੀ ਜਿਹਾ ਜਵਾਬ ਦਿੱਤਾ।

ਗਿਆਨੀ ਜੀ ਤਾਂ ਜਰਨੈਲ ਸਿੰਘ ਦੀ ਗੱਲ ਸੁਣ ਕੇ ਅੱਗੇ ਲੰਘ ਗਏ ਪਰ ਜਰਨੈਲ ਸਿੰਘ ਦੇ ਮੱਥੇ ਉੱਤੇ ਚਿੰਤਾ ਦੀਆਂ ਲਕੀਰਾਂ ਉੱਭਰ ਆਈਆਂ। ਗਿਆਨੀ ਜੀ ਨੂੰ ਸਾਰੇ ਪਿੰਡ ਦੀ ਖ਼ਬਰ ਰਹਿੰਦੀ ਹੈ, ਫਿਰ ਉਨਾਂ ਮੈਂਨੂੰ ਦੇਖ ਕੇ ਹੀ ਇਹ ਗੱਲ ਕਿਉਂ ਆਖੀ ? ਉਹ ਸੋਚ ਰਿਹਾ ਸੀ। ਕਿਤੇ ਉਸ ਦਾ ਪੁੱਤਰ ਪਾਲੀ ਮਾੜੀ ਸੰਗਤ ...? ਨਹੀਂ ਨਹੀਂ ... ਪਾਲੀ ਨੂੰ ਤਾਂ ਪੜਾਈ ਤੋਂ ਹੀ ਵਿਹਲ ਨਹੀਂ। ਜਰਨੈਲ ਸਿੰਘ ਦਾ ਸੋਚਣ ਨੂੰ ਵੀ ਦਿਲ ਨਹੀਂ ਸੀ ਕਰਦਾ ਕਿ ਉਸ ਦਾ ਪੁੱਤ ਗਲਤ ਪਾਸੇ ਜਾ ਸਕਦਾ ਹੈ।

ਕਹਿੰਦੇ ਕਹਾਉਂਦੇ ਘਰਾਂ ਦੇ ਜਵਾਨ ਮੁੰਡੇ ਨਸ਼ੇੜੀ ਬਣ ਕੇ ਜਵਾਨ ਹੋਣ ਤੋਂ ਪਹਿਲਾਂ ਹੀ ਬੁੱਢੇ ਹੋ ਚੁੱਕੇ ਸਨ। ਨਸ਼ਿਆਂ ਨੇ ਅੱਧੋਂ ਵੱਧ ਪਿੰਡ ਦੇ ਪਰਿਵਾਰਾਂ ਦੀ ਜ਼ਿੰਦਗੀ ਨਰਕ ਬਣਾ ਦਿੱਤੀ ਸੀ। ਹੁਣ ਤਾਂ ਨਸ਼ੇ ਵੀ ਸ਼ਰਾਬ, ਭੁੱਕੀ, ਅਫ਼ੀਮ ਤੋਂ ਅੱਗੇ ਵਧ ਕੇ ਸਮੈਕ, ਚਿੱਟਾ ਹੋਰ ਪਤਾ ਨਹੀਂ ਕੀ ਕੀ ਹੋ ਗਏ। ਕਈ ਘਰਾਂ ਵਿੱਚ ਤਾਂ ਪਹਿਲਾਂ ਤੋਂ ਹੀ ਸ਼ਰਾਬ ਪੀਤੀ ਜਾਂਦੀ ਸੀ। ਪਰ ਜਦੋਂ ਬਜ਼ੁਰਗਾਂ ਨੇ ਛੱਡੀ ਤਾਂ ਉਦੋਂ ਤਕ ਉਨਾਂ ਦੀਆਂ ਅਗਲੀਆਂ ਪੀੜੀਆਂ ਨੂੰ ਆਦਤ ਲੱਗ ਚੁੱਕੀ ਸੀ। ਇਹੋ ਜਿਹੇ ਪਰਿਵਾਰਾਂ ਵਿੱਚ ਜਦੋਂ ਬਜ਼ੁਰਗ ਉਨਾਂ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੇ ਤਾਂ ਅੱਗੋਂ ਸੁਣਨ ਨੂੰ ਮਿਲਦਾ ਕਿ ਉਹ ਆਪਣੇ ਦਿਨ ਯਾਦ ਕਰਨ। ਅਦਬ ਸਤਿਕਾਰ ਤਾਂ ਜਿਵੇਂ ਖਤਮ ਹੀ ਹੋ ਚੁੱਕਾ ਸੀ।

ਪਲਾਂ ਵਿੱਚ ਜਰਨੈਲ ਸਿੰਘ ਦੀਆਂ ਅੱਖਾਂ ਅੱਗੋਂ ਸਾਰੇ ਪਿੰਡ ਦੇ ਘਰਾਂ ਦੀ ਹਾਲਤ ਲੰਘ ਗਈ। ਜੇ ਉਸ ਦੇ ਵੱਸ ਹੁੰਦਾ ਤਾਂ ਉਹ ਆਪਣੇ ਬੱਚੇ ਨੂੰ ਲੈ ਕੇ ਇਹੋ ਜਿਹੀ ਜਗਾ ਚਲਾ ਜਾਂਦਾ, ਜਿੱਥੇ ਨਸ਼ੇ ਨਾ ਹੋਣ। ਕਹਿੰਦੇ ਨੇ ਜੇ ਸਰਕਾਰ ਚਾਹੇ ਤਾਂ ਨਸ਼ੇ ਬੰਦ ਹੋ ਸਕਦੇ ਹਨ। ਪਰ ਜਦੋਂ ਇਹੋ ਜਿਹੀਆਂ ਗੱਲਾਂ ਸੁਣਨ ਵਿੱਚ ਆਉਂਦੀਆਂ ਹਨ ਕਿ ਨਸ਼ਿਆਂ ਨੂੰ ਵੇਚਣ ਵਾਲਿਆਂ ਦੀ ਪਿੱਠ 'ਤੇ ਰਾਜਸੀ ਨੇਤਾਵਾਂ ਦਾ ਹੱਥ ਹੈ ਤਾਂ ਇਸ ਤੋਂ ਅੱਗੇ ਨਿਰਾਸ਼ਾ ਦਾ ਘੋਰ ਅੰਧਕਾਰ ਹੀ ਦਿਸਦਾ ਹੈ। ਜਿੱਥੇ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਉਹ ਖੇਤ ਨਹੀਂ ਬਚਦੇ।

ਜਰਨੈਲ ਸਿੰਘ ਨੂੰ ਸੋਚੀਂ ਪਿਆ ਦੇਖ ਕੇ ਉਸ ਦੀ ਮਾਂ ਨੇ ਮੋਢੇ ਤੇ ਹੱਥ ਰੱਖਦਿਆਂ ਪੁੱਛਿਆ, ਕੀ ਗੱਲ ਪੁੱਤ, ਸੁੱਖ ਤਾਂ ਹੈ ? ਹਾਂ ਬੇਬੇ ਸੁੱਖ ਤਾਂ ਹੈ ... ਪਰ ਜਿਹੜੇ ਆਹ ਭਾਂਤ ਭਾਂਤ ਦੇ ਨਸ਼ੇ ਚੱਲ ਪਏ ਐ, ਇਨਾਂ ਨੇ ਕਹਿੰਦੇ ਕਹਾਉਂਦੇ ਘਰਾਂ ਨੂੰ ਵਲੇਟਾ ਪਾ ਲਿਆ। ਅਸੀਂ ਕੀਹਦੇ ...।'

ਜਰਨੈਲ ਸਿੰਘ ਨੇ ਗੱਲ ਪੂਰੀ ਵੀ ਨਹੀਂ ਸੀ ਕੀਤੀ, ਬੇਬੇ ਬੋਲ ਪਈ, ਨਾ ਪੁੱਤ, ਐਂ ਨਹੀਂ ਸੋਚੀਦਾ। ਆਪਣੇ ਪਾਲੀ ਦਾ ਮਨ ਇੰਨਾ ਕਮਜ਼ੋਰ ਨਹੀਂ ਕਿ ਉਹਨੂੰ ਕੋਈ ਆਪਣੇ ਪਿੱਛੇ ਲਾ ਲਵੇ। ਨਾਲੇ ਉਹਦੀ ਪੜਾਈ ਹੋਰ ਹੈ। ਉਹਨੂੰ ਵਿਹਲ ਕਿੱਥੇ ...? ਉਹ ਅਜੇ ਗੱਲਾਂ ਕਰ ਹੀ ਰਹੇ ਸਨ ਤਾਂ ਗਲੀ ਵਿੱਚੋਂ ਰੌਲੇ ਦੀਆਂ ਆਵਾਜ਼ਾਂ ਆਉਣ ਲੱਗੀਆਂ। ਪਾਲੀ ਦੀ ਮਾਂ ਨੇ ਦੇਖਿਆ ਲੋਕ ਨੰਬਰਦਾਰਾਂ ਦੇ ਘਰ ਵੱਲ ਨੂੰ ਭੱਜੇ ਜਾ ਰਹੇ ਸਨ। ਪੁੱਛਣ 'ਤੇ ਪਤਾ ਲੱਗਿਆ ਕਿ ਉਨਾਂ ਦਾ ਜਵਾਈ ਪੂਰਾ ਹੋ ਗਿਆ। ਕਹਿੰਦੇ ਨੇ ਵਿਆਹ ਤੋਂ ਪਹਿਲਾਂ ਦਾ ਨਸ਼ੇ ਕਰਦਾ ਸੀ। ਘਰਦਿਆਂ ਨੇ ਵਿਆਹ ਦਿੱਤਾ ... ਬਈ ਆਪੇ ਸੁਧਰ ਜੂ। ਪਹਿਲਾਂ ਤਾਂ ਕੁੜੀ ਨੇ ਵੀ ਲੁਕੋ ਰੱਖਿਆ। ਪਰ ਜਦੋਂ ਟੂੰਮਾਂ ਜਾਣ ਲੱਗੀਆਂ ਤਾਂ ਮਾਂ ਨੂੰ ਦੱਸਿਆ। ਫਿਰ ਬਥੇਰੇ ਇਲਾਜ ਕਰਵਾਏ ਪਰ ਨਹੀਂ ਬਚਿਆ। ਚਾਰ ਸਾਲਾਂ ਵਿੱਚ ਦੋ ਜਵਾਕ ਹੋ ਗਏ, ਹੁਣ ਨਰਕ ਭੋਗੂ ਵਿਚਾਰੀ ...। ਜਿੰਨੇ ਮੂੰਹ ਉਨੀਆਂ ਗੱਲਾਂ ਕਰ ਰਹੇ ਸਨ ਲੋਕ। ਸੁਣ ਕੇ ਜਰਨੈਲ ਸਿੰਘ ਦੀ ਜਿਵੇਂ ਜਾਨ ਨਿਕਲ ਗਈ।

ਪਾਲੀ ਨੀ ਆਇਆ ਅਜੇ ? ਉਸ ਨੇ ਘਬਰਾਹਟ ਵਿੱਚ ਪੁੱਛਿਆ।

"ਆਉਂਦਾ ਈ ਹੋਊ, ਦਸ ਮਿੰਟ ਰਹਿੰਦੇ ਨੇ, ਉਹਦੇ ਆਉਣ 'ਚ।' ਪਾਲੀ ਦੀ ਮਾਂ ਨੇ ਕਿਹਾ

ਬੇਬੇ ਤੂੰ ਜਾਹ ਨੰਬਰਦਾਰਾਂ ਦੇ ... ਮੈਂ ਆਉਨਾ।' ਫਿਰ ਪਤਾ ਨਹੀਂ ਕੀ ਸੋਚ ਕੇ ਜਰਨੈਲ ਸਿੰਘ ਆਪਣੀ ਮਾਂ ਦੇ ਨਾਲ ਹੀ ਤੁਰ ਪਿਆ। ਰਾਤ ਨੂੰ ਦੋਵੇਂ ਮਾਂ ਪੁੱਤ ਘਰ ਵਾਪਸ ਆਏ। ਦੋਵੇਂ ਬਹੁਤ ਉਦਾਸ ਸਨ। ਹੱਥ ਮੂੰਹ ਧੋ ਕੇ ਫਿਰ ਨੰਬਰਦਾਰਾਂ ਨਾਲ ਵਰਤੇ ਭਾਣੇ ਦੀਆਂ ਗੱਲਾਂ ਕਰਨ ਲੱਗ ਪਏ।

ਜਰਨੈਲ ਸਿੰਘ ਨੇ ਦੇਖਿਆ, ਪਾਲੀ ਥੋੜਾ ਚਿਰ ਉਨਾਂ ਕੋਲ ਬੈਠ ਕੇ ਮੋਬਾਇਲ ਹੱਥ ਵਿੱਚ ਫੜੀ ਚੁਬਾਰੇ ਵਿੱਚ ਜਾ ਵੜਿਆ। ਜਰਨੈਲ ਸਿੰਘ ਨੂੰ ਪਾਲੀ ਦੀ ਹਰੇਕ ਹਰਕਤ ਉੱਤੇ ਸ਼ੱਕ ਹੋ ਰਿਹਾ ਸੀ। ਉਹ ਪੜਦਾ ਘੱਟ ਤੇ ਮੋਬਾਇਲ ਉੱਤੇ ਵੱਧ ਸਮਾਂ ਲੱਗਿਆ ਰਹਿੰਦਾ। ਕਦੇ ਕਮਰੇ ਦਾ ਦਰਵਾਜ਼ਾ ਬੰਦ ਕਰਕੇ ਕਿੰਨਾ ਕਿੰਨਾ ਚਿਰ ਗੱਲਾਂ ਕਰਦਾ ਰਹਿੰਦਾ। ਕਦੇ ਕੰਨਾਂ ਵਿੱਚ ਡਾਟ ਜਿਹੇ ਫਸਾਈ ਕਿੰਨਾ ਕਿੰਨਾ ਚਿਰ ਗਾਣੇ ਸੁਣਦਾ ਰਹਿੰਦਾ। ਫੀਸਾਂ ਤਾਂ ਕਾਲਜ ਵਾਲਿਆਂ ਨੇ ਉਨੀਆਂ ਹੀ ਲੈ ਲੈਣੀਆਂ ਨੇ ... ਥੱਬਾ ਨੋਟਾਂ ਦਾ, ਕੋਈ ਪੜੇ ਭਾਵੇਂ ਨਾ ...। ਪਰ ਸ਼ੱਕ ਦੇ ਆਧਾਰ 'ਤੇ ਜਵਾਨ ਪੁੱਤ ਨੂੰ ਕੁਝ ਕਿਹਾ ਵੀ ਨਹੀਂ ਜਾ ਸਕਦਾ। ਜਰਨੈਲ ਸਿੰਘ ਦਾ ਮਨ ਘੁੰਮਣ ਘੇਰੀਆਂ ਵਿੱਚ ਫਸਿਆ ਰਹਿੰਦਾ। ਉਸ ਨੇ ਗਿਆਨੀ ਜੀ ਨੂੰ ਜਾ ਕੇ ਪੁੱਛਿਆ ਤਾਂ ਉਨਾਂ ਨੇ ਇਹ ਜਵਾਬ ਦਿੱਤਾ ਕਿ ਇੱਕ ਦਿਨ ਪਿੰਡ ਦੇ ਵਿਹਲੜ ਮੁੰਡਿਆਂ ਕੋਲ ਪਾਲੀ ਨੂੰ ਬੈਠਿਆਂ ਦੇਖਿਆ ਸੀ। ਹੋਰ ਕੁਝ ਨਹੀਂ ਸੁਣਿਆ।

ਇੱਕ ਦਿਨ ਤਾਂ ਹੱਦ ਹੀ ਹੋ ਗਈ। ਪਿੰਡ ਦੇ ਵਿਹਲੜ ਮੁੰਡਿਆਂ ਨੇ ਪਾਲੀ ਨੂੰ ਕਿਹਾ, ਆਪਣੇ ਬਾਪੂ ਕੋਲੋਂ ਮੋਟਰਸਾਈਕਲ ਤੇ ਵਧੀਆ ਮੋਬਾਇਲ ਮੰਗ ...।'

ਡਿਗਰੀ ਪੂਰੀ ਹੋ ਲਵੇ ਫਿਰ ਦੇਖ ਲਾਂਗੇ ...।' ਪਾਲੀ ਦਾ ਜਵਾਬ ਸੀ।

ਇੱਕ ਮੁੰਡੇ ਨੇ ਦੂਜੇ ਨੂੰ ਕਿਹਾ, ਦੇਖ ਲਵਾਂਗੇ ਇਹਨੂੰ ਪਾਸ ਹੁੰਦੇ ਨੂੰ ... ਪੜਾਕੂ ਬਣਿਆਂ ਫਿਰਦਾ ... ਵੱਡਾ ਇੰਜਨੀਅਰ ਬਣੂ ਇਹ।' ਸਾਰੇ ਤਾੜੀ ਮਾਰ ਕੇ ਹੱਸ ਪਏ।

ਜਰਨੈਲ ਸਿੰਘ ਨੇ ਇਹ ਸਭ ਕੁਝ ਆਪਣੇ ਕੰਨਾਂ ਨਾਲ ਸੁਣਿਆ।ਹਥੌੜੇ ਵਾਂਗ ਕੰਨਾਂ ਵਿੱਚ ਵੱਜੇ ਇਹ ਬੋਲ,ਨਾਲ ਹੀ ਉਸ ਦੇ ਮੂੰਹੋਂ ਗਾਲ਼ ਨਿਕਲੀ। ਇਨਾਂ ਨੂੰ ਘਰ ਆਉਣੋਂ ਕਿਵੇਂ ਹਟਾਵੇ - ਉਹ ਸੋਚ ਰਿਹਾ ਸੀ। ਕਦੇ ਸੋਚਦਾ ਇਹਨਾਂ ਦੇ ਮਾਪਿਆਂ ਨੂੰ ਉਲਾਂਭਾ ਦੇਵੇ। ਪਰ ਆਪਣੇ ਮਾਪਿਆਂ ਦੀ ਗੱਲ ਕਿੱਥੇ ਮੰਨਣ ਵਾਲੀ ਸੀ ਇਹ ਰਾਹੋਂ ਭਟਕੀ ਮੁੰਡੀਰ। ਜੇ ਸਿੱਧਾ ਕਿਹਾ ਤਾਂ ਇਹ ਪਾਲੀ ਨੂੰ ਪਤਾ ਨਹੀਂ ਕੀ ਪੁੱਠੀ ਪੱਟੀ ਪੜਾਉਣਗੇ। ਉਹ ਬੜਾ ਲਾਚਾਰ ਸੀ। ਪਹਿਲਾਂ ਤਾਂ ਉਸ ਨੇ ਚੁੱਪ ਰਹਿਣਾ ਹੀ ਠੀਕ ਸਮਝਿਆ ਪਰ ਉਹ ਚੁੱਪ ਵੀ ਕਿਵੇਂ ਰਹਿ ਸਕਦਾ ਸੀ। ਉਸ ਦੇ ਮਨ ਨੂੰ ਚੈਨ ਨਹੀਂ ਸੀ। ਉਹ ਕਈ ਵਾਰੀ ਪਾਲੀ ਨਾਲ ਵੀ ਰੁੱਖਾ ਬੋਲਦਾ। ਪਾਲੀ ਆਪਣੀ ਮਾਂ ਤੇ ਦਾਦੀ ਦਾ ਬਹੁਤ ਲਾਡਲਾ ਸੀ। ਜਦੋਂ ਮਾਂ ਤੇ ਦਾਦੀ ਨਾਲ ਪਾਲੀ ਬੱਚਿਆਂ ਵਾਂਗ ਸ਼ਰਾਰਤਾਂ ਕਰਦਾ ਤਾਂ ਜਰਨੈਲ ਸਿੰਘ ਥੋੜਾ ਦੂਰ ਜਾ ਕੇ ਬੈਠ ਜਾਂਦਾ। ਅੰਦਰੋਂ ਅੰਦਰੀ ਖਿਝਦਾ।

ਇੱਕ ਦਿਨ ਪਾਲੀ ਫੋਨ 'ਤੇ ਖੁਸ਼ ਹੋ ਕੇ ਕਿਸੇ ਨਾਲ ਗੱਲਾਂ ਕਰ ਰਿਹਾ ਸੀ। ਫੋਨ ਬੰਦ ਕਰਕੇ ਉਸ ਨੇ ਆਪਣੀ ਮਾਂ ਤੇ ਦਾਦੀ ਨੂੰ ਇਕੱਠਿਆਂ ਹੀ ਜੱਫੀ ਪਾਈ ਅਤੇ ਖੁਸ਼ ਹੁੰਦਿਆਂ ਆਖਿਆ, ਬੇਬੇ ਮੇਰਾ ਨਤੀਜਾ ਆ ਗਿਆ ... ਵਧੀਆ ਨੰਬਰ ਲੈ ਕੇ ਪਾਸ ਹੋ ਗਿਆ ਮੈਂ।' ਦਾਦੀ ਨੇ ਸੌ ਸੌ ਅਸੀਸਾਂ ਦਿੱਤੀਆਂ। ਮਾਂ ਨੇ ਢੇਰ ਸਾਰਾ ਪਿਆਰ ਦਿੱਤਾ।

ਜਰਨੈਲ ਸਿੰਘ ਇਸ ਸਮੇਂ ਖੇਤ ਗਿਆ ਹੋਇਆ ਸੀ। ਜਦੋਂ ਉਹ ਖੇਤੋਂ ਵਾਪਸ ਆ ਰਿਹਾ ਸੀ ਤਾਂ ਰਸਤੇ ਵਿੱਚ ਉਸ ਨੂੰ ਮਾਸਟਰ ਜੀ ਮਿਲ ਪਏ, ਜੋ ਕਈ ਸਾਲਾਂ ਤੋਂ ਇਸੇ ਪਿੰਡ ਵਿੱਚ ਰਹਿ ਰਹੇ ਸਨ। ਪਾਲੀ ਆਮ ਕਰਕੇ ਦੂਜੇ ਤੀਜੇ ਦਿਨ ਮਾਸਟਰ ਜੀ ਕੋਲ ਚਲਿਆ ਜਾਂਦਾ ਸੀ।

"ਜਰਨੈਲ ਸਿੰਘ ਜੀ ਮੁਬਾਰਕਾਂ।' ਮਾਸਟਰ ਜੀ ਨੇ ਆਖਿਆ।

"ਕਾਹਦੀਆਂ ਮੁਬਾਰਕਾਂ ਜੀ।'

"ਪਾਲੀ ਦੇ ਪਾਸ ਹੋਣ ਦੀਆਂ ਤੇ ਵਧੀਆ ਨੰਬਰ ਲੈਣ ਦੀਆਂ।'

ਜਰਨੈਲ ਸਿੰਘ ਨੂੰ ਯਕੀਨ ਨਹੀਂ ਸੀ ਆ ਰਿਹਾ। ਉਸ ਤੋਂ ਇਹ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ। ਉਸ ਨੇ ਮਾਸਟਰ ਜੀ ਨਾਲ ਉਹ ਸਾਰੀਆਂ ਗੱਲਾਂ ਕੀਤੀਆਂ, ਜੋ ਉਸ ਦੇ ਅੰਦਰ ਡਰ ਪੈਦਾ ਕਰ ਰਹੀਆਂ ਸਨ। ਮਾਸਟਰ ਜੀ ਨੇ ਦੱਸਿਆ ਕਿ ਗਿਆਨੀ ਜੀ ਨੇ ਵਿਹਲੜ ਜੁੰਡਲੀ ਨੂੰ ਪਾਲੀ ਨੂੰ ਵਿਗਾੜਨ ਦੀਆਂ ਸ਼ਰਤਾਂ ਲਾਉਂਦੇ ਸੁਣਿਆ ਸੀ ਅਤੇ ਇਸ ਬਾਰੇ ਪਾਲੀ ਨੂੰ ਸੁਚੇਤ ਰਹਿਣ ਲਈ ਵੀ ਕਿਹਾ ਸੀ। ਪਾਲੀ ਨੇ ਆਪਣਾ ਪੜਾਈ ਕਰਨ ਦਾ ਤਰੀਕਾ ਬਦਲ ਲਿਆ ਸੀ। ਉਸ ਨੇ ਆਪਣੀ ਪੜਾਈ ਮੋਬਾਇਲ ਨਾਲ ਜੋੜ ਲਈ। ਜਦੋਂ ਮਾਸਟਰ ਜੀ ਨੇ ਪੜਨ ਦੇ ਤਰੀਕੇ ਬਾਰੇ ਦੱਸਿਆ ਤਾਂ ਜਰਨੈਲ ਸਿੰਘ ਖੁਸ਼ ਵੀ ਸੀ ਤੇ ਹੈਰਾਨ ਵੀ। ਗੱਲਾਂ ਕਰਦਿਆਂ ਦੋਵੇਂ ਘਰ ਪਹੁੰਚ ਗਏ।

ਮਾਸਟਰ ਜੀ ਨੇ ਸਭ ਨੂੰ ਵਧਾਈ ਦਿੱਤੀ ਤੇ ਪਾਲੀ ਨੂੰ ਆਪਣਾ ਮੋਬਾਇਲ ਲਿਆਉਣ ਲਈ ਕਿਹਾ। ਮਾਸਟਰ ਜੀ ਨੇ ਜਰਨੈਲ ਸਿੰਘ ਦੇ ਨਾਂਹ ਨਾਂਹ ਕਰਦਿਆਂ ਉਸ ਦੇ ਕੰਨਾਂ ਵਿੱਚ ਟੂਟੀਆਂ ਜਿਹੀਆਂ ਲਾ ਦਿੱਤੀਆਂ। ਉਹ ਸੁਣ ਕੇ ਹੈਰਾਨ ਵੀ ਹੋ ਰਿਹਾ ਸੀ ਅਤੇ ਖੁਸ਼ ਵੀ।

ਇਹ ਗਾਣੇ ਨਹੀਂ, ਕੋਈ ਪੜਾਈ ਦੀ ਗੱਲ ਲਗਦੀ ਹੈ।' ਥੋੜਾ ਜਿਹਾ ਸੁਣਾ ਕੇ ਮਾਸਟਰ ਜੀ ਨੇ ਫੋਨ ਬੰਦ ਕਰ ਦਿੱਤਾ। ਇਹ ਐਸ ਤਰਾਂ ਵੀ ਪੜਿਆ ਜਾ ਸਕਦਾ ਹੈ ? ਜਰਨੈਲ ਸਿੰਘ ਨੂੰ ਸਮਝ ਨਹੀਂ ਸੀ ਆ ਰਹੀ ਉਹ ਕੀ ਕਹੇ, ਪਰ ਉਹ ਸਾਰਾ ਕੁਝ ਸਮਝ ਚੁੱਕਾ ਸੀ ਅਤੇ ਬਹੁਤ ਖੁਸ਼ ਸੀ।

ਪਾਲੀ ਦੀ ਦਾਦੀ ਪਾਲੀ ਦੇ ਮੋਢੇ 'ਤੇ ਹੱਥ ਫੇਰ ਰਹੀ ਸੀ- ਇਹ ਤਾਂ ਮੇਰਾ ਸੂਰਮਾ ਪੁੱਤ ਹੈ।'

ਹਾਂ ਮਾਤਾ ਜੀ ...' ਲਾਗੇ ਖੜੇ ਮਾਸਟਰ ਜੀ ਬੋਲੇ, ਕੋਈ ਜ਼ਰੂਰੀ ਨਹੀਂ ਹੱਥਾਂ ਵਿੱਚ ਹਥਿਆਰ ਫੜ ਕੇ ਤੇ ਲੜਕੇ ਹੀ ਕੋਈ ਬੰਦਾ ਸੂਰਮਾ ਕਹਾਵੇ। ਜਿਹੜਾ ਬੰਦਾ ਬੁਰਾਈਆਂ ਤੋਂ ਆਪਣੇ ਆਪ ਨੂੰ ਬਚਾ ਕੇ ਰੱਖੇ, ਉਹ ਵੀ ਸੂਰਮਾ ਹੀ ਹੁੰਦਾ ਹੈ। ਨਾਲੇ ਜਦੋਂ ਕੋਈ ਇਨਸਾਨ ਚੰਗੇ ਕੰਮ ਕਰਨ ਦੀ ਇੱਛਾ ਰੱਖਦਾ ਹੋਵੇ ਤੇ ਕੋਸ਼ਿਸ਼ ਕਰਦਾ ਹੋਵੇ ਤਾਂ ਸੌ ਰਾਹ ਮਿਲ ਜਾਂਦੇ ਨੇ।'

# ਭਾਰਤ ਦੀ ਪੱਤਰਕਾਰੀ ਕਿੰਨੀ ਕੁ ਆਜ਼ਾਦ

**- ਰਜਿੰਦਰ ਸਿੰਘ**

ਭਾਰਤ ਦੀ ਪੱਤਰਕਾਰੀ ਬਾਰੇ ਭਾਰਤੀ ਸਮਾਜ ਵਿਚ ਬਹੁਤ ਸਾਰੇ ਕਿੰਤੂ ਪ੍ਰੰਤੂ ਹੋ ਰਹੇ ਹਨ। ਨਿਰਪੱਖ ਬੁੱਧੀਜੀਵੀਆਂ ਦਾ ਮੰਨਣਾ ਹੈ ਕਿ ਭਾਰਤ ਦੀ ਪੱਤਰਕਾਰੀ ਆਜ਼ਾਦ ਨਹੀਂ ਹੈ ਤੇ ਵੱਡੀ ਪੱਧਰ 'ਤੇ ਇਹ ਦਰਬਾਰੀ ਪੱਤਰਕਾਰੀ ਵਿਚ ਤਬਦੀਲ ਹੋ ਚੁੱਕੀ ਹੈ। ਕਹਿਣ ਵਾਲੇ ਸਾਧਾਰਨ ਲੋਕ ਇਸ ਨੂੰ ਗੋਦੀ ਮੀਡੀਆ ਵੀ ਕਹਿੰਦੇ ਹਨ। ਜਦੋਂ ਅਸੀਂ ਟੀਵੀ ਚੈਨਲਾਂ 'ਤੇ ਇਹੋ ਜਿਹੇ ਗੋਦੀ ਮੀਡੀਆ ਨਾਲ ਜੁੜੇ ਪੱਤਰਕਾਰਾਂ ਨੂੰ ਝੂਠ ਦੀ ਪੱਤਰਕਾਰੀ ਪੇਸ਼ ਕਰਦੇ ਤੇ ਸ਼ੋਅਲੇ ਫਿਲਮ ਦੇ ਗੱਬਰ ਸਿੰਘ ਵਰਗੇ ਡਾਇਲਾਗ ਮਾਰਦੇ ਦੇਖੀਦਾ ਹੈ ਤਾਂ ਇਸ ਤਰਾਂ ਜਾਪਦਾ ਹੈ ਕਿ ਇਹ ਭਾਰਤੀ ਜਮਹੂਰੀਅਤ ਦਾ ਜਲੂਸ ਕੱਢ ਰਹੇ ਹਨ। ਇਹ ਸਿਧਾਂਤਕ ਤੇ ਨਿਰਪੱਖ ਪੱਤਰਕਾਰੀ ਨਹੀਂ ਹੈ, ਜਿਸ ਦੌਰਾਨ ਤੁਸੀਂ ਲੋਕਾਂ ਦੇ ਹਿੱਤ ਦੇ ਵਿਰੋਧ ਵਿਚ ਖੜੇ ਹੋਵੋ ਅਤੇ ਘੱਟ ਗਿਣਤੀਆਂ ਨੂੰ ਬਦਨਾਮ ਕਰਕੇ ਇਕਪਾਸੜ ਭੂਮਿਕਾ ਨਿਭਾਓ। ਲੋਕਾਂ ਦੀ ਪਹਿਰੇਦਾਰੀ ਕਰਨਾ ਹੀ ਅਸਲ ਪੱਤਰਕਾਰੀ ਹੈ। ਜੇ ਤੁਹਾਨੂੰ ਕਿਸੇ ਅਹੁਦੇ ਤੇ ਕਿਸੇ ਮਾਇਆ ਦਾ ਲਾਲਚ ਨਹੀਂ ਤਾਂ ਹੀ ਤੁਸੀਂ ਮਹਾਨ ਪੱਤਰਕਾਰ ਹੋ ਸਕਦੇ ਹੋ। ਜੇਕਰ ਤੁਸੀਂ ਪ੍ਰੈਸ ਦੀ ਆਜ਼ਾਦੀ ਆਪ ਖਤਮ ਕਰ ਰਹੇ ਹੋ ਤਾਂ ਤੁਸੀਂ ਲੋਕਾਂ ਲਈ, ਆਪਣੇ ਲਈ, ਆਪਣੇ ਦੇਸ ਲਈ ਕਾਲਾ ਭਵਿੱਖ ਬੁਣ ਰਹੇ ਹੋ। ਇਸੇ ਲਈ ਕਿਹਾ ਜਾਂਦਾ ਹੈ ਕਿ ਅਖਬਾਰ ਜਾਂ ਮੀਡੀਆ ਜਾਂ ਪ੍ਰੈਸ ਦੀ ਪੂਰੀ ਆਜ਼ਾਦੀ ਹੋਣੀ ਚਾਹੀਦੀ ਹੈ। ਸੱਚ ਦੀ ਪੱਤਰਕਾਰੀ ਹੀ ਆਦਰਸ਼ਵਾਦੀ ਸਮਾਜ ਤੇ ਸਿਆਸਤ ਦੀ ਸਿਰਜਣਾ ਕਰ ਸਕਦੀ ਹੈ। ਪ੍ਰੈਸ ਦੀ ਸੁਤੰਤਰਤਾ ਇਸੇ ਲਈ ਜ਼ਰੂਰੀ ਹੁੰਦੀ ਹੈ ਤਾਂ ਜੋ ਮਨੁੱਖੀ ਅਧਿਕਾਰ ਤੇ ਲੋਕਤੰਤਰ ਕਾਇਮ ਰਹਿ ਸਕੇ। ਪੱਤਰਕਾਰ ਨੂੰ ਉਤੇਜਿਤ ਵਿਚਾਰ ਤੋਂ ਬਚਣਾ ਚਾਹੀਦਾ ਹੈ। ਜਿੰਨਾ ਉਹ ਸ਼ਾਂਤ ਵਿਚਾਰ ਪੇਸ਼ ਕਰੇਗਾ, ਓਨਾ ਹੀ ਉਸ ਦੀ ਪੱਤਰਕਾਰੀ ਤੇ ਭਾਸ਼ਾ ਵਿਚ ਦਮ ਹੋਵੇਗਾ। ਉਹ ਭਾਸ਼ਾ ਅਸਰਦਾਰ ਵੀ ਹੋਵੇਗੀ ਤੇ ਲੋਕ ਵੀ ਕਬੂਲਣਗੇ। ਭੜਕਾਊ ਭਾਸ਼ਾ ਹਮੇਸ਼ਾ ਸਮਾਜ ਨੂੰ ਬੇਚੈਨ ਕਰਦੀ ਹੈ ਤੇ ਸਮਾਜ ਦਾ ਬੇੜਾ ਗਰਕ ਕਰਦੀ ਹੈ। ਇਸ ਲਈ ਮੀਡੀਆ ਤੇ ਪੱਤਰਕਾਰ ਦੀ ਜ਼ਿੰਮੇਵਾਰੀ ਬਹੁਤ ਵੱਡੀ ਹੈ।

ਪ੍ਰੈੱਸ ਦੀ ਆਜ਼ਾਦੀ ਦੇ ਮਾਮਲੇ ਵਿਚ ਭਾਰਤ ਕਾਫੀ ਪਿੱਛੇ ਹੈ। ਬੀਤੇ ਦਿਨੀਂ ਵਰਲਡ ਪ੍ਰੈੱਸ ਫ੍ਰੀਡਮ ਇੰਡੈਕਸ ਵਿਚ 180 ਦੇਸ਼ਾਂ ਦੀ ਸੂਚੀ ਜਾਰੀ ਹੋਈ ਸੀ, ਜਿਸ ਵਿਚ ਭਾਰਤ 142ਵੇਂ ਨੰਬਰ 'ਤੇ ਹੈ। ਪਿਛਲੇ ਚਾਰ ਸਾਲਾਂ ਤੋਂ ਭਾਰਤ ਲਗਾਤਾਰ ਪਛੜ ਰਿਹਾ ਹੈ। ਨੇਪਾਲ (112), ਸ੍ਰੀਲੰਕਾ (127), ਮਿਆਂਮਾਰ (139) ਤੋਂ ਵੀ ਭਾਰਤ ਪਿੱਛੇ ਹੈ। ਹਾਲਾਂਕਿ ਪਾਕਿਸਤਾਨ (145), ਬੰਗਲਾਦੇਸ਼ (151) ਤੇ ਚੀਨ (177) ਤੋਂ ਭਾਰਤ ਦੀ ਸਥਿਤੀ ਬਿਹਤਰ ਹੈ। ਇੱਕ ਰਿਪੋਰਟ ਮੁਤਾਬਕ ਭਾਰਤ ਵਿਚ 2014 ਤੋਂ 2019 ਤਕ ਪੱਤਰਕਾਰਾਂ 'ਤੇ ਲਗਾਤਾਰ 198 ਹਮਲੇ ਹੋਏ ਹਨ। ਇਨਾਂ ਵਿਚੋਂ 36 ਹਮਲੇ 2019 ਵਿਚ ਹੋਏ। 40 ਹਮਲਿਆਂ ਵਿਚ ਪੱਤਰਕਾਰਾਂ ਦੀ ਹੱਤਿਆ ਕਰ ਦਿੱਤੀ ਗਈ, ਇਨਾਂ ਵਿਚ 21 ਕਤਲ ਸਿੱਧੇ ਤੌਰ 'ਤੇ ਖ਼ਬਰ ਛਾਪਣ ਤੋਂ ਨਾਰਾਜ਼ ਹੋਣ 'ਤੇ ਕੀਤੇ ਗਏ। ਕੁੱਲ ਹਮਲਿਆਂ ਦੇ ਇਕ ਤਿਹਾਈ ਵਿਚ ਐਫਆਈਆਰ ਤਕ ਦਰਜ ਨਹੀਂ ਹੋਈ।

ਦੁਨੀਆਂ ਭਰ ਦੇ ਕਈ ਦੇਸ਼ਾਂ ਵਿਚ ਪੱਤਰਕਾਰਾਂ ਤੇ ਪ੍ਰੈੱਸ 'ਤੇ ਅੱਤਿਆਚਾਰ ਹੁੰਦਾ ਹੈ। ਮੀਡੀਆ ਸੰਗਠਨਾਂ ਨੂੰ ਸਰਕਾਰਾਂ ਪਰੇਸ਼ਾਨ ਕਰਦੀਆਂ ਹਨ। ਇਸ਼ਤਿਹਾਰ ਬੰਦ ਕਰਕੇ ਆਰਥਿਕ ਰੂਪ ਤੋਂ ਨੁਕਸਾਨ ਪਹੁੰਚਾਇਆ ਜਾਂਦਾ ਹੈ। ਪੱਤਰਕਾਰਾਂ 'ਤੇ ਹਮਲੇ ਕੀਤੇ ਜਾਂਦੇ ਹਨ। ਇਸ ਦੇ ਮੱਦੇਨਜ਼ਰ ਯੂਨੈਸਕੋ ਨੇ 1993 ਵਿਚ ਵਰਲਡ ਪ੍ਰੈੱਸ ਫਰੀਡਮ ਡੇਅ ਮਨਾਉਣ ਦੀ ਸ਼ੁਰੂਆਤ ਕੀਤੀ ਸੀ। ਯੂਨੈਸਕੋ ਹਰ ਸਾਲ ਇਸ ਦਾ ਥੀਮ ਤੇ ਮੇਜ਼ਬਾਨ ਦੇਸ਼ ਤੈਅ ਕਰਦਾ ਹੈ। ਇਸ ਸਾਲ ਦਾ ਥੀਮ 'ਸੇਫਟੀ ਆਫ਼ ਜਰਨਲਿਸਟ ਪ੍ਰੈਸ ਫ੍ਰੀਡਮ ਐਂਡ ਮੀਡੀਆ ਕੈਪਚਰ' ਰੱਖਿਆ ਗਿਆ ਤੇ ਮੇਜ਼ਬਾਨੀ ਨੀਦਰਲੈਂਡ ਨੂੰ ਮਿਲੀ ਹੈ। ਅਫਰੀਕਾ ਵਿਚ ਪੱਤਰਕਾਰਾਂ ਨੇ 1991 ਵਿਚ ਪ੍ਰੈੱਸ ਦੀ ਆਜ਼ਾਦੀ ਨੂੰ ਲੈ ਕੇ ਇੱਕ ਪਹਿਲ ਕੀਤੀ ਸੀ। ਯੂਨੈਸਕੋ ਨੇ ਇਸ ਸਬੰਧੀ ਨਾਮੀਬੀਆ ਵਿਚ ਇਕ ਸੰਮੇਲਨ ਕੀਤਾ ਸੀ। ਇਹ ਸੰਮੇਲਨ 29 ਅਪ੍ਰੈਲ ਤੋਂ ਤਿੰਨ ਮਈ ਤਕ ਚੱਲਿਆ ਸੀ। ਇਸ ਮਗਰੋਂ ਪ੍ਰੈਸ ਦੀ ਆਜ਼ਾਦੀ ਨਾਲ ਜੁੜਿਆ ਇਕ ਬਿਆਨ ਜਾਰੀ ਕੀਤਾ ਗਿਆ ਸੀ। ਇਸ ਨੂੰ 'ਡੈਕਲੇਰੇਸ਼ਨ ਆਫ਼ ਵਿੰਡੋਕ' ਕਿਹਾ ਜਾਂਦਾ ਹੈ।

ਇਸ ਸੰਮੇਲਨ ਦੀ ਦੂਜੀ ਐਨੀਵਰਸਰੀ ਤੇ 1993 ਵਿਚ ਯੂਨੈਸਕੋ ਅਤੇ ਸੰਯੁਕਤ ਰਾਸ਼ਟਰ ਮਹਾਸਭਾ ਨੇ ਹਰ ਸਾਲ ਤਿੰਨ ਮਈ ਨੂੰ ਵਰਲਡ ਪ੍ਰੈੱਸ ਫ੍ਰੀਡਮ ਡੇਅ ਮਨਾਉਣ ਦਾ ਫੈਸਲਾ ਲਿਆ ਸੀ। 2020 ਦੇ ਵਰਲਡ ਪ੍ਰੈਸ ਫਰੀਡਮ ਇੰਡੈਕਸ ਵਿਚ ਨੌਰਵੇ ਪਹਿਲੇ ਸਥਾਨ 'ਤੇ ਅਤੇ ਨੌਰਥ ਕੋਰੀਆ ਆਖਰੀ ਨੰਬਰ 'ਤੇ ਹੈ। ਨੌਰਵੇ ਚਾਰ ਸਾਲ ਤੋਂ ਲਗਾਤਾਰ ਪਹਿਲੇ ਸਥਾਨ 'ਤੇ ਕਾਬਜ਼ ਹੈ। ਦੁਨੀਆਂ ਭਰ ਵਿਚ ਪੱਤਰਕਾਰਾਂ ਦੀ ਸੁਰੱਖਿਆ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਦੇ ਮਹਾਸਕੱਤਰ ਕ੍ਰਿਸਟੋਫ ਡੇਲੋਏਰ ਨੇ ਕਿਹਾ ਸੀ ਕਿ ਕੋਰੋਨਾ ਮਹਾਮਾਰੀ ਨੇ ਦੁਨੀਆਂ ਭਰ ਦੇ ਮੀਡੀਆ 'ਤੇ ਗਲਤ ਅਸਰ ਪਾਇਆ ਹੈ। ਚੀਨ, ਇਰਾਨ ਤੇ ਇਰਾਕ ਸਮੇਤ ਕਈ ਅਜਿਹੇ ਦੇਸ਼ ਹਨ ਜਿੱਥੇ ਦੇ ਮੀਡੀਆ ਨੇ ਸਰਕਾਰ ਦੇ ਦਬਾਅ ਵਿਚ ਸਹੀ ਜਾਣਕਾਰੀ ਨਹੀਂ ਦਿੱਤੀ। ਇਰਾਨ ਵਿਚ ਕੋਰੋਨਾ ਦੇ ਅਧਿਕਾਰਤ ਅੰਕੜਿਆਂ 'ਤੇ ਸਵਾਲ ਚੁੱਕਣ ਵਾਲੀ ਸਟੋਰੀ ਪ੍ਰਕਾਸ਼ਤ ਕਰਨ 'ਤੇ ਨਿਊਜ਼ ਏਜੰਸੀ ਰਾਇਟਰਸ ਦਾ ਲਾਇਸੈਂਸ ਤਿੰਨ ਮਹੀਨੇ ਲਈ ਰੱਦ ਕਰ ਦਿੱਤਾ ਗਿਆ ਸੀ। ਰਿਪੋਰਟਰਜ਼ ਵਿਦਾਊਟ ਬਾਰਡਰਜ਼ ਦੁਆਰਾ ਤਿਆਰ ਕੀਤੀ ਗਈ 2020 ਦੀ ਵਿਸ਼ਵ ਪ੍ਰੈਸ ਸੁਤੰਤਰਤਾ ਸੂਚੀ, ਕੋਰੋਨਾ ਪੀਰੀਅਡ ਵਿੱਚ ਪ੍ਰੈਸ ਦੀ ਆਜ਼ਾਦੀ ਸੰਬੰਧੀ ਦਰਪੇਸ਼ ਚੁਣੌਤੀਆਂ ਨੂੰ ਦਰਸਾਉਂਦਾ ਹੈ। ਬਹੁਤ ਸਾਰੇ ਦੇਸ਼ਾਂ ਨੇ ਇਸ ਵਿਸ਼ਵਵਿਆਪੀ ਮਹਾਂਮਾਰੀ ਦੇ ਪਰਦੇ ਹੇਠ ਮੀਡੀਆ ਦੀ ਆਜ਼ਾਦੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਸਦਾ ਵਿਸ਼ਵ ਪ੍ਰੈਸ ਅਜ਼ਾਦੀ ਸੂਚੀ ਵਿੱਚ ਉਨਾਂ ਦੀ ਰੈਂਕਿੰਗ ਉੱਤੇ ਵੀ ਮਾੜਾ ਪ੍ਰਭਾਵ ਪਿਆ ਹੈ। ਵੁਹਾਨ ਵਿਚ ਕੋਰੋਨਾ ਦੇ ਸ਼ੁਰੂਆਤੀ ਹਮਲੇ ਨਾਲ ਸਬੰਧਤ ਖ਼ਬਰਾਂ ਦੇ ਪ੍ਰਸਾਰ ਨੂੰ ਰੋਕਣ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ 180 ਦੇਸ਼ਾਂ ਵਿਚੋਂ ਚੀਨ 177 ਵੇਂ ਨੰਬਰ 'ਤੇ ਹੈ। ਬਹੁਤ ਸਾਰੇ ਮਨੁੱਖੀ ਅਧਿਕਾਰ ਕਾਰਕੁਨਾਂ ਅਤੇ ਪੱਤਰਕਾਰਾਂ ਦਾ ਮੰਨਣਾ ਹੈ ਕਿ ਚੀਨ ਨੇ ਡਾਕਟਰਾਂ ਅਤੇ ਮੀਡੀਆ ਕਰਮਚਾਰੀਆਂ ਤੇ ਦਬਾਅ ਪਾਇਆ ਅਤੇ ਵਾਇਰਸ ਨਾਲ ਹੋਈਆਂ ਮੌਤਾਂ ਦੇ ਅੰਕੜਿਆਂ ਨੂੰ ਲੁਕਾਉਣ ਲਈ ਦਮਨਕਾਰੀ ਤਰੀਕਿਆਂ ਦੀ ਵਰਤੋਂ ਕੀਤੀ। ਇਹੀ ਸਥਿਤੀ ਇਰਾਨ ਦੇ ਨਾਲ ਕੋਵਿਡ -19 ਸੰਬੰਧੀ ਖ਼ਬਰਾਂ ਉੱਪਰ ਸੈਂਸਰਸ਼ਿਪ ਠੋਸਣ 'ਤੇ ਦਰਪੇਸ਼ ਹੈ। ਇਰਾਕ ਵਿਚ ਰੋਇਟਰਜ਼ ਏਜੰਸੀ ਦੀ ਤਿੰਨ ਮਹੀਨਿਆਂ ਲਈ ਛੁੱਟੀ ਕਰ ਦਿੱਤੀ ਗਈ ਸੀ ਜਦੋਂ ਏਜੰਸੀ ਨੇ ਕੋਵਿਡ -19 ਦੌਰਾਨ ਮਾਰੇ ਗਏ ਅਤੇ ਮਾਰੇ ਗਏ ਲੋਕਾਂ ਦੇ ਬਾਰੇ ਇਰਾਕੀ ਸਰਕਾਰ ਦੁਆਰਾ ਮੁਹੱਈਆ ਕਰਵਾਏ ਗਏ ਅੰਕੜਿਆਂ ਉੱਤੇ ਪ੍ਰਸ਼ਨ ਪੁੱਛੇ ਜਾਣ ਦੀਆਂ ਰਿਪੋਰਟਾਂ ਪ੍ਰਕਾਸ਼ਤ ਕੀਤੀਆਂ ਸਨ। ਸਰਕਾਰਾਂ ਕੋਵਿਡ -19 ਦੀ ਰੋਕਥਾਮ ਦਾ ਅਧਾਰ ਬਣਾ ਕੇ ਆਪਣੀ ਨਿਗਰਾਨੀ ਵਧਾ ਰਹੀਆਂ ਹਨ। ਜੇ ਸਰਕਾਰਾਂ ਦੁਆਰਾ ਨਿਗਰਾਨੀ ਦਾ ਇਹ ਰੁਝਾਨ ਅੱਗੇ ਵੀ ਜਾਰੀ ਰਿਹਾ ਤਾਂ ਇਸ ਦਾ ਪ੍ਰੈਸ ਦੀ ਆਜ਼ਾਦੀ 'ਤੇ ਲੰਮੇ ਸਮੇਂ ਦਾ ਅਸਰ ਪਏਗਾ। ਐਮਰਜੈਂਸੀ ਲੋਕਤੰਤਰੀ ਹਕੂਮਤ ਦੇ ਮੁਖੀਆਂ ਨੂੰ ਜ਼ਾਲਮ ਸ਼ਾਸਕਾਂ ਵਾਂਗ ਬੇਅੰਤ ਅਤੇ ਬੇਕਾਬੂ ਤਾਕਤਾਂ ਦੀ ਵਰਤੋਂ ਕਰਨ ਦਾ ਮੌਕਾ ਪ੍ਰਦਾਨ ਕਰਦੇ ਹਨ। ਲੋਕ ਹਿੱਤਾਂ ਲਈ ਇਨਾਂ ਨੂੰ ਰੋਕਣਾ ਜ਼ਰੂਰੀ ਹੈ। ਲੋੜ ਹੈ ਲੋਕਾਂ ਨੂੰ ਜਾਗਣ ਦੀ। ਜਮਹੂਰੀਅਤ, ਲੋਕਤੰਤਰ, ਮਨੁੱਖੀ ਅਧਿਕਾਰ ਤਾਂ ਹੀ ਬਚ ਸਕਦੇ ਹਨ, ਜੇਕਰ ਪ੍ਰੈਸ ਦੀ ਆਜ਼ਾਦੀ ਹੋਵੇ ਤੇ ਲੋਕ ਜਾਗੇ ਹੋਣ, ਇਕਮੁੱਠ ਹੋਣ।

# ਕੈਨੇਡਾ ਦੇ ਡਾਕਟਰ ਭਰਾਵਾਂ ਅਤੇ ਮਨਜਿੰਦਰ ਸਿੰਘ ਸਿਰਸੇ ਦੇ ਪਿੱਛੇ ਲੁਕੀ ਸੋਚ ਨੂੰ ਸਮਝਣ ਦੀ ਲੋੜ



- ਬਘੇਲ ਸਿੰਘ ਧਾਲੀਵਾਲ
99142-58142

ਸਿੱਖ ਕੌਮ ਨੂੰ ਨਿੱਤ ਨਵੀਆਂ ਚਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਆਏ ਦਿਨ ਕੋਈ ਨਾ ਕੋਈ ਚਣੌਤੀ ਦਰਪੇਸ਼ ਰਹਿੰਦੀ ਹੈ,ਜਿੰਨਾਂ ਚੋਂ ਇੱਕ ਵੀਡੀਓ ਬੀਤੇ ਦਿਨੀ ਦਿੱਲੀ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿਰਸੇ ਦੀ ਸ਼ੋਸ਼ਲ ਮੀਡੀਏ ਤੇ ਵਾਇਰਲ ਕੀਤੀ ਗਈ ਵੀਡੀਓ ਵਾਲੀ ਘਟਨਾ ਹੈ, ਜਦੋਂਕਿ ਇੱਕ ਹੋਰ ਵੀਡੀਓ ਕਨੇਡਾ ਦੇ ਮੌਂਟਰੀਆਲ ਵਿੱਚ ਪਿਛਲੇ ਦਿਨੀ ਵਾਪਰੀ ਘਟਨਾ ਨਾਲ ਸਬੰਧਿਤ ਹੈ।ਪਹਿਲਾਂ ਗੱਲ ਕਨੇਡਾ ਦੇ ਦੋ ਡਾਕਟਰ ਭਰਾਵਾਂ ਦੀ ਕਰਦੇ ਹਾਂ। ਪਿਛਲੇ ਦਿਨਾਂ ਵਿਚ ਸ਼ੋਸ਼ਲ ਮੀਡੀਏ ਤੇ ਇੱਕ ਵੀਡੀਓ ਬੇਹੱਦ ਜਿਆਦਾ ਸਾਂਝੀ ਕੀਤੀ ਗਈ, ਜਿਸ ਵਿੱਚ ਕੈਨੇਡਾ ਰਹਿੰਦੇ ਦੋ ਸਿੱਖ ਡਾਕਟਰ ਭਰਾਵਾਂ ਨੇ ਆਪਣੀ ਦਾਹੜੀ ਨੂੰ ਕਰੋਨਾ ਵਾਇਰਸ ਦੌਰਾਨ ਆਪਣੀਆਂ ਸੇਵਾਵਾਂ ਵਿੱਚ ਰੁਕਾਵਟ ਦੱਸਿਆ ਸੀ।ਉਹਨਾਂ ਨੇ ਕਿਹਾ ਸੀ ਕਿ ਅਸੀ ਮਨੁੱਖਤਾ ਦੀ ਸੇਵਾ ਲਈ ਆਪਣੀਆਂ ਦਾਹੜੀਆਂ ਕੱਟਣ ਦਾ ਫੈਸਲਾ ਕੀਤਾ ਹੈ।ਉਸ ਵੀਡੀਓ ਵਿੱਚ ਉਪਰੋਕਤ ਡਾਕਟਰ ਭਰਾਵਾਂ ਚੋਂ ਇੱਕ ਫੋਟੋ ਦਾਹੜੀ ਵਾਲੀ ਅਤੇ ਇੱਕ ਦਾਹੜੀ ਕਟਵਾ ਦੇਣ ਤੋਂ ਬਾਅਦ ਦੀ ਸਾਂਝੀ ਕੀਤੀ ਗਈ ਹੈ, ਜਿਸ ਕਰਕੇ ਸ਼ੋਸ਼ਲ ਮੀਡੀਏ ਤੇ ਭਾਰਤੀ ਮੀਡੀਏ ਨੇ ਉਸ ਵੀਡੀਓ ਨੂੰ ਜ਼ਿਆਦਾ ਹਵਾ ਦਿੱਤੀ,ਕਿਉਂਕਿ ਇਸ ਤਰਾਂ ਜਨਤਕ ਤੌਰ ਤੇ ਕਿਸੇ ਜ਼ਿੰਮੇਵਾਰ ਪੜੇ ਲਿਖੇ ਗੁਰਸਿੱਖ ਵੱਲੋਂ ਬਿਨਾਂ ਵਜਾਹ ਅਜਿਹਾ ਕਦਮ ਪੁੱਟਣਾ ਸਿੱਖ ਕੌਮ ਲਈ ਬੇਹੱਦ ਨਮੋਸ਼ੀ ਵਾਲੀ ਕਾਰਵਾਈ ਹੈ,ਜਿਹੜੀ ਭਾਰਤ ਦੇ ਫਿਰਕੂ ਮੀਡੀਏ ਅਤੇ ਸ਼ੋਸ਼ਲ ਮੀਡੀਏ ਤੇ ਸਰਗਰਮ ਘੱਟ ਗਿਣਤੀਆਂ ਵਿਰੋਧੀ ਤਾਕਤਾਂ ਲਈ ਸਭ ਤੋਂ ਪਰਮੁੱਖ ਅਪਡੇਟ ਬਣ ਜਾਂਦੀ ਹੈ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਕਿਊਬਕ ਵਿਚ ਸਿੱਖਾਂ ਤੇ ਮੁਸਲਮਾਨਾਂ ਉੱਪਰ ਧਾਰਮਿਕ ਹੋਣ 'ਤੇ ਫਰਾਂਸ ਵਰਗੀਆਂ ਪਾਬੰਦੀਆਂ ਲੱਗ ਰਹੀਆਂ ਹਨ ਤੇ ਮੁਸਲਮਾਨ ਤੇ ਸਿੱਖ ਇਸ ਲਈ ਕਾਨੂੰਨੀ ਤੌਰ 'ਤੇ ਜੱਦੋ ਜਹਿਦ ਕਰ ਰਹੇ ਹਨ, ਪਰ ਇਨਾਂ ਭਰਾਵਾਂ ਨੇ ਅਜਿਹੀ ਹਰਕਤ ਕਰਕੇ ਇਸ ਜੱਦੋ ਜਹਿਦ ਵਿਚ ਰੁਕਾਵਟ ਪਾਉਣ ਦੀ ਕੋਸ਼ਿਸ ਕੀਤੀ ਹੈ। ਫਰਾਂਸ ਵਾਲਾ ਸਿੱਖ ਤੇ ਮੁਸਲਮਾਨੀ ਵਿਰੋਧੀ ਵਰਤਾਰਾ ਕਿਊਬਕ ਵਿਚ ਵੀ ਵਰਤਣ ਵਾਲਾ ਹੈ। ਸਰਕਾਰੀ ਨੌਕਰੀਆਂ ਵਿਚ ਅਲੱਗ ਧਾਰਮਿਕ ਹੋਂਦ ਵਾਲੇ ਲੋਕ ਸਰਕਾਰੀ ਨੌਕਰੀਆਂ ਨਹੀਂ ਕਰ ਸਕਣਗੇ। ਇਸ ਸੰਬੰਧੀ ਬਿੱਲ ਪਾਸ ਹੋ ਚੁੱਕਾ ਹੈ।

ਸਭ ਤੋ ਪਹਿਲਾਂ ਇਸ ਗੱਲ ਤੇ ਵਿਚਾਰ ਕਰਨਾ ਬਣਦਾ ਹੈ ਕਿ ਉਹਨਾਂ ਡਾਕਟਰ ਭਰਾਵਾਂ ਨੇ ਅਜਿਹਾ ਕਿਉਂ ਕੀਤਾ, ਕੀਹਦੇ ਕਹਿਣ ਤੇ ਕੀਤਾ ਅਤੇ ਉਹਨਾਂ ਨੂੰ ਅਜਿਹਾ ਕਰਨ ਲਈ ਕੀ ਲਾਲਚ ਦਿੱਤਾ ਗਿਆ, ਕਿਉਂਕਿ ਉਹਨਾਂ ਵੱਲੋਂ ਜਿਸ ਤਰਾਂ ਦਾਹੜੀ ਕਟਵਾਉਣ ਦੀ ਵੀਡੀਓ ਬਣਾ ਕੇ ਸ਼ੋਸ਼ਲ ਮੀਡੀਏ ਤੇ ਪਾਈ ਗਈ ਹੈ, ਉਹਦੇ ਤੋਂ ਸਪੱਸ਼ਟ ਹੁੰਦਾ ਹੈ ਕਿ ਇਸ ਘਟਨਾ ਦੇ ਪਿੱਛੇ ਜਰੂਰ ਕੋਈ ਸਾਜਿਸ਼ ਹੈ, ਨਹੀ ਤਾਂ ਦਾਹੜੀ ਕਟਵਾਉਣ ਵਾਲੀ ਵੀਡੀਓ ਦਾ ਸ਼ੋਸ਼ਲ ਮੀਡੀਏ ਤੇ ਪਾਏ ਜਾਣ ਦਾ ਕੋਈ ਮਤਲਬ ਹੀ ਨਹੀ ਬਣਦਾ, ਕਿਉਂਕਿ ਇਹ ਵੀਡੀਓ ਉਹਨਾਂ ਦੀ ਕਿਸੇ ਬਹਾਦੁਰੀ ਨੂੰ ਨਹੀ ਦਰਸਾਉਂਦੀ, ਬਲਕਿ ਉਹਨਾਂ ਡਾਕਟਰ ਭਰਾਵਾਂ ਵੱਲੋਂ ਜੋ ਹਰਕਤ ਕੀਤੀ ਗਈ ਹੈ, ਉਹਨੇ ਵਿਦੇਸ਼ਾਂ ਵਿੱਚ ਵਸਦੇ ਸਿੱਖਾਂ ਲਈ ਜਰੂਰ ਇੱਕ ਹੋਰ ਨਵੀ ਸਮੱਸਿਆ ਭਵਿੱਖ ਲਈ ਤਿਆਰ ਕਰ ਦਿੱਤੀ ਹੈ। ਸਲੂਜਾ ਭਰਾਵਾਂ ਦੀ ਇਸ ਹਰਕਤ ਦੇ ਸਬੰਧ ਵਿਚ ਵਿਦੇਸ਼ੀਂ ਵਸਦੇ ਪ੍ਰਵਾਸੀ ਖਾਲਸਾ ਜੀ ਦਾ ਕਹਿਣਾ ਹੈ ਕਿ ਹੁਣ ਜਦੋਂ ਕਦੇ ਵੀ ਕਿਸੇ ਮੁਲਖ ਵਿੱਚ ਸਿੱਖਾਂ ਨੂੰ ਕਿਤੇ ਦਾਖਲਾ, ਨੌਕਰੀ ਜਾਂ ਸਫਰ ਕਰਨ ਸਮੇ ਦਾਹੜੀ 'ਤੇ ਸੁਆਲ ਉੱਠੇਗਾ, ਸਿੱਖਾਂ ਦੀ ਵੱਖਰੀ ਪਹਿਚਾਣ ਤੇ ਸੁਆਲ ਉੱਠੇਗਾ, ਉੱਥੇ ਸਾਡੇ ਸਾਹਮਣੇ ਸਲੂਜਾ ਭਰਾਵਾਂ ਦੀ ਉਦਾਹਰਣ ਦੇ ਕੇ ਸਾਡੇ ਪੰਜ ਕਕਾਰਾਂ 'ਚੋਂ ਇੱਕ ਮਹੱਤਵਪੂਰਨ ਕਕਾਰ ਕੇਸਾਂ ਨੂੰ ਕਤਲ ਕਰਨ ਲਈ ਜੋਰ ਪਾਇਆ ਜਾਣਾ ਸੁਭਾਵਿਕ ਹੈ, ਇਸ ਲਈ ਸਲੂਜਾ ਡਾਕਟਰ ਭਰਾਵਾਂ ਦੀ ਇਹ ਹਰਕਤ ਸਾਡੀ ਹੋਂਦ ਦੀ ਲੜਾਈ ਨੂੰ ਕਮਜੋਰ ਕਰਨ ਵਿੱਚ ਪਰਮੁੱਖ ਭੂਮਿਕਾ ਅਦਾ ਕਰੇਗੀ। ਉਹਨਾਂ ਨੇ ਜਥੇਦਾਰ ਅਕਾਲ ਤਖਤ ਸਾਹਿਬ ਵੱਲੋਂ ਇਸ ਬੇਹੱਦ ਗੰਭੀਰ ਅਤੇ ਸੰਵੇਦਨਸ਼ੀਲ ਮੁੱਦੇ ਤੇ ਕੋਈ ਵੀ ਪ੍ਰਤੀਕਿਰਿਆ ਨਾ ਦੇਣ 'ਤੇ ਡੂੰਘਾ ਦੁੱਖ ਜਤਾਇਆ ਹੈ।

ਇਸ ਤੋਂ ਅਗਲੀ ਜਿਹੜੀ ਅਣਹੋਣੀ ਘਟਨਾ ਸਾਹਮਣੇ ਆਈ ਹੈ, ਉਹ ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿਰਸਾ ਦੀ ਸ਼ੋਸ਼ਲ ਮੀਡੀਏ ਤੇ ਸਾਂਝੀ ਕੀਤੀ ਗਈ ਵੀਡੀਓ ਹੈ, ਜਿਸ ਵਿੱਚ ਉਸ ਨੇ ਦਰਬਾਰ ਸਾਹਿਬ ਅਮ੍ਰਿਤਸਰ ਤੇ ਲੱਗੇ ਹੋਏ ਸੋਨੇ ਤੇ ਕਿੰਤੂ ਕਰਕੇ ਅਜਿਹਾ ਸੁਨੇਹਾ ਦਿੱਤਾ ਹੈ, ਜਿਸ ਤੋਂ ਕੌਮ ਨੂੰ ਭਵਿੱਖੀ ਖਤਰਿਆਂ ਦਾ ਖਦਸ਼ਾ ਪਰਤੱਖ ਦਿਖਾਈ ਦਿੰਦਾ ਹੈ। ਉਹਨਾਂ ਵੱਲੋਂ ਇਹ ਕਿਹਾ ਜਾਣਾ ਕਿ ਧਾਰਮਿਕ ਅਸਥਾਨਾਂ ਤੇ ਪਿਆ ਸੋਨਾ ਤੇ ਧਨ ਇਸ ਬਿਪਤਾ ਦੀ ਘੜੀ ਵਿੱਚ ਸਰਕਾਰ ਨੂੰ ਸੌਂਪ ਦੇਣਾ ਚਾਹੀਦਾ ਹੈ। ਉਸ ਵੀਡੀਓ ਵਿੱਚ ਸਿਰਸੇ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਅਜਿਹਾ ਕਰਦੇ ਸਮੇ ਸਰਕਾਰ ਤੋਂ ਇਸ ਦੇ ਬਦਲੇ ਵਿੱਚ ਕੁੱਝ ਮੰਗਣਾ ਵੀ ਨਹੀਂ ਚਾਹੀਦਾ ਭਾਵ ਦਿੱਤੇ ਹੋਏ ਪੈਸੇ ਜਾਂ ਸੋਨੇ ਤੇ ਮੁੜ ਕੇ ਕੋਈ ਹੱਕ ਵੀ ਨਹੀ ਜਿਤਾਉਣਾ ਚਾਹੀਦਾ। ਉਹਦੇ ਵੱਲੋਂ ਪਾਈ ਗਈ ਵੀਡੀਓ ਵਿੱਚ ਉਹਨੇ ਬਾਕਾਇਦਾ ਸਿੱਖ ਕੌਮ ਨੂੰ ਸੰਬੋਧਨ ਹੁੰਦਿਆਂ ਇਹ ਗੱਲ ਆਖੀ ਹੈ,ਜਿਸ ਤੋਂ ਇਹ ਅੰਦਾਜ਼ਾ ਲਾਉਣਾ ਕੋਈ ਮੁਸ਼ਕਲ ਨਹੀ ਕਿ ਇਹ ਵੀਡੀਓ ਪਾਉਣ ਪਿੱਛੇ ਕਿਹੜੀ ਸੋਚ ਕੰਮ ਕਰਦੀ ਹੈ। ਮਨਜਿੰਦਰ ਸਿੰਘ ਸਿਰਸਾ ਗੁਰਦੁਆਰਿਆਂ ਦਾ ਸੋਨਾ ਸਰਕਾਰ ਨੂੰ ਦੇ ਕੇ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਜਦ ਕਿ ਸਿੱਖ ਪੰਥ ਲਗਾਤਾਰ ਕੋਰੋਨਾ ਸੰਕਟ ਦੌਰਾਨ ਪੂਰੇ ਵਿਸ਼ਵ ਵਿਚ ਸੇਵਾ ਕਰ ਰਿਹਾ ਹੈ। ਅੱਜ ਤੱਕ ਸਿੱਖ ਪੰਥ ਦਾ ਕੋਈ ਇਤਿਹਾਸ ਨਹੀਂ ਕਿ ਉਸ ਨੇ ਸਰਕਾਰ ਦੀ ਸੇਵਾ ਕੀਤੀ ਹੋਵੇ। ਉਸ ਨੇ ਸੰਕਟ ਪੈਣ 'ਤੇ ਮਨੁੱਖਤਾ ਦੀ ਹੀ ਸੇਵਾ ਕੀਤੀ ਹੈ। ਇਹ ਸੋਨਾ ਸਿੱਖ ਪੰਥ ਦਾ ਸਰਮਾਇਆ ਹੈ, ਕਿਸੇ ਵਿਅਕਤੀ ਦਾ ਅਧਿਕਾਰ ਨਹੀਂ ਕਿ ਖਾਲਸੇ ਦੇ ਸਰਮਾਏ ਨੂੰ ਲੁਟਾ ਦੇਵੇ। ਹਾਲੇ ਤਾਂ ਸਿੱਖ ਪੰਥ ਨੇ ਵਿਸ਼ਵ ਪੱਧਰ ਦੇ ਵੱਡੇ ਵਿਦਿਅਕ ਅਦਾਰੇ ਤੇ ਮੈਡੀਕਲ ਸਹੂਲਤਾਂ ਨਾਲ ਲੈਸ ਹਸਪਤਾਲ ਖੋਲਣੇ ਹਨ। ਜੇਕਰ ਉਸ ਨੇ ਆਪਣਾ ਬਚਿਆ ਸਰਮਾਇਆ ਸਰਕਾਰ ਦੇ ਹਵਾਲੇ ਕਰ ਦਿੱਤਾ ਤਾਂ ਉਹ ਵਿਸ਼ਵ ਨੂੰ ਕੀ ਦੇਣ ਦੇਵੇਗਾ? ਇਹ ਖਤਰਨਾਕ ਸੋਚ ਜਿੱਥੇ ਮਨੁੱਖਤਾ ਵਿਰੋਧੀ ਹੈ, ਉੱਥੇ ਗੁਰੂਆਂ ਦੀ ਸੋਚ ਵਿਰੋਧੀ ਹੈ।

ਮਨਜਿੰਦਰ ਸਿਰਸੇ ਦੀ ਵੀਡੀਓ ਸੁਨਣ ਤੋਂ ਬਾਅਦ ਭਰਪੂਰ ਸਿੰਘ ਬਲਵੀਰ ਦੇ ਭਾਸ਼ਨ ਦੇ ਉਹ ਬੋਲ ਯਾਦ ਆਉਂਦੇ ਹਨ,ਜਿਸ ਵਿੱਚ ਉਹਨਾਂ ਨੇ ਸਿੱਖਾਂ ਨੂੰ ਬਹੁਤ ਸਮਾਂ ਪਹਿਲਾਂ ਸਾਵਧਾਨ ਕੀਤਾ ਸੀ ਕਿ ਜੇਕਰ ਸਿੱਖਾਂ ਨੇ ਰਾਜ ਪ੍ਰਾਪਤ ਨਾ ਕੀਤਾ ਤਾਂ ਇੱਕ ਦਿਨ ਤੁਹਾਡੇ ਦਰਬਾਰ ਸਾਹਿਬ ਦਾ ਸੋਨਾ ਲਾਹੁਣ ਦੇ ਯਤਨ ਹੋਣਗੇ।

# ਮਹਾਂ ਸੰਕਟਾਂ ਦੇ ਹੱਲ ਵਾਸਤੇ ਕੁਦਰਤ ਨਾਲ ਇੱਕ ਸੁਰ ਹੋਵੋ

- ਪ੍ਰਿੰ. ਬਲਕਾਰ ਸਿੰਘ ਬਾਜਵਾ

ਐ ਮਾਨਵ! ਤੂੰ ਕੋਰੋਨਾ ਵਾਇਰਸ ਦੇ ਚਲੰਤ ਘਟਨਾ ਚੱਕਰ ਵਿੱਚ ਕਿਉਂ ਤੇ ਕਿਵੇਂ ਫਸ ਗਿਆ ਹੈਂ? ਜ਼ਰਾ ਰੁਕ, ਸੋਚ ਤੇ ਸੂਝ ਨੂੰ ਅੰਤਰਝਾਤ ਕਰ ਪ੍ਰਤੱਖਣ ਕਰ। ਉਹ ਇੱਡਾ ਵੱਡਾ ਮਹਾਂ ਬਲੀ ਕੌਣ ਹੈ, ਜਿਸ ਨੇ ਵਿਸ਼ਵੀ ਮਾਨਵੀ ਸੰਗਠਨਾਂ, ਸੰਸਾਰ ਭਰ ਦੀਆਂ ਸਰਕਾਰਾਂ ਦੀਆਂ ਵਿਧਾਨਕ ਤੇ ਨਿਆਇਕ ਸੰਸਥਾਵਾਂ, ਫੌਜਾਂ, ਨੀਮ ਸੁਰੱਖਿਆ ਬਲਾਂ ਆਦਿ ਨੂੰ ਨੱਥ ਪਾਈ ਹੋਈ ਹੈ। ਜਿੱਦਾਂ ਦੇ ਫੈਸਲੇ ਕਰਾਉਣੇ ਚਾਹੁੰਦਾ ਹੈ, ਕਰਾਈ ਜਾ ਰਿਹਾ ਹੈ। ਜਿੱਥੇ ਖੜੇ ਹੋਣ ਤੇ ਹਾਮੀ ਭਰਨ ਲਈ ਕਹਿੰਦਾ ਹੈ, ਕਰਾਈ ਜਾ ਰਿਹਾ ਹੈ। ਜਿੱਥੇ ਜੰਗ ਛੇੜਨੀ ਚਾਹੁੰਦਾ ਹੈ, ਮਿਜ਼ਾਈਲਾਂ ਦੇ ਬਟਨ ਦਬਵਾ ਲੈਂਦਾ ਹੈ। ਜਿੱਥੇ ਸਮਝੌਤੇ ਕਰਨੇ ਚਾਹੁੰਦਾ ਹੈ, ਬਾਹਾਂ ਮਰੋੜ ਕੇ ਕਰਵਾ ਲੈਂਦਾ ਹੈ। ਜਿੱਧਰ ਚਾਹੁੰਦਾ ਹੈ, ਉੱਧਰ ਤੋਰ ਲੈਂਦਾ ਹੈ। ਅਜੋਕੇ ਨਿਜ਼ਾਮ ਵਿੱਚ ਤੇਰਾ ਚਾਲਕ ਹੀ ਪੂੰਜੀਪਤੀ, ਸਰਮਾਏਦਾਰ, ਸਭ ਦਾ ਸਵਾਮੀ। ਇਹ ਮੁਨਾਫੇ ਦੀ ਹਵਸ ਦਾ ਵੱਢਿਆ ਹਲਕਿਆ ਹੋ ਸਵਾਰਥੀ ਜੀਭ ਲਮਕਾਈ, ਰਾਲਾਂ ਸੁੱਟਦਾ ਅੰਨਾ ਹੋਇਆ ਫਿਰਦਾ ਹੈ। ਇਹਦੀਆਂ ਨਿੱਜੀਕਰਨ, ਸ਼ਹਿਰੀਕਰਨ, ਅੰਨਾ ਉਦਯੋਗੀਕਰਨ ਆਦਿ ਨੇ ਵਾਤਾਵਰਨ ਪ੍ਰਦੂਸ਼ਤ ਕਰ ਦਿੱਤਾ ਹੈ। ਇਹਨੇ ਜਨ, ਜਲ, ਜ਼ਮੀਨ, ਜੰਗਲ ਸਭੇ ਕੁਦਰਤੀ ਸੋਮੇ ਨਫੇ ਖਾਤਰ ਲੁੱਟੇ ਅਤੇ ਨਸ਼ਟ ਕਰ ਦਿੱਤੇ ਹਨ। ਕੁਦਰਤ ਦੇ ਸੰਤੁਲਣ ਵਿਗਾੜ ਦਿੱਤੇ ਹਨ। ਗਰਮੀ, ਤਪਸ਼, ਮੀਂਹ, ਸੁਨਾਮੀ ਤੇ ਪ੍ਰਦੂਸ਼ਣ ਵਰਗੇ ਕਹਿਰ ਵਾਪਰ ਰਹੇ ਹਨ। ਇਨਾਂ ਹਾਲਤਾਂ ਵਿੱਚ ਬਿਮਾਰੀ, ਭੁੱਖ, ਮੰਦਹਾਲੀ, ਬੇਚੈਨੀ, ਪ੍ਰੇਸ਼ਾਨੀ ਆਦਿ ਵਰਗੀ ਮਹਾਂਮਾਰੀ ਫੈਲ ਰਹੀ ਹੈ। ਇਹ ਦਸ਼ਾ ਕਿਸੇ ਵੇਲੇ ਵੀ ਬਦਅਮਨੀ, ਬਰਬਰਤਾ ਦਾ ਕਾਰਨ ਬਣ ਸਕਦੀ ਹੈ। 90 ਪ੍ਰਤੀਸ਼ਤ ਲੋਕਾਈ ਨਰਕ ਕੁੰਭ ਵਿੱਚ ਧੱਕੀ ਪਈ ਹੈ। ਸਰਕਾਰਾਂ ਨੂੰ ਆਬਾਦੀ ਕੰਟਰੋਲ ਦੀ ਕੋਈ ਦੂਰਦ੍ਰਿਸ਼ਟ ਨੀਤੀ ਨਹੀਂ ਬਣਾਉਣ ਦਿੰਦਾ, ਕੇਵਲ ਸਸਤੀ ਲੇਬਰ ਵਾਸਤੇ। ਚੰਗੀ ਸਿੱਖਿਆ, ਸਿਹਤ ਤੇ ਸੁਰੱਖਿਆ ਸਹੂਲਤਾਂ ਤੋਂ ਬਹੁਤੀ ਵਸੋਂ ਵਾਂਝੀ ਹੈ। ਕੋਠੀਆਂ ਅਤੇ ਝੌਂਪੜੀਆਂ, ਮਹਿਲ ਮਾੜੀਆਂ ਅਤੇ ਝੁੱਗੀਆਂ ਦੇ ਮੰਜ਼ਰ ਹਰ ਸ਼ਹਿਰ, ਕਸਬੇ ਤੇ ਪਿੰਡ ਵਿੱਚ ਨਜ਼ਰੀਂ ਪੈਂਦੇ ਹਨ। ਐਸ਼ ਪ੍ਰਸਤੀ ਦੀ ਰਹਿੰਦ ਖੂੰਹਦ ਦੇ ਢੇਰਾਂ ਵਿੱਚੋਂ ਗਰੀਬਾਂ, ਕਾਂ ਕੁੱਤਿਆਂ, ਸੂਰਾਂ ਨਾਲ ਰਲ਼ ਆਪਣੇ ਪੇਟ ਨੂੰ ਝੁਲਕਾ ਦੇਣ ਦੇ ਦ੍ਰਿਸ਼ ਆਮ ਵੇਖਣ ਨੂੰ ਮਿਲਦੇ ਹਨ। ਇਹ ਹੀ ਬੰਦਿਆ ਤੇਰੀ ਤਰੱਕੀ ਦਾ ਸਬੂਤ ਹੈ? ਕੁਦਰਤੀ ਤੋਂ ਦੂਰੀ ਵਧਦੀ ਜਾ ਰਹੀ ਹੈ। ਇਸ ਮੁਕਾਮ 'ਤੇ ਅਮੀਰ ਗਰੀਬਾਂ ਨੂੰ ਰੱਬ ਦੇ ਡਰ, ਵਹਿਮਾਂ ਭਰਮਾਂ ਤੇ ਮਿੱਥਾਂ ਵਿੱਚ ਡੋਬੀ ਰੱਖਣ ਦੇ ਪ੍ਰਪੰਚਾਂ ਦੀ ਸਰਪ੍ਰਸਤੀ ਕਰਦੇ ਹਨ। ਬੰਦੇ ਦਾ ਸਤਿਕਾਰ ਛੱਡ, ਮੂਰਤੀ ਅਤੇ ਪੈਸਾ ਪੂਜਣ ਦੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ। ਲਗਦਾ ਹੈ, ਮੇਰੀ ਮਾਰ ਤੋਂ ਬਚੇ ਭੁੱਖ ਦੀ ਮਾਰ ਤੋਂ ਨਹੀਂ ਬਚਣੇ।

ਉਏ ਧਨਾਢੋ! ਕੁਦਰਤ ਦਾ ਅੱਤ ਨਾਲ ਵੈਰ ਹੁੰਦਾ ਹੈ। ਰੂਸੋ ਨੇ 'ਕੁਦਰਤੀ ਸਿੱਟਿਆਂ ਦੀ ਸਜ਼ਾ ਦਾ ਸਿਧਾਂਤ' ਵੀ ਦਿੱਤਾ ਹੋਇਆ ਹੈ। ਮੈਂ (ਕੋਰੋਨਾ ਵਾਇਰਸ) ਕੁਦਰਤ ਅਤੇ ਲੋਕਾਈ ਨਾਲ ਹੱਦੋਂ ਵੱਧ ਹੋ ਰਹੀਆਂ ਵਧੀਕੀਆਂ ਦੇ ਫਲ਼ਸਰੂਪ ਹੋਂਦ ਵਿੱਚ ਆਇਆ ਹਾਂ। ਪਹਿਲਾਂ ਵੀ ਮੈਂ ਸਮੇਂ ਸਮੇਂ, ਵੱਖ ਵੱਖ ਰੂਪਾਂ, ਖ਼ੌਫ਼ਨਾਕ ਰਾਖ਼ਸ਼ਸਾਂ, ਡਰਾਉਣੇ ਸ਼ਕਤੀਸ਼ਾਲੀ ਡਾਇਨਾਸੋਰ ਦੇ ਰੂਪ ਵਿੱਚ ਪ੍ਰਗਟ ਹੁੰਦਾ ਆਇਆ। ਭੱਜ ਲੈ ਜਿੱਧਰ ਭੱਜਣਾ ਈ। ਜ਼ਰਾ ਵੇਖ, ਮੈਂ ਲੋਕਾਈ ਨੂੰ ਭਜਾਈ ਜਾਂਦੇ ਸਮੇਂ ਅਤੇ ਇਹਦੇ ਚਾਲਕਾਂ ਨੂੰ ਬਾਹੋਂ ਫੜ ਰੋਕ ਲਿਐ। ਇਹ ਹੈ ਮੇਰੀ ਸ਼ਕਤੀ! ਮੈਂ ਬੜੇ ਸਮੇਂ ਅਤੇ ਸਬਰ ਨਾਲ ਵੇਖਦਾ ਆ ਰਿਹਾਂ। ਤੇਰੀਆਂ ਧੱਕੇਸ਼ਾਹੀਆਂ, ਕੋਤਾਹੀਆਂ, ਕਹਿਰਾਂ, ਤਬਾਹੀਆਂ ਅਤੇ ਖਿਲਵਾੜਾਂ ਨੇ ਹੀ ਮੈਨੂੰ ਪਨਪਿਐ। ਸਮੇਂ ਸਮੇਂ ਸਾਰਸ, ਸਰਸ, ਈਬੋਲਾ, ਪਲੇਗ, ਮਲੇਰੀਆ ਆਦਿ ਵਰਗੀਆਂ ਮਹਾਂਮਾਰੀਆਂ ਉਤਪਨ ਹੁੰਦੀਆਂ ਰਹੀ ਹਨ, ਜੋ ਮੇਰੇ ਹੀ ਸੰਗੀ ਸਾਥੀ ਸਨ। ਇਤਿਹਾਸ ਗਵਾਹ ਹੈ। ਤੂੰ ਥੋੜਾ ਰੁਕਿਆ ਜ਼ਰੂਰ, ਪਰ ਛੇਤੀ ਹੀ ਮੁੜ ਪੂਛ ਚੁੱਕ ਭੱਜ ਤੁਰਿਐਂ, ਉਹਨਾਂ ਹੀ ਚਹਿਨ ਚੱਕਰਾਂ 'ਤੇ। ਪੂੰਜੀਦਾਰ ਨੂੰ ਤਾਂ ਆਪਣੇ ਆਪ ਦੀ ਹੀ ਸੋਝੀ ਨਹੀਂ, ਕੋਈ ਦ੍ਰਿਸ਼ਟੀ ਕਿੱਥੇ ਹੋਣੀ ਏ। ਉਹਨੇ ਤਾਂ ਆਪਣੇ ਹੀ ਆਲਣੇ, ਪਾਣੀ, ਖਾਦ-ਖੁਰਾਕਾਂ, ਜਲਵਾਯੂ, ਧਰਤ ਪ੍ਰਦੂਸ਼ਿਤ ਕਰ ਦਿੱਤੇ ਹਨ। ਕੇਵਲ ਠਾਠ-ਬਾਠ ਅਤੇ ਟੌਹਰੀ ਥੀਣ ਤੇ ਹੋਣ ਵਾਸਤੇ। ਇਹ ਨਿਰੋਲ ਭੁਲੇਖੇ ਨੇ। ਕਿਸੇ ਕੰਮ ਨਹੀਂ! ਮੇਰੇ ਤੋਂ ਤਾਂ ਸਭ ਨੂੰ ਇੱਕੋ ਜਿਹਾ ਖ਼ਤਰਾ ਈ। ਜੇ ਤੂੰ ਆਪ ਹੀ ਨਾ ਰਿਹਾ, ਤੇਰੇ ਸੰਗੀ ਸਾਥੀ ਤੇ ਸਮਾਜ ਹੀ ਨਾ ਰਿਹਾ, ਤਾਂ ਇਹ ਸਾਰੇ ਪ੍ਰਪੰਚ ਕਿਸ ਕੰਮ! ਜ਼ਰਾ ਸੋਚ। ਤੂੰ ਤਾਂ ਉਨਾਂ ਹੀ ਸਰੋਤਾਂ ਨੂੰ ਬਰਬਾਦ ਕਰੀ ਜਾ ਰਿਹਾਂ ਜਿਨਾਂ ਆਸਰੇ ਤੂੰ ਜੀਉਣਾ ਹੈ। ਸਿਰੇ ਦੀ ਮੂਰਖ਼ਤਾ! ਨਿਰੋਲ ਨਖ਼ਲਿਸਤਾਨੀ ਮ੍ਰਿਗ ਤ੍ਰਿਸ਼ਨਾ! ਭੁੱਲ ਨਾ 'ਇਤਿਹਾਸ ਬਾਦਸ਼ਾਹਾਂ ਦਾ ਗੁਲਾਮ ਨਹੀਂ ਹੁੰਦਾ ਸਗੋਂ ਬਾਦਸ਼ਾਹ ਇਤਿਹਾਸ ਦੇ ਗੁਲਾਮ ਹੁੰਦੇ ਹਨ।'

ਮਾਨਵਤਾ, ਮੈਂ ਇੱਕ ਉਹ ਵੱਡਾ ਹਕੀਮ ਹਾਂ ਜਿਹੜਾ ਉੱਤੋਂ ਤਾਂ ਦੁਸ਼ਮਣ ਭਾਸਦਾਂ, ਪਰ ਵਿੱਚੋਂ ਤੇਰੇ ਰੋਗਾਂ ਦਾ ਦਾਰੂ ਹਾਂ, ਕੌੜੀ ਕੁਨੈਨ ਵਾਂਗ। ਕਹਿਰ ਤੂੰ ਬਹੁਤ ਕੀਤੇ ਨੇ ਹੁਣ ਵੇਖ ਮੇਰਾ ਕਹਿਰ ਮਿੱਤਰਾ! ਵੇਖ ਮੇਰਾ ਕ੍ਰਿਸ਼ਮਾ। ਉੱਚੇ ਆਸਮਾਨੀ ਉੱਡਦਿਆਂ ਨੂੰ ਥੱਲੇ ਲਾਹ ਲਿਆ, ਹਵਾ ਨੂੰ ਗੰਢਾਂ ਦਿੰਦੇ ਵਾਹਨ ਅੱਡਿਆਂ ਵਿੱਚ ਜਾ ਖੜਾਏ। ਸਾਰੇ ਸਾਹੀ ਹੋਈ ਲੋਕਾਈ ਨੂੰ ਰੋਕ ਲਿਆ। ਸਮਾਂ ਬੰਨ ਦਿੱਤਾ। ਸ਼ਿਫਟਾਂ ਵਿੱਚ ਜਕੜੇ ਬੰਦੇ ਨੂੰ ਬਾਂਹੋਂ ਫੜ ਰੋਕਣਾ ਕੋਈ ਆਸਾਨ ਨਹੀਂ ਹੁੰਦਾ। ਮੈਂ ਪੂਰੀ ਦੁਨੀਆਂ ਨੂੰ ਫੌਜੀ ਕਮਾਂਡਰ ਵਾਂਗ ਸਾਵਧਾਨ ਕਰ ਖੜਾ ਲਿਐ। ਖੜਾ ਹੀ ਨਹੀਂ, ਘਰੀਂ ਡੱਕ ਦਿੱਤਾ ਹੈ। ਉਪਲਬਧ ਇਲਾਜ ਤੋਂ ਮੇਰਾ ਇਲਾਜ ਆਕੀ ਹੈ। ਇਹਨਾਂ ਨਾਲ ਮੇਰੀ ਮਹਾਂਮਾਰੀ ਕਾਬੂ ਨਹੀਂ ਆ ਰਹੀ। ਤੇਰੇ ਸਿਰ 'ਤੇ ਕੋਈ ਭੂਤ ਈ ਸਵਾਰ ਹੋਇਆ ਲੱਗਦਾ ਸੀ। ਆਪਣੇ ਸਿਰਜੇ ਸਮਾਜ ਦੇ ਬਣਾਏ ਕਾਨੂੰਨਾਂ ਦੀ ਧੱਜੀਆਂ ਉਡਾਉਂਦਾ ਫਿਰਦਾ ਸੀ। ਸੜਕਾਂ ਤੇ ਆਪਣੇ ਹੀ ਸੰਗੀਆਂ-ਸਾਥੀਆਂ ਦੇ ਖੂਨ ਦੀ ਹੋਲੀ ਖੇਡੀ ਜਾਂਦਾ ਸੀ। ਵੇਖ ਲੈ, ਮੈਂ ਅੱਜ ਤੈਨੂੰ ਆਰਾਮ ਨਾਲ ਬੈਠਣ, ਸੋਚਣ, ਮੰਥਣ, ਚਿੰਤਨ ਤੇ ਵਿਸ਼ਲੇਸ਼ਣ ਕਰਨ ਲਈ ਮਜਬੂਰ ਕਰ ਦਿੱਤਾ ਹੈ। ਇਸ ਮੇਰੀ ਪਹਿਲੀ ਝਲਕ ਨੇ ਹੀ ਸ਼ੁੱਧ ਆਕਸੀਜਨ, ਸਾਫ ਨੀਲੇ ਗਗਨ, ਧੌਲਧਾਰ ਦੇ ਪਹਾੜਾਂ 'ਤੇ ਪਈ ਬਰਫ ਦਿਸਣ ਲਾ ਦਿੱਤੀ ਹੈ ਅਤੇ ਚਹਿਚਹਾਉਂਦੇ ਪੰਛੀਆਂ ਦੀਆਂ ਸੰਗੀਤਕ ਆਵਾਜ਼ਾਂ ਸੁਣਾਈ ਦੇਣ ਲੱਗ ਪਈਆਂ ਨੇ। ਬਨਸਪਤੀ ਸਾਫ਼ ਸੁਥਰੀ, ਹਰੀ ਭਰੀ ਦਿਸਣ ਲੱਗ ਪਈ ਏ। ਸਰਕਾਰਾਂ ਵੱਲੋਂ ਦਰਿਆਵਾਂ ਦਾ ਪਾਣੀ ਸਾਫ਼ ਨਹੀਂ ਸੀ ਹੋ ਰਿਹਾ। ਹੁਣ ਸਾਫ ਹੋਣੇ ਆਰੰਭ ਹੋ ਗਏ ਹਨ। ਇਨਾਂ ਨੂੰ ਗੰਦਾ ਵੀ ਫੈਕਟਰੀਆਂ ਦੇ ਦੂਸ਼ਤ ਪਾਣੀਆਂ ਨੇ ਕੀਤਾ ਸੀ, ਜੋ ਸਰਕਾਰਾਂ ਰੋਕ ਨਹੀਂ ਸਕੀਆਂ, ਵੋਟ ਸਿਆਸਤ ਦੀਆਂ ਮਾਰੀਆਂ। ਧੋਖੇਬਾਜ਼, ਖੇਖਣ ਪੱਟੀਆਂ।

ਐ ਲੋਕੋ! ਤੇ ਉਨਾਂ ਦੀਆਂ ਲੋਕਰਾਜੀ ਸਰਕਾਰੋ! ਦਾਨਸ਼ਵਰਾਂ ਦੇ ਮਹਾਨ ਕਥਨਾਂ ਨੂੰ ਆਪਣੇ ਜ਼ਿਹਨ ਵਿੱਚ ਓਤਾਰੋ। ਮਹਾਨ ਸਿੱਖਿਆ ਸ਼ਾਸਤਰੀ ਡਾ. ਰਾਧਾ ਕ੍ਰਿਸ਼ਨਨ ਨੇ ਕਿਹਾ ਸੀ: 'ਅਸੀਂ ਦੂਰ ਆਸਮਾਨਾਂ ਵਿੱਚ ਉਡਣਾ ਸਿੱਖ ਲਿਆ, ਖੰਘਾਲ ਸੁੱਟਿਐ ਡੂੰਘੇ ਸਾਗਰਾਂ ਨੂੰ, ਪਰ ਧਰਤੀ 'ਤੇ ਜਿਊਣਾ ਸਾਥੋਂ ਸਿੱਖਿਆ ਨਹੀਂ ਗਿਆ।' ਲੋੜ ਹੈ ਇਸ ਧਰਤੀ 'ਤੇ ਰਹਿਣਾ ਸਿੱਖਣ ਦੀ। ਮੇਰੇ ਕਲਮਕਾਰ ਨੂੰ ਯਾਦ ਨੇ ਇਹ ਸਤਰਾਂ :

**ਫਰਸ਼ੀ ਹਾਂ ਅਰਸ਼ਾਂ ਦੀਆਂ ਗੱਲ ਨਹੀਂ ਕਰਦਾ, ਹੂਰਾਂ ਤੇ ਭਗਵਾਨ ਦੀਆਂ ਗੱਲਾਂ ਨਹੀਂ ਕਰਦਾ,**
**ਰੋਟੀ ਤੇ ਦੁੱਖਾਂ ਦੀਆਂ ਗੱਲਾਂ ਹੀ ਬਹੁਤ ਨੇ, ਮੌਲਾ ਤੇ ਸ਼ੈਤਾਨ ਦੀਆਂ ਗੱਲਾਂ ਨਹੀਂ ਕਰਦਾ।**

ਅਤੇ ਨਾਲ ਹੀ ਸਰਕਾਰੋ ਤੇ ਵਿਗਿਆਨੀਓ! ਤਾਰਿਆਂ, ਸਿਤਾਰਿਆਂ ਦੀਆਂ ਖੋਜਾਂ ਕੁਝ ਚਿਰ ਰੋਕ ਲਵੋ। ਮਾਨਵ ਜੀਵਨ ਪਹਿਲਾਂ ਸੁਖਾਲਾ ਕਰੋ। ਚੇਤੇ ਕਰੋ ਤੇਰਾ ਸਿੰਘ ਚੰਨ ਦੇ ਨਿਹੋਰੇ ਭਰੇ ਬੋਲ:

**ਤਾਰਿਆਂ ਦੇ ਦੇਸ਼ ਉੱਡਣ ਵਾਲਿਓ,**
**ਧਰਤੀ 'ਤੇ ਫੁੱਲ ਕੋਈ ਖਿੜਦਾ ਨਹੀਂ,**
**ਕੀ ਕਰੋਗੇ ਚੰਨ 'ਤੇ ਪਾ ਆਲਣੇ,**
**ਆਦਮੀ ਵਿੱਚੋਂ ਆਦਮੀ ਮਿਲਦਾ ਨਹੀਂ।**

ਪ੍ਰਥਮ ਲੋੜ ਹੈ ਇਸ ਧਰਤੀ 'ਤੇ ਜਿਊਣਾ ਸਿੱਖਣ ਦੀ। ਇਸ ਵਾਸਤੇ ਕੋਈ ਵਧੀਆ ਮਾਡਲ ਹੋਂਦ ਵਿੱਚ ਲਿਆਓ। ਪਿੰਡਾਂ, ਕਸਬਿਆਂ ਅਤੇ ਛੋਟੇ ਸ਼ਹਿਰਾਂ ਵਾਸਤੇ ਸਿਹਤ, ਸਿੱਖਿਆ, ਸੁਰੱਖਿਆ, ਸੰਚਾਰ ਤੇ ਆਵਾਜਾਈ ਦੇ ਸਾਧਨਾਂ ਨੂੰ ਸਟੇਟ ਅਧੀਨ ਕਰਕੇ ਮਜ਼ਬੂਤ ਕਰੋ। ਵਿਸ਼ਵ ਦੀਆਂ ਕਈ ਸਰਕਾਰਾਂ ਇਸ ਮਾਰਗ 'ਤੇ ਤੁਰ ਪਈਆਂ ਹਨ। ਅਮਰੀਕਾ, ਯੂ.ਕੇ., ਸਪੇਨ ਤੇ ਹੋਰ ਯੂਰੋਪੀ ਸਰਕਾਰਾਂ ਨੇ ਪਹਿਲ ਕਰ ਵਿਖਾਈ ਹੈ। ਕਈਆਂ ਨੇ ਜਨਤਕ ਪਬਲਿਕ ਅਦਾਰੇ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਕਰ ਦਿੱਤੇ ਨੇ। ਐਗਰੋ ਅਧਾਰਤ ਛੋਟੇ ਛੋਟੇ ਓਦਯੋਗ ਸਥਾਪਤ ਕਰੋ। ਸੜਕਾਂ 'ਤੇ ਭੀੜਾਂ ਘਟਣਗੀਆਂ। ਹਰ ਪਿੰਡ ਨੂੰ ਛੋਟੇ ਛੋਟੇ ਰਿਪਬਲਿਕ ਬਣਾਉਣ ਵੱਲ ਮੁਹਾਰਾਂ ਮੋੜੋ। ਨਮਕ ਨੂੰ ਛੱਡ ਹਰ ਲੋੜੀਂਦੀ ਬੁਨਿਆਦੀ ਉਪਜ ਜੈਵਿਕਾ ਖੇਤੀ ਦੁਆਰਾ ਪ੍ਰਾਪਤ ਹੋਵੇ। ਹੁਣ 'ਆਵਾਜ਼ੇ ਖ਼ਲਕਤ, ਆਵਾਜ਼ੇ ਖ਼ੁਦਾ' ਦਾ ਤੋੜਾ ਇਸੇ ਦਿਸ਼ਾ ਵਿੱਚ ਹੀ ਟੁੱਟ ਰਿਹਾ ਹੈ। ਇਹੀ ਜੇ 'ਧਰਤ ਮਹੱਤ'! ਪੂਰੀ ਕੁਦਰਤ ਤੇ ਮਾਨਵ ਦੀ ਜਨਣੀ! ਮਹਾਨ ਮਾਤਾ। ਮੀਆਂ ਮੁਹੰਮਦ ਬਖ਼ਸ਼ ਨੇ ਕਿਹਾ ਸੀ 'ਮਾਵਾਂ ਬਾਝ ਮੁਹੰਮਦ ਬਖ਼ਸ਼ਾ ਕੌਣ ਕਰੇ ਰਖਵਾਲੀ'। ਐ ਮਾਨਵ, ਰੂਸੋ ਦੇ ਬੇਬਾਕ ਨਾਹਰਾ ਚੇਤੇ ਕਰ, 'ਮੁੜ ਚੱਲੋ ਪਿਛਾਂਹ ਕੁਦਰਤ ਵੱਲ। ਉਹ ਕਦੀ ਧੋਖਾ ਨਹੀਂ ਦਿੰਦੀ, ਇਹ ਅਸੀਂ ਹੀ ਹਾਂ ਜਿਹੜੇ ਉਸ ਨੂੰ ਧੋਖਾ ਦਿੰਦੇ ਹਾਂ।' ਮੈਂ ਵੀ ਮਾਨਵਤਾ ਨੂੰ ਸੱਦਾ ਦਿੰਦੀ ਹਾਂ 'ਮੁੜ ਚੱਲ, ਮੁੜ ਚੱਲ' ਹੋਰ ਦੇਰ ਨਾ ਕਰ।' ਅਨੰਦਾਂ ਭਰਪੂਰ ਆਪਣੀ ਮੂਲ ਅਵਸਥਾ, ਸੌਖੀ, ਸੁਖੀ, ਸਰਲ ਤੇ ਸੁਰੱਖਿਅਤ ਕੁਦਰਤ ਨਾਲ ਇੱਕ ਸੁਰ ਹੋ ਕੇ ਜੀਅ, 'ਉਪਭੋਗ ਅਤੇ ਖਾਣ ਦੇ ਵਧੇਰੇ ਕੁਦਰਤੀ ਤਰੀਕਿਆਂ ਨੂੰ ਅਪਣਾ।' ਧਰਤ ਮਾਂ ਦੀ ਗੋਦ ਵਿੱਚੋਂ ਹੀ, ਲੋਕੋ! ਤੁਹਾਨੂੰ ਢੋਈ ਮਿਲਣੀ ਏ। ਜੈਵਿਕਾ ਖੇਤੀ ਦੁਆਰਾ ਪਵਨ ਗੁਰੂ, ਪਾਣੀ ਪਿਤਾ ਤੇ ਮਾਤਾ ਧਰਤ ਤੁਹਾਨੂੰ ਓੜਕ ਖੁਸ਼ੀਆਂ ਪ੍ਰਦਾਨ ਕਰੇਗੀ। ਕੁੰਡੇ ਦੁਆਰਾ ਬਣੇ ਸੁਆਦੀ ਸਾਲਨ, ਚਟਨੀਆਂ ਅਤੇ ਬਾਬੇ ਦੇ ਖੂੰਡੇ ਵਾਲੇ ਸਮਾਜਕ ਇੱਕਮੁੱਠਤਾ ਤੇ ਨਿਯੰਤਰਣ ਕਾਰਗਰ ਸਿੱਧ ਹੋਣਗੇ। ਤੁਹਾਡੀਆਂ ਅੰਦਰਲੀਆਂ ਤੇ ਬਾਹਰਲੀਆਂ ਰੋਗ ਨਿਰੋਧਕ ਪ੍ਰਣਾਲੀਆਂ ਮਜ਼ਬੂਤ ਹੋਣਗੀਆਂ। ਇਸ

# ਮਨਜਿੰਦਰ ਸਿਰਸਾ ਦੇ ਬਿਆਨ ਤੋਂ ਬਾਅਦ ਅਮਰੀਕਾ ਦੇ ਸਿੱਖਾਂ ਦੀ ਹੋਈ ਹੰਗਾਮੀ ਮੀਟਿੰਗ

## 127 ਗੁਰਦੁਆਰਿਆਂ ਵੱਲੋਂ ਲਿਆ ਗਿਆ ਦਿੱਲੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਦੇ ਖਿਲਾਫ ਸਖਤ ਫੈਸਲਾ

**ਵਾਸ਼ਿੰਗਟਨ/ਡਾ. ਪ੍ਰਿਤਪਾਲ ਸਿੰਘ /ਹਿੰਮਤ ਸਿੰਘ ਕੋਆਰਡੀਨੇਟਰ:** ਭਾਈ ਬਲਬੀਰ ਸਿੰਘ ਭਰਪੂਰ ਹੁਣਾਂ ਦੇ ਲਫਜ਼ ਧਿਆਨ ਵਿੱਚ ਆਉਂਦੇ ਹਨ ਕਿ 'ਜੇਕਰ ਸਿੱਖ ਹੁਕਮਰਾਨ ਨਾਂ ਬਣੇ ਭਾਵ ਸਿੱਖਾਂ ਨੇ ਆਪਣੇ ਧਰਮ ਦੇ ਰਾਜ ਲਈ ਉਪਰਾਲੇ ਨਾਂ ਕੀਤੇ ਤਾਂ ਸ੍ਰੀ ਹਰਿਮੰਦਰ ਸਾਹਿਬ ਜੀ ਦਾ ਸੋਨਾ ਭਾਰਤ ਉੱਪਰ ਕਾਬਜ਼ ਬ੍ਰਹਮਣ ਉਤਾਰੇਗਾ' ਇਸ ਤੋਂ ਸਾਫ ਸਪੱਸ਼ਟ ਹੁੰਦਾ ਹੈ ਕਿ 80 ਵਿਆਂ ਵਿੱਚ ਚੱਲੇ ਧਰਮ ਯੁੱਧ ਮੋਰਚਿਆਂ ਦੌਰਾਨ ਸਿੱਖ ਲੀਡਰਸ਼ਿਪ ਭਾਰਤੀ ਤੰਤਰ ਦੀ ਮਾਨਸਿਕਤਾ ਨੂੰ ਸਮਝ ਚੁੱਕੀ ਸੀ ਇਹੋ ਵੱਡਾ ਕਾਰਨ ਸੀ ਕਿ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲਿਆਂ ਨੂੰ ਹਿੰਦੁਸਤਾਨ ਦੀ ਫੋਰਸ ਨਾਲ ਲੋਹਾ ਲੈਣਾ ਪਿਆ। ਉਹ ਜਾਣਦੇ ਸਨ ਕਿ ਭਾਰਤੀ ਹਕੂਮਤ ਦੀ ਅੱਖ ਜਿੱਥੇ ਸਿੱਖਾਂ ਦੀ ਦਸਤਾਰਾਂ ਦਾੜੀਆਂ ਨੌਜਵਾਨੀ ਅਤੇ ਬਹੁ-ਬੇਟੀਆਂ ਉੱਪਰ ਹੈ ਉੱਥੇ ਭਾਰਤੀ ਹਕੂਮਤ ਦੀਆਂ ਅੱਖਾਂ ਵਿੱਚ ਸਿੱਖ ਕੌਮ ਦਾ ਸਰਮਾਇਆ ਵੀ ਹੈ।

ਇਸ ਕਾਰਨ ਸ੍ਰੀ ਦਰਬਾਰ ਸਾਹਿਬ ਦੇ ਹਮਲੇ ਦੌਰਾਨ ਭਾਰਤੀ ਫੌਜ ਨੇ ਤੋਸ਼ੇਖਾਨੇ ਦੀ ਲੁੱਟ ਕੀਤੀ, ਸਿੱਖ ਰੈਫਰੈਂਸ ਲਾਇਬਰੇਰੀ ਦੀ ਲੁੱਟ ਕੀਤੀ। ਸਮੇਂ ਦੇ ਹਲਾਤਾਂ ਨੇ ਪੰਜਾਬ ਦੀ ਸਿਆਸਤ ਨੂੰ ਬਦਲਿਆ ਜਿੱਥੇ ਭਾਰਤੀ ਦਹਿਸ਼ਤਗਰਦੀ ਦਾ ਇੱਕ ਰੂਪ ਸਿੱਖ ਕੌਮ ਨੇ 1994-95 ਤੱਕ ਵੇਖਿਆਂ ਉੱਥੇ ਹੀ ਅੱਜ ਦੇ ਦੌਰ ਵਿੱਚ ਭਾਰਤੀ ਸਟੇਟ ਵੱਲੋਂ ਬਹੁਤ ਚਲਾਕੀ ਨਾਲ ਸਿੱਖਾਂ ਦੀਆ ਸੁਪਰੀਮ ਸੰਸਥਾਵਾਂ ਉੱਪਰ ਸਿੱਖਾਂ ਦੇ ਰੂਪ ਵਿੱਚ ਹੀ ਬਹਿਰੂਪੀਏ ਕਾਬਜ਼ ਕੀਤੇ ਗਏ ਹਨ ਜੋ ਦਿੱਲੀ ਦੇ ਹੁਕਮਾਂ ਥੱਲੇ ਸਿੱਖ ਕੌਮ ਦੀ ਬਰਬਾਦੀ ਕਰ ਰਹੇ ਹਨ। ਅਸੀਂ ਇਹ ਗੱਲ ਬੇਝਿਜਕ ਕਹਿੰਦੇ ਹਾਂ ਕਿ ਲੰਬੇ ਸਮੇਂ ਤੋਂ ਸ਼੍ਰੋਮਣੀ ਕਮੇਟੀ ਉੱਪਰ ਕਾਬਜ਼ ਬਾਦਲ ਦਲੀਆ ਨੇ ਸ਼ਰੇਆਮ ਸਿੱਖ ਕੌਮ ਦੀ ਸੰਪੰਤੀ ਨੂੰ ਲੁੱਟਿਆ ਹੈ ਅਤੇ ਸਿੱਖ ਵਿਰੋਧੀ ਤਾਕਤਾਂ ਦੇ ਨਾਲ ਮਿਲਕੇ ਸਿੱਖੀ ਨਿਆਰੇਪਨ ਸਿੱਖ ਸਿਧਾਂਤਾਂ ਨੂੰ ਢਾਹ ਲਾਈ ਹੈ ਸਿੱਖਾਂ ਦੀ ਹੀ ਸੰਪੰਤੀ ਸਿੱਖਾਂ ਦੇ ਖਿਲਾਫ ਵਰਤੀ ਜਾ ਰਹੀ ਹੈ। ਇਹਨਾਂ ਹੀ ਬਹਿਰੂਪੀਆਂ ਦੀ ਕੜੀ ਵਿੱਚੋਂ ਅੱਜ ਦਿੱਲੀ ਕਮੇਟੀ ਉੱਪਰ ਕਾਬਜ਼ ਭਾਜਪਾਈ ਮਨਜਿੰਦਰ ਸਿਰਸਾ ਆਂਉਦਾ ਹੈ ਜੋ ਕਿ ਦਿੱਲੀ ਕਮੇਟੀ ਅੰਦਰ ਆਉਦੇ ਸਾਰੇ ਗੁਰਦੁਆਰਿਆਂ ਦੀ ਸੰਪੰਤੀ ਸੰਗਤ ਦਾ ਸਰਮਾਇਆ ਜੋ ਸਿੱਖ ਸੰਗਤ ਆਪਣੀ ਕਿਰਤ ਦਾ ਦਸਵਾਂ ਹਿੱਸਾ ਕੱਢ ਕੇ ਗੁਰੂ ਪ੍ਰਬੰਧ ਲਈ ਚੜਾਵੇ ਦੇ ਰੂਪ ਵਿੱਚ ਗੁਰਦੁਆਰਿਆ ਦੀ ਗੋਲਕ ਵਿੱਚ ਪਾਂਉਦੀ ਹੈ ਉਹ ਸਾਰਾ ਹੀ ਮਨਜਿੰਦਰ ਸਿਰਸਾ ਨੂੰ ਲੁਟਾ ਰਿਹਾ ਹੈ। ਮਨਜਿੰਦਰ ਸਿਰਸਾ ਨੇ ਬਿਆਨ ਵਿੱਚ ਜਿਸ ਵਿੱਚ ਦੇਸ਼ ਦੇ ਮੰਦਹਾਲੀ ਵਿੱਚ ਹਲਾਤਾਂ ਦੌਰਾਨ ਧਾਰਮਿਕ ਸੰਸਥਾਵਾਂ ਕੋਲ ਪਏ ਸੋਨੇ ਅਤੇ ਹੋਰ ਸੰਪੰਤੀ ਨੂੰ ਸਰਕਾਰ ਨੂੰ ਸੌਂਪ ਦੇਣ ਲਈ ਕਿਹਾ ਹੈ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦਾ ਬਿੱਲਕੁੱਲ ਬੇਵਕੂਫਾਂ ਵਾਲਾ ਬਿਆਨ ਹੈ। ਭਾਰਤੀ ਸਰਕਾਰ ਫੰਡ ਵੀ ਵਰਤ ਚੁੱਕੀ ਹੈ ਜੋ ਕਿ ਹਰ ਮੁਲਖ ਦੇ ਕੋਲ ਸੰਕਟ ਦੇ ਸਮੇਂ ਲਈ ਰਾਖਵਾਂ ਹੁੰਦਾ ਹੈ, ਸਰਕਾਰਾਂ ਗਲਤ ਨੀਤੀਆਂ ਦੇ ਚੱਲਦੇ ਸਾਰੇ ਉਦਯੋਗ ਖਾ ਚੁੱਕੀਆਂ ਹਨ, ਭਾਰਤ ਦਾ ਹਸ਼ਰ ਵੇਖ ਖੁੱਦ ਸਰਕਾਰਾਂ ਦੀ ਸ਼ਹਿ ਉੱਪਰ ਨੀਰਵ ਮੋਦੀ, ਮਾਲਿਯ ਵਰਗੇ ਬਹੁਤ ਸਾਰੇ ਉਦਯੋਗਪਤੀ ਹਜ਼ਾਰਾਂ ਕਰੋੜ ਦੇ ਘਪਲੇ ਕਰਕੇ ਮੁੱਲਖ ਵਿੱਚੋਂ ਬਾਹਰ ਕੱਢ ਦਿੱਤੇ ਜਾਂਦੇ ਹਨ, ਸਭ ਤੋਂ ਵੱਡੀ ਗੱਲ ਇਹ ਹੈ ਕਿ ਖੁੱਦ ਮਨਜਿੰਦਰ ਸਿਰਸਾ ਦਿੱਲੀ ਗੁਰਦੁਆਰਾ ਪ੍ਰਬੰਧ ਉੱਪਰ ਕਾਬਜ਼ ਹੋਣ ਤੋਂ ਬਾਅਦ 100 ਕਰੋੜ ਤੋਂ ਉੱਪਰ ਦੀ ਜਾਇਦਾਦ ਬਣਾ ਚੁੱਕਾ ਹੈ, ਇਸੇ ਬਾਦਲਾਂ ਦੇ ਸੱਤ ਸਤਾਰਾਂ ਹੋਟਲ ਜੋ ਸਿੱਖ ਸੰਗਤ ਦੀ ਲੁੱਟ ਨਾਲ ਹੀ ਬਣੇ ਹਨ, ਉਹ ਬੇਸ਼ੱਕ ਕੈਪਟਨ ਅਮਰਿੰਦਰ ਦੇ ਸਿਟੀ ਸੈਂਟਰ ਘੁਟਾਲੇ ਹੋਣ। ਸਾਨੂੰ ਸਭ ਨੂੰ ਪਤਾ ਹੈ ਭਾਰਤੀ ਸਾਂਸਦ ਦੇ ਅੰਦਰ ਹਜ਼ਾਰਾਂ ਕਰੋੜਾਂ ਦੇ ਘਪਲੇਬਾਜ ਬੈਠੇ ਹਨ ਜਿਹਨਾਂ ਨੇ ਲੋਕਾਂ ਦਾ ਖੂਨ ਨਿਚੋੜਿਆ ਹੈ, ਕਰੋਨਾ ਦੀ ਮਾਹਾਂਮਾਰੀ ਦੇ ਚੱਲਦਿਆਂ ਵੀ ਸੈਂਟਰ ਸਰਕਾਰ ਨੇ ਪੰਜਾਬ ਦੇ ਹੱਥ ਉੱਪਰ ਇੱਕ ਪੈਸਾ ਨਹੀ ਰੱਖਿਆ, ਹਰ ਸਾਲ ਪੇਸ਼ ਹੁੰਦੇ ਬਜਟ ਵਿੱਚੋਂ ਪੰਜਾਬ ਨੂੰ ਸਾਫ ਅਣਦੇਖਿਆ ਕੀਤਾ ਜਾਂਦਾ ਹੈ, ਅਜਿਹਾ ਬਹੁਤ ਕੁੱਝ ਹੋਰ ਲਿਖਿਆ ਜਾ ਸਕਦਾ ਹੈ ਜਿਸ ਤੋਂ ਇਹ ਸਾਬਤ ਹੁੰਦਾ ਹੈ ਕਿ ਦਿੱਲੀ ਦਰਬਾਰ ਵਲੋ ਸਿੱਧੀ ਪੰਜਾਬ ਦੀ ਲੁੱਟ ਹੁੰਦੀ ਹੈ। ਪਹਿਲਾਂ ਹੀ ਖੁਦ ਕੈਪਟਨ ਦੀ ਸਰਕਾਰ ਇਸ ਗੱਲ ਦੀ ਦੁਹਾਈ ਦਿੰਦੀ ਹੈ ਕਿ ਮੋਦੀ ਸਰਕਾਰ ਪੰਜਾਬ ਦਾ 3000 ਕਰੋੜ ਦਾ ਜੀ.ਐੱਸ.ਟੀ ਰਿਟਰਨ ਧੱਕੇ ਨਾਲ ਦੱਬਕੇ ਬੈਠੀ ਹੈ ਜਦਕਿ ਬਾਕੀ ਸੂਬਿਆਂ ਨੂੰ ਰਿਟਰਨ ਸਮੇਂ ਸਿਰ ਅਦਾਇਗੀ ਕਰ ਦਿੱਤੀ ਗਈ ਹੈ।

ਹਿੰਮਤ ਸਿੰਘ ਕੋਆਰਡੀਨੇਟਰ ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਡਾ. ਪ੍ਰਿਤਪਾਲ ਸਿੰਘ ਕੋਆਰਡੀਨੇਟਰ ਅਮੈਰਿਕਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਦਸਤਖਤਾਂ ਹੇਠ ਜਾਰੀ ਪ੍ਰੈੱਸ ਨੋਟ ਅਨੁਸਾਰ ਸਿਰਸਾ ਨੇ ਬਹੁਤ ਚਲਾਕੀ ਦੇ ਨਾਲ ਇਹ ਕਿਹਾ ਕਿ ਸਰਕਾਰਾਂ ਦੇ ਕਹਿਣ ਦੀ ਬਜਾਏ ਖੁਦ ਧਾਰਮਿਕ ਅਦਾਰਿਆਂ ਨੂੰ ਇਹ ਪੇਸ਼ਗੀ ਕਰ ਦੇਣੀ ਚਾਹੀਦੀ ਹੈ ਸਰਕਾਰਾਂ ਧਾਰਮਿਕ ਅਦਾਰਿਆਂ ਕੋਲ ਪਿਆਂ ਸਰਮਾਇਆ ਵਰਤ ਸਕਣ। ਸਿਰਸੇ ਨੇ ਸਿੱਧਾ ਆਪਣੇ ਸ਼ਬਦਾਂ ਵਿੱਚ ਗੁਰਦੁਆਰਿਆਂ ਵਿੱਚ ਪਏ ਸੋਨੇ ਨੂੰ ਸਰਕਾਰ ਹਵਾਲੇ ਕਰਨ ਦੀ ਗੱਲ ਕਹੀ ਹੈ। ਜਿਸ ਵਿੱਚ ਸਿਰਸਾ ਦੀ ਚਲਾਕ ਜ਼ੁਬਾਨ ਨਾਗਪੁਰੀ ਛੱਲ ਦੇ ਵਲੇਵੇਂ ਬਣਾਂਉਦੀ ਸਾਫ ਦਿਸ ਰਹੀ, ਸਿਰਸਾ ਬਹੁਤ ਚਲਾਕੀ ਨਾਲ ਸਿੱਖਾਂ ਦੀ ਸੰਪੰਤੀ ਨੂੰ ਭਾਰਤੀ ਸਰਕਾਰ ਹਵਾਲੇ ਕਰਨ ਦੀ ਸਲਾਹ ਦੇ ਰਿਹਾ ਹੈ। ਅਸੀਂ ਇਹ ਬਹੁਤ ਚੰਗੀ ਤਰਾਂ ਜਾਣਦੇ ਹਾਂ ਕਿ ਭਾਰਤ ਉੱਪਰ ਕਾਬਜ਼ ਇਸ ਮਾਨਵਤਾ ਵਿਰੋਧੀ ਸੰਗਠਨ ਦੀ ਸਿੱਧੀ ਅੱਖ ਗੁਰਦੁਆਰਿਆਂ ਖਾਸ ਕਰਕੇ ਸ੍ਰੀ ਦਰਬਾਰ ਸਾਹਿਬ ਦੇ ਸੋਨੇ ਉੱਪਰ ਹੈ' ਅੱਜ ਭਾਰਤੀ ਹੁਕਮਰਾਨ ਨੇ ਆਪਣੀ ਗੱਲ ਨੂੰ ਸਿਰਸੇ ਜਿਹੇ ਪਾਲਤੂ ਨੌਕਰ ਦੇ ਮੂੰਹੇ ਕਢਵਾਇਆ ਹੈ।



ਸਮਾਂ ਆ ਗਿਆ ਹੈ ਕਿ ਸਿੱਖ ਕੌਮ ਹੁਣ ਅਵੇਸਲਾਪਨ ਛੱਡਕੇ ਆਪਣੇ ਅੰਦਰ ਲੁਕੇ ਹੋਏ ਇਹਨਾਂ ਗੱਦਾਰਾਂ ਨੂੰ ਪਛਾਣੇ ਅਤੇ ਇਹਨਾਂ ਮਸੰਦਾਂ ਨੂੰ ਖਾਲਸਾਈ ਕਨੂੰਨ ਥੱਲੇ ਲਿਆਕੇ ਕਾਰਵਾਈ ਕਰੇ। ਮਨਜਿੰਦਰ ਸਿਰਸੇ ਵਰਗੇ ਆਗੂਆ ਨੂੰ ਮੇਰੇ ਸਤਿਗੁਰੂ ਫਰਮਾਂਉਦੇ ਹਨ :

**ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ ॥**
**ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ ॥**

ਭਾਵ ਜੇ ਕਿਸੇ ਸਮੁਦਾਇ ਦੀ ਅਗਵਾਈ ਕਰਨ ਵਾਲਾ ਹਾਕਮ ਹੀ ਅੰਨਾ ਹੋ ਜਾਵੇ ਤਾਂ ਫਿਰ ਉਹ ਆਪਣੇ ਵਰਗ ਨੂੰ ਮੰਜ਼ਲ ਵੱਲ ਲੈ ਕੇ ਜਾਣ ਲਈ ਕਿਸੇ ਯੋਗ ਰਸਤੇ ਦੀ ਤਫ਼ਤੀਸ਼ (ਤਹਿਕੀਕਾਤ) ਕਿਵੇਂ ਕਰ ਸਕਦਾ ਹੈ ? ਇਸ ਅੰਧਾਪਣ ਰੂਪੀ ਹੋਛੀ (ਬਿਬੇਕਹੀਣ) ਅਕਲ ਕਾਰਨ ਆਪ ਤਾਂ (ਚੁਰਾਹੇ 'ਚ ਖੜਾ) ਠੋਕਰਾਂ ਖਾਂਦਾ ਹੈ ਤੇ ਆਪਣੇ ਸਮੁਦਾਇ ਨੂੰ ਵੀ ਸਮੁੰਦਰ ਦੀ ਮੰਝਧਾਰ ਚਕ੍ਰਵਿਊ ਵਿੱਚ ਗੋਤੇ ਖਾਣ ਲਈ ਮਜਬੂਰ ਕਰ ਦੇਂਦਾ ਹੈ। ਸਿੱਖ ਕੋਆਰਡੀਨੇਸ਼ਨ ਕਮੇਟੀ ਈਸਟ ਕੋਸਟ ਅਤੇ ਅਮੈਰਿਕਨ ਸਿੱਖ ਗੁਰਦੁਆਰਾ ਪ੍ਰਬੰਧ ਕਮੇਟੀ ਵਲੋਂ 127 ਗੁਰਦੁਆਰਿਆਂ ਨੂੰ ਇੱਕ ਹੰਗਾਮੀ ਮੀਟਿੰਗ ਨੂੰ ਟੈਲੀ ਕਾਨਫਰੰਸ ਰਾਹੀਂ ਸੱਦਿਆ ਗਿਆ ਜਿਸ ਵਿੱਚ ਸਮੁੱਚੇ ਅਮਰੀਕਾ ਦੇ ਗੁਰਦੁਆਰਾ ਸਾਹਿਬਾਨ ਜਥੇਬੰਦੀਆਂ ਨੇ ਸ਼ਿਰਕਤ ਕੀਤੀ ਅਤੇ ਮਨਜਿੰਦਰ ਸਿਰਸਾ ਦੇ ਬਿਆਨ ਦੀ ਸਖਤ ਸਬਦਾਂ ਵਿੱਚ ਨਿੰਦਿਆਂ ਕੀਤੀ ਗਈ ਹੈ। ਸਰਬਸੰਮਤੀ ਨਾਲ ਇਹ ਮਤਾ ਪਾਸ ਕੀਤਾ ਗਿਆ; ਕੁਤਾ ਰਾਜ ਬਹਾਲੀਐ ਫਿਰਿ ਚੱਕੀ ਚੱਟੇ, ਸਪੈ ਦੁਧੁ ਪੀਆਲੀਐ ਵਿਹ ਮੁਖਹੁ ਸਟੈ॥ ਭਾਰਤੀ ਸਿਸਟਮ (ਹਿੰਦੂ ਰਾਸ਼ਟਰ ) ਵਲੋਂ ਸਿੱਖਾਂ ਦੇ ਗਲ ਪਾਇਆ ਮਰਿਆ ਸੱਪ ਦਿੱਲੀ ਕਮੇਟੀ ਦਾ ਪ੍ਰਧਾਨ ਮਨਜਿੰਦਰ ਸਿਰਸਾ ਆਪਣੇ ਮਾਲਕਾਂ (RSS) ਨੂੰ ਗੁਰਦੁਆਰਾ ਸਾਹਿਬ ਦਾ ਸੋਨਾ ਅਤੇ ਸੰਗਤਾਂ ਦੇ ਦਸਾਂ ਨੌਹਾਂ ਦੀ ਕਿਰਤ ਕਮਾਈ ਦੇ ਦਸਵੰਧ ਦੀ ਮਾਇਆ ਲੁਟਾਉਣਾ ਚਹੁੰਦਾ ਤਾਂ ਬੀਬੀ ਬਾਦਲ ਵਾਂਗ ਸਿਰਸੇ ਦੀ ਦਿੱਲੀ ਵਾਲੀ ਕੁਰਸੀ ਆਉਣ ਵਾਲੇ ਸਮੇ ਵਿੱਚ ਵੀ ਕਾਇਮ ਰਹੇ। ਅੱਜ ਦੇ ਇਕੱਠ ਵਿੱਚ ਸਰਬਸੰਮਤੀ ਨਾਲ ਇਹ ਗੁਰਮਤਾ ਪਾਸ ਕੀਤਾ ਜਾਂਦਾ ਹੈ "ਸਿੱਖ ਕੌਮ ਮੁਸੀਬਤ ਸਮੇ ਹਮੇਸ਼ਾ ਮਜ਼ਲੂਮਾਂ ਅਤੇ ਗਰੀਬਾਂ ਦਾ ਸਹਾਰਾ ਬਣਦੀ ਰਹੀ। ਦੇਸ ਬਦੇਸ਼ ਵਿੱਚ ਸਿੱਖ ਕੌਮ ਹਮੇਸ਼ਾ ਲੋੜਵੰਦਾਂ ਦੀ ਮੱਦਦ ਕਰਨ ਲਈ ਤੱਤਪਰ ਰਹਿੰਦੀ ਹੈ। ਕਰੋਨਵਾਇਰਸ ਦੇ ਕਹਿਰ ਸਮੇ ਸਿੱਖ ਕੌਮ ਨੇ ਸੱਭ ਤੋ ਅੱਗੇ ਹੋ ਕੇ ਲੋੜਵੰਦਾਂ ਦੀ ਮੱਦਦ ਕੀਤੀ ਅਤੇ ਉਹ ਸੇਵਾ ਇਸ ਸਮੇ ਬਹੁਤ ਵੱਡੇ ਪੱਧਰ ਤੇ ਜਾਰੀ ਹੈ। ਇਹ ਸੱਭ ਕੁਝ ਹੋਣ ਦੇ ਬਾਵਜੂਦ ਫਿਰ ਵੀ ਇਹ ਸਿੱਖੀ ਸਰੂਪ ਵਿੱਚ ਭਾਰਤੀ ਸਿਸਟਮ ਦਾ ਏਜੰਟ ਗੁਰਦੁਆਰਿਆਂ ਦੇ ਸੋਨਾ ਅਤੇ ਗੋਲਕ ਉੱਤੇ ਕਿਉਂ ਅੱਖ ਰੱਖ ਰਿਹਾ ਹੈ ? ਭਾਰਤ ਸਰਕਾਰ ਨੇ ਜੂਨ 1984 ਦਰਬਾਰ ਸਾਹਿਬ ਤੋ ਲੁੱਟਿਆ ਪੰਥ ਦਾ ਕੀਮਤੀ ਖਜ਼ਾਨਾ 36 ਸਾਲ ਬਾਅਦ ਵੀ ਵਾਪਸ ਨਹੀ ਕੀਤਾ ਗਿਆ। ਮਨਜਿੰਦਰ ਸਿਰਸਾ ਅਤੇ ਬਾਦਲ ਕਾਲੀ ਰਹਿੰਦਾ ਖਜ਼ਾਨਾ ਵੀ ਜ਼ਾਲਮ ਭਾਰਤੀ ਸਰਕਾਰ ਨੂੰ ਲੁਟਾਉਣਾ ਚਹੁੰਦਾ ੈ। ਇਹੋ ਜਿਹੇ ਪੰਥ ਵਿਰੋਧੀ ਲੋਕਾਂ ਤੇ ਬਾਜ ਅੱਖ ਰੱਖੀ ਜਾ ਰਹੀ ਹੈ। ਇਨਾਂ 'ਤੇ ਹਰ ਤਰਾਂ ਢੁੱਕਵੀ ਕਾਰਵਾਈ ਕੀਤੀ ਜਾਵੇਗੀ ਅਤੇ ਅਮਰੀਕਾ ਦੇ ਗੁਰਦੁਆਰਿਆਂ ਵਿੱਚੋ ਇਹੋ ਜਿਹੇ ਸਾਰੇ ਭਾਰਤੀ ਏਜੰਟਾਂ ਦਾ ਮੁਕੰਮਲ ਬਾਈਕਾਟ ਕੀਤਾ ਜਾਂਦਾ ਹੈ।

**ਸੰਤਾਂ ਨਾਲਿ ਵੈਰੁ ਕਮਾਵਦੇ ਦੁਸਟਾ ਨਾਲਿ ਮੋਹੁ ਪਿਆਰੁ**

# ਮਨਜਿੰਦਰ ਸਿਰਸਾ ਦੇ ਬਿਆਨ ਵਿੱਚ ਮੋਦੀ ਤੇ ਸ਼ਾਹ ਦੀ ਸੋਚ ਬੋਲਦੀ ਹੈ: ਹਵਾਰਾ ਕਮੇਟੀ

**ਅੰਮ੍ਰਿਤਸਰ/ਏ.ਟੀ.ਨਿਊਜ਼:** ਜਦ ਕਿਸੇ ਸਿੱਖ ਦੀ ਮੱਤ ਤੇ ਪਰਦਾ ਪੈ ਜਾਂਦਾ ਹੈ ਤਾਂ ਉਹ ਆਪਣੇ ਸਿਆਸੀ ਆਕਾਵਾਂ ਨੂੰ ਖੁਸ਼ ਕਰਨ ਲਈ ਅਧਰਮੀ ਸੁਰ ਵਿੱਚ ਜਮੀਰ ਤੋਂ ਡਿੱਗੇ ਬਿਆਨ ਦਿੰਦਾ ਹੈ"। ਇਹ ਵਿਚਾਰ ਸਰਬੱਤ ਖਾਲਸਾ ਵੱਲੋਂ ਥਾਪੇ ਜਥੇਦਾਰ ਜਗਤਾਰ ਸਿੰਘ ਹਵਾਰਾ ਵੱਲੋਂ ਸਿਰਜੀ ਹੋਈ ਕਮੇਟੀ ਨੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਦੇ ਵਿਵਾਦਿਤ ਅਤੇ ਅੱਤ ਨਿੰਦਣਯੋਗ ਬਿਆਨ ਦੇ ਪ੍ਰਤੀਕਰਮ ਵਜੋਂ ਦਿੱਤੇ।

ਕਮੇਟੀ ਆਗੂਆਂ ਨੇ ਮਨਜਿੰਦਰ ਸਿੰਘ ਸਿਰਸਾ ਨੂੰ ਖ਼ਬਰਦਾਰ ਕਰਦਿਆਂ ਕਿਹਾ ਕਿ ਗੁਰੂ ਘਰ ਦਾ ਸੋਨਾ, ਨਕਦੀ, ਬੈਂਕਾਂ ਵਿੱਚ ਜਮਾਂ ਰਾਸ਼ੀ ਅਤੇ ਜਾਇਦਾਦਾਂ ਤੇ ਕਿਸੇ ਵੀ ਦੁਨਿਆਵੀ ਸਰਕਾਰ ਦਾ ਕੋਈ ਹੱਕ ਨਹੀਂ ਹੈ ਅਤੇ ਨਾ ਹੀ ਸਿਰਸੇ ਨੂੰ ਕੋਈ ਹੱਕ ਹੈ ਕਿ ਉਹ ਗੁਰੂ ਘਰ ਦੇ ਸਰਮਾਏ ਨੂੰ ਭਾਰਤ ਸਰਕਾਰ ਅੱਗੇ ਪੇਸ਼ ਕਰਨ ਦੀ ਕੋਈ ਗੱਲ ਕਰੇ। ਆਗੂਆਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਦੀ ਸੋਚ ਤੇ ਪਹਿਰਾ ਦਿੰਦਿਆਂ ਐੱਮ.ਐੱਸ ਸਿਰਸਾ ਹੁਣ ਮੋਦੀ ਸ਼ਾਹ ਸਿਰਸਾ ਬਣ ਚੁੱਕਿਆ ਹੈ। ਹੁਣ ਉਹ ਮਨਮੁੱਖ ਸੋਚ ਧਾਰਨ ਕਰਕੇ ਸਿੱਖ ਸੰਗਤਾਂ ਦੇ ਜਜ਼ਬਾਤਾਂ ਨਾਲ ਵਿਸ਼ਵਾਸਘਾਤ ਕਰ ਰਿਹਾ ਹੈ। ਸਿਰਸੇ ਨੂੰ ਇਹ ਗੱਲ ਚੰਗੀ ਤਰਾਂ ਨਾਲ ਸਮਝ ਲੈਣੀ ਚਾਹੀਦੀ ਹੈ ਕਿ ਗੁਰਦੁਆਰਿਆਂ ਅਤੇ ਸਿੱਖ ਵਿੱਦਿਅਕ ਸੰਸਥਾਵਾਂ ਦਾ ਪ੍ਰਬੰਧ ਕਰਨ ਦਾ ਅਧਿਕਾਰ ਕੇਵਲ ਗੁਰਸਿੱਖਾਂ ਨੂੰ ਹੀ ਹੈ ਨਾਂ ਕਿ ਮਨਮਤੀਆਂ ਨੂੰ। ਅੱਜ ਸਿਰਸਾ ਸਮੁੱਚੇ ਸਿੱਖ ਜਗਤ ਦੀ ਕਚਹਿਰੀ ਵਿੱਚ ਦੋਸ਼ੀ ਹੈ। ਵਿਸ਼ੇਸ਼ ਤੌਰ ਤੇ ਦਿੱਲੀ ਦੀਆਂ ਸਿੱਖ ਸੰਗਤਾਂ ਅੱਜ ਪਛਤਾਵਾ ਕਰ ਰਹੀਆਂ ਹਨ ਕਿ ਉਨਾਂ ਨੇ ਸਿਰਸਾ ਅਤੇ ਉਸ ਦੇ ਸਹਿਯੋਗੀ ਮੈਂਬਰਾਂ ਨੂੰ ਵੋਟਾਂ ਪਾ ਕੇ ਕਿਉਂ ਜਿਤਾਇਆ। ਹਵਾਰਾ ਕਮੇਟੀ ਦੇ ਆਗੂਆਂ ਨੇ ਕਿਹਾ ਕਿ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਅਧੀਨ ਚੱਲ ਰਹੇ ਵਿੱਦਿਅਕ ਅਦਾਰਿਆਂ ਵਿੱਚ ਪਹਿਲਾਂ ਹੀ ਆਰ. ਐੱਸ. ਐੱਸ. ਦਾ ਪ੍ਰਭਾਵ ਵੇਖਿਆ ਜਾ ਸਕਦਾ ਹੈ ਪਰ ਹੁਣ ਖਦਸ਼ਾ ਇਹ ਹੈ ਕਿ ਸਿਰਸਾ ਜੁੰਡਲੀ ਰਾਹੀਂ ਇਹ ਪ੍ਰਭਾਵ ਗੁਰਦੁਆਰਿਆਂ ਵਿੱਚ ਵੀ ਹੋ ਸਕਦਾ ਹੈ ਇਸ ਲਈ ਪੰਥਕ ਦੋਸ਼ੀ ਸਿਰਸੇ ਦਾ ਧਾਰਮਿਕ ਅਤੇ ਸਮਾਜਿਕ ਪ੍ਰੋਗਰਾਮਾਂ ਵਿੱਚ ਸੰਪੂਰਨ ਬਾਈਕਾਟ ਕੀਤਾ ਜਾਵੇ। ਬਿਆਨ ਜਾਰੀ ਕਰਨ ਵਾਲਿਆਂ ਵਿਚ ਕਮੇਟੀ ਆਗੂ ਪ੍ਰੋਫੈਸਰ ਬਲਜਿੰਦਰ ਸਿੰਘ ਮੁੱਖ ਬੁਲਾਰਾ, ਐਡਵੋਕੇਟ ਅਮਰ ਸਿੰਘ ਚਾਹਲ, ਬਾਪੂ ਗੁਰਚਰਨ ਸਿੰਘ, ਬਲਬੀਰ ਸਿੰਘ ਹਿਸਾਰ, ਮਹਾਂਬੀਰ ਸਿੰਘ ਸੁਲਤਾਨਵਿੰਡ, ਕੁਲਦੀਪ ਸਿੰਘ ਦੁਬਾਲੀ, ਪ੍ਰਦੀਪ ਸਿੰਘ ਸੰਗਤਪੁਰ ਸੋਢੀਆਂ, ਬਲਜੀਤ ਸਿੰਘ ਭਾਊ, ਜਸਵੰਤ ਸਿੰਘ ਸਿੱਧੂਪੁਰ, ਮੱਖਣ ਸਿੰਘ ਸਮਾਊਂ, ਸਤਵੰਤ ਸਿੰਘ ਸੰਧੂ ਲੁਧਿਆਣਾ, ਸ਼ਰਨਜੀਤ ਸਿੰਘ ਲੁਧਿਆਣਾ, ਬਲਜਿੰਦਰ ਸਿੰਘ ਲੁਧਿਆਣਾ, ਬਗ਼ੀਚਾ ਸਿੰਘ ਰੱਤਾ ਖੇੜਾ ਸ਼ਾਮਲ ਹਨ।

# ਭਾਰਤ 'ਚ ਕਾਲੇ ਕਾਨੂੰਨ ਜਾਰੀ ਵਿਦਿਆਰਥੀ ਆਗੂਆਂ ਦੀ ਸੰਘੀ ਘੁੱਟਣ ਦੀਆਂ ਕੋਸ਼ਿਸ਼ਾਂ

## ਉਮਰ ਖਾਲਿਦ 'ਤੇ ਪਾਇਆ ਗਿਆ ਝੂਠਾ ਕੇਸ, ਮੁਸਲਮਾਨਾਂ ਵਿਰੁਧ ਦੰਗੇ ਭੜਕਾਉਣ ਦੇ ਦੋਸ਼ੀ ਭਾਜਪਾ ਆਗੂ ਕਪਿਲ ਮਿਸ਼ਰਾ ਤੇ ਅਨੁਰਾਗ ਠਾਕੁਰ ਉੱਪਰ ਹਾਲੇ ਤੱਕ ਨਹੀਂ ਕੀਤੀ ਗਈ ਕਾਰਵਾਈ

**ਜਲੰਧਰ/ਏ.ਟੀ.ਨਿਊਜ਼:** ਨਾਗਰਿਕਤਾ ਸੋਧ ਕਨੂੰਨ ਖਿਲਾਫ ਚੱਲ ਰਹੇ ਧਰਨੇ ਮੁਜਾਹਰਿਆਂ ਨੂੰ ਖਿੰਡਾਉਣ ਲਈ ਫਿਰਕਾਪ੍ਰਸਤ ਸਿਆਸਤਦਾਨਾਂ ਨੇ ਲਗਾਤਾਰ ਭੀੜ ਨੂੰ ਮੁਸਲਮਾਨਾਂ ਵਿਰੁੱਧ ਭੜਕਾਇਆ ਤੇ ਉੱਥੇ ਫਿਰ ਤੋਂ ਇੱਕ ਖੂਨੀ ਕਾਂਡ ਖੇਡਿਆ ਗਿਆ ਜਿਸ ਵਿੱਚ ਮਾਸੂਮ ਲੋਕ ਉਨਾਂ ਦੀਆਂ ਦੁਕਾਨਾਂ, ਘਰ, ਮੁਹੱਲੇ ਮਸਜ਼ਿਦਾਂ ਤੱਕ ਨੂੰ ਅੱਗ ਲਾ ਦਿੱਤੀ ਗਈ। ਇਸ ਸਾਰੀ ਘਟਨਾ ਦੇ ਪਿੱਛੇ ਇੱਕ ਸਾਜਿਸ਼ ਸੀ। ਇਸ ਸਾਜ਼ਿਸ਼ ਦੇ ਅਹਿਮ ਚਿਹਰੇ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਵਰਗੇ ਭਾਜਪਾ ਦੇ ਆਗੂ ਸਨ ਜੋ ਭੀੜ ਨੂੰ ਇਕੱਠਾ ਕਰਦੇ ਹਨ, ਪੁਲਿਸ-ਪ੍ਰਸ਼ਾਸ਼ਨ ਨੂੰ "ਕੁੱਝ ਕਰਨ" ਦੀਆਂ ਧਮਕੀਆਂ ਦਿੰਦੇ ਹਨ ਤੇ ਉੱਥੇ ਨਾਅਰੇ ਲਗਾਏ ਜਾਂਦੇ ਹਨ 'ਦੇਸ਼ ਕੇ ਗੱਦਾਰੋਂ ਕੋ, ਗੋਲ਼ੀ ਮਾਰੋ ਸਾਲੋਂ ਕੋ'। ਕਪਿਲ ਮਿਸ਼ਰਾ ਵਰਗਿਆਂ ਲਈ ਨਾਗਰਿਕਤਾ ਹਮਲੇ ਦਾ ਵਿਰੋਧ ਕਰਦੇ, ਹੱਕ ਮੰਗਦੇ ਅਤੇ ਇਨਸਾਫ ਦੀ ਉਮੀਦ ਲਾਈ ਬੈਠੇ ਲੋਕ ਗੱਦਾਰ ਹਨ। ਅਨੁਰਾਗ ਠਾਕੁਰ ਨੇ ਇੱਕ ਰੈਲੀ ਵਿੱਚ ਭੀੜ ਨੂੰ ਮੁਸਲਮਾਨਾਂ ਅਤੇ ਸ਼ਾਹੀਨ ਬਾਗ ਵਰਗੇ ਮੋਰਚੇ ਖਿਲਾਫ ਉਕਸਾਇਆ ਜਿਸ ਦੀਆਂ ਵੀਡੀਓ ਤੁਸੀਂ ਅੱਜ ਵੀ ਇੰਟਰਨੈਟ ਉੱਪਰ ਵੇਖ ਸਕਦੇ ਹੋ। ਆਪਣੇ ਹੱਕਾਂ ਲਈ ਲੜ ਰਹੇ ਲੋਕਾਂ ਖ਼ਿਲਾਫ਼ ਇਸ ਤਰਾਂ ਦੀ ਹਿੰਸਾ ਨੂੰ ਅੰਜਾਮ ਦੇਣ ਵਾਲ਼ੇ ਇਹ ਭਾਜਪਾ ਆਗੂ ਦੋ ਮਹੀਨੇ ਬਾਅਦ ਵੀ ਸ਼ਰੇਆਮ ਘੁੰਮ ਰਹੇ ਹਨ ਅਤੇ ਉਹਨਾਂ ਉੱਪਰ ਕੋਈ ਕਾਰਵਾਈ ਨਹੀਂ ਹੋਈ। ਇਸੇ ਦੌਰਾਨ ਦਿੱਲੀ ਜਵਾਹਰ ਲਾਲ ਯੂਨੀਵਰਸਿਟੀ ਵਿੱਚ ਰਾਤ ਦੇ ਸਮੇਂ ਭਗਵੇਂ ਗੁੰਡਿਆਂ ਨੇ ਹੋਸਟਲ ਵਿਚ ਵੜ ਕੇ ਵਿਦਿਆਰਥੀਆਂ ਨੂੰ ਕੁੱਟਿਆ ਤੇ ਇਸ ਮੌਕੇ ਪੁਲਿਸ ਮੂਕ ਦਰਸ਼ਕ ਬਣੀ ਰਹੀ। ਇਸ ਦੇ ਲਈ ਦੋਸ਼ੀ ਸੰਘ ਦੀ ਵਿਦਿਆਰਥੀ ਜਥੇਬੰਦੀ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ ਖਿਲਾਫ ਕਾਰਵਾਈ ਕਰਨ ਦੀ ਥਾਂ ਪੀੜਤ ਵਿਦਿਆਰਥੀਆਂ ਉੱਪਰ ਹੀ ਝੂਠੇ ਕੇਸ ਮੜ ਦਿੱਤੇ ਗਏ। ਜਦੋਂ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਫੀਸਾਂ ਵਿੱਚ ਵਾਧਾ ਹੋਇਆ, ਹੋਸਟਲ ਦਾ ਕਿਰਾਇਆ ਵਧਾਇਆ ਗਿਆ ਤਾਂ ਵਿਦਿਆਰਥੀ ਆਪਣੀਆਂ ਮੰਗਾਂ ਲਈ ਸੜਕਾਂ ਉੱਪਰ ਉੱਤਰੇ। ਉਸ ਮੌਕੇ ਪੁਲਿਸ ਨੇ ਉਨਾਂ ਨੂੰ ਕੁੱਟਿਆ ਤੇ ਝੂਠੇ ਕੇਸ ਪਾਏ। ਨਾਗਰਿਕਤਾ ਹੱਕਾਂ ਉੱਪਰ ਹਮਲੇ ਖਿਲਾਫ ਮੋਹਰੀ ਭੂਮਿਕਾ ਨਿਭਾਉਣ ਵਾਲ਼ੀ ਜਾਮੀਆ ਮਿਲੀਆ ਇਸਲਾਮੀਆ ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਵੀ ਸਰਕਾਰੀ ਜਬਰ ਤੇ ਝੂਠੇ ਕੇਸ ਪਾ ਕੇ ਉਹਨਾਂ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਬਾਹਰੋਂ ਭੀੜ ਲਿਆ ਕੇ ਵਿਦਿਆਰਥੀਆਂ ਉੱਪਰ ਹਮਲਾ ਕੀਤਾ ਗਿਆ। ਦਿੱਲੀ ਪੁਲਿਸ ਨੇ ਬੇਇਨਸਾਫੀ ਕਰਦੇ ਹੋਏ ਯੂਨੀਵਰਸਿਟੀ ਦੇ ਅੰਦਰ ਦਾਖਲ ਹੋ ਕੇ ਲਾਇਬ੍ਰੇਰੀ ਵਿੱਚ ਪੜ ਰਹੇ ਵਿਦਿਆਰਥੀਆਂ ਨੂੰ ਵੀ ਕੁੱਟਿਆ।

ਇਸ ਲੜੀ ਵਿੱਚ ਹੀ ਪਿਛਲੇ ਦਿਨੀਂ ਸਫੂਰਾ ਜਾਗਰ ਤੇ ਮੀਰਾਨ ਹੈਦਰ ਜਿਹੇ ਵਿਦਿਆਰਥੀ ਆਗੂਆਂ ਨੂੰ ਗ੍ਰਿਫਤਾਰ ਕੀਤਾ ਗਿਆ। ਇਨਾਂ ਉੱਪਰ ਝੂਠੇ ਦੋਸ਼ ਲਗਾਏ ਕਿ ਇਹ ਦਿੱਲੀ ਹਿੰਸਾ ਦੇ ਸਾਜਿਸ਼ ਘਾੜੇ ਹਨ! ਉਮਰ ਖਾਲਿਦ ਜਵਾਹਰ ਲਾਲ ਯੂਨੀਵਰਸਿਟੀ ਦਾ ਵਿਦਿਆਰਥੀ ਆਗੂ ਹੈ, ਮੀਰਾਨ ਹੈਦਰ ਖੋਜਾਰਥੀ ਅਤੇ ਰਾਸ਼ਟਰੀ ਜਨਤਾ ਦਲ ਦਾ ਨੌਜਵਾਨ ਆਗੂ ਹੈ, ਸਫੂਰਾ ਜੈਗਰ ਜਾਮੀਆ ਮਿਲੀਆ ਯੂਨੀਵਰਸਿਟੀ ਦੀ ਐਮ.ਫਿਲ. ਦੀ ਵਿਦਿਆਰਥਣ ਹੈ। ਪੁਲਿਸ ਨੇ ਮੀਰਾਨ ਹੈਦਰ ਤੇ ਸਫੂਰਾ ਜੈਗਰ ਨੂੰ ਗ੍ਰਿਫਤਾਰ ਕੀਤਾ ਹੋਇਆ ਹੈ ਤੇ ਇੱਕ ਕੇਸ ਵਿੱਚ ਉਮਰ ਖਾਲਿਦ ਦਾ ਨਾਮ ਸ਼ਾਮਲ ਕੀਤਾ ਗਿਆ ਹੈ ਜਿਸਦੀ ਹਾਲੇ ਜਾਂਚ ਚੱਲ ਰਹੀ ਹੈ। ਇਹਨਾਂ ਤਿੰਨਾਂ ਖਿਲਾਫ ਯੂਏਪੀਏ ਦੇ ਨਾਲ਼ ਹੀ ਉਹਨਾਂ ਉੱਪਰ 124 ਏ (ਦੇਸ਼ ਧ੍ਰੋਹ), 302 (ਕਤਲ), 307 (ਇਰਾਦਾ ਕਤਲ), 153 ਏ (ਧਰਮ ਦੇ ਅਧਾਰ ਗਰੁੱਪਾਂ 'ਤੇ ਨਫ਼ਰਤ ਫੈਲਾਉਣੀ) 120 ਏ (ਦੰਗੇ ਕਰਾਉਣ ਦੀ ਸਾਜ਼ਿਸ਼) ਧਾਰਾਵਾਂ ਵੀ ਲਾਈਆਂ ਗਈਆਂ ਹਨ। ਜਨਵਰੀ ਮਹੀਨੇ ਗ੍ਰਿਫ਼ਤਾਰ ਕੀਤੇ ਗਏ ਜਾਮੀਆ ਦੇ ਵਿਦਿਆਰਥੀ ਸ਼ਰਜੀਲ ਇਮਾਮ ਖਿਲਾਫ ਵੀ ਯੂਏਪੀਏ ਲਾਇਆ ਗਿਆ ਹੈ।

ਦਰਅਸਲ ਇਨਾਂ ਵਿਦਿਆਰਥੀਆਂ ਦਾ ਦੋਸ਼ ਇਹ ਨਹੀਂ ਕਿ ਦਿੱਲੀ ਕਤਲੇਆਮ ਵਿੱਚ ਸਾਮਿਲ ਹਨ, ਇਨਾਂ ਦਾ



ਅਸਲੀ "ਦੋਸ਼" ਤਾਂ ਇਹ ਹੈ ਕਿ ਇਹ ਵਿਦਿਆਰਥੀ ਨਾਗਰਿਕਤਾ ਸੋਧ ਕਨੂੰਨ ਖਿਲਾਫ ਆਪਣੀ ਸਰਗਰਮ ਭੂਮਿਕਾ ਨਿਭਾ ਰਹੇ ਹਨ, ਆਪਣੇ ਹੱਕ ਲਈ ਲੜ ਰਹੇ ਹਨ। ਪਰ ਦੂਜੇ ਪਾਸੇ ਜਿਨਾਂ ਦੇ ਖਿਲਾਫ ਸਬੂਤ ਤੱਕ ਹਨ ਕਪਿਲ ਮਿਸ਼ਰਾ, ਅਨੁਰਾਗ ਠਾਕੁਰ ਵਰਗੇ ਗੁੰਡਿਆਂ ਨੂੰ ਹੱਥ ਤੱਕ ਨਹੀਂ ਲਾਇਆ ਜਾਂਦਾ।

'ਗੈਰ-ਕਨੂੰਨੀ ਸਰਗਰਮੀ ਰੋਕੂ ਕਨੂੰਨ' ਅਸਲ ਵਿੱਚ ਟਾਡਾ, ਪੋਟਾ, ਅਫਸਪਾ ਵਰਗੇ ਬਦਨਾਮ ਕਾਲ਼ੇ ਕਨੂੰਨਾਂ ਦਾ ਹਿੱਸਾ ਹੈ ਜਿਹੜੇ ਦਹਿਸ਼ਤਗਰਦੀ ਦੇ ਬਹਾਨੇ ਲਿਆਂਦੇ ਗਏ ਹਨ ਤੇ ਹੱਕ, ਸੱਚ ਤੇ ਇਨਸਾਫ ਲਈ ਜੂਝਦੇ ਲੋਕਾਂ ਨੂੰ ਜੇਲਾਂ ਵਿਚ ਡੱਕਣ ਲਈ ਵਰਤੇ ਜਾਂਦੇ ਰਹੇ ਹਨ। ਇਹਨਾਂ ਕਨੂੰਨਾਂ ਦਾ ਮਕਸਦ ਹੈ ਕਿ ਲੋਕ ਹਾਕਮਾਂ ਨੂੰ ਸਵਾਲ ਨਾ ਕਰ ਸਕਣ, ਕੋਈ ਵਿਰੋਧ ਨਾ ਕਰ ਸਕਣ ਅਤੇ ਲੋਕਾਂ ਦੀ ਏਕਤਾ ਉੱਪਰ ਕੋਈ ਜਥੇਬੰਦੀ ਨਾ ਉੱਭਰ ਸਕੇ। ਭਾਜਪਾ ਨੇ ਜੂਨ 2019 ਵਿੱਚ ਇਸ ਵਿੱਚ ਹੋਰ ਸੋਧਾਂ ਕਰਕੇ ਇਸਨੂੰ ਹੋਰ ਖੂੰਖਾਰ ਬਣਾ ਦਿੱਤਾ ਹੈ। ਪਹਿਲਾਂ ਇਸ ਕਨੂੰਨ ਤਹਿਤ ਸਿਰਫ ਜਥੇਬੰਦੀਆਂ ਨੂੰ ਹੀ ਗੈਰ-ਕਨੂੰਨੀ ਤੇ ਦਹਿਸ਼ਤਗਰਦ ਕਰਾਰ ਦਿੱਤਾ ਜਾ ਸਕਦਾ ਸੀ ਪਰ ਹੁਣ ਇਹ ਵਿਅਕਤੀ ਉੱਪਰ ਵੀ ਲਾਗੂ ਹੁੰਦਾ ਹੈ, ਜਿਸ ਤਹਿਤ ਹੀ ਉਪਰੋਕਤ ਵਿਦਿਆਰਥੀ ਆਗੂਆਂ ਉੱਪਰ ਕਨੂੰਨ ਮੜਿਆ ਗਿਆ ਹੈ। ਇਸ ਸੋਧ ਤਹਿਤ ਹੀ ਭੀਮਾ ਕੋਰੇਗਾਓਂ ਦੇ ਮਾਮਲੇ ਵਿੱਚ ਬੁੱਧੀਜੀਵੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਹਨਾਂ ਸੋਧਾਂ ਵੇਲੇ ਹੀ ਅਗਾਂਹਵਧੂ, ਇਨਕਲਾਬੀ ਹਲਕਿਆਂ ਨੇ ਵਿਰੋਧ ਜਤਾਇਆ ਸੀ ਕਿ ਭਾਜਪਾ ਲੋਕਾਂ ਦੇ ਹੱਕਾਂ ਦੀ ਅਵਾਜ਼ ਦੀ ਸੰਘੀ ਘੁੱਟਣ ਲਈ ਇਸਦੀ ਦੁਰਵਰਤੋਂ ਕਰੇਗੀ। ਇਹ ਖਦਸ਼ੇ ਹੁਣ ਸੱਚ ਸਾਬਿਤ ਹੋਏ ਹਨ। ਇਸ ਕਾਲ਼ੇ ਕਨੂੰਨ ਤਹਿਤ ਸੱਤ ਸਾਲ ਦੀ ਸਜਾ, ਜੁਰਮਾਨੇ ਤੇ ਹੋਰ ਬਹੁਤ ਸਜ਼ਾਵਾਂ ਇਸ ਵਿੱਚ ਦਰਜ ਹਨ। ਪੂਰੇ ਦੇਸ਼ ਵਿਚੋਂ ਕਿਤੋਂ ਵੀ ਕਿਸੇ ਵੀ ਵਿਅਕਤੀ ਨੂੰ ਬਿਨਾ ਕਿਸੇ ਸਬੂਤ ਦੇ ਜੇਲ ਵਿਚ ਸੁੱਟਿਆ ਜਾ ਸਕਦਾ ਹੈ। ਇਹ ਕਨੂੰਨ ਹੁਣ ਤੱਕ ਸੈਂਕੜੇ ਸਰਗਰਮ ਸਮਾਜਿਕ ਕਾਰਕੁੰਨਾ ਉੱਪਰ ਲਾਗੂ ਕੀਤਾ ਜਾ ਚੁੱਕਾ ਹੈ ਅਤੇ ਉਨਾਂ ਨੂੰ ਚੁੱਪ ਕਰਾਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ ਹਨ। ਪਿਛਲੇ ਦਿਨੀਂ ਕਸ਼ਮੀਰੀ ਪੱਤਰਕਾਰਾਂ ਮਸਰਤ ਜ਼ਾਹਰਾ ਤੇ ਗੌਹਰ ਗਿਲਾਨੀ ਉੱਪਰ ਵੀ ਇਹ ਕਾਲ਼ਾ ਕਨੂੰਨ ਮੜਿਆ ਗਿਆ ਹੈ। ਉਹਨਾਂ ਉੱਪਰ ਦੋਸ਼ ਹੈ ਕਿ ਉਹਨਾਂ ਦੀਆਂ ਸੋਸ਼ਲ ਮੀਡੀਆ ਉੱਪਰ ਪਾਈਆਂ ਤਸਵੀਰਾਂ, ਪੋਸਟਾਂ ਭੜਕਾਉਣ, ਅਮਨ ਚੈਨ ਭੰਗ ਕਰਨ ਅਤੇ ਨੌਜਵਾਨਾਂ ਨੂੰ ਕੁਰਾਹੇ ਪਾਉਣ ਦਾ ਕੰਮ ਕਰਦੀਆਂ ਹਨ। ਅਸਲ ਵਿਚ ਇਹ ਪੱਤਰਕਾਰ ਕਸ਼ਮੀਰ ਦੀ ਸੱਚਾਈ ਬਿਆਨ ਕਰਦੇ ਹਨ ਜੋ ਕਿ ਹਾਕਮਾਂ ਨੂੰ ਚੁੱਭਦੀ ਹੈ। ਇਸ ਲਈ ਇਸ ਕਾਲ਼ੇ ਕਨੂੰਨ ਨਾਲ਼ ਹਰ ਕਿਸੇ ਨੂੰ ਚੁੱਪ ਕਰਾਉਣਾ ਚਾਹੁੰਦੇ ਹਨ। ਇਹ ਕਾਲ਼ੇ ਕਨੂੰਨ ਤੇ ਝੂਠੇ ਕੇਸ ਲੋਕਾਂ ਉੱਪਰ ਫਾਸ਼ੀਵਾਦੀ ਹਮਲੇ ਹਨ ਜੋ ਕਿ ਆਮ ਲੋਕਾਂ ਉੱਪਰ ਵਰਤੇ ਜਾ ਰਹੇ ਹਨ। ਪੁਲਿਸ, ਕਨੂੰਨ, ਅਦਾਲਤਾਂ, ਸਰਕਾਰਾਂ ਕੋਈ ਵੀ ਇਨਸਾਫ਼ ਨਹੀਂ ਕਰ ਰਹੀਆਂ।


Homeopathicvibes

We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....



Now we have two locations :

940, E. El Camino Real, Sunnyvale, CA 94087

Office : (408) 737-7100 Fax: (408) 737-7102

39039 Paseo Padre Pkwy Suite #209 (upstairs) Fremont CA 94538

www.homeopathicvibes.com

*We sell and ship homeopathic remedies through out North America.*

ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ

Harminder Singh Gill D.H.M.S;B.C.I.H

*(Ex Homeopathic Medical officer Punjab Govt.)*

# 2020 ਦੀ ਮਰਦਮਸ਼ੁਮਾਰੀ ਸ਼ੁਰੂ



## ਇਹ 10 ਮਿੰਟਾਂ ਦਾ ਅਸਰ ਅਗਲੇ 10 ਸਾਲਾਂ ਉੱਪਰ ਪਵੇਗਾ

KERN COUNTS
CENSUS 2020

ਹਰ 10 ਸਾਲ ਬਾਦ ਅਮਰੀਕਾ ਦਾ ਮਰਦਮਸ਼ੁਮਾਰੀ ਵਿਭਾਗ ਉਹ ਹਰ ਇੱਕ ਵਿਅਕਤੀ ਦੀ ਗਿਣਤੀ ਕਰਦਾ ਹੈ ਜੋ ਅਮਰੀਕਾ ਦਾ ਵਸਨੀਕ ਹੈ। ਇਹ ਗਿਣਤੀ ਦਾ ਅਸਰ ਸਕੂਲ, ਸੜਕਾਂ, ਹਸਪਤਾਲ, ਬੱਚਿਆਂ ਦੀ ਦੇਖ ਭਾਲ਼ ਅਤੇ ਹੋਰ ਕਈ ਸਰਕਾਰੀ ਯੋਜਨਾਵਾਂ ਉੱਪਰ ਪੈਂਦਾ ਹੈ। ਮਰਦਮਸ਼ੁਮਾਰੀ ਦੀ ਗਿਣਤੀ ਰਾਹੀਂ ਅਮਰੀਕਾ ਦੀ ਸਰਕਾਰ ਆਪਣਾ ਨੁਮਾਇੰਦਾ ਵੀ ਚੁਣਦੀ ਹੈ। ਇਸ ਲਈ ਬਹੁਤ ਜ਼ਰੂਰੀ ਹੈ ਕਿ ਇਹ ਗਿਣਤੀ ਸਹੀ ਤਰੀਕੇ ਨਾਲ ਕੀਤੀ ਜਾਵੇ।

ਤੁਹਾਡੇ ਦਿੱਤੇ ਹੋਏ ਜਵਾਬ ਗੁਪਤ ਰੱਖੇ ਜਾਣਗੇ। ਮਰਦਮਸ਼ੁਮਾਰੀ ਵਿੱਚ ਤੁਹਾਡੇ ਦਿੱਤੇ ਹੋਏ ਜਵਾਬ ਤੁਹਾਡੇ ਖਿਲਾਫ਼ ਨਹੀਂ ਵਰਤੇ ਜਾਣਗੇ।

ਆਪਣਾ ਫ਼ਰਜ ਬਣਦਾ ਹੈ ਕਿ ਮਰਦਮਸ਼ੁਮਾਰੀ ਵਿੱਚ ਹਿੱਸਾ ਲਈਏ ਤਾਂ ਜੋ ਆਪਣੇ ਭਾਈਚਾਰੇ ਨੂੰ ਲੋੜੀਂਦੀਆਂ ਸਹੂਲਤਾਂ ਮਿਲ ਸਕਣ।

ਤੁਸੀਂ ਇਸ ਮਰਦਮਸ਼ੁਮਾਰੀ ਦੇ ਫ਼ਾਰਮ ਨੂੰ ਔਨਲਾਈਨ, ਫ਼ੋਨ ਜਾਂ ਫ਼ਿਰ ਡਾਕ ਦੇ ਰਾਹੀ ਭਰ ਸਕਦੇ ਹੋ।

ਹੋਰ ਜਾਣਕਾਰੀ ਲਈ: **KernCounts.org**

**#KernCounts**

**Message sponsored by the Kern Complete Count Committee.**

ਗੁਰਗੱਦੀ ਤੇ ਵਿਸ਼ੇਸ਼

# ਗੁਰੂ ਹਰਿਗੋਬਿੰਦ ਸਾਹਿਬ ਜੀ



- ਪ੍ਰਮਿੰਦਰ ਸਿੰਘ ਪ੍ਰਵਾਨ

510-415-9377

ਗੁਰੂ ਨਾਨਕ ਦੇਵ ਸਾਹਿਬ ਜੀ ਦੇ ਚਲਾਏ ਪੰਥ ਦੇ ਸੰਕਲਪ ਨੂੰ ਪੂਰਾ ਕਰਨ ਲਈ ਸਿੱਖ ਗੁਰੂਆਂ ਨੇ ਧਰਮ ਪ੍ਰਚਾਰ ਦੇ ਦੌਰੇ ਕੀਤੇ। ਇਸੇ ਤਰਾਂ ਹੀ ਗੁਰੂ ਅਰਜਨ ਦੇਵ ਜੀ ਨੇ ਕਾਫ਼ੀ ਲੰਮਾ ਸਮਾਂ ਪ੍ਰਚਾਰਕ ਦੌਰੇ ਕੀਤੇ। ਪ੍ਰਿਥੀ ਚੰਦ ਦੀ ਗੁਰਗੱਦੀ ਤੋਂ ਵਾਂਝੇ ਰਹਿਣ ਦੀ ਈਰਖਾ ਵੀ ਬਰਾਬਰ ਚਲਦੀ ਰਹੀ। ਅੰਮ੍ਰਿਤਸਰ, ਗੋਇੰਦਵਾਲ, ਕਰਤਾਰਪੁਰ ਦੇ ਦੌਰਿਆਂ ਤੋਂ ਅੰਮ੍ਰਿਤਸਰ ਪਰਤੇ। ਨੇੜਲੇ ਪਿੰਡ ਵਡਾਲੀ ਵਿਖੇ 19 ਜੂਨ 1595 ਨੂੰ ਪਿਤਾ ਗੁਰੂ ਅਰਜਨ ਦੇਵ ਸਾਹਿਬ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਗੁਰੂ ਹਰਿਗੋਬਿੰਦ ਜੀ ਦਾ ਪ੍ਰਕਾਸ਼ ਹੋਇਆ।

ਪ੍ਰਿਥੀ ਚੰਦ ਨੂੰ ਬੜੀ ਸੱਟ ਵੱਜੀ ਕਿ ਉਹ ਗੁਰਗੱਦੀ ਤੇ ਆਪਣੇ ਪੁੱਤਰ ਮਿਹਰਬਾਨ ਨੂੰ ਬਿਠਾਉਣਾ ਚਾਹੁੰਦਾ ਸੀ। ਇਸ ਲਈ ਉਸ ਨੇ ਆਪਣੀ ਪਤਨੀ ਨਾਲ ਮਿਲ ਕੇ ਬਾਲ ਹਰਿਗੋਬਿੰਦ ਸਾਹਿਬ ਜੀ ਨੂੰ ਮਾਰਨ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ। ਗੁਰੂ ਪਿਤਾ ਗੁਰੂ ਅਰਜਨ ਦੇਵ ਜੀ ਨੇ ਉਨਾਂ ਦੀ ਵਿਦਿਆ ਦਾ ਸੁਚੱਜਾ ਪ੍ਰਬੰਧ ਕੀਤਾ। ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਘੋੜ ਸਵਾਰੀ, ਨੇਜ਼ਾਬਾਜ਼ੀ, ਬੰਦੂਕ ਅਤੇ ਪ੍ਰਚਲਤ ਸ਼ਸਤਰਾਂ ਨੂੰ ਚਲਾਉਣ ਲਈ ਅਭਿਆਸ ਕਰਵਾਏ।

ਗੁਰੂ ਹਰਿਗੋਬਿੰਦ ਜੀ 11 ਸਾਲਾਂ ਦੇ ਸਨ ਤਾਂ ਬਾਦਸ਼ਾਹ ਜਹਾਂਗੀਰ ਨੇ ਗੁਰੂ ਅਰਜਨ ਦੇਵ ਸਾਹਿਬ ਜੀ ਨੂੰ ਲਾਹੌਰ ਤਲਬ ਕੀਤਾ। ਸਮਰੱਥ ਗੁਰੂ ਜਾਣ ਗਏ ਸਨ ਕਿ ਉਨਾਂ ਨੇ ਮੁੜ ਕੇ ਨਹੀਂ ਆਉਣਾ। ਆਉਣ ਵਾਲੇ ਸਮੇਂ ਵਿਚ ਜ਼ੁਲਮ ਵਿਰੁਧ ਸ਼ਸਤਰ ਚੁੱਕਣੇ ਪੈਣਗੇ। ਉਨਾਂ ਗੁਰੂ ਹਰਿਗੋਬਿੰਦ ਜੀ ਨੂੰ ਸੁਚੇਤ ਕੀਤਾ ਕਿ ਗੁਰਗੱਦੀ ਤੇ ਸ਼ਸਤਰਧਾਰੀ ਹੋ ਕੇ ਬੈਠਣਾ ਹੈ। ਦੁਸ਼ਮਣ ਖਿਲਾਫ਼ ਫੌਜ ਵੀ ਰੱਖਣੀ ਹੈ। ਇਸੇ ਫੌਜ ਨੂੰ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਫੌਜੀ ਖ਼ਾਲਸੇ ਦਾ ਰੂਪ ਦਿੱਤਾ।

25 ਮਈ 1606 ਈ. ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਗੁਰਗੱਦੀ ਤੇ ਬਿਰਾਜਮਾਨ ਹੋਏ। ਪ੍ਰਚਲਤ ਪ੍ਰੰਪਰਾ ਵਿਚ ਆਪ ਜੀ ਨੂੰ ਸੇਲੀ ਟੋਪੀ ਪੇਸ਼ ਕੀਤੀ ਗਈ। ਜਿਸ ਦਾ ਤਿਆਗ ਕਰਕੇ ਗੁਰੂ ਨੇ ਦੋ ਤਲਵਾਰਾਂ ਸਜਾਈਆਂ। ਇਕ ਪੀਰੀ ਦੀ ਇਕ ਮੀਰੀ ਦੀ। ਇਕ ਰੂਹਾਨੀ ਅਗਵਾਈ ਵਾਸਤੇ ਦੂਸਰੀ ਸੰਸਾਰਕ ਅਗਵਾਈ ਵਾਸਤੇ। ਉਨਾਂ ਮਰਹੱਟਾ ਗੁਰੂ ਸਮਰੱਥ ਰਾਮਦਾਸ ਜੀ ਸਪੱਸ਼ਟ ਕੀਤਾ ਕਿ ਸ਼ਸਤਰ ਧਾਰਨ ਤੇ ਵੀ ਅੰਤਰ ਮੁਖੀ ਸਾਧੂ ਹਾਂ ਤੇ ਬਾਹਰਮੁਖੀ ਰਾਜੇ। ਸ਼ਸਤਰ ਗਰੀਬ ਦੀ ਰਾਖੀ ਅਤੇ ਅਤਿਆਚਾਰੀਆਂ ਦੇ ਜ਼ੁਲਮ ਦਾ ਨਾਸ਼ ਕਰਨ ਲਈ ਹਨ। ਹਥਿਆਰਬੰਦ ਹੋਣਾ ਗਰੀਬ ਦੀ ਰੱਖਿਆ ਹੀ ਹੈ। ਗੁਰੂ ਜੀ ਨੇ ਪੰਥ ਨੂੰ ਹਥਿਆਰਬੰਦ ਹੋਣ ਦਾ ਐਲਾਨ ਕੀਤਾ। ਉਨਾਂ ਨੇ ਸੰਗਤਾਂ ਨੂੰ ਹਦਾਿਤ ਕੀਤੀ ਕਿ ਭੇਟਾ ਵਿਚ ਚੰਗੇ ਘੋੜੇ, ਚੰਗੇ ਸ਼ਸਤਰ ਅਤੇ ਸੁਡੌਲ ਜਵਾਨੀਆਂ ਸ਼ਾਮਲ ਹੋਣ। ਜਵਾਨੀਆਂ ਕਾਇਮ ਰੱਖਣ ਲਈ ਵਰਜਿਸ਼, ਕੁਸ਼ਤੀਆਂ, ਘੋੜ ਸਵਾਰੀ, ਗਤਕਾ ਅਤੇ ਸ਼ਿਕਾਰ ਖੇਡਣ ਦਾ ਉਤਸ਼ਾਹ ਦਿੱਤਾ। ਮਾਲ ਅਖਾੜਾ ਬਣਾਇਆ। ਸਿੱਖਾਂ ਨੂੰ ਘੋੜਿਆਂ ਦੇ ਵਪਾਰ ਵਿਚ ਲਾਇਆ। ਘੋੜਿਆਂ ਦਾ ਵਪਾਰ ਹੋਣ ਲੱਗਾ। ਸਿੱਖ ਚੰਗੇ ਘੋੜਿਆਂ ਦੇ ਪਾਰਖੂ ਬਣ ਗਏ, ਆਰਥਿਕ ਤੌਰ 'ਤੇ ਵੀ ਖੁਸ਼ਹਾਲ ਹੋਣ ਲੱਗੇ। ਕੌਮ ਲਈ ਬਕਾਇਦਾ ਫੌਜੀ ਸਿਖਲਾਈ ਦਾ ਪ੍ਰਬੰਧ ਹੋਇਆ। ਚੜਦੀ ਕਲਾ ਦਾ ਦੌਰ ਸ਼ੁਰੂ ਹੋਇਆ। ਸੰਤ ਸਿਪਾਹੀ, ਸੂਰਬੀਰ ਯੋਧਿਆਂ ਦੀ ਕੌਮ ਤਿਆਰ ਹੋਣ ਲੱਗੀ।

ਸੂਰਬੀਰਾਂ ਦੀ ਕੌਮ ਦੇ ਵਿਕਾਸ, ਉਤਸ਼ਾਹ ਅਤੇ ਰੱਖਿਆ ਲਈ ਲੋਹਗੜ ਦਾ ਕਿਲਾ ਬਣਾਇਆ। ਅੰਮ੍ਰਿਤਸਰ ਸ਼ਹਿਰ ਨੂੰ ਜਿੱਥੇ ਵਪਾਰਕ ਕੇਂਦਰ ਬਣਾਇਆ, ਉਥੇ ਖੁਦਮੁਖਤਿਆਰ ਵੀ ਬਣਾਇਆ ਕਿ ਸਿੱਖ ਕਿਸੇ ਬਾਹਰਲੇ ਦੇ ਅਧੀਨ ਨਾ ਹੋਣ। ਅਕਾਲ ਤਖਤ ਸਾਹਿਬ ਦੀ ਸਿਰਜਣਾ ਕੀਤੀ ਜੋ ਕਿ ਗੁਰੂ ਸਾਹਿਬ ਜੀ ਦੀ ਸੰਸਾਰਕ ਗੱਦੀ ਸੀ। ਸੰਗਤਾਂ ਹਮੇਸ਼ਾ ਦੀ ਤਰਾਂ ਦਰਬਾਰ ਸਾਹਿਬ ਅੰਮ੍ਰਿਤਸਰ ਜੁੜਦੀਆਂ। ਗੁਰਬਾਣੀ ਪਾਠ, ਕਥਾ ਕੀਰਤਨ ਹੁੰਦਾ, ਢਾਡੀ ਵਾਰਾਂ ਗਾਈਆਂ ਜਾਂਦੀਆਂ। ਦੁਪਹਿਰ ਤੋਂ ਬਾਅਦ ਸੰਗਤਾਂ ਅਕਾਲ ਤਖਤ ਸਾਹਿਬ ਜੁੜਦੀਆਂ। ਸਰੀਰਕ ਕਸਰਤਾਂ ਹੁੰਦੀਆਂ, ਸੂਰਮਿਆਂ ਦੀਆਂ ਬੀਰਰਸ ਵਾਰਾਂ ਸਿੱਖਾਂ ਦੇ ਮਨਾਂ ਵਿਚ ਬੀਰਤਾ ਭਰਦੀਆਂ। ਬੀਰ ਨਗਾਰੇ ਵੱਜਣ ਲੱਗੇ। ਨਿਸ਼ਾਨ ਸਾਹਿਬ ਲੱਗੇ। ਯੋਧੇ ਇਕੱਠੇ ਹੋਣ ਲੱਗੇ। ਹਥਿਆਰਬੰਦ ਦਸਤੇ ਰਾਤਾਂ ਨੂੰ ਮਿਸਾਲਾਂ ਬਾਲ਼ ਕੇ ਗਸ਼ਤ ਕਰਨ ਲੱਗੇ। ਗੁਰੂ ਜੀ ਸੰਗਤਾਂ ਦੇ ਫੈਸਲੇ ਆਪ ਕਰਨ ਲੱਗੇ।

ਗੁਰੂ ਜੀ ਨੇ 52 ਯੋਧੇ ਆਪਣੇ ਨਿੱਜੀ ਸੁਰੱਖਿਆ ਲਈ ਰੱਖੇ। ਫੌਜ ਦਾ ਮੁੱਢ ਬੰਨਿਆ। ਮਾਝਾ, ਮਾਲਵਾ, ਦੁਆਬਾ ਦੇ 500 ਯੋਧੇ ਗੁਰੂ ਜੀ ਨਾਲ ਆਣ ਰਲੇ ਜਿਨਾਂ ਨੇ ਮਾਰ ਮਿਟਣ ਦਾ ਪ੍ਰਣ ਲਿਆ। ਗੁਰੂ ਜੀ ਦੇ ਖਿਲਾਫ਼ ਪ੍ਰਬੰਧਕ ਜਹਾਂਗੀਰ ਦੇ ਕੰਨ ਭਰਨ ਲੱਗੇ ਕਿ ਗੁਰੂ ਜੀ ਨੇ ਆਪਣਾ ਤਖਤ ਬਣਾ ਲਿਆ ਹੈ। ਉਹ ਰਾਜਸੀ ਸ਼ਕਤੀ ਦੀ ਨੀਂਹ ਰੱਖ ਰਹੇ ਹਨ। ਉਹ ਫੈਸਲੇ ਆਪ ਕਰਨ ਲੱਗ ਪਏ ਹਨ। ਲੋਕ ਉਨਾਂ ਨੂੰ ਸੱਚਾ ਪਾਤਿਸ਼ਾਹ ਕਹਿੰਦੇ ਹਨ। ਉਹ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਦੀ ਬਦਲਾ ਲੈਣਗੇ। ਉਨਾਂ ਦੀਆਂ ਕਾਰਵਾਈਆਂ ਮੁਗਲ ਹਕੂਮਤ ਲਈ ਵੱਡਾ ਖਤਰਾ ਹਨ। ਸਮੇਂ ਸਿਰ ਦਬਾ ਦਿੱਤਾ ਜਾਵੇ। ਮੁਗਲ ਬਾਦਸ਼ਾਹ ਜਹਾਂਗੀਰ ਨੇ ਗੁਰੂ ਜੀ ਨੂੰ ਦਿੱਲੀ ਬੁਲਾਉਣ ਦਾ ਹੁਕਮ ਦਿੱਤਾ। ਗੁਰੂ ਜੀ 300 ਯੋਧਿਆਂ ਨਾਲ ਦਿੱਲੀ ਚਲੇ ਗਏ।

ਬਾਦਸ਼ਾਹ ਨੇ ਗੱਲਬਾਤ ਵਿਚੋਂ ਇਹ ਜਾਨਣ ਦੀ ਕੋਸ਼ਿਸ਼ ਕੀਤੀ ਕਿ ਗੁਰੂ ਜੀ ਦੀਆਂ ਕਾਰਵਾਈਆਂ ਖਤਰਨਾਕ ਤਾਂ ਨਹੀਂ। ਵਕਤੀ ਤੌਰ 'ਤੇ ਉਸ ਦੀ ਤਸੱਲੀ ਹੋ ਗਈ। ਵਧੇਰੇ ਪਰਖ ਕਰਨ ਲਈ ਬਹਾਨੇ ਨਾਲ ਉਸ ਨੇ ਸੁਖਾਵਾਂ ਮਾਹੌਲ ਬਣਾਇਆ। ਬਾਦਸ਼ਾਹ ਗੁਰੂ ਜੀ ਨੂੰ ਇਕ ਦਿਨ ਸ਼ਿਕਾਰ ਤੇ ਲੈ ਗਿਆ। ਇਕ ਸ਼ੇਰ ਨੇ ਬਾਦਸ਼ਾਹ ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਬੇਵੱਸ ਸੀ ਕਿ ਗੁਰੂ ਜੀ ਨੇ ਢਾਲ-ਤਲਵਾਰ ਨਾਲ ਸ਼ੇਰ ਨੂੰ ਮਾਰ ਦਿੱਤਾ। ਬਾਦਸ਼ਾਹ ਗੁਰੂ ਜੀ ਦਾ ਸ਼ੁਕਰਗੁਜ਼ਾਰ ਤਾਂ ਹੋ ਗਿਆ ਪਰ ਉਸ ਨੇ ਭਾਂਪ ਲਿਆ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਨੇ ਸਿੱਖਾਂ ਨੂੰ ਮਾਯੂਸ ਨਹੀਂ ਕੀਤਾ। ਸਿੱਖ ਹੋਰ ਤਿਆਰੀ ਕਰਕੇ ਨਿਡਰ ਹੁੰਦੇ ਜਾ ਰਹੇ ਹਨ। ਇਹ ਸਚਮੁੱਚ ਹੀ ਮੁਗਲ ਹਕੂਮਤ ਲਈ ਖਤਰਾ ਹਨ।

ਇਸ ਬਗਾਵਤ ਨੂੰ ਦਬਾ ਦੇਣਾ ਚਾਹੀਦਾ ਹੈ। ਉਸ ਨੇ ਗੁਰੂ ਜੀ ਨੂੰ ਗਵਾਲੀਅਰ ਦੇ ਕਿਲੇ ਵਿਚ ਕੈਦ ਕਰ ਲਿਆ। ਉਥੇ ਪਹਿਲਾਂ ਹੀ 52 ਰਾਜੇ ਕੈਦੀ ਸਨ ਜੋ ਬਹੁਤ ਮਾੜਾ ਜੀਵਨ ਬਿਤਾ ਰਹੇ ਸਨ। ਉਹ ਗੁਰੂ ਜੀ ਦੇ ਸ਼ਰਧਾਲੂ ਬਣ ਗਏ। ਗੁਰੂ ਜੀ ਨੇ ਉਨਾਂ ਲਈ ਚੰਗੀ ਖੁਰਾਕ ਅਤੇ ਪੁਸ਼ਾਕ ਦਾ ਪ੍ਰਬੰਧ ਕਰਵਾ ਦਿੱਤਾ। ਗੁਰੂ ਜੀ ਦੀ ਨਜਾਇਜ਼ ਲੰਬੀ ਹੁੰਦੀ ਜਾ ਰਹੀ ਸਜ਼ਾ ਤੇ ਰੋਹ ਜਾਗ ਪਿਆ। ਸਿੱਖਾਂ ਨੇ ਰਿਹਾਈ ਲਈ ਵਿਦਰੋਹ ਕੀਤਾ। ਜਹਾਂਗੀਰ ਨੇ ਵਕਤ ਸੰਭਾਲਦਿਆਂ ਗੁਰੂ ਜੀ ਨੂੰ ਰਿਹਾਅ ਕਰਨਾ ਚਾਹਿਆ। ਗੁਰੂ ਜੀ ਨੇ ਆਪਣੀ ਰਿਹਾਈ ਦੇ ਨਾਲ 52 ਰਾਜਿਆਂ ਨੂੰ ਵੀ ਰਿਹਾਅ ਕਰਵਾ ਲਿਆ। ਗੁਰੂ ਜੀ ਰਿਹਾਅ ਹੋ ਕੇ ਜਦ ਅੰਮ੍ਰਿਤਸਰ ਪਹੁੰਚੇ ਤਾਂ ਸੰਗਤਾਂ ਨੇ ਸ਼ਹਿਰ ਵਿਚ ਦੀਪਮਾਲਾ ਕੀਤਾ। ਗੁਰੂ ਜੀ ਦੀ ਉਪਮਾ 'ਬੰਦੀ ਛੋੜ' ਕਹਿ ਕੇ ਕੀਤੀ।

ਗੁਰੂ ਜੀ ਜਦ ਦਿੱਲੀ ਪਹੁੰਚੇ ਤਾਂ ਬਾਦਸ਼ਾਹ ਜਹਾਂਗੀਰ ਦਰਸ਼ਨਾਂ ਲਈ ਆਇਆ। ਫਿਰ ਅੰਮ੍ਰਿਤਸਰ ਵੀ ਆਇਆ। ਗੁਰੂ ਜੀ ਨੇ ਮਾਝਾ, ਦੁਆਬਾ ਦਾ ਪ੍ਰਚਾਰਕ ਦੌਰਾ ਕੀਤਾ। ਫਿਰ ਆਪ ਕਸ਼ਮੀਰ, ਸਿਆਲਕੋਟ, ਸ੍ਰੀਨਗਰ ਤੇ ਬਾਰਾਮੁੱਲਾ ਦੇ ਰਸਤੇ ਪੰਜਾ ਸਾਹਿਬ ਰੋਹਤਾਸ਼, ਜੇਹਲਮ ਹੁੰਦੇ ਹੋਏ ਗੁਜਰਾਤ ਗਏ। ਉਥੇ ਫਕੀਰ ਦੌਲਾ ਸ਼ਾਹ ਨਾਲ ਭੇਟ ਹੋਈ, ਉਸ ਨੇ ਸ਼ੰਕੇ ਦੂਰ ਕੀਤੇ ਕਿ 'ਪੀਰ ਨਾ ਹਿੰਦੂ ਨਾ ਮੁਸਲਮਾਨ, ਪੀਰੀ ਫਕੀਰੀ ਰੱਬ ਦਾ ਦਾਨ, ਔਰਤ ਇਮਾਨ, ਦੌਲਤ ਗੁਜ਼ਰਾਨ, ਪੁੱਤਰ ਨਿਸ਼ਾਨ, ਆਰਫ਼ ਵਿਚਾਰ, ਮਜ਼ਹਬ ਸੁਧਾਰ, ਪੁਜਾਰੀ ਆਚਾਰ, ਮਾਰੂਥਲ ਮੇ ਜਲ ਕੁਦਰਤ ਕਰਤਾਰ ਹੈ।

ਗੁਰੂ ਜੀ ਜਹਾਂਗੀਰ ਦੇ ਰਾਜ ਵਿਚ ਅਮਨ ਨਾਲ ਰਹੇ। ਸੰਨ 1626 ਈ. ਵਿਚ ਉਸ ਦੀ ਮੌਤ ਤੋਂ ਬਾਅਦ ਸ਼ਾਹ ਜਹਾਨ ਤਖਤ ਤੇ ਬੈਠਾ। ਉਸ ਨੇ ਗੁਰੂ ਜੀ ਨੂੰ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਗੁਰੂ ਜੀ ਨੂੰ ਚਾਰ ਜੰਗ ਸਹੇੜਨੇ ਪਏ। ਜਿਸ ਵਿਚ ਗੁਰੂ ਜੀ ਦੀ ਜਿੱਤ ਹੋਈ। ਗੁਰੂ ਜੀ ਨੇ ਮੁਗਲ ਫੌਜ ਦੇ ਇਕੱਲੇ ਇਕੱਲੇ ਸੈਨਾਪਤੀ ਨੂੰ ਮਾਰ ਮੁਕਾਇਆ।

1. ਪਹਿਲੀ ਜੰਗ ਮਈ 1628 ਈ. ਨੂੰ ਅੰਮ੍ਰਿਤਸਰ ਵਿਖੇ ਹੋਈ। ਮੁਗਲ ਸੈਨਾਪਤੀ ਮੁਖਾਲਿਸ ਖਾਂ ਸੀ।
2. ਦੂਸਰੀ ਜੰਗ ਸਤੰਬਰ, 1628 ਈ. ਹਰਿਗੋਬਿੰਦਪੁਰ ਵਿਖੇ ਹੋਈ, ਮੁਗਲ ਸੈਨਾਪਤੀ ਅਬਦੁਲਾਹ ਖਾਂ ਸੀ।
3. ਤੀਸਰੀ ਜੰਗ ਨਵੰਬਰ 1631 ਈ. ਮਰਾਝ ਵਿਖੇ ਹੋਈ ਸੈਨਾਪਤੀ ਲਲਾ ਬੇਗ ਸੀ।
4. ਚੌਥੀ ਜੰਗ 1634 ਈ. ਨੂੰ ਕਰਤਾਰਪੁਰ ਵਿਖੇ ਹੋਈ ਸੈਨਾਪਤੀ ਸਨ ਕਾਲੇ ਖਾਂ ਤੇ ਪੈਦੇ ਖਾਂ।

ਜੰਗਾਂ ਉਪਰੰਤ ਗੁਰੂ ਜੀ ਸ਼ਾਂਤਮਈ ਜਗਾ ਦੀ ਤਲਾਸ਼ ਵਿਚ ਸਨ ਤਾਂ ਕੀਰਤਪੁਰ ਦੀ ਉਸਾਰੀ ਕੀਤੀ ਜਿੱਥੇ ਧਾਰਮਿਕ ਜੀਵਨ ਬਤੀਤ ਕੀਤਾ। ਗੁਰੂ ਜੀ ਨੇ ਸਿੱਖੀ ਪ੍ਰਚਾਰ ਦੀ ਪ੍ਰੰਪਰਾ ਨੂੰ ਕਾਇਮ ਰੱਖਿਆ ਅਤੇ ਸਿੱਖੀ ਨੂੰ ਪ੍ਰਫੁੱਲਤ ਕੀਤਾ। ਆਪਣੇ ਛੋਟੇ ਪੋਤਰੇ ਹਰਿਰਾਏ ਸਾਹਿਬ ਜੀ ਨੂੰ ਮਾਰਚ 1644 ਈ. ਨੂੰ ਗੁਰਗੱੁਦੀ ਸੌਂਪੀ। ਆਪ 3 ਮਾਰਚ, 1644 ਈ. ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾਏ।

# ਸਿੱਖ ਇਤਿਹਾਸ ਦਾ ਇਕ ਅਹਿਮ ਕਾਂਡ 'ਛੋਟਾ ਘੱਲੂਘਾਰਾ'

- ਬਲਰਾਜ ਸਿੰਘ ਸਿੱਧੂ

ਬਾਬਾ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਬਾਅਦ ਸਿੱਖ ਕੌਮ ਇਕ ਵਾਰ ਤਾਂ ਖਿੱਲਰ-ਪੁੱਲਰ ਗਈ ਸੀ ਪਰ ਸਿੱਖਾਂ ਨੂੰ ਬਾਬਾ ਬੰਦਾ ਸਿੰਘ ਵੇਲੇ ਸੁਪਨੇ ਵਾਂਗ ਵੇਖੀ ਆਜ਼ਾਦੀ ਭੁੱਲੀ ਨਹੀਂ ਸੀ। ਸਿੱਖ ਹੌਲੀ-ਹੌਲੀ ਦੁਬਾਰਾ ਸੰਗਠਿਤ ਹੋਣ ਲੱਗੇ ਤੇ ਮੱਲਾਂ ਮਾਰਨ ਲੱਗੇ । ਸਿੱਖ ਇਤਿਹਾਸ ਵਿਚ ਕੌਮ ਨੂੰ ਖ਼ਤਮ ਕਰਨ ਲਈ ਹਮਲਾਵਰਾਂ ਵੱਲੋਂ ਦੋ ਵੱਡੇ ਕਾਂਡ, ਛੋਟਾ ਘੱਲੂਘਾਰਾ ਤੇ ਵੱਡਾ ਘੱਲੂਘਾਰਾ ਨੂੰ ਅੰਜ਼ਾਮ ਦਿੱਤਾ ਗਿਆ । ਛੋਟੇ ਘੱਲੂਘਾਰੇ ਦਾ ਸੂਤਰਧਾਰ ਲਾਹੌਰ ਦਰਬਾਰ ਦਾ ਦੀਵਾਨ ਲਖਪਤ ਰਾਏ ਸੀ । ਲਖਪਤ ਰਾਏ ਤੇ ਉਸਦਾ ਛੋਟਾ ਭਰਾ ਜਸਪਤ ਰਾਏ ਦੋਵੇਂ ਕਲਾਨੌਰ ਜ਼ਿਲਾ ਗੁਰਦਾਸਪੁਰ ਦੇ ਖੱਤਰੀ ਸਨ । ਮੁਗਲ ਰਾਜ ਵਿਚ ਉਨਾਂ ਦੀ ਬੜੀ ਚੜਾਈ ਸੀ । ਲਖਪਤ ਰਾਏ ਜ਼ਕਰੀਆ ਖ਼ਾਨ ਦੇ ਅਧੀਨ 1726 ਤੋਂ 1745 ਈ: ਤੱਕ, ਤੇ ਉਸਦੇ ਲੜਕੇ ਯਾਹੀਆ ਖ਼ਾਨ ਦੇ ਅਧੀਨ 1745 ਤੋਂ 1747 ਈ: ਤੱਕ ਲਾਹੌਰ ਦਾ ਦੀਵਾਨ ਵਿੱਤ ਮੰਤਰੀ ਰਿਹਾ ਸੀ । ਇਹ ਪਦਵੀ ਸੂਬੇਦਾਰ ਤੋਂ ਬਾਅਦ ਦੂਸਰੇ ਨੰਬਰ 'ਤੇ ਆਉਂਦੀ ਸੀ । ਜਸਪਤ ਰਾਏ ਪਹਿਲਾਂ ਜਲੰਧਰ ਦੁਆਬ ਦਾ ਫ਼ੌਜਦਾਰ ਸੀ ਤੇ ਬਾਅਦ ਵਿਚ ਜ਼ਕਰੀਆ ਖ਼ਾਨ ਦੁਆਰਾ ਏਮਨਾਬਾਦ ਦਾ ਫ਼ੌਜਦਾਰ ਲਾਇਆ ਗਿਆ ਸੀ । ਫਰਵਰੀ ਦੇ ਅਖੀਰ ਜਾਂ ਮਾਰਚ ਦੇ ਸ਼ੁਰੂ ਵਿਚ 1746 ਈ: ਨੂੰ ਸਿੱਖਾਂ ਦਾ ਇਕ ਜਥਾ ਸ਼ਾਹੀ ਫ਼ੌਜਾਂ ਦਾ ਧੱਕਿਆ ਏਮਨਾਬਾਦ ਦੇ ਇਲਾਕੇ ਵਿਚ ਆ ਨਿਕਲਿਆ । ਏਮਨਾਬਾਦ ਦੇ ਫ਼ੌਜਦਾਰ ਜਸਪਤ ਰਾਏ ਨੂੰ ਸਿੱਖਾਂ ਦੀ ਆਮਦ ਬਾਰੇ ਪਤਾ ਲੱਗਾ ਤਾਂ ਸੜ ਬਲ ਗਿਆ । ਅਜੇ ਸਿੰਘ ਲੰਗਰ ਪਾਣੀ ਦਾ ਆਹਰ ਕਰ ਹੀ ਰਹੇ ਸਨ ਕਿ ਜਸਪਤ ਰਾਏ ਦਾ ਹਰਕਾਰਾ ਸੁਨੇਹਾ ਲੈ ਕੇ ਆਣ ਪਹੁੰਚਿਆ ਕਿ ਫੌਰਨ ਇਲਾਕਾ ਖਾਲੀ ਕਰ ਦਿਉ । ਸਿੱਖਾਂ ਨੇ ਵਾਪਸ ਸੁਨੇਹਾ ਭੇਜਿਆ ਕਿ ਫ਼ੌਜਾਂ ਬੁਰੀ ਤਰਾਂ ਥੱਕੀਆਂ ਹੋਈਆਂ ਹਨ ਤੇ ਦੋ ਦਿਨ ਤੋਂ ਭੁੱਖੀਆਂ ਹਨ, ਲੰਗਰ ਛੱਕ ਕੇ ਤੇ ਥੋੜਾ ਆਰਾਮ ਕਰ ਕੇ ਕੱਲ ਨੂੰ ਕੂਚ ਕਰ ਜਾਵਾਂਗੇ । ਜਸਪਤ ਰਾਏ ਨਾ ਮੰਨਿਆ । ਉਸ ਨੇ ਆਪਣੀ ਫ਼ੌਜ ਨੂੰ ਤਿਆਰ ਕੀਤਾ ਤੇ ਨਾਲ ਹੀ ਇਲਾਕੇ ਦੀ ਧਾੜ ਇਕੱਠੀ ਕਰਕੇ ਸਿੱਖਾਂ 'ਤੇ ਹਮਲਾ ਕਰ ਦਿੱਤਾ । ਬੜੀ ਘਮਸਾਨ ਦੀ ਲੜਾਈ ਹੋਈ । ਸਿੱਖ ਲੜਨਾ ਨਹੀਂ ਸਨ ਚਾਹੁੰਦੇ, ਪਰ ਲੜਾਈ ਬਦੋਬਦੀ ਗਲ਼ ਪੈ ਗਈ । ਸਿੱਖ ਲੜਦੇ ਲੜਦੇ ਪਿੱਛੇ ਹਟਦੇ ਗਏ ਤੇ ਪਿੰਡ ਬੱਦੋਕੀ ਗੁਸਾਈਆਂ ਦੀ ਜੂਹ ਵਿਚ ਪਹੁੰਚ ਗਏ । ਜਸਪਤ ਰਾਏ ਹਾਥੀ 'ਤੇ ਬੈਠਾ ਆਪਣੀ ਫ਼ੌਜ ਦੀ ਅਗਵਾਈ ਕਰ ਰਿਹਾ ਸੀ । ਉਹ ਇਕ ਸਿੱਖ ਨਿਬਾਹੂ ਸਿੰਘ ਦੀ ਨਿਗਾਹ ਚੜ ਗਿਆ । ਨਿਬਾਹੂ ਸਿੰਘ ਪੂਛ ਪਕੜ ਕੇ ਹਾਥੀ 'ਤੇ ਜਾ ਚੜਿਆ ਤੇ ਸ੍ਰੀ ਸਾਹਿਬ ਦੇ ਇਕੋ ਵਾਰ ਨਾਲ ਜਸਪਤ ਰਾਏ ਦਾ ਸਿਰ ਲਾਹ ਕੇ ਨਿਕਲ ਭੱਜਿਆ । ਜਰਨੈਲ ਦੇ ਡਿੱਗਦੇ ਹੀ ਨਿਖਸਮੀਆਂ ਫ਼ੌਜਾਂ ਹਰਨ ਹੋ ਗਈਆਂ, ਮੈਦਾਨ ਸਿੱਖਾਂ ਦੇ ਹੱਥ ਰਿਹਾ ।

ਆਪਣੇ ਭਰਾ ਦੇ ਕਤਲ ਦੀ ਖਬਰ ਸੁਣ ਕੇ ਲਖਪਤ ਰਾਏ ਨੂੰ ਅੱਗ ਲੱਗ ਗਈ । ਉਸ ਨੇ ਸਹੁੰ ਖਾਧੀ ਕਿ ਜਦ ਤੱਕ ਪੰਥ ਖ਼ਤਮ ਨਹੀਂ ਹੋ ਜਾਂਦਾ ਉਹ ਪੱਗ ਨਹੀਂ ਬੰਨੇਗਾ । ਉਸ ਨੇ ਯਾਹੀਆ ਖ਼ਾਨ ਕੋਲੋਂ ਸਿੱਖਾਂ ਦੇ ਕਤਲੇਆਮ ਦਾ ਹੁਕਮ ਲੈ ਲਿਆ । ਇਸਤੋਂ ਪਹਿਲਾਂ ਸਿਰਫ ਜੰਗੀ ਸਿੱਖ ਹੀ ਸਰਕਾਰ ਦੇ ਬਾਗੀ ਸਮਝੇ ਜਾਂਦੇ ਸਨ, ਪਰ ਲਖਪਤ ਨੇ ਇਕ ਪਾਸਿਉਂ ਈ ਵਾਢਾ ਰੱਖ ਲਿਆ । ਲਾਹੌਰ ਅਤੇ ਆਸ ਪਾਸ ਅਮਨ ਅਮਾਨ ਨਾਲ ਵੱਸਦੇ ਤੇ ਸਰਕਾਰੀ ਨੌਕਰੀ ਕਰਦੇ ਸਾਰੇ ਸਿੱਖ ਗ੍ਰਿਫਤਾਰ ਕਰਕੇ ਕਤਲ ਕਰ ਦਿੱਤੇ ਗਏ । ਇਨਾਂ ਵਿਚ ਮਸ਼ਹੂਰ ਸੀ ਲਾਹੌਰ ਦਾ ਕੋਤਵਾਲ ਸੁਬੇਗ ਸਿੰਘ ਤੇ ਉਸਦਾ ਬੇਟਾ ਸ਼ਹਿਬਾਜ਼ ਸਿੰਘ, ਇਹ ਦੋਵੇਂ ਚਰਖੜੀ 'ਤੇ ਚਾੜ ਕੇ ਸ਼ਹੀਦ ਕਰ ਦਿੱਤੇ ਗਏ । ਸਾਰੇ ਸ਼ਹਿਰ ਵਿਚ ਹਾਹਾਕਾਰ ਮਚ ਗਈ, ਸ਼ਹਿਰ ਦੇ ਪਤਵੰਤੇ ਹਿੰਦੂ ਦੀਵਾਨ ਕੌੜਾ ਮੱਲ ਦੀ ਅਗਵਾਈ ਹੇਠ ਪੰਚਾਇਤੀ ਰੂਪ ਵਿਚ ਲਖਪਤ ਨੂੰ ਮਿਲੇ । ਪਰ ਲਖਪਤ ਨੇ ਕਿਸੇ ਦੀ ਨਾ ਮੰਨੀ । ਅਖੀਰ ਉਨਾਂ ਕਿਹਾ ਕਿ ਇਹ ਹੀ ਮੰਨ ਲੈ ਕਿ ਸੋਮਵਾਰ ਮੱਸਿਆ ਵਾਲੇ ਦਿਨ ਇਹ ਹੱਤਿਆਵਾਂ ਨਾ ਕੀਤੀਆਂ ਜਾਣ, ਉਹ ਇਹ ਵੀ ਨਾ ਮੰਨਿਆ । ਬਹੁਤ ਸਾਰੇ ਸਿੱਖ ਸੋਮਵਾਰੀ ਮੱਸਿਆ ਵਾਲੇ ਦਿਨ 10 ਮਾਰਚ 1746 ਨੂੰ ਕਤਲ ਕੀਤੇ ਗਏ । ਲਖਪਤ ਨੇ ਗੁੜ ਬੋਲਣ 'ਤੇ ਵੀ ਪਾਬੰਦੀ ਲਾ ਦਿੱਤੀ ਕਿਉਂਕਿ ਇਸ ਨਾਲ ਗੁਰੂ ਦਾ ਭੁਲੇਖਾ ਪੈਂਦਾ ਸੀ । ਉਸਨੇ ਕਿਹਾ ਕਿ ਗੁੜ ਨੂੰ ਭੇਲੀ ਕਿਹਾ ਜਾਵੇ । ਉਸ ਨੇ ਸਿੱਖਾਂ ਦਾ ਜਿਹੜਾ ਵੀ ਧਾਰਮਿਕ ਗ੍ਰੰਥ, ਪੋਥੀ, ਕਿਤਾਬ ਹੱਥ ਲੱਗੀ, ਸਾੜ ਦਿੱਤੀ । ਸਿੱਖਾਂ ਦੇ ਸਿਰ ਦਾ ਇਨਾਮ ਪੰਜ ਰੁਪਈਏ ਪ੍ਰਤੀ ਸਿਰ ਰੱਖਿਆ ਗਿਆ ।

ਸ਼ਹਿਰੀ ਸਿੱਖਾਂ ਦੇ ਕਤਲਾਂ ਤੋਂ ਵਿਹਲਾ ਹੋਕੇ ਲਖਪਤ ਰਾਏ ਨੇ ਦਲ ਖਾਲਸਾ ਦਾ ਖਾਤਮਾ ਕਰਨ ਲਈ ਕੂਚ ਕੀਤਾ । ਮੁਖਬਰਾਂ ਨੇ ਖਬਰ ਦਿੱਤੀ ਕਿ ਸਿੱਖ ਕਾਹਨੂੰਵਾਨ ਛੰਬ ਦੇ ਝੱਲਾਂ ਵਿਚ ਡੇਰਾ ਲਾਈ ਬੈਠੇ ਹਨ । ਉਸ ਵੇਲੇ ਝੱਲ ਵਿਚ ਪ੍ਰਸਿੱਧ ਸਰਦਾਰਾਂ ਸ: ਜੱਸਾ ਸਿੰਘ ਆਹਲੂਵਾਲੀਆ, ਭਾਈ ਸੁੱਖਾ ਸਿੰਘ ਮਾੜੀ ਕੰਬੋਕੀ, ਸ: ਗੁਰਦਿਆਲ ਸਿੰਘ ਡੱਲੇਵਾਲੀਆ, ਸ: ਹਰੀ ਸਿੰਘ ਭੰਗੀ ਤੇ ਸ: ਨੌਧ ਸਿੰਘ ਸ਼ੁਕਰਚੱਕੀਆ ਆਦਿ ਦੇ ਜਥੇ ਹਾਜ਼ਰ ਸਨ । ਲਖਪਤ ਰਾਏ ਨਾਲ ਲਾਹੌਰ ਦੀ ਸਾਰੀ ਫ਼ੌਜ ਸਮੇਤ ਤੋਪਖ਼ਾਨਾ, ਇਲਾਕੇ ਦੇ ਸਾਰੇ ਚੌਧਰੀ, ਫ਼ੌਜਦਾਰ ਤੇ ਜੇਹਾਦ ਦੇ ਨਾਂਅ 'ਤੇ ਇਕੱਠੇ ਕੀਤੇ ਹੂਰਾਂ ਦੇ ਆਸ਼ਕ ਗਾਜ਼ੀ ਸਨ । ਤਕਰੀਬਨ 50000 ਦੀ ਫ਼ੌਜ ਲੈ ਕੇ ਲਖਪਤ ਰਾਏ ਨੇ ਕਾਹਨੂੰਵਾਨ (ਗੁਰਦਾਸਪੁਰ) ਦੇ ਝੱਲ ਨੂੰ ਘੇਰਾ ਪਾ ਲਿਆ । ਟਿਕਾਣਿਆਂ 'ਤੇ ਤੋਪਾਂ ਬੀੜ ਕੇ ਤੋਪਚੀਆਂ ਨੇ ਅੱਗ ਵਰਾਉਣੀ ਸ਼ੁਰੂ ਕਰ ਦਿੱਤੀ । ਗੋਲਾਬਾਰੀ ਦਾ ਸਿੱਖਾਂ ਤੇ ਬਹੁਤਾ ਅਸਰ ਨਾ ਹੋਇਆ, ਉਹ ਤੋਪਾਂ ਦੀ ਮਾਰ ਵੇਖ ਕੇ ਜਗਾ ਬਦਲ ਲੈਂਦੇ ਸਨ । ਸ਼ਾਹੀ ਫ਼ੌਜਾਂ ਦੇ ਜਰਨੈਲ ਝੱਲਾਂ ਦੇ ਭੇਤੀ ਨਹੀਂ ਸਨ, ਇਸ ਲਈ ਉਹ ਝੱਲ ਵਿਚ ਵੜਨ ਤੋਂ ਕਤਰਾਉਂਦੇ ਸਨ । ਇਹ ਵੇਖ ਕੇ ਲਖਪਤ ਰਾਏ ਨੇ ਝੱਲ ਵੱਢਣ ਲਈ ਤਰਖਾਣ ਲਾ ਦਿੱਤੇ । ਸਿੱਖਾਂ ਨੇ ਬੇਲਦਾਰ ਮਾਰਨੇ ਸ਼ੁਰੂ ਕਰ ਦਿੱਤੇ ਤਾਂ ਲਖਪਤ ਨੇ ਝੱਲਾਂ ਨੂੰ ਅੱਗ ਲਗਵਾ ਦਿੱਤੀ । ਸਿੱਖਾਂ ਨੇ ਛਾਪਾਮਾਰ ਯੁੱਧ ਨਾਲ ਵੈਰੀ ਦੀ ਜਾਨ ਤੰਗ ਕਰ ਦਿੱਤੀ।

ਇਕ ਦਿਨ ਸੁੱਖਾ ਸਿੰਘ ਮਾੜੀ ਕੰਬੋਕੀ ਨੇ ਸਿੱਖਾਂ ਨੂੰ ਵੰਗਾਰ ਕੇ ਵੈਰੀ 'ਤੇ ਹਮਲਾ ਕਰ ਦਿੱਤਾ । ਉਸਨੇ ਲਖਪਤ ਦੀ ਸੂਹ ਕੱਢ ਕੇ ਉਸ ਹਾਥੀ ਨੂੰ ਜਾ ਘੇਰਿਆ ਪਰ ਉਸੇ ਵੇਲੇ ਇਕ ਜੰਬੂਰਚੇ ਦਾ ਗੋਲਾ ਉਸਦੇ ਪੱਟ ਤੇ ਆ ਵੱਜਾ, ਉਸਦੀ ਲੱਤ ਟੁੱਟ ਗਈ । ਜੰਗ ਦੇ ਰੰਗ ਵਿਚ ਰੰਗੇ ਨੇ ਪੀੜ ਨੂੰ ਨਾ ਗੌਲਿਆ ਤੇ ਪੱਗ ਪਾੜ ਕੇ ਲੱਤ ਬੰਨ ਲਈ । ਲਖਪਤ ਰਾਏ ਦੀ ਮਦਦ ਲਈ ਉਸਦਾ ਪੁੱਤਰ ਹਰਭਜ ਰਾਏ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ ਆਦਿ ਕਈ ਸੂਰਮੇ ਪਹੁੰਚ ਗਏ । ਸੁੱਖਾ ਸਿੰਘ ਦੀ ਮਦਦ ਵਾਸਤੇ ਸ: ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਰਦਾਰ ਪੁੱਜ ਗਏ, ਬੜੀ ਲਹੂ ਡੋਲਵੀਂ ਲੜਾਈ ਹੋਈ । ਲਖਪਤ ਰਾਏ ਦਾ ਨੁਕਸਾਨ ਸਿੱਖਾਂ ਨਾਲੋਂ ਕਿਤੇ ਵੱਧ ਹੋਇਆ । ਉਸਦਾ ਪੁੱਤਰ ਹਰਭਜ ਰਾਏ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ, ਕਰਮ ਬਖਸ਼ ਫ਼ੌਜਦਾਰ ਰਸੂਲ ਨਗਰ ਤੇ ਹੋਰ ਕਈ ਯੋਧੇ ਸਿੱਖਾਂ ਹੱਥੋਂ ਮਾਰੇ ਗਏ । ਭਰਾ ਤੋਂ ਬਾਅਦ ਪੁੱਤਰ ਦੀ ਮੌਤ ਦੇ ਦੁੱਖ ਕਾਰਨ ਲਖਪਤ ਰਾਏ ਗੁੱਸੇ ਵਿਚ ਪਾਗਲ ਹੋ ਗਿਆ । ਉਸਨੇ ਘੇਰਾਬੰਦੀ ਹੋਰ ਸਖਤ ਕਰ ਦਿੱਤੀ ਤੇ ਹੋਰ ਕਰੜਾਈ ਨਾਲ ਗੋਲਾਬਾਰੀ ਕਰਨ ਲੱਗਾ । ਸਿੱਖਾਂ ਦੀ ਰਸਦ ਪਾਣੀ, ਗੋਲੀ ਸਿੱਕਾ ਖਤਮ ਹੋਣ ਲੱਗ ਪਿਆ । ਉਹ ਲਖਪਤ ਦੀ ਸਪਲਾਈ ਲੁੱਟ ਲੈਂਦੇ ਸਨ ਪਰ ਇਸ ਨਾਲ ਪੂਰੀ ਨਹੀਂ ਸੀ ਪੈਂਦੀ ।

ਬਾਕੀ ਸਫ਼ਾ 32 'ਤੇ

# ਦੇਸ਼ ਵਿੱਚ ਰਾਸ਼ਟਰੀ ਸਰਕਾਰ ਦਾ ਗਠਨ ਹੋਵੇ

**- ਗੁਰਮੀਤ ਸਿੰਘ ਪਲਾਹੀ**

ਅੱਜ ਦੇਸ਼ ਦੇ ਸਾਹਮਣੇ ਕੋਰੋਨਾ ਆਫ਼ਤ ਦੀ ਜੋ ਸਮੱਸਿਆ ਹੈ, ਉਹ ਬਹੁਤ ਵੱਡੀ ਹੋ ਗਈ ਹੈ। ਇਸ ਨੂੰ ਕੋਈ ਇਕੱਲਾ ਇਕਹਿਰਾ ਨੇਤਾ ਸੰਭਾਲ ਨਹੀਂ ਸਕਦਾ। ਸੁਪਰੀਮ ਕੋਰਟ ਦੇ ਸਾਬਕਾ ਜੱਜ ਜਸਟਿਸ (ਸੇਵਾ ਮੁਕਤ) ਮਾਰਕੰਡੇ ਕਾਟਜੂ ਨੇ ਸੁਝਾਇਆ ਹੈ ਕਿ ਹੁਣ ਦੇਸ਼ ਵਿੱਚ ਕਿਸੇ ਇੱਕ ਪਾਰਟੀ ਦੀ ਨਹੀਂ, ਸਗੋਂ ਸਾਰੀਆਂ ਪਾਰਟੀਆਂ ਦੀ ਸਰਕਾਰ ਕਾਇਮ ਹੋਣੀ ਚਾਹੀਦੀ ਹੈ, ਕਿਉਂਕਿ ਸਮੱਸਿਆ ਇੰਨੀ ਵੱਡੀ ਹੋ ਗਈ ਹੈ ਕਿ ਇਕੱਲੀ ਭਾਜਪਾ ਜਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਸ ਨੂੰ ਸੰਭਾਲ ਨਹੀਂ ਸਕਦੇ।

ਦੇਸ਼ ਦੀ ਵਿਰੋਧੀ ਧਿਰ ਦੇ ਨੇਤਾ ਲਗਾਤਾਰ ਨਰਿੰਦਰ ਮੋਦੀ ਸਰਕਾਰ ਉੱਤੇ ਸਵਾਲ ਉਠਾ ਰਹੇ ਹਨ ਕਿ ਉਹਨੇ ਨੇ ਲੌਕਡਾਊਨ ਲਾਗੂ ਕਰਨ ਤੋਂ ਪਹਿਲਾਂ ਕਿਸੇ ਨਾਲ ਵਿਚਾਰ-ਵਟਾਂਦਰਾਂ ਨਹੀਂ ਕੀਤਾ ਅਤੇ ਬਿਨਾਂ ਤਿਆਰੀ ਦੇਸ਼ ਨੂੰ ਲੌਕਡਾਊਨ ਕਰ ਦਿੱਤਾ ਗਿਆ। ਅਤੇ ਉਹ ਪੁੱਛ ਰਹੇ ਹਨ ਕਿ ਲੌਕਡਾਊਨ ਖੋਲਣ ਦੀ ਸਰਕਾਰ ਕੋਲ ਕਿਹੜੀ ਯੋਜਨਾ ਹੈ? ਹੁਣ ਜਦੋਂ ਕਿ ਬਹੁਤੇ ਕਾਰੋਬਾਰ ਬੰਦ ਹਨ, ਉਦਯੋਗ ਕੰਮ ਨਹੀਂ ਕਰ ਰਹੇ, ਮਜ਼ਦੂਰ ਸੜਕਾਂ ਉੱਤੇ ਹਨ, ਉਹਨਾਂ ਵਿੱਚ ਮੌਤ ਦਾ ਸਹਿਮ ਹੈ। ਉਹ ਉਪਰਾਮ ਹੋ ਕੇ ਕਰਮ ਭੂਮੀ ਛੱਡਕੇ ਆਪਣੀ ਜਨਮ ਭੂਮੀ ਨੂੰ ਸੁਰੱਖਿਅਤ ਸਮਝਕੇ, ਉੱਧਰ ਵਹੀਰਾਂ ਘੱਤੀ ਤੁਰੇ ਜਾ ਰਹੇ ਹਨ। ਕਿਧਰੇ ਸਰਕਾਰਾਂ ਉਹਨਾਂ ਦੀ ਇਸ ਯਾਤਰਾ ਦਾ ਪ੍ਰਬੰਧ ਕਰ ਰਹੀਆਂ ਹਨ ਅਤੇ ਕਿਧਰੇ ਮਜ਼ਦੂਰ ਆਪਣੇ ਤੌਰ 'ਤੇ ਸੜਕਾਂ 'ਤੇ ਪੈਦਲ ਜਾਂ ਆਪਣੇ ਸਾਧਨਾਂ ਨਾਲ ਜਾ ਰਹੇ ਹਨ। ਇੱਕ ਅਜੀਬ ਕਿਸਮ ਦਾ ਅਫ਼ਰਾ-ਤਫ਼ਰੀ ਦਾ ਮਾਹੌਲ ਹੈ। ਪੰਜਾਬ ਸਮੇਤ ਕੁਝ ਰਾਜਾਂ ਨੇ ਮਜ਼ਦੂਰਾਂ ਨੂੰ ਰੇਲ ਗੱਡੀਆਂ ਰਾਹੀਂ ਭੇਜਣ ਦਾ ਪ੍ਰਬੰਧ ਕੀਤਾ ਹੈ। ਪਰ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਆਪਣੇ ਸੂਬੇ ਵਿੱਚੋਂ ਮਜ਼ਦੂਰਾਂ ਦੇ ਬਾਹਰ ਭੇਜਣ 'ਤੇ ਪਾਬੰਦੀ ਲਾਈ ਹੋਈ ਹੈ। ਦਿੱਲੀ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਜ਼ਦੂਰ ਤੁਰ ਗਏ ਹਨ। ਪੰਜਾਬ ਵਿੱਚੋਂ ਬਾਵਜੂਦ ਸੂਬਾ ਸਰਕਾਰ ਦੀਆਂ ਬੇਨਤੀਆਂ ਦੇ ਮਜ਼ਦੂਰ ਘਰੋ-ਘਰੀ ਜਾਣ ਲਈ ਕਾਹਲੇ ਹਨ। ਪੰਜਾਬ, ਜਿਸਦੀ ਖੇਤੀ ਅਤੇ ਉਦਯੋਗ ਹੀ ਪ੍ਰਵਾਸੀ ਮਜ਼ਦੂਰਾਂ ਉੱਤੇ ਟਿਕਿਆ ਹੋਇਆ ਹੈ, ਉਹ ਇਹਨਾਂ ਮਜ਼ਦੂਰਾਂ ਬਿਨਾਂ ਆਰਥਿਕ ਤੌਰ 'ਤੇ ਤਹਿਸ-ਨਹਿਸ ਹੋਣ ਵੱਲ ਵਧੇਗਾ। ਇਹ ਤਾਂ ਇੱਕ ਇਹੋ ਜਿਹੀ ਸਮੱਸਿਆ ਹੈ ਜੋ ਦੇਸ਼ ਵਿਆਪੀ ਖੜੀ ਹੋ ਚੁੱਕੀ ਹੈ। ਇਸਦੇ ਨਾਲ ਹੀ ਲੌਕਡਾਊਨ ਕਾਰਨ ਜੋ ਸਭ ਕੁਝ ਠਹਿਰਾਅ ਵਿੱਚ ਆ ਗਿਆ ਅਤੇ ਜਿਸ ਨੂੰ ਪੜਾਅ ਵਾਰ ਖੋਲਣ ਨਾਲ ਕੋਰੋਨਾ ਵਾਇਰਸ ਦੀ ਲਾਗ ਦਾ ਖਤਰਾ ਵਧੇਗਾ ਅਤੇ ਕੁਝ ਛੋਟਾਂ ਦੇਣ ਨਾਲ ਇਹ ਵਧ ਵੀ ਰਿਹਾ ਹੈ। ਇਹ ਸਭ ਕੁਝ ਕਿਵੇਂ ਸੰਭਾਲਿਆ ਜਾਏਗਾ, ਇਸ ਸਬੰਧ ਵਿੱਚ ਇੱਕ ਬਹੁਤ ਹੀ ਪਰਪੱਕ ਯੋਜਨਾ ਬਣਾਉਣ ਦੀ ਲੋੜ ਹੈ, ਜੋ ਉਸ ਸਮੇਂ ਤਕ ਬਣਾਈ ਹੀ ਨਹੀਂ ਜਾ ਸਕੇਗੀ, ਜਦੋਂ ਤਕ ਸਿਆਸੀ ਧਿਰਾਂ, ਵਿਰੋਧੀ ਧਿਰਾਂ ਦੀਆਂ ਸਰਕਾਰਾਂ, ਕੇਂਦਰ ਸਰਕਾਰ ਇਕਮਤ ਇੱਕਜੁੱਟ ਹੋ ਕੇ ਕੋਈ ਰਾਸ਼ਟਰੀ ਯੋਜਨਾ ਤਿਆਰ ਨਹੀਂ ਕਰਦੀ। ਦੇਸ਼ ਕੋਲ ਪ੍ਰਸ਼ਾਸਨਿਕ ਮਾਹਿਰ ਹਨ। ਦੇਸ਼ ਕੋਲ ਦੇਸ਼ ਦੀ ਆਰਥਿਕਤਾ ਨੂੰ ਸੁਧਾਰਨ ਵਾਲੇ ਅਰਥ ਸ਼ਾਸਤਰੀ ਹਨ। ਦੇਸ਼ ਕੋਲ ਯੂਨੀਅਨ ਨੇਤਾ, ਕਿਸਾਨ ਮਜ਼ਦੂਰ ਜਥੇਬੰਦੀਆਂ ਦੇ ਨੇਤਾ ਹਨ, ਜੋ ਆਪੋ-ਆਪਣੇ ਖੇਤਰਾਂ ਵਿੱਚ ਵੱਡੀ ਮੁਹਾਰਤ ਰੱਖਣ ਵਾਲੇ ਲੋਕ ਹਨ। ਉਹਨਾਂ ਦੀਆਂ ਸੇਵਾਵਾਂ ਦੇਸ਼ ਦੇ ਕੰਮ ਆ ਸਕਦੀਆਂ ਹਨ।

23 ਮਾਰਚ 2020 ਨੂੰ ਕਰੋਨਾ ਵਾਇਰਸ ਨੂੰ ਕਾਰਨ ਦੱਸ ਕੇ ਲੌਕਡਾਊਨ ਕਰ ਦਿੱਤਾ ਗਿਆ। ਕੰਮ ਬੰਦ ਹੋ ਗਏ। ਸੜਕਾਂ ਜਾਮ ਹੋ ਗਈਆਂ। ਰੇਲ ਗੱਡੀਆਂ ਜਾਮ ਹੋ ਗਈਆਂ। ਹਵਾਈ ਜ਼ਹਾਜ ਸੇਵਾਵਾਂ ਮੁਅੱਤਲ ਹੋ ਗਈਆਂ। ਵੱਖ-ਵੱਖ ਰਾਜਾਂ ਵਿੱਚ ਪ੍ਰਵਾਸੀ ਮਜ਼ਦੂਰ, ਜੋ ਨਿੱਤਪ੍ਰਤੀ ਕੰਮ ਧੰਦੇ ਕਰਕੇ ਗੁਜ਼ਾਰਾ ਕਰਦੇ ਸਨ ਅਤੇ ਜਿਹਨਾਂ ਦੀ ਗਿਣਤੀ ਅੰਦਾਜ਼ਨ 10-15 ਕਰੋੜ ਆਂਕੀ ਜਾ ਰਹੀ ਹੈ, ਉਹ ਫਸ ਗਏ। ਰੁਜ਼ਗਾਰ ਪੱਲੇ ਨਹੀਂ ਰਿਹਾ। ਰਿਹਾਇਸ਼ ਔਖੀ ਹੋ ਗਈ। ਢਿੱਡ ਭੁੱਖੇ ਰਹਿਣ ਲੱਗੇ। ਕੋਰੋਨਾ ਲਾਗ ਦਾ ਖਤਰਾ ਸਤਾਉਣ ਲੱਗਾ। ਸਿਹਤ ਸਹੂਲਤਾਂ ਦੀ ਕਮੀ ਦੇਸ਼ ਨੂੰ ਰੜਕਣ ਲੱਗੀ। ਸਮਝਿਆ ਜਾਣ ਲੱਗ ਪਿਆ ਕਿ ਦੇਸ਼ ਵਿੱਚ ਕੋਰੋਨਾ ਵਾਇਰਸ ਨਾਲੋਂ ਭੁੱਖਮਰੀ ਦਾ ਲੋਕ ਵੱਧ ਸ਼ਿਕਾਰ ਹੋਣਗੇ। ਕੇਂਦਰ ਸਰਕਾਰ ਵਲੋਂ ਰਸਦ ਕਿੱਟਾਂ ਸੂਬਿਆਂ ਨੂੰ ਭੇਜੀਆਂ ਜਾਣ ਲੱਗੀਆਂ। ਵਿਰੋਧੀ ਸਰਕਾਰਾਂ ਵਾਲੇ ਸੂਬੇ ਇਲਜ਼ਾਮ ਲਾਉਣ ਲੱਗੇ ਕਿ ਰਸਦ ਉਹਨਾਂ ਕੋਲ ਠੀਕ ਢੰਗ ਨਾਲ ਅਤੇ ਪੂਰੀ ਮਾਤਰਾ ਵਿੱਚ ਨਹੀਂ ਪੁੱਜ ਰਹੀ, ਉਹ ਲੋਕਾਂ ਕੋਲ ਕਿਵੇਂ ਪਹੁੰਚਾਉਣਗੇ? ਕਿਉਂਕਿ ਦੇਸ਼ ਕੋਲ ਪੁਖਤਾ ਅਨਾਜ ਵੰਡ ਪ੍ਰਣਾਲੀ ਨਹੀਂ ਹੈ, ਦੂਸ਼ਣਬਾਜ਼ੀ ਵਧਣ ਲੱਗੀ ਹੈ। ਕੇਂਦਰ ਅਤੇ ਸੂਬਿਆਂ ਦੀਆਂ ਸਰਕਾਰਾਂ ਦੇ ਸਿੰਗ ਆਪਸ ਵਿੱਚ ਫਸਣ ਲੱਗੇ ਹਨ।

ਕੇਂਦਰ ਸਰਕਾਰ ਉੱਤੇ ਲਗਾਤਾਰ ਇਲਜ਼ਾਮ ਲੱਗ ਰਿਹਾ ਹੈ ਕਿ ਸਾਰੀਆਂ ਯੋਜਨਾਵਾਂ, ਸਮੇਤ ਲੌਕਡਾਊਨ ਪ੍ਰਧਾਨ ਮੰਤਰੀ ਦੇ ਦਫਤਰ ਵਿੱਚੋਂ ਲਾਗੂ ਹੁੰਦੀਆਂ ਹਨ। ਅਫ਼ਸਰਸ਼ਾਹੀ ਅਤੇ ਨੌਕਰਸ਼ਾਹੀ ਆਪਣੇ ਧੱਕੜਸ਼ਾਹੀ ਅੰਦਾਜ਼ ਵਿੱਚ ਕੰਮ ਕਰ ਰਹੀ ਹੈ। ਸੂਬਿਆਂ ਦੀਆਂ ਸਰਕਾਰਾਂ ਨੂੰ ਇਸ ਆਫ਼ਤ ਨਾਲ ਲੜਨ ਲਈ ਉੱਪਰਲੀ ਸਰਕਾਰ ਨਿੱਤ ਨਵੇਂ ਆਦੇਸ਼ ਦੇ ਰਹੀ ਹੈ। ਗਰੀਨ, ਔਰੇਂਜ, ਰੈੱਡ ਜ਼ੋਨ ਵਿੱਚ ਵੰਡ ਕੇ ਇੱਕ ਵੱਖਰੀ ਕਿਸਮ ਦੀ ਆਪਣੇ ਤਰੀਕੇ ਨਾਲ ਵੰਡ ਪਾ ਰਹੀ ਹੈ। ਇਲਜ਼ਾਮ ਇਹ ਵੀ ਲੱਗ ਰਿਹਾ ਹੈ ਕਿ ਕੇਂਦਰ ਸਰਕਾਰ ਨੇ ਆਪਣੇ ਹੀ ਸਿਆਸੀ ਨੇਤਾਵਾਂ, ਕਾਰਕੁਨਾਂ ਦੀ ਇਸ ਸਬੰਧੀ ਕੋਈ ਸਲਾਹ ਨਹੀਂ ਲਈ। ਸੂਬਿਆਂ ਵਿੱਚ ਵੀ ਇਹੋ ਜਿਹੀ ਸਥਿਤੀ ਹੀ ਬਣੀ ਹੋਈ ਹੈ। ਜਿਵੇਂ ਕੇਂਦਰ ਵਿੱਚ ਪ੍ਰਧਾਨ ਮੰਤਰੀ ਦਾ ਦਫਤਰ ਆਪਣੀਆਂ ਚੰਮ ਦੀਆਂ ਚਲਾ ਰਿਹਾ ਹੈ, ਉੱਥੇ ਸੂਬਿਆਂ ਵਿੱਚ ਵੀ ਹਾਲ ਇਸ ਤੋਂ ਵੱਖਰਾ ਨਹੀਂ। ਪੰਜਾਬ ਦੇ ਮੁੱਖ ਮੰਤਰੀ ਉੱਤੇ ਵੀ ਇਹੋ ਜਿਹੇ ਪ੍ਰਸ਼ਨ ਉੱਠ ਰਹੇ ਹਨ। ਆਬਕਾਰੀ ਨੀਤੀ ਪੰਜਾਬ ਵਿੱਚ ਲਾਗੂ ਕਰਨ ਲਈ, ਸ਼ਰਾਬ ਦੇ ਠੇਕੇ ਖੋਲਣ ਲਈ, ਕੀਤੀ ਜਾਣ ਵਾਲੀ ਮੀਟਿੰਗ ਵਿੱਚ ਸਾਫ ਦੱਸਿਆ ਕਿ ਪੰਜਾਬ ਵਿੱਚ ਅਫ਼ਸਰਸ਼ਾਹੀ ਭਾਰੂ ਹੋ ਗਈ ਹੈ। ਕੋਰੋਨਾ ਦਾ ਸੰਤਾਪ ਭੋਗ ਰਹੇ ਆਮ ਲੋਕ ਚੱਕੀ ਵਿੱਚ ਪਿਸ ਰਹੇ ਹਨ। ਸਿਆਸਤਦਾਨ ਆਪਣੀ ਸਿਆਸਤ ਕਰ ਰਹੇ ਹਨ ਅਤੇ ਦੇਸ਼ ਦੀ ਨੌਕਰਸ਼ਾਹੀ ਅਵੱਲੀ ਖੇਡ ਖੇਡ ਰਹੀ ਹੈ। ਅਜੀਬ ਜਿਹੀ ਗੱਲ ਜਾਪਦੀ ਹੈ ਕਿ ਸਰਕਾਰ ਦੇ ਸੀਨੀਅਰ ਨੇਤਾ, ਮੰਤਰੀ ਮੰਡਲ ਦੀ ਮੀਟਿੰਗ ਵਿੱਚੋਂ ਆਪਣੇ ਹੀ ਮੁੱਖ ਸਕੱਤਰ ਦੇ ਵਿਰੁੱਧ ਬਾਈਕਾਟ ਕਰਕੇ ਬਾਹਰ ਆ ਜਾਣ।

**ਦੇਸ਼ ਸਾਹਮਣੇ ਦਰਪੇਸ਼ ਸਮੱਸਿਆਵਾਂ:**

1. ਤਾਲਾਬੰਦੀ ਕਾਰਨ ਦੇਸ਼ ਵਿੱਚ ਬੇਰੁਜ਼ਗਾਰੀ ਵਿੱਚ ਬੇਇੰਤਹਾ ਵਾਧਾ ਹੋ ਗਿਆ ਹੈ, ਜੋ ਪਹਿਲਾਂ ਹੀ ਚਰਮ ਸੀਮਾ ਉੱਤੇ ਸੀ।
2. ਦੇਸ਼ ਦੀ ਵੱਡੀ ਗਿਣਤੀ ਲੋਕ ਰੋਜ਼ਾਨਾ ਇੱਕ ਡੰਗ ਦੀ ਰੋਟੀ ਤੋਂ ਵੀ ਤਰਸੇ ਪਏ ਸਨ। ਹੁਣ ਜਦ ਰੁਜ਼ਗਾਰ ਬੰਦ ਹੋ ਗਿਆ ਹੈ, ਕਿਰਤੀ ਹੱਥ ਵਿਹਲੇ ਹੋ ਗਏ ਹਨ, ਕਮਾਈ ਦਾ ਕੋਈ ਸਾਧਨ ਨਹੀਂ ਰਿਹਾ। ਭੁੱਖਮਰੀ ਦਾ ਵਧਣਾ ਸੁਭਾਵਿਕ ਹੈ।
3. ਦੇਸ਼ ਕੋਲ ਸਿਹਤ ਸਹੂਲਤਾਂ ਸਮੇਤ ਡਾਕਟਰੀ ਅਮਲੇ, ਦਵਾਈਆਂ ਦੀ ਕਮੀ ਹੈ। ਇਸ ਵੇਲੇ ਪੂਰਾ ਦੇਸ਼ ਇਸ ਆਫ਼ਤ ਨਾਲ ਲੜ ਰਿਹਾ ਹੈ ਤੇ ਡਾਕਟਰੀ ਅਮਲੇ ਦਾ ਧਿਆਨ ਕੋਰੋਨਾ ਆਫ਼ਤ ਵੱਲ ਹੈ। ਬਾਕੀ ਮਰੀਜ਼ਾਂ ਵੱਲ ਉਨਾ ਦਾ ਧਿਆਨ ਨਹੀਂ ਕਰ ਰਹੇ। ਇਹੋ ਜਿਹੇ ਹਾਲਾਤ ਵਿੱਚ ਸਿਹਤ ਸਹੂਲਤਾਂ ਦੀ ਕਮੀ ਖਟਕੇਗੀ।
4. ਕਾਰੋਬਾਰ ਬੰਦ ਹੋ ਗਏ ਹਨ। ਕਾਰਖਾਨੇ ਚੱਲਣੋਂ ਹਟ ਗਏ ਹਨ। ਉਤਪਾਦਨ ਘਟ ਗਿਆ ਹੈ। ਚੀਜ਼ਾਂ ਦੇ ਭਾਅ ਵਧ ਗਏ ਹਨ।
5. ਸਰਕਾਰੀ ਆਮਦਨ ਵਿੱਚ ਕਮੀ ਆਈ ਹੈ। ਸਰਕਾਰਾਂ ਵਲੋਂ ਐਕਸਾਈਜ਼ ਡਿਊਟੀ ਅਤੇ ਹੋਰ ਟੈਕਸ ਵਧਾਏ ਜਾ ਰਹੇ ਹਨ। ਮਹਿੰਗਾਈ ਵਧ ਰਹੀ ਹੈ। ਆਮਦਨ ਦੀ ਕਮੀ ਨਾਲ ਲੋਕਾਂ ਦੀ ਖਰੀਦ ਸ਼ਕਤੀ ਘਟੇਗੀ। ਦੇਸ਼ ਦੀ ਆਰਥਿਕਤਾ ਤਬਾਹੀ ਦੇ ਕੰਢੇ ਪੁੱਜੇਗੀ।
6. ਲੌਕਡਾਊਨ ਦੌਰਾਨ ਸਿੱਖਿਆ ਅਦਾਰੇ ਬੰਦ ਹੋ ਗਏ ਹਨ। ਸਿੱਖਿਆ, ਜਿਹੜੀ ਪਹਿਲਾਂ ਹੀ ਸਰਕਾਰ ਦੀ ਤਰਜੀਹ ਨਹੀਂ ਹੈ, ਉਸ ਵੱਲ ਸਰਕਾਰੀ ਸਾਧਨਾਂ ਦੀ ਕਮੀ ਕਾਰਨ, ਬੇਧਿਆਨ ਹੋਏਗੀ। ਸਮਾਜ ਖ਼ਾਸ ਤੌਰ ਉੱਤੇ ਹੇਠਲੇ ਵਰਗ ਦੇ ਲੋਕ ਸਿੱਖਿਆ ਤੋਂ ਵਾਂਝੇ ਹੋਣਗੇ।
7. ਸਰਕਾਰ ਦਾ ਲੋਕਾਂ ਨਾਲੋਂ ਰਾਬਤਾ ਟੁੱਟਦਾ ਜਾ ਰਿਹਾ ਹੈ। ਸਿਆਸੀ ਨੇਤਾ ਇਸ ਮਹਾਂਮਾਰੀ ਸਮੇਂ ਲੋਕਾਂ ਤਕ ਪਹੁੰਚ ਨਹੀਂ ਕਰ ਰਹੇ। ਦੇਸ਼ ਵਿੱਚ ਇਹੋ ਜਿਹੇ ਹਾਲਾਤ ਵਿੱਚ ਅਰਾਜਕਤਾ ਦਾ ਮਾਹੌਲ ਬਣੇਗਾ।
8. ਦੇਸ਼ ਪਹਿਲਾਂ ਹੀ ਮੰਦੀ ਦੇ ਦੌਰ ਵਿੱਚੋਂ ਲੰਘ ਰਿਹਾ ਹੈ। ਕਈ ਪ੍ਰਾਈਵੇਟ ਆਟੋਮੋਬਾਇਲ ਕੰਪਨੀਆਂ ਬੰਦ ਹੋ ਚੁੱਕੀਆਂ ਹਨ। ਬੈਂਕਾਂ ਵਿੱਚ ਬਹੁਤ ਸਾਰੇ ਫਰਾਡ ਹੋਏ ਹਨ। ਬੈਂਕਾਂ ਨੇ ਕਈ ਵੱਡੇ ਲੋਕਾਂ ਦੇ ਕਰਜ਼ੇ ਵੱਟੇ ਖਾਤੇ ਪਾ ਦਿੱਤੇ ਹਨ।
9. ਖੇਤੀ ਜੋ ਭਾਰਤੀ ਆਰਥਿਕਤਾ ਦਾ ਅਧਾਰ ਮੰਨੀ ਜਾਂਦੀ ਸੀ, ਘਾਟੇ ਦੀ ਖੇਤੀ ਬਣਕੇ ਰਹਿ ਗਈ ਹੈ। ਕਿਸਾਨ ਖੁਦਕੁਸ਼ੀ ਦੇ ਰਾਹ ਪੈ ਗਏ ਹਨ। ਕਿਸਾਨਾਂ ਦੀ ਪ੍ਰੇਸ਼ਾਨੀ ਵਧਦੀ ਜਾ ਰਹੀ ਹੈ।
10. ਪ੍ਰਵਾਸੀ ਮਜ਼ਦੂਰ ਜੋ ਆਪਣੇ ਸੂਬਿਆਂ ਵੱਲ ਪਰਤ ਰਹੇ ਹਨ, ਜਾਂ ਜਿਹੜੇ ਭਾਰਤੀ ਵਿਦੇਸ਼ ਰਹਿੰਦੇ ਹਨ, ਉਹ ਅਤੇ ਜਿਹੜੇ ਦੇਸ਼ ਪਰਤ ਰਹੇ ਹਨ, ਉਹਨਾਂ ਦੇ ਰੁਜ਼ਗਾਰ ਦਾ ਕੀ ਬਣੇਗਾ?

ਇਹਨਾਂ ਸਾਰੀਆਂ ਸਮੱਸਿਆਵਾਂ ਦੇ ਹੱਲ ਲਈ ਕਿਸੇ ਵਿਆਪਕ ਯੋਜਨਾ ਦੀ ਲੋੜ ਪਏਗੀ। ਸਾਡੇ ਦੇਸ਼ ਦੇ ਹਾਕਮ ਇਹ ਕਹਿਕੇ ਸੁਰਖ਼ਰੂ ਨਹੀਂ ਹੋ ਸਕਦੇ ਕਿ ਇਹ ਵਿਸ਼ਵ ਵਿਆਪੀ ਸਮੱਸਿਆਵਾਂ ਹਨ। ਤਾਲੀਆਂ, ਥਾਲੀਆਂ, ਫੁੱਲਾਂ ਦੀ ਵਰਖਾ ਕਰਕੇ ਅਤੇ ਇਸ ਆਫ਼ਤ ਵਿਰੁੱਧ ਲੜਨ ਵਾਲੇ ਯੋਧਿਆਂ ਦੀ ਸਿਰਫ਼ ਹੌਂਸਲਾ ਅਫਜ਼ਾਈ ਕਰਕੇ ਇਹ ਜੰਗ ਜਿੱਤੀ ਨਹੀਂ ਜਾ ਸਕਦੀ, ਕਿਉਂਕਿ ਕੋਰੋਨਾ ਦਾ ਕਹਿਰ ਕਦੋਂ ਮੁੱਕੇਗਾ, ਕੋਈ ਕੁਝ ਨਹੀਂ ਕਹਿ ਸਕਦਾ। ਪਰ ਕੋਰੋਨਾ ਕਾਰਨ ਪੈਦਾ ਹੋਈਆਂ ਸਮੱਸਿਆਵਾਂ, ਜੋ ਸਾਵਧਾਨੀ ਨਾਲ ਘਟਾਈਆਂ ਜਾ ਸਕਦੀਆਂ ਸਨ, ਪਰ ਜਿਹੜੀਆਂ ਹੁਣ ਸਿਰ ਪੈ ਗਈਆਂ ਹਨ, ਉਹਨਾਂ ਦਾ ਹੱਲ ਸਿਰ ਜੋੜਕੇ ਕੀਤੇ ਬਿਨਾਂ ਨਹੀਂ ਸਰਨਾ। ਇਹ ਇੱਕ ਰਾਸ਼ਟਰੀ ਸਮੱਸਿਆ ਹੈ, ਜੋ ਦੇਸ਼ ਵਿੱਚ ਰਾਸ਼ਟਰੀ ਸਰਕਾਰ ਦੀ ਬਹੁ-ਪਾਰਟੀ ਸਰਕਾਰ ਦੇ ਗਠਨ ਨਾਲ ਹੱਲ ਹੋ ਸਕਦੀ ਹੈ।

ਮਈ 1940 ਵਿੱਚ ਜਦੋਂ ਬਰਤਾਨੀਆ ਦੇ ਸਾਹਮਣੇ ਨਾਜ਼ੀਆਂ ਦੀ ਸਮੱਸਿਆ ਖੜੀ ਸੀ ਤਾਂ ਉੱਥੇ ਸਰਬ-ਪਾਰਟੀ ਅਰਥਾਤ ਰਾਸ਼ਟਰੀ ਸਰਕਾਰ ਦੀ ਸਥਾਪਨਾ ਕੀਤੀ ਗਈ ਸੀ ਤਾਂ ਕਿ ਪੂਰਾ ਰਾਸ਼ਟਰ ਇਸ ਸਮੱਸਿਆ ਨਾਲ ਨਜਿੱਠ ਸਕੇ ਅਤੇ ਜਿੱਤ ਪ੍ਰਾਪਤ ਕਰ ਸਕੇ। ਦੇਸ਼ ਨੂੰ ਰਾਸ਼ਟਰ ਹਿਤ ਵਿੱਚ ਇਹ ਫੈਸਲਾ ਲੈਣ ਵਿੱਚ ਦੇਰੀ ਨਹੀਂ ਕਰਨੀ ਚਾਹੀਦੀ।

# ਸੰਨਾਟੇ ਵਾਲੀ ਜ਼ਿੰਦਗੀ

**- ਵਿਜੈ ਗਰਗ**

ਪੈਂਡਾਮਿਕ ਦੇ ਡਰ ਕਾਰਨ ਪੂਰਾ ਸ਼ਹਿਰ ਬੰਦ ਹੈ। ਸੁਰੇਸ਼ ਨਾਕੇ ਤੇ ਆਪਣੀ ਡਿਊਟੀ 'ਤੇ ਹੈ। ਬਾਹਰੋਂ ਆਉਣ-ਜਾਣ ਵਾਲਿਆਂ 'ਤੇ ਨਜ਼ਰ ਰਖੀ ਜਾ ਰਹੀ ਹੈ। ਅੱਜ ਸਵੇਰ ਤੋਂ ਕੋਈ ਵੀ ਨਹੀਂ ਆਇਆ। ਸੁਰੇਸ਼ ਇਕੱਲਾ ਬੈਠਾ ਆਪਣੀ ਡਿਊਟੀ ਤੋਂ ਬੋਰ ਹੋਣ ਲੱਗ ਪਿਆ। ਲੰਬੇ ਸਮੇਂ ਤੋਂ ਚੱਲ ਰਹੇ ਤਾਲਾਬੰਦੀ ਕਾਰਨ ਉਹ ਨਿਰਾਸ਼ ਹੋ ਗਿਆ। ਉਹ ਵਿਚਾਰਾਂ ਵਿੱਚ ਗੁੰਮ ਗਿਆ। ਉਸ ਨੇ ਮਹਿਸੂਸ ਕੀਤਾ ਕਿ ਅਸੀਂ ਜ਼ਿੰਦਗੀ ਵਿਚ ਭੀੜ ਦੇਖਣ ਅਤੇ ਸ਼ੋਰ ਸੁਣਨ ਦੇ ਆਦੀ ਹੋ ਗਏ ਹਾਂ। ਇਸ ਲਈ ਬੇਚੈਨੀ ਦੀ ਅਜਿਹੀ ਭਾਵਨਾ ਮਹਿਸੂਸ ਹੋ ਰਹੀ ਹੈ। ਉਸਨੇ ਸੜਕ ਤੇ ਬੈਠੇ ਸੰਨਾਟੇ ਵਿੱਚ ਛਾਏ ਕਬੂਤਰਾਂ ਦਾ ਝੁੰਡ ਜੋ ਨਿਡਰ ਹੋ ਕੇ ਬੈਠਾ ਹੈ। ਉਹ ਉਸਨੂੰ ਵੇਖਦਾ ਰਿਹਾ। ਫੇਰ ਅਚਾਨਕ ਇੱਕ ਗੱਡੀ ਦੇ ਕਾਰਨ ਸੰਨਾਟੇ ਟੁੱਟ ਗਿਆ ਤੇ ਕਬੂਤਰ ਉੱਡ ਗਏ. ਕਾਰ ਚਲੀ ਗਈ, ਕਬੂਤਰ ਦੁਬਾਰਾ ਸੜਕ 'ਤੇ ਆ ਗਏ. ਇਸ ਨਜ਼ਾਰੇ ਨੂੰ ਵੇਖਦਿਆਂ, ਉਹ ਸਮਝ ਗਿਆ ਕਿ ਜ਼ਿੰਦਗੀ ਸਿਰਫ ਭੀੜ-ਭੜੱਕਾ ਅਤੇ ਰੌਲਾ ਨਹੀਂ ਹੈ। ਇਸ ਸੰਨਾਟੇ ਵਿਚ ਵੀ ਜ਼ਿੰਦਗੀ ਹੈ।

Website Design & Development
➡ ਛੋਟੇ/ਵੱਡੇ ਬਿਜ਼ਨਿਸ, ਐਨ. ਜੀ. ਓ, ਰੇਡੀਓ ਸਟੇਸ਼ਨ ਅਤੇ ਖਬਰਾਂ ਵਾਲੀਆਂ ਵੈਬਸਾਈਟਾਂ ਬਣਾਉਣ ਵਿਚ ਖਾਸ ਮੁਹਾਰਤ।
➡ ਈ-ਕਮਰਸ ਅਤੇ ਆਨਲਾਈਨ ਸਟੋਰ/ਸੇਲ ਦੀਆਂ ਵੈਬਸਾਈਟਾਂ ਬਣਾਉਣ ਦਾ ਖਾਸ ਪ੍ਰਬੰਧ ਹੈ।
Basic web packages are availables on comparatively economical rates
We work as per your requirement and charge only according to work
SERVICES
✔ WEB DEVELOPMENT
✔ WEB DESIGNING
✔ WEB RE-DESIGN
✔ LOGO DESIGN
✔ SEO SERVICES
✔ TECHNICAL SUPPORT
Web Media Art
ਵਧੀਆ, ਸੁੰਦਰ ਅਤੇ ਨਵੀਂ ਤਕਨੀਕ ਅਨੁਸਾਰ ਵੈਬਸਾਈਟ ਬਣਵਾਉਣ ਲਈ ਅੱਜ ਹੀ ਸੰਪਰਕ ਕਰੋ।
+91-94640-83029
+91-95699-98747
info@webmediaart.com
www.webmediaart.com

# ਮਹਾਨ .ਗਦਰੀ ਸ਼ਹੀਦ ਕਰਤਾਰ ਸਿੰਘ ਸਰਾਭਾ

**- ਜਸਦੇਵ ਸਿੰਘ**

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲੇ ਦੇ ਪਿੰਡ ਸਰਾਭਾ ਵਿਖੇ ਮਾਤਾ ਸਾਹਿਬ ਕੌਰ ਅਤੇ ਪਿਤਾ ਮੰਗਲ ਸਿੰਘ ਦੇ ਘਰ ਹੋਇਆ। ਮੁੱਢਲੀ ਵਿੱਦਿਆ ਪਿੰਡ ਦੇ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਕਰਤਾਰ ਸਿੰਘ ਦੀ ਉਮਰ ਪੰਜ ਸਾਲ ਸੀ ਜਦੋਂ ਉਨਾਂ ਦੇ ਪਿਤਾ ਦੀ ਮੌਤ ਹੋ ਗਈ ਅਤੇ 12 ਸਾਲ ਦੀ ਉਮਰ ਵਿੱਚ ਮਾਤਾ ਦੀ ਮੌਤ ਹੋ ਗਈ ਸੀ। ਉਨਾਂ ਦੀ ਪਾਲਣਾ ਅਤੇ ਪੜਾਈ ਦਾ ਸਾਰਾ ਜ਼ਿੰਮਾ ਦਾਦਾ ਜੀ ਬਦਨ ਸਿੰਘ ਸਿਰ ਆ ਪਿਆ। ਉੱਚ ਵਿੱਦਿਆ ਲਈ ਸਰਾਭਾ ਨੂੰ ਲੁਧਿਆਣਾ ਦੇ ਮਿਸ਼ਨ ਸਕੂਲ ਤੇ ਬਾਅਦ 'ਚ ਚਾਚਾ ਜੀ ਬਖਸ਼ੀਸ਼ ਸਿੰਘ ਕੋਲ ਉਡੀਸਾ ਵਿਖੇ ਪੜਨ ਲਾਇਆ ਗਿਆ। ਸਕੂਲ ਸਮੇਂ ਤੋਂ ਹੀ ਕਰਤਾਰ ਸਿੰਘ ਨੂੰ ਹੁਸ਼ਿਆਰ ਤੇ ਹੋਣਹਾਰ ਹੋਣ ਕਰਕੇ 'ਅਫਲਾਤੂੰ', ਤੇਜ਼ ਤੇ ਫੁਰਤੀਲਾ ਹੋਣ ਕਰਕੇ 'ਉੱਡਣਾ ਸੱਪ' ਆਦਿ ਨਾਵਾਂ ਨਾਲ ਪੁਕਾਰਿਆ ਜਾਂਦਾ ਸੀ। ਇਲੈਕਟ੍ਰੀਕਲ ਇੰਜਨੀਅਰਿੰਗ ਦੀ ਉੱਚ ਵਿੱਦਿਆ ਬਰਕਲੇ ਯੂਨੀਵਰਸਿਟੀ ਤੋਂ ਪ੍ਰਾਪਤ ਕਰਨ ਲਈ ਉਨਾਂ ਨੂੰ ਅਮਰੀਕਾ ਭੇਜਿਆ ਗਿਆ। ਪਰ ਉਨਾਂ ਦਾਖ਼ਲਾ ਰਸਾਇਣ ਵਿੱਦਿਆ ਦੀ ਡਿਗਰੀ 'ਚ ਲੈ ਲਿਆ। ਅਮਰੀਕੀਆਂ ਦੇ ਆਜ਼ਾਦੀ ਦੇ ਰੰਗ-ਢੰਗ ਦੇਖ ਕੇ ਅਤੇ ਭਾਰਤੀਆਂ ਨੂੰ 'ਕੁੱਤੇ', 'ਗੁਲਾਮ ਭੇਡਾਂ' ਤੇ 'ਕਾਲੇ ਕੁੱਲੀ' ਆਦਿ ਵਿਸ਼ੇਸ਼ਣਾਂ ਨਾਲ ਪੁਕਾਰਦੇ ਸੁਣ ਕੇ ਅਣਖੀਲੇ ਕਰਤਾਰ ਸਿੰਘ ਅੰਦਰ ਦੇਸ਼ ਭਗਤੀ ਅਤੇ ਆਜ਼ਾਦੀ ਦਾ ਬੀਜ ਬੀਜਿਆ ਗਿਆ। ਲਾਲਾ ਹਰਦਿਆਲ, ਭਾਈ ਪਰਮਾਨੰਦ ਲਾਹੌਰ, ਜਤਿੰਦਰ ਲਹਿਰੀ ਬੰਗਾਲੀ ਵਰਗੇ ਇਨਕਲਾਬੀ ਰਾਜਨੀਤਕ ਚੇਤਨਾ ਦੀ ਚੰਗਿਆੜੀ ਮਘਾਉਣ ਲਈ ਪਹਿਲਾਂ ਹੀ ਉੱਥੇ ਜੁਟੇ ਹੋਏ ਸਨ। ਕਰਤਾਰ ਸਿੰਘ ਹੋਰਨਾਂ ਵਿਦਿਆਰਥੀਆਂ ਨਾਲ ਇਨਾਂ ਦੇ ਸੰਪਰਕ ਵਿੱਚ ਆ ਗਿਆ। ਉਹ ਭਾਰਤੀ ਕੌਮੀ-ਕ੍ਰਾਂਤੀਕਾਰੀਆਂ ਦੀਆਂ ਮੀਟਿੰਗਾਂ 'ਚ ਜਾਣ ਲੱਗਿਆ। ਉਸ ਦਾ ਪੱਕਾ ਵਿਸ਼ਵਾਸ ਬਣ ਗਿਆ ਕਿ ਦੇਸ਼ ਨੂੰ ਵਿਦੇਸ਼ੀ ਧਾੜਵੀਆਂ ਤੋਂ ਕੇਵਲ ਹਥਿਆਰਬੰਦ ਸੰਘਰਸ਼ ਰਾਹੀਂ ਹੀ ਮੁਕਤ ਕਰਵਾਇਆ ਜਾ ਸਕਦਾ ਹੈ। ਪਿੰਡ ਦੇ ਵੱਡੇ ਸਾਥੀ ਰੁਲੀਆ ਸਿੰਘ ਸਰਾਭਾ ਨੇ ਯੂਨੀਵਰਸਿਟੀ ਤੋਂ ਛੁੱਟੀ ਆਏ ਕਰਤਾਰ ਸਿੰਘ ਨੂੰ ਸਮਝਾਇਆ ਕਿ ਤੇਰੀ ਉਮਰ ਹਾਲੇ ਇਹ ਕੰਮ ਕਰਨ ਦੀ ਨਹੀਂ। ਤੇਰੇ ਮਾਪੇ ਨਿੱਕੇ ਹੁੰਦੇ ਦੇ ਤੁਰ ਗਏ ਸਨ। ਤੇਰੇ ਬਾਬੇ ਨੇ ਤੈਨੂੰ ਪਰਦੇਸਾਂ ਵਿੱਚ ਪੜਨ ਲਈ ਭੇਜਿਆ ਹੈ। ਇਸ ਲਈ ਤੂੰ ਅਜੇ ਡਟ ਕੇ ਪੜਾਈ ਕਰ ਤੇ ਉਸ ਦੀਆਂ ਆਸਾਂ ਪੂਰੀਆਂ ਕਰ। ਉਸ ਨੇ ਇਹ ਸਮਝਾ ਕੇ



ਕਰਤਾਰ ਸਿੰਘ ਨੂੰ ਪੜਾਈ ਲਈ ਵਾਪਸ ਭੇਜ ਦਿੱਤਾ।

ਇੱਕ ਹੋਟਲ ਵਿੱਚ ਨਸਲ-ਦੁਰਵਿਹਾਰ ਮੌਕੇ ਹੋਈ ਤਕਰਾਰ ਦੀ ਘਟਨਾ ਕਰਕੇ ਸਰਾਭਾ ਪੜਾਈ ਛੱਡ ਕੇ ਪੱਕੇ ਤੌਰ 'ਤੇ ਰੁਲੀਆ ਸਿੰਘ ਕੋਲ ਪੁੱਜ ਗਿਆ। ਕਰਤਾਰ ਸਿੰਘ ਨੇ ਸਾਰੀ ਕਹਾਣੀ ਦੱਸਣ ਤੋਂ ਬਾਅਦ ਕਿਹਾ ਕਿ ਹੁਣ ਮੈਨੂੰ ਦੁਬਾਰਾ ਪੜਾਈ ਬਾਰੇ ਨਹੀਂ ਕਹਿਣਾ। ਰੁਲੀਆ ਸਿੰਘ ਨੇ ਕਿਹਾ, 'ਚੰਗਾ ਹੁਣ ਮੁੰਡਿਆਂ ਵਾਲੀ ਗੱਲ ਨਾ ਕਰੀਂ, ਕੁਝ ਕਰਕੇ ਦਿਖਾਈਂ।' ਕਰਤਾਰ ਸਿੰਘ ਨੇ ਜਵਾਬ ਦਿੱਤਾ, 'ਮੇਰੇ 'ਤੇ ਭਰੋਸਾ ਕਰੋ, ਤੁਸੀਂ ਆਪ ਹੀ ਦੇਖ ਲੈਣਾ।' ਦਸੰਬਰ 1912 ਦੇ ਆਖੀਰਲੇ ਹਫ਼ਤੇ ਬਰਕਲੇ ਯੂਨੀਵਰਸਿਟੀ ਦੇ ਹੋਸਟਲ ਵਿੱਚ ਹੋਈ ਲਾਲਾ ਹਰਦਿਆਲ ਵਾਲੀ ਵਿਦਿਆਰਥੀ ਮੀਟਿੰਗ ਵਿੱਚ ਉਸ ਨੇ ਆਜ਼ਾਦੀ ਦੇ ਘੋਲ ਵਿੱਚ ਸ਼ਾਮਿਲ ਹੋਣ ਦਾ ਫ਼ੈਸਲਾ ਕਰ ਲਿਆ। 21 ਅਪਰੈਲ 1913 ਨੂੰ ਵੱਖ ਵੱਖ ਜੱਥੇਬੰਦੀਆਂ ਦੇ ਪ੍ਰਤੀਨਿਧਾਂ ਨੂੰ ਅਸਟੋਰੀਆ ਵਿਖੇ ਇੱਕਠੇ ਹੋ ਕੇ 'ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ' ਨਾਮ ਵਾਲੀ ਗ਼ਦਰ ਪਾਰਟੀ ਦੀ ਸਥਾਪਨਾ ਕੀਤੀ ਗਈ। ਇਸ ਪਹਿਲੀ ਮੀਟਿੰਗ ਵਿੱਚ ਹੀ 'ਗ਼ਦਰ' ਅਖ਼ਬਾਰ ਕੱਢਣ ਦਾ ਫ਼ੈਸਲਾ ਕੀਤਾ ਗਿਆ ਸੀ। ਪਹਿਲੀ ਨਵੰਬਰ 1913 ਤੋਂ ਯੁਗਾਂਤਰ ਆਸ਼ਰਮ ਤੋਂ ਗ਼ਦਰ ਅਖ਼ਬਾਰ ਪ੍ਰਕਾਸ਼ਿਤ ਹੋਣ ਲੱਗਾ। ਗ਼ਦਰ ਅਖ਼ਬਾਰ ਵਿੱਚ ਕਰਤਾਰ ਸਿੰਘ ਆਪਣੇ ਵੱਲੋਂ ਲਿਖੇ ਲੇਖ ਅਤੇ ਕਵਿਤਾਵਾਂ ਬਿਨਾ ਨਾਮ ਤੋਂ ਛਾਪਣ ਤੋਂ ਇਲਾਵਾ ਉਰਦੂ ਦੀਆਂ ਲਿਖਤਾਂ ਦਾ ਪੰਜਾਬੀ ਤਰਜਮਾ ਵੀ ਕਰਦਾ ਸੀ। ਉਨਾਂ ਨੂੰ ਗ਼ਦਰ ਅਖ਼ਬਾਰ ਦਾ ਐਡੀਟਰ ਬਣਾ ਦਿੱਤਾ ਗਿਆ। ਗ਼ਦਰ ਪਾਰਟੀ ਦੇ ਫ਼ੈਸਲੇ ਅਨੁਸਾਰ ਕਰਤਾਰ ਸਿੰਘ ਸਰਾਭਾ ਨੇ ਹਵਾਈ ਜਹਾਜ਼ ਉਡਾਉਣ ਤੇ ਮੁਰੰਮਤ ਕਰਨ ਦੀ ਟ੍ਰੇਨਿੰਗ ਵੀ ਲਈ ਤਾਂ ਜੋ ਇਸ ਹੁਨਰ ਦੀ ਵਰਤੋਂ ਹਿੰਦ ਦੀ ਆਜ਼ਾਦੀ ਵਿੱਚ ਕੀਤੀ ਜਾ ਸਕੇ।

ਸਤੰਬਰ 1914 'ਚ ਕਰਤਾਰ ਸਿੰਘ ਸਰਾਭਾ ਕੋਲੰਬੋ ਰਾਹੀਂ ਹੁੰਦਾ ਹੋਇਆ ਅਮਰੀਕਾ ਤੋਂ ਭਾਰਤ ਪੁੱਜਾ। ਇੱਥੇ ਆ ਕੇ ਗੁਪਤਵਾਸ ਹੋ ਕੇ ਪੰਜਾਬ 'ਚ ਗ਼ਦਰ ਪਾਰਟੀ ਦੀ ਜਥੇਬੰਦੀ ਦੀ ਉਸਾਰੀ ਤੇ ਹਥਿਆਰਬੰਦ ਗ਼ਦਰ ਦੀ ਤਿਆਰੀ ਲਈ ਦਿਨ-ਰਾਤ ਇੱਕ ਕਰਨ ਲੱਗਾ। ਉਸ ਦੇ ਅੰਦਰ ਮੌਜੂਦ ਮਾਨਵਤਾ ਲਈ ਬੇਥਾਹ ਪਿਆਰ ਤੇ ਸਤਿਕਾਰ ਦਾ ਉਦੋਂ ਪਤਾ ਲਗਦਾ ਹੈ ਜਦੋਂ ਉਹ 'ਰੱਬੋਂ' ਪਿੰਡ ਦੇ ਡਾਕੇ ਦੌਰਾਨ ਇੱਕ ਲੜਕੀ ਦੀ ਬਾਂਹ ਨੂੰ ਹੱਥ ਲਾਉਣ ਵਾਲੇ ਆਪਣੇ ਸਾਥੀ 'ਤੇ ਪਿਸਤੌਲ ਤਾਣਦਾ ਹੈ ਤੇ ਉਸ ਨੂੰ ਮਾਵਾਂ-ਧੀਆਂ ਦੇ ਪੈਰੀਂ ਪੈਣ ਦਾ ਹੁਕਮ ਦਿੰਦਾ ਹੈ।

ਕਰਤਾਰ ਸਿੰਘ ਸਰਾਭਾ ਨੇ ਰੋਜ਼ 50-50 ਮੀਲ ਸਾਈਕਲ ਚਲਾ ਕੇ ਪਿੰਡਾਂ ਤੇ ਸ਼ਹਿਰਾਂ 'ਚ ਗ਼ਦਰ ਦਾ ਪ੍ਰਚਾਰ ਅਤੇ ਲਾਮਬੰਦੀ ਕੀਤੀ। ਫ਼ਿਰੋਜ਼ਪੁਰ ਤੇ ਮੀਆਂ ਵਾਲੀ ਸਮੇਤ ਕਈ ਫ਼ੌਜੀ ਛਾਉਣੀਆਂ ਅੰਦਰ ਬੇਖ਼ੌਫ਼ ਤੇ ਦਲੇਰਾਨਾ ਵਿਧੀ ਨਾਲ ਫ਼ੌਜੀਆਂ ਨੂੰ ਗ਼ਦਰ ਲਈ ਤਿਆਰ ਕੀਤਾ। ਪਾਰਟੀ ਵਿਚਲੇ ਗ਼ਦਾਰਾਂ ਕਿਰਪਾਲ ਸਿੰਘ ਅਤੇ ਮੂਲਾ ਸਿੰਘ ਵੱਲੋਂ ਗ਼ਦਰ ਦੀ ਤਾਰੀਖ਼ ਤੇ ਯੋਜਨਾ ਪਹਿਲਾਂ 19 ਫਰਵਰੀ 1915 ਤੇ ਫਿਰ 21 ਫਰਵਰੀ 1915 ਬਾਰੇ ਅੰਗਰੇਜ਼ ਹਕੂਮਤ ਕੋਲ ਲੀਕ ਕਰਨ ਦੇ ਸਿੱਟੇ ਵਜੋਂ ਗ਼ਦਰ ਨੂੰ ਵੱਡੀ ਸੱਟ ਵੱਜੀ ਤੇ ਪੂਰੇ ਪੰਜਾਬ 'ਚ ਗ਼ਦਰੀਆਂ ਦੀ ਫੜੋ-ਫੜਾਈ ਤੇਜ਼ ਹੋ ਗਈ। ਲਾਹੌਰ ਨੇੜੇ ਸਰਗੋਧਾ ਦੀ ਬਾਰ ਦੇ ਚੱਕ ਨੰ: 5 ਤੋਂ ਰਾਜਿੰਦਰ ਸਿੰਘ ਪੈਨਸ਼ਨੀਏ ਦੇ ਘਰੋਂ, ਉਸ ਦੀ ਤੇ ਰਸਾਲਦਾਰ ਗੰਡਾ ਸਿੰਘ ਗੰਡੀਵਿੰਡ ਦੀ ਗ਼ਦਾਰੀ ਤੇ ਮੁਖਬਰੀ ਦੇ ਸਿੱਟੇ ਵੱਜੋਂ ਹਰਨਾਮ ਸਿੰਘ ਟੁੰਡੀਲਾਟ ਤੇ ਜਗਤ ਸਿੰਘ ਸੁਰਸਿੰਘਵਾਲਾ 2 ਮਾਰਚ 1915 ਨੂੰ ਇਕੱਠੇ ਫੜੇ ਗਏ ਅਤੇ ਸੈਂਟਰਲ ਜੇਲ ਲਾਹੌਰ 'ਚ ਡੱਕ ਦਿੱਤੇ ਗਏ।

ਸਰਾਭੇ ਪਿੰਡ 'ਚੋਂ ਸ਼ਨਾਖ਼ਤ ਲਈ ਲਾਹੌਰ ਜੇਲ 'ਚ ਪੁੱਜੇ ਗ਼ਦਾਰ ਚੰਨਣ ਸਿੰਘ ਨੂੰ ਦੇਖ ਕੇ ਮੌਤ ਤੋਂ ਨਿਧੜਕ ਕਰਤਾਰ ਸਿੰਘ ਸਰਾਭਾ ਆਪ ਹੀ ਬੋਲਿਆ, 'ਆਹ ਖੜਾ ਹਾਂ ਮੈਂ ਕਰਤਾਰ ਸਿੰਘ, ਕਿਸੇ ਹੋਰ 'ਤੇ ਹੱਥ ਨਾ ਧਰ ਦੇਈਂ; ਤੇਰੇ ਮੁਰੱਬੇ ਨਾ ਖੁੱਸ ਜਾਣ।' ਇਸ ਗ਼ਦਾਰ ਨੂੰ ਪਿੱਛੋਂ ਗੋਰੀ ਸਰਕਾਰ ਨੇ ਇੱਕ ਮੁਰੱਬਾ ਬਖ਼ਸ਼ਿਆ। ਲਾਹੌਰ ਸਾਜਿਸ਼ ਕੇਸ (ਪਹਿਲਾ) ਅਧੀਨ ਚੱਲੇ ਮੁਕੱਦਮੇ ਵਿੱਚ ਕਰਤਾਰ ਸਿੰਘ ਸਰਾਭਾ ਨੇ ਗ਼ਦਰ ਦੀ ਸਾਰੀ ਜ਼ਿੰਮੇਵਾਰੀ ਆਪਣੇ ਸਿਰ ਲਈ। ਜੱਜਾਂ ਨੇ ਕਿਹਾ, 'ਤੇਰਾ ਇਹ ਬਿਆਨ ਬਹੁਤ ਹੀ ਖ਼ਤਰਨਾਕ ਹੈ, ਇਹ ਤੈਨੂੰ ਫਾਂਸੀ ਲਗਵਾ ਸਕਦਾ ਹੈ। ਕੱਲ ਤਕ ਮੁੜ ਸੋਚ ਕੇ ਬਿਆਨ ਦੇਣਾ।' ਦੂਜੇ ਦਿਨ ਮੁੜ ਇਹੀ ਬਿਆਨ ਦੁਹਰਾਉਂਦਿਆਂ ਆਪ ਨੇ ਕਿਹਾ, 'ਮੈਨੂੰ ਛੇਤੀ ਫਾਂਸੀ ਲਾਓ, ਤਾਂ ਜੋ ਮੈਂ ਦੁਬਾਰਾ ਜਨਮ ਲੈ ਕੇ ਅੰਗਰੇਜ਼ ਸਮਾਰਾਜ ਵਿਰੁੱਧ ਲੜੀ ਜਾ ਰਹੀ ਜੰਗ 'ਚ ਦੁਬਾਰਾ ਸ਼ਾਮਲ ਹੋ ਸਕਾਂ।'

13 ਸਤੰਬਰ 1915 ਨੂੰ ਸਰਾਭਾ ਸਮੇਤ 24 ਸਾਥੀਆਂ ਫਾਂਸੀ ਤੇ ਜਾਇਦਾਦ-ਜਬਤੀ ਦੀ ਸਜ਼ਾ ਸੁਣਾਈ ਗਈ। ਪਰ ਪਿੱਛੋਂ ਵਾਇਸਰਾਏ ਨੇ 17 ਦੀ ਸਜ਼ਾ ਬਦਲ ਕੇ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜਬਤੀ ਕਰ ਦਿੱਤੀ। 16 ਨਵੰਬਰ 1915 ਨੂੰ 7 ਮਹਾਨ ਗਦਰੀ ਯੋਧੇ- ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ ਸਿਆਲਕੋਟੀ, ਵਿਸ਼ਨੂੰ ਗਣੇਸ਼ ਪਿੰਗਲੇ (ਪੁਣੇ), ਬਖਸ਼ੀਸ਼ ਸਿੰਘ, ਸੁਰੈਣ ਸਿੰਘ ਵੱਡਾ, ਸੁਰੈਣ ਸਿੰਘ ਛੋਟਾ (ਤਿੰਨੇ ਗਿੱਲਵਾਲੀ-ਅੰਮ੍ਰਿਤਸਰ) ਸੈਂਟਰਲ ਜੇਲ ਲਾਹੌਰ ਵਿਖੇ ਹੱਸ-ਹੱਸ ਕੇ ਫਾਂਸੀ ਚੜ ਗਏ।

# .ਗਦਰੀ ਭਾਈ ਸੰਤੋਖ ਸਿੰਘ ਧਰਦਿਓ

**- ਪ੍ਰੋ. ਗੋਪਾਲ ਸਿੰਘ ਬੁੱਟਰ**

ਭਾਈ ਸੰਤੋਖ ਸਿੰਘ ਧਰਦਿਓ 1913 ਵਿੱਚ ਅਮਰੀਕਾ ਦੇ ਕੈਲੇਫੋਰਨੀਆ ਰਾਜ ਦੇ ਸ਼ਹਿਰ ਸਾਂ-ਫਰਾਂਸਿਸਕੋ ਵਿੱਚ ਹੋਂਦ ਵਿੱਚ ਆਈ ਦੇਸ਼ ਭਗਤ ਭਾਰਤੀਆਂ ਦੀ ਇਨਕਲਾਬੀ ਜਥੇਬੰਦੀ 'ਇੰਡੀਅਨ ਐਸੋਸੀਏਸ਼ਨ ਆਫ ਦਿ ਪੈਸੇਫਿਕ ਕੋਸਟ' ਦਾ ਬਾਨੀ ਮੈਂਬਰ ਸੀ, ਜੋ ਮਗਰੋਂ 'ਹਿੰਦੀ ਐਸੋਸੀਏਸ਼ਨ' ਦੇ ਨਾਂ ਨਾਲ ਤੇ ਉਸ ਪਿੱਛੋਂ ਗ਼ਦਰ ਪਾਰਟੀ ਦੇ ਨਾਂ ਨਾਲ ਜਗਤ ਪ੍ਰਸਿੱਧ ਹੋਈ। ਇਸ ਐਸੋਸੀਏਸ਼ਨ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਦੇ ਅਮਰੀਕਾ ਛੱਡ ਦੇਣ ਨਾਲ ਸੰਤੋਖ ਸਿੰਘ ਧਰਦਿਓ ਨੂੰ ਬਤੌਰ ਜਨਰਲ ਸਕੱਤਰ ਪਾਰਟੀ ਦੇ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਪਾਰਟੀ ਦੀ ਵਡੇਰੀ ਜ਼ਿੰਮੇਵਾਰੀ ਸੰਭਾਲਣੀ ਪਈ। ਭਾਈ ਸੰਤੋਖ ਦੇ ਪਿਤਾ ਜਵਾਲਾ ਸਿੰਘ ਰੰਧਾਵਾ ਪਿੰਡ ਧਰਦਿਓ ਜ਼ਿਲਾ ਅੰਮ੍ਰਿਤਸਰ ਦੇ ਵਸਨੀਕ ਸਨ। ਉਹ ਸਿੰਗਾਪੁਰ ਵਿੱਚ ਹਾਰਬਰ ਪੁਲੀਸ ਦੇ ਮੁਲਾਜ਼ਮ ਹੋਣ ਕਾਰਨ ਉੱਥੇ ਪਰਿਵਾਰ ਸਹਿਤ ਰਹਿੰਦੇ ਸਨ। ਸਿੰਗਾਪੁਰ ਵਿੱਚ ਹੀ 1892 ਨੂੰ ਸੰਤੋਖ ਸਿੰਘ ਦਾ ਜਨਮ ਮਾਤਾ ਰਾਮ ਕੌਰ ਦੀ ਕੁੱਖੋਂ ਹੋਇਆ। ਉਥੇ ਹੀ ਉਨਾਂ ਨੇ ਮੁੱਢਲੀ ਤਾਲੀਮ ਹਾਸਲ ਕੀਤੀ। ਤੀਖਣ ਬੁੱਧੀ ਵਾਲੇ ਸੰਤੋਖ ਸਿੰਘ ਨੇ ਬਚਪਨ ਵਿੱਚ ਹੀ ਅੰਗਰੇਜ਼ੀ ਜ਼ਬਾਨ ਬੋਲਣ ਲਿਖਣ ਵਿੱਚ ਚੰਗੀ ਮੁਹਾਰਤ ਹਾਸਲ ਕਰ ਲਈ ਸੀ, ਜੋ ਦੇਸ਼ ਵਿਦੇਸ਼ ਵਿੱਚ ਕੌਮੀ ਕਾਰਜਾਂ ਲਈ ਉਨਾਂ ਦੀ ਸ਼ਕਤੀ ਬਣਦੀ ਰਹੀ।

ਸਰਦਾਰ ਜਵਾਲਾ ਸਿੰਘ 1903 ਵਿੱਚ ਪੈਨਸ਼ਨ ਲੈ ਕੇ ਪਰਿਵਾਰ ਸਮੇਤ ਆਪਣੇ ਪਿੰਡ ਧਰਦਿਓ ਪਰਤ ਆਏ। ਪਿੰਡ ਧਰਦਿਓ ਤੋਂ ਦੋ ਮੀਲ ਦੂਰੀ 'ਤੇ ਪੈਂਦੇ ਡੀ.ਬੀ. ਪ੍ਰਾਇਮਰੀ ਸਕੂਲ ਮਹਿਤਾ-ਨੰਗਲ ਤੋਂ ਭਾਈ ਸੰਤੋਖ ਸਿੰਘ ਨੇ ਮੁਢਲੀ ਪੜਾਈ ਮੁਕੰਮਲ ਕੀਤੀ। ਇਸ ਪਿੱਛੋਂ ਉਨਾਂ ਨੇ ਖ਼ਾਲਸਾ ਕਾਲਜੀਏਟ ਸਕੂਲ ਅੰਮ੍ਰਿਤਸਰ ਤੋਂ ਹੋਸਟਲ ਵਿੱਚ ਰਹਿ ਕੇ ਮੈਟ੍ਰਿਕ ਪਾਸ ਕੀਤੀ। ਮਾਸਟਰ ਤਾਰਾ ਸਿੰਘ ਦੇ ਛੋਟੇ ਭਰਾ ਨਿਰੰਜਣ ਸਿੰਘ, ਜੋ ਬਾਅਦ ਵਿੱਚ ਪ੍ਰਿੰਸੀਪਲ ਤੇ ਕੌਮੀ ਵਰਕਰ ਵੀ ਬਣੇ, ਇੱਥੇ ਭਾਈ ਸਾਹਿਬ ਦੇ ਜਮਾਤੀ ਸਨ। ਉਹ ਦੱਸਦੇ ਸਨ ਕਿ ਸੰਤੋਖ ਸਿੰਘ ਦੀ ਪ੍ਰਭਾਵਸ਼ਾਲੀ ਅੰਗਰੇਜ਼ੀ ਕਾਰਨ ਸਕੂਲ ਵਿੱਚ ਉਸ ਦਾ ਨਾਂ 'ਮਿਸਟਰ ਡਿਕਸ਼ਨਰੀ ਸਿੰਘ' ਪੈ ਗਿਆ ਸੀ। 1912 ਵਿੱਚ ਭਾਈ ਸੰਤੋਖ ਸਿੰਘ ਉਚੇਰੀ ਪੜਾਈ ਲਈ ਇੰਗਲੈਂਡ ਗਏ ਪਰ ਉਸ ਤੋਂ ਜਲਦੀ ਬਾਅਦ ਉਹ ਕੈਨੇਡਾ ਪਹੁੰਚ ਗਏ। ਇੱਥੇ ਉਹ ਅਕਸਰ ਆਪਣੇ ਅਨਪੜ ਦੇਸ਼-ਵਾਸੀ ਆਰਾ ਮਿੱਲਾਂ ਦੇ ਵਰਕਰਾਂ ਦੀਆਂ ਸਮੱਸਿਆਵਾਂ ਗੋਰੇ ਮਿੱਲ ਮਾਲਕਾਂ ਤੇ ਅਦਾਲਤਾਂ ਵਿੱਚ ਪ੍ਰਭਾਵਸ਼ਾਲੀ ਢੰਗ ਨਾਲ ਪੇਸ਼ ਕਰ ਕੇ ਉਨਾਂ ਨੂੰ ਇਨਸਾਫ਼ ਦਿਵਾਉਂਦੇ ਸਨ, ਜਿਸ ਕਾਰਨ ਭਾਰਤੀ ਕਾਮਿਆਂ ਨੇ ਸਹਿਜੇ ਹੀ ਉਨਾਂ ਨੂੰ ਆਪਣਾ ਆਗੂ ਮੰਨ ਲਿਆ। ਜਦੋਂ ਕੈਨੇਡਾ ਤੋਂ ਭਾਈ ਸੰਤੋਖ ਸਿੰਘ ਅਮਰੀਕਾ ਆ ਗਏ ਤਾਂ ਜਲਦ ਹੀ ਉਨਾਂ ਨੇ ਬਾਬਾ ਜਵਾਲਾ ਸਿੰਘ ਠੱਠੀਆਂ ਤੇ ਬਾਬਾ ਵਿਸਾਖਾ ਸਿੰਘ ਦਦੇਹਰ ਨਾਲ ਮਿਲ ਕੇ ਗ਼ਦਰ ਪਾਰਟੀ ਤੇ ਗ਼ਦਰ ਪਰਚੇ ਦੀ ਜ਼ਿੰਮੇਵਾਰੀ ਸਾਂਭ ਲਈ।

ਸਾਮਰਾਜੀ ਸ਼ਕਤੀਆਂ ਵਿਰੁੱਧ ਸਪੱਸ਼ਟ ਪੈਂਤੜੇ, ਆਜ਼ਾਦੀ ਪ੍ਰਾਪਤੀ ਲਈ ਸੁਹਿਰਦ ਤੜਪ ਤੇ ਲੋਕ ਭਲਾਈ ਦੀ ਪ੍ਰਬਲ ਭਾਵਨਾ ਵਾਲਾ ਇਹ ਦੇਸ਼ ਭਗਤ ਜਿੱਥੇ ਬਰਤਾਨਵੀ ਖ਼ੁਫ਼ੀਆ ਏਜੰਸੀਆਂ ਲਈ 'ਮਧਰੇ ਕੱਦ, ਤਿੱਖੇ ਨਕਸ਼ਾਂ ਤੇ ਤਿੱਖੀ ਬਰੀਕ ਆਵਾਜ਼ ਵਾਲਾ ਚਤੁਰ ਤੇ ਖ਼ਤਰਨਾਕ ਵਿਅਕਤੀ ਸੀ', ਉਥੇ ਹੀ ਆਪਣੇ ਸਾਥੀ ਦੇਸ਼ ਭਗਤਾਂ ਦੀ ਨਜ਼ਰ ਵਿੱਚ 'ਕਮਾਲ ਦੀ ਸੂਝ-ਸਿਆਣਪ ਦਾ ਮਾਲਕ, ਇਮਾਨਦਾਰ ਤੇ ਪੇਚੀਦਾ ਮਸਲਿਆਂ ਬਾਰੇ ਤੁਰੰਤ ਅਤੇ ਦਰੁਸਤ ਫ਼ੈਸਲੇ ਲੈ ਸਕਣ ਵਾਲਾ ਮਹਾਨ ਬੁੱਧੀਮਾਨ ਆਗੂ ਸੀ।' ਹਿੰਦੁਸਤਾਨ ਵਿੱਚ ਗ਼ਦਰ ਕਰਨ ਦੇ ਮਕਸਦ ਨਾਲ ਪਾਰਟੀ ਨੇ ਭਾਈ ਸੰਤੋਖ ਸਿੰਘ ਨੂੰ ਸਿੰਗਾਪੁਰ, ਸਿਆਮ,



ਮਲਾਇਆ ਤੇ ਬਰਮਾ ਦੀਆਂ ਪਾਰਟੀ ਦੀਆਂ ਸ਼ਾਖਾਵਾਂ ਦਾ ਚਾਰਜ ਸੌਂਪ ਦਿੱਤਾ। ਸਤੰਬਰ 1914 ਦੇ ਕਰੀਬ ਉਹ ਸ਼ੰਘਾਈ ਪਹੁੰਚੇ। ਸਿਆਮ ਵਿੱਚ ਗ਼ਦਰ ਪਾਰਟੀ ਲਈ ਭਾਈ ਸਾਹਿਬ ਨੇ ਸੋਹਨ ਲਾਲ ਪਾਠਕ ਤੇ ਆਤਮਾ ਰਾਮ ਨਾਲ ਕੰਮ ਕੀਤਾ। ਇੱਥੇ ਸਰਕਾਰੀ ਚੌਕਸੀ ਵਿੱਚ ਬਹੁਤੇ ਇਨਕਲਾਬੀ ਫਸ ਗਏ ਪਰ ਭਾਈ ਸੰਤੋਖ ਸਿੰਘ ਕਿਸੇ ਤਰਾਂ ਅਮਰੀਕਾ ਵਾਪਸ ਪਰਤਣ ਵਿੱਚ ਸਫ਼ਲ ਹੋ ਗਏ। ਅਮਰੀਕਾ ਵਿੱਚ ਭਾਈ ਸੰਤੋਖ ਸਿੰਘ ਨੇ ਪਾਰਟੀ ਨਵੇਂ ਸਿਰਿਓਂ ਗਠਿਤ ਕਰਨੀ ਸ਼ੁਰੂ ਕੀਤੀ ਪਰ ਉਨਾਂ ਨੂੰ ਗ਼ਦਰ ਲਈ ਚੱਲੇ ਮੁਕੱਦਮੇ ਵਿੱਚ 21 ਮਹੀਨੇ ਲਈ ਜੇਲ ਜਾਣਾ ਪਿਆ। ਰਿਹਾਈ ਪਿਛੋਂ ਉਨਾਂ ਨੇ ਆਪਣੇ ਸਾਥੀਆਂ ਨਾਲ ਪਾਰਟੀ ਦੇ ਹੈੱਡਕੁਆਰਟਰ ਯੁਗਾਂਤਰ ਆਸ਼ਰਮ (ਗ਼ਦਰ ਆਸ਼ਰਮ) ਵਿੱਚ ਰਹਿ ਕੇ ਪਾਰਟੀ ਨੂੰ ਮੁੜ ਜਥੇਬੰਦ ਕੀਤਾ। ਨਵੰਬਰ 1922 ਵਿੱਚ ਉਹ ਮਾਸਕੋ ਪੁੱਜੇ ਤੇ ਕਾਮਰੇਡ ਲੈਨਿਨ ਦੀ ਕਾਰਜਸ਼ੈਲੀ ਨੂੰ ਨੇੜਿਓਂ ਤੱਕਿਆ। ਇੱਥੇ ਉਨਾਂ ਨੇ ਕਮਿਊਨਿਸਟ ਇੰਟਰਨੈਸ਼ਨਲ ਦੀ ਚੌਥੀ ਕਾਂਗਰਸ ਵਿੱਚ ਹਿੱਸਾ ਲਿਆ। ਉਹ ਭਾਈ ਰਤਨ ਸਿੰਘ (ਰਾਏਪੁਰ ਡੱਬਾ) ਨਾਲ ਭਾਰਤ ਵਿੱਚ ਪਰਚਾ ਕੱਢ ਕੇ ਲੋਕਾਂ ਨੂੰ ਜਾਗਰੂਕ ਕਰਨ ਦੇ ਉਦੇਸ਼ ਨਾਲ ਰੂਸ ਤੋਂ ਵਾਪਸ ਪਰਤੇ, ਪਰ ਅਫ਼ਗਾਨਿਸਤਾਨ ਤੋਂ ਹਿੰਦੁਸਤਾਨ ਪ੍ਰਵੇਸ਼ ਕਰਦੇ ਸਮੇਂ ਹੀ ਬਰਤਾਨਵੀ ਪੁਲੀਸ ਦੇ ਹੱਥ ਆ ਗਏ। ਗ੍ਰਿਫ਼ਤਾਰੀ ਪਿੱਛੋਂ ਭਾਈ ਸਾਹਿਬ ਕਾਫ਼ੀ ਸਮਾਂ ਪਿੰਡ ਵਿੱਚ ਨਜ਼ਰਬੰਦ ਰਹੇ।

ਭਾਈ ਸੰਤੋਖ ਸਿੰਘ ਨੇ ਭਾਗ ਸਿੰਘ ਕੈਨੇਡੀਅਨ ਤੇ ਬਾਬਾ ਕਰਮ ਸਿੰਘ ਚੀਮਾ ਦੀ ਮਦਦ ਨਾਲ ਫ਼ਰਵਰੀ 1926 ਵਿੱਚ ਅਗਾਂਹਵਧੂ ਪਰਚਾ 'ਕਿਰਤੀ' ਕੱਢਿਆ, ਜਿਸ ਨੇ ਅਗਾਂਹਵਧੂ ਪੰਜਾਬੀ ਪੱਤਰਕਾਰੀ ਨੂੰ ਪਹਿਲੀ ਵਾਰ ਵੱਡਾ ਮੰਚ ਮੁਹੱਈਆ ਕੀਤਾ। ਜ਼ਿਆਦਾ ਮਿਹਨਤ, ਮਾੜੀ ਖ਼ੁਰਾਕ ਤੇ ਪੁਲੀਸ ਦੇ ਅਣਮਨੁੱਖੀ ਵਿਹਾਰ ਕਾਰਨ ਉਹ ਟੀ.ਬੀ. ਦਾ ਸ਼ਿਕਾਰ ਹੋ ਗਏ ਤੇ 19 ਮਈ 1927 ਨੂੰ ਕਿਰਤੀ ਦੇ ਦਫ਼ਤਰ ਅੰਮ੍ਰਿਤਸਰ ਵਿੱਚ ਸਦੀਵੀਂ ਵਿਛੋੜਾ ਦੇ ਗਏ। ਉਨਾਂ ਦੀ ਜੱਦੋ-ਜਹਿਦ ਭਰੀ ਜ਼ਿੰਦਗੀ, ਬਿਮਾਰੀ ਨਾਲ ਚੱਲੇ ਲੰਮੇ ਸੰਘਰਸ਼ ਕਾਰਨ ਪੰਥ ਰਤਨ ਮਾਸਟਰ ਤਾਰਾ ਸਿੰਘ ਨੇ ਉਨਾਂ ਦੀ ਮੌਤ ਨੂੰ ਤਿਲ ਤਿਲ ਕਰ ਕੇ ਹੋਈ ਸ਼ਹਾਦਤ ਦਾ ਨਾਂ ਦਿੰਦਿਆਂ ਉਨਾਂ ਨੂੰ ਸ਼ਹੀਦ ਦਾ ਖ਼ਿਤਾਬ ਦਿੱਤਾ।

# ਵੈਂਟੀਲੇਂਟਰ ਤੇ ਪਈ ਸੰਵੇਦਨਾ ਬਨਾਮ ਸਨਸਨੀ ਦਾ ਫ਼ਲਸਫ਼ਾ

**- ਡਾ. ਕੁਲਦੀਪ ਸਿੰਘ ਦੀਪ**

ਬਿਆਈਆਂ, ਅੱਟਣਾਂ ਤੇ ਛਾਲਿਆਂ ਨਾਲ ਭਰੇ ਗ਼ਰੀਬਾਂ ਦੇ ਪੈਰਾਂ ਨੇ ਛਪੰਜਾ ਇੰਚ ਦੇ ਸੀਨਿਆਂ ਦੀ ਪਰਕਰਮਾ ਕਰ ਕੇ ਦੱਸ ਦਿਤਾ ਹੈ ਕਿ ਇਹ ਸੀਨੇ ਜਦ ਟੀਵੀ ਦੀ ਨੀਲੀ ਸਕਰੀਨ ਤੇ ਹੁੰਦੇ ਹਨ, ਤਾਂ ਅਸਮਾਨ ਵਿਚ ਉਡਦੇ ਗੁਬਾਰਿਆਂ ਵਾਂਗ ਫੁੱਲੇ ਹੁੰਦੇ ਹਨ ਤੇ ਜਦ ਲੱਖਾਂ ਦੀ ਗਿਣਤੀ ਵਿਚ ਮਜ਼ਦੂਰ ਮਰਨ ਲਈ ਮਜ਼ਬੂਰ ਹੁੰਦੇ ਹਨ ਤਾਂ ਇਹ ਸੀਨੇ ਹਵਾ ਨਿਕਲੇ ਗੁਬਾਰਿਆਂ ਵਾਂਗ ਪਿਚਕ ਜਾਂਦੇ ਹਨ।

ਦੋਸਤੋ !

ਜਿਸ ਤ੍ਰਾਸਦਕ ਕਥਾ ਨੂੰ ਅੱਜ ਅਸੀਂ ਆਪਣੇ ਅੱਖੀਂ ਵਾਪਰਦਾ ਦੇਖ ਰਹੇ ਹਾਂ ਇਹ ਕਥਾ ਬੰਦੇ 'ਚੋਂ ਬੰਦੇ ਦੇ ਮਰ ਜਾਣ ਦੀ ਕਥਾ ਹੈ..

ਇਹ ਕਥਾ ਉਹਨਾਂ ਕਿਰਤੀਆਂ ਦੁਆਰਾ ਆਪਣੇ ਸਾਹਾਂ ਦੀ ਕਲਮ ਨਾਲ ਸੜਕ ਦੇ ਸਫੇ ਤੇ ਲਿਖਿਆ ਸੁਪਨਿਆਂ ਦੀ ਮੌਤ ਦਾ ਸਫ਼ਰਨਾਮਾ ਹੈ ਜਿੰਨਾਂ ਨੇ ਕਦੇ ਰੀਝ ਨਾਲ ਇਹਨਾਂ ਸੜਕਾਂ ਨੂੰ ਬਣਾਇਆ ਸੀ।

ਇਹ ਕਥਾ ਕਰੋਨਾ ਕਾਲ ਦੀ ਕਥਾ ਨਹੀਂ ਹੈ, ਬਲਕਿ ਕਰੋਨਾ ਕਾਲ ਵਿਚ ਪੜੀ ਜਾਣ ਵਾਲੀ ਕਥਾ ਹੈ।

ਇਹ ਕਥਾ ਸਿਰਫ਼ ਅੱਜ ਦੀ ਸਦੀ ਦੀ ਕਥਾ ਵੀ ਨਹੀਂ ਹੈ, ਬਲਕਿ ਇਸ ਦਾ ਆਗਾਜ਼ ਸਦੀਆਂ ਦੇ ਮੁਢਲੇ ਸਿਰੇ ਤੇ ਜ਼ਿੰਦਗੀਆਂ ਨੂੰ ਢੋਂਹਦੇ ਉਹਨਾਂ ਗੁਲਾਮਾਂ ਦੇ ਦੁਖਦੇ ਤੇ ਧੁਖਦੇ ਹੱਡਾਂ ਤੋਂ ਹੁੰਦਾ ਹੈ, ਜਿੰਨਾਂ ਨੇ ਆਪਣੇ ਮਾਲਕਾਂ ਦੇ ਕੋੜੇ ਬਰਦਾਸਤ ਕਰਕੇ ਸ਼ੋਸ਼ਣ ਦਾ ਪਹਿਲਾ ਇਤਿਹਾਸ ਆਪਣੇ ਪਿੰਡਿਆਂ ਤੇ ਲਿਖਵਾਇਆ ਸੀ।

ਸਾਨੂੰ ਆਪਣੇ ਇਤਿਹਾਸ, ਵਿਰਸੇ, ਵਿਰਾਸਤ ਦਾ ਸਿਰਫ਼ ਗੁਣਗਾਣ ਕਰਨ ਦੀ ਆਦਤ ਹੈ, ਉਸ ਦਾ ਹੀਜ-ਪਿਆਜ ਫੋਲਣ ਦੀ ਆਦਤ ਨਹੀਂ ਹੈ। ਚਲਦੇ-ਚਲਦੇ ਕਿਸੇ ਬਾਹਰਲੇ ਵੱਲ ਉਂਗਲ ਕਰਕੇ ਉਸ ਨੂੰ ਨਲਾਇਕ ਜਾਂ ਖਲਨਾਇਕ ਕਹਿ ਦੇਣਾ ਉਨਾ ਹੀ ਸੌਖਾ ਹੈ, ਜਿਸ ਤਰਾਂ ਹਵਾ ਵਿਚ ਲਕੀਰਾਂ ਵਾਹ ਕੇ ਰੋਟੀ, ਕਪੜੇ ਤੇ ਮਕਾਨ ਦੀ ਕਲਪਨਾ ਕਰ ਲੈਣਾ। ਪਰ ਸਾਮਣੇ ਦਿਸਦੇ ਸੱਚ ਤੋਂ ਅੱਖਾਂ ਮੀਟ ਲੈਣਾ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਬੇਹੂਦਗੀ ਹੈ। ਅਸੀਂ ਸਦੀਆਂ ਤੋਂ ਕਿਰਤ ਤੇ ਕਿਰਤੀਆਂ ਨੂੰ ਮਰਨ ਲਈ ਛੱਡਿਆ ਹੋਇਆ ਹੈ। ਸਮਾਂ ਕੋਈ ਵੀ ਹੋਵੇ, ਸੱਤਾ ਕਿਸੇ ਦੀ ਹੋਵੇ, ਬਹਾਨਾ ਕੋਈ ਵੀ ਹੋਵੇ, ਮਰਨਾ ਇਹਨਾਂ ਦੀਆਂ ਕਿਸਮਤਾਂ ਵਿਚ ਹੀ ਲਿਖਿਆ ਜਾਂਦਾ ਹੈ।

ਅਸੀਂ ਬਹੁਤ ਭੁਲੱਕੜ ਹਾਂ ਜਾਂ ਸ਼ਤਿਰ ਹਾਂ..ਬਹੁਤ ਜਲਦੀ ਹਾਦਸਿਆਂ ਨੂੰ ਭੁੱਲ ਜਾਂਦੇ ਹਾਂ। ਹੋਣਾ ਤਾਂ ਇਹ ਚਾਹੀਦਾ ਹੁੰਦਾ ਹੈ ਕਿ ਇਕ ਹਾਦਸੇ ਨੂੰ ਉਸ ਸਮੇਂ ਤਕ ਤੱਕ ਯਾਦ ਰੱਖਿਆ ਜਾਵੇ ਜਦ ਤਕ ਉਸ ਤੋਂ ਮਿਲੀ ਪੀੜ ਨੂੰ ਧੁਰ ਅੰਦਰ ਤੱਕ ਮਹਿਸੂਸ ਕਰਕੇ ਹਾਲਾਤਾਂ ਦੀ ਮੁੜ ਉਸਾਰੀ ਲਈ ਨਾ ਕਰ ਲਈ ਜਾਵੇ। ਹਾਦਸਿਆਂ ਤੋਂ ਬਾਅਦ ਹੋਣ ਵਾਲੇ ਅੱਗਲੇ ਹਾਦਸਿਆਂ ਨੂੰ ਰੋਕਣਾ ਤੇ ਹਾਦਸਿਆਂ ਦੇ ਸ਼ਿਕਾਰ ਹੋਏ ਲੋਕਾਂ ਦੇ ਜ਼ਖਮਾਂ 'ਤੇ ਹਮਦਰਦੀ ਦੀ ਮਲਮ ਲਾਉਣਾ ਇਸ ਦਾ ਸਹੀ ਟਰੀਟਮੈਂਟ ਹੁੰਦਾ ਹੈ। ਇਸ ਟਰੀਟਮੈਂਟ ਨਾਲ ਹਾਦਸੇ ਮੁੜ ਨਾ ਵਾਪਰਨ ਦੇ ਵਾਅਦੇ ਨਾਲ ਹੌਲੀ ਹੌਲੀ ਭੁੱਲ ਜਾਂਦੇ ਹਨ। ਪਰ ਇਹ ਪੋਸਟ ਮਾਡਰਨ ਦੌਰ ਦਾ ਸ਼ਾਕ ਟਰੀਟਮੈਂਟ (Shock Treatment) ਹੈ ਕਿ ਅਸੀਂ ਇਕ ਸ਼ਾਕ (Shock) ਨੂੰ ਭੁਲਾਉਣ ਲਈ ਉਸ ਤੋਂ ਵੱਡਾ ਸ਼ਾਕ ਦਿੰਦੇ ਹਾਂ ਤਾਂ ਜੋ ਪਿਛਲਾ ਸ਼ਾਕ ਉਸ ਤੋਂ ਛੋਟਾ ਲੱਗਣ ਲੱਗ ਜਾਵੇ। ਇਹ ਸੱਤਾ ਨੂੰ ਬਰਕਰਾਰ ਰੱਖਣ ਲਈ ਸੱਤਾਪ੍ਰਸਤ ਤਾਕਤਾਂ ਦਾ ਅਲਟਰਾ ਮਾਡਰਨ ਟਰੀਟਮੈਂਟ ਹੈ ਕਿ ਇਸ ਵਿਚ ਹਾਦਸਿਆਂ ਨੂੰ ਭੁਲਾਉਣ ਲਈ ਹਾਦਸੇ ਦਰ ਹਾਦਸੇ ਕੀਤੇ ਜਾਣ ਤਾਂ ਜੋ ਕਿਸੇ ਨੂੰ ਵੀ ਪਿੱਛਲੇ ਹਾਦਸੇ ਯਾਦ ਕਰਨ ਦਾ ਵਕਤ ਨਾ ਮਿਲੇ ਤੇ ਬੰਦੇ ਦੀ ਸੰਵੇਦਨਾ ਨੂੰ ਪਰਮਾਨੈਂਟ ਤੌਰ ਤੇ ਹਾਈਜੈਕ ਕਰਕੇ ਵੈਂਟੀਲੇਟਰ ਤੇ ਲਗਾ ਦਿੱਤਾ ਜਾਵੇ। ਵਿਕਾਸ ਦੇ ਚਮਕਦੇ ਮਾਡਲਾਂ ਦੀ ਚਕਾਚੌਂਧ ਵਿਚ ਵਿਕਾਊ ਮੀਡੀਆ ਨੇ ਸਾਨੂੰ ਸਨਸਨੀ ਦੀ ਚਾਟ ਤੇ ਲਾ ਦਿੱਤਾ ਹੈ। ਭਾਵ ਹੁਣ ਉਹੀ ਖ਼ਬਰ ਸਾਨੂੰ ਖ਼ਬਰ ਲਗਦੀ ਹੈ ਜਿਹੜੀ ਸਨਸਨੀ ਬਣਦੀ ਹੈ। ਸਨਸਨੀ ਦਾ ਮੁੱਖ ਫੰਡਾ ਇਹ ਹੁੰਦਾ ਹੈ ਕਿ ਇਹ ਧਿਆਨ ਤਾਂ ਖਿਚਦੀ ਹੈ ਤਾਂ ਪਰ ਇਸ ਦੀ ਉਮਰ ਬਹੁਤ ਥੋੜੀ ਹੁੰਦੀ ਹੈ। ਕੁਝ ਦੇਰ ਬਾਅਦ ਅਸੀਂ ਉਸ ਸਨਸਨੀ ਵਿੱਚੋਂ ਨਿਕਲੀ ਪੀੜ ਤੋਂ ਸੈਂਸੇਟਾਈਜ ਹੋਣੋ ਹੱਟ ਜਾਂਦੇ ਹਨ ਤਾਂ ਉਸ ਵੇਲੇ ਇਸ ਮੀਡੀਆ ਅਤੇ ਇਸ ਦੇ ਪਿੱਛੇ ਕੰਮ ਕਰਦੀ ਸੱਤਾ ਨੂੰ ਕਿਸੇ ਹੋਰ ਸਨਸਨੀ ਦੀ ਜ਼ਰੂਰਤ ਹੁੰਦੀ ਹੈ। ਜੁਮਲੇ ਅਤੇ ਨਾਹਰੇ ਕੁਝ ਦੇਰ ਲਈ ਸਨਸਨੀ ਪੈਦਾ ਕਰਦੇ ਹਨ ਤੇ ਫਿਰ ਕਿਸੇ ਨਵੇਂ ਜੁਮਲੇ ਦੀ ਉਡੀਕ ਹੋਣ ਲਗਦੀ ਹੈ। ਯਾਦ ਕਰੋ ਜਿਨਾਂ ਲੋਕਾਂ ਦੇ ਨੋਟਬੰਦੀ ਵੇਲੇ ਨੱਕ ਵਿਚ ਦਮ ਹੋਇਆ ਸੀ, ਕੀ ਲੌਕਬੰਦੀ ਵੇਲੇ ਸੜਕਾਂ ਤੇ ਮਰਨ ਵਾਲੇ ਲੋਕ ਉਹੀ ਨਹੀਂ ਹਨ ? ਜਿੰਨਾਂ ਲੋਕਾਂ ਨੂੰ ਹੁਣ ਨਾ ਰਾਸ਼ਨ ਦੀ ਸਮੱਸਿਆ ਆਈ ਹੈ, ਨਾ ਰੁਜਗਾਰ ਦੀ, ਨਾ ਘਰ ਦੀ, ਨਾ ਮਕਾਨ ਦੀ, ਨਾ ਵੈਂਟੀਲੇਸ਼ਨ ਦੀ.. ਉਹਨਾਂ ਨੂੰ ਉਦੋਂ ਵੀ ਨੋਟਾਂ ਦੀ ਕੋਈ ਸਮੱਸਿਆ ਨਹੀਂ ਆਈ ਸੀ..ਮੈਨੇਜਰ ਆਪ ਉਹਨਾਂ ਦੇ ਘਰ ਨੋਟ ਲੈ ਕੇ ਗਏ ਸੀ, ਕਿ ਲਉ ਜਨਾਬ ਕਾਲਾ ਧਨ ਦੇ ਦਿਓ ਅਸੀਂ ਚਿੱਟਾ ਕਰ ਲਿਆਉਂਦੇ ਹਾਂ। ਹਰ ਦੌਰ ਵਿਚ ਚਿੱਟਿਆਂ ਤੇ ਕਾਲਿਆਂ ਦੀਆਂ ਨਸਲਾਂ ਉਹੀ ਹੁੰਦੀਆਂ ਹਨ, ਬਸ ਸਮਾਂ, ਹਾਲਾਤ ਤੇ ਬਹਾਨੇ ਬਦਲਦੇ ਹਨ। ਜਿਹੜੇ ਉਸ ਵਕਤ ਮਰੇ, ਖਪੇ, ਬਦੀਨ ਹੋਏ, ਬੈਂਕਾਂ ਅਤੇ ਏਟੀਐਮ ਮਸ਼ੀਨਾਂ ਮੂਹਰੇ ਰਾਤਾਂ ਕਟਦੇ ਹੋਏ ਪਿੱਟ-ਸਿਆਪਾ ਕਰਦੇ ਰਹੇ, ਨਾ ਉਹਨਾਂ ਨੂੰ ਦੱਸਿਆ ਗਿਆ ਤੇ ਨਾ ਉਹਨਾਂ ਨੇ ਪੁੱਛਿਆ ਕਿ ਛੇ ਮਹੀਨੇ ਲੋਕਾਂ ਦੀ ਜਾਨ ਫਾਹੇ ਟੰਗਣ ਵਾਲੀ ਨੋਟਬੰਦੀ ਦਾ ਆਖਿਰ ਉਹਨਾਂ ਨੂੰ ਕੀ ਫਾਇਦਾ ਹੋਇਆ ? ਜੇ ਉਸ ਵਕਤ ਦੇਸ਼ ਏਨਾ ਖੁਸ਼ਹਾਲ ਹੋ ਗਿਆ ਸੀ ਤਾਂ ਹੁਣ ਭੁੱਖਮਰੀ ਕਿਉਂ ਫੈਲੀ ਹੈ ? ਜੇ ਉਹ ਲੋਕਾਂ ਦੀ ਦੇਸ਼ ਲਈ ਆਖਰੀ ਕੁਰਬਾਨੀ ਸੀ ਤਾਂ ਹੁਣ ਵੀ ਉਹੀ ਵਰਗ ਸੜਕਾਂ ਤੇ ਕਿਉਂ ਮਰ ਰਿਹਾ ਹੈ। ਸਦਮੇ ਨੂੰ ਰਾਹਤ ਨਾਲ ਟਰੀਟ ਕਰਨ ਦੀ ਬਜਾਏ ਸਦਮੇ ਨੂੰ ਸਦਮੇ ਨਾਲ ਟਰੀਟ ਕਰਨ ਦੀ ਇਹ ਗਲੋਬਲੀ ਪੈਥੀ ਸਾਡੇ ਸਮਿਆਂ ਦੀ ਹੀ ਦੇਣ ਹੈ। ਵੈਸੇ ਤਾਂ ਇਸ ਕਰੋਨਾ ਦੌਰ ਦੇ ਸਦਮੇ ਨੇ ਤੁਹਾਨੂੰ ਪਿਛਲਾ ਸਭ ਕੁਝ ਭੁਲਾ ਦਿੱਤਾ ਹੋਣਾ, ਪਰ ਜੇ ਧੁੰਦਲਾ-ਧੁੰਦਲਾ ਕੁਝ ਯਾਦ ਹੈ ਤਾਂ ਪਿਛਲੇ ਸਾਲ-ਡੇਢ ਸਾਲ ਦੀਆਂ ਘਟਨਾਵਾਂ ਤੇ ਨਜ਼ਰ ਮਾਰ ਕੇ ਇਮਾਨਦਾਰੀ ਨਾਲ ਦੱਸਣਾ ਕਿ ਉਹਨਾਂ ਸਾਰੀਆਂ ਘਟਨਾਵਾਂ ਨੂੰ ਦੇਖਕੇ ਤੁਹਾਨੂੰ ਇਹ ਨਹੀਂ ਲਗਦਾ ਸੀ ਕਿ ਦੇਸ਼ ਹਰ ਪਲ ਇਕ ਵੱਡਾ ਯੁੱਧ ਲੜ ਰਿਹਾ ਸੀ ਤੇ ਅਸੀਂ ਲਗਾਤਾਰ ਇਕ ਸਨਸਨੀ ਤੋਂ ਦੂਜੀ ਸਨਸਨੀ ਵਿਚ ਪ੍ਰਵੇਸ਼ ਕਰ ਰਹੇ ਸੀ। ਲਵ ਜ਼ਿਹਾਦ, ਮੌਬ ਲਿੰਚਿੰਗ, ਨੋਟਬੰਦੀ, ਜੀਐਸਟੀ, ਸਰਜੀਕਲ ਸਟਰਾਈਕ, ਬਾਲਾਕੋਟ, ਕਸ਼ਮੀਰ ਦੀ ਨਜ਼ਰਬੰਦੀ. ਰਾਮ ਜਨਮ ਭੂਮੀ, ਸੀਏਏ, ਐਨਆਰਸੀ, ਚਾਰ ਹਜ਼ਾਰ ਕਰੋੜ ਦੀ ਮੂਰਤੀ, ਟਰੰਪ ਦਾ ਚੋਣ ਅਭਿਆਨ, ਸਰਕਾਰਾਂ ਨੂੰ ਬਣਾਉਣ ਅਤੇ ਡੇਗਣ ਦੇ ਜੁਗਾੜ ਤੇ ਹੁਣ ਕਰੋਨਾ ਤੱਕ ਇੰਝ ਨਹੀਂ ਲਗਦਾ ਕਿ ਇਹ ਸਾਰੇ ਪਲ ਸੂਲੀ ਤੇ ਟੰਗੇ ਹੋਏ ਪਲ ਸੀ ਤੇ ਇਹਨਾਂ ਵਿੱਚੋਂ ਕਿਸੇ ਦਾ ਵੀ ਸਬੰਧ ਆਮ ਬੰਦੇ ਦੇ ਮਸਲਿਆਂ ਨਾਲ ਨਹੀਂ ਸੀ। ਜਿਹੜੇ ਲੋਕ ਘਰਾਂ ਵਿਚ ਕੈਦ ਹਨ, ਜਿਹੜੇ ਸੜਕਾਂ ਤੇ ਮਰ ਰਹੇ ਹਨ, ਜਿੰਨਾਂ ਦੇ ਵਪਾਰ, ਰੁਜ਼ਗਾਰ ਤੇ ਕਾਰੋਬਾਰ ਤੇ ਵੱਡੀ ਮਾਰ ਪੈਣੀ ਹੈ, ਜਿੰਨਾ ਦੇ ਅਗੇ ਮਹਿੰਗਾਈ ਦਾ ਸੱਪ ਫਣ ਚੁੱਕੀ ਖੜਾ ਹੈ, ਉਹਨਾਂ ਨੂੰ ਇਹਨਾਂ ਵਿੱਚੋਂ ਕਿਸੇ ਨਾਲ ਕੁਝ ਫਾਇਦਾ ਹੋਇਆ ਹੈ ? ਜਾਂ ਹੋ ਸਕਦਾ ਹੈ ?

ਕੀ ਨੋਟਬੰਦੀ ਨੇ ਕਿਸੇ ਦੇ ਸਿਰ ਨੂੰ ਛੱਤ ਦਿੱਤੀ ਹੈ ?

ਕੀ ਰਾਮਜਨਮ ਭੂਮੀ ਬਾਬਰੀ ਮਸਜਿਦ ਦੇ ਹੱਲ ਹੋਣ ਤੋਂ ਬਾਅਦ ਕਰੋਨਾ ਕਰੋਪੀ ਟਲ ਗਈ ਹੈ ?

ਕੀ ਕਸ਼ਮੀਰ ਦੀ ਨਜ਼ਰਬੰਦੀ ਨਾਲ ਉਥੇ ਮਹਾਂਮਾਰੀ ਨਹੀਂ ਪਹੁੰਚੀ ਹੈ ?

ਕੀ ਹੁਣ ਵਾਲੇ ਕੁਆਰੰਟੀਨ ਸੈਂਟਰਾਂ ਨੂੰ ਦੇਖ ਕੇ ਐਨਆਰਸੀ ਦੇ ਤਹਿਤ ਬਣਨ ਵਾਲੇ ਡਿਟੈਸ਼ਨ ਸੈਂਟਰਾਂ ਤੁਹਾਨੂੰ ਯਾਦ ਨਹੀਂ ਆਏ ?

ਕੀ ਸੀਏਏ ਨਾਲ ਕਿਸੇ ਮਜ਼ਦੂਰ ਨੂੰ ਇਕ ਰਾਜ ਤੋਂ ਦੂਸਰੇ ਰਾਜ ਦੀ ਸਰਹੱਦ ਪਾਰ ਕਰਨ ਵਿਚ ਕੋਈ ਦਿੱਕਤ ਨਹੀ ਆਈ ਹੈ ?

ਕੀ ਕਿਸੇ ਸਰਕਾਰ ਨੂੰ ਬਣਾਉਣ ਜਾਂ ਡੇਗਣ ਨਾਲ ਲੋਕਾਂ ਦਾ ਉਜਾੜਾ ਰੁਕ ਗਿਆ ਹੈ ?

ਕੀ ਲਵ ਜ਼ਿਹਾਦ ਤਬਲੀਗੀ ਜਮਾਤ ਰਾਹੀਂ ਮੁਸਲਮਾਨਾਂ ਨੂੰ ਬਦਨਾਮ ਕਰਨ ਦੇ ਰੂਪ ਵਿਚ ਮੁੜ ਤਾਂ ਨਹੀ ਆਇਆ ਹੈ ?

ਜੇ ਇਹਨਾਂ ਸਭ ਨਾਲ ਸਾਡਾ ਕੋਈ ਫਾਇਦਾ ਨਹੀਂ ਹੋਇਆ ਤੇ ਫੇਰ ਪਿਛਲੇ ਦੋ ਸਾਲਾਂ ਤੋਂ ਦੇਸ਼ ਨੂੰ ਟਿੰਡੀ ਦੇ ਬੀਅ ਤੇ ਚੜਾਉਣ ਦਾ ਕੀ ਅਰਥ ਸੀ ?

ਉਹ ਸਾਰੇ ਗੈਰਕਨੂੰਨੀ, ਦੇਸ਼ ਧਰੋਹੀ ਤੇ ਬਾਗੀ ਲੋਕ ਕਿੱਧਰ ਗਏ ਜਿੰਨਾਂ ਲਈ ਐਨਆਰਸੀ ਤੇ ਸੀਏਏ ਲਿਆਉਣ ਲਈ ਉੱਧਮੂਲ ਚੁੱਕਿਆ ਗਿਆ ਸੀ ?

ਇਹ ਲਾਕ ਡਾਊਨ ਸੱਤਾ ਦੀ ਸੰਜੀਵਨੀ ਹੈ..ਸਰਕਾਰਾਂ ਨੇ ਆਪਣੀ ਸਾਰੀਆਂ ਬੇਹੂਦਗੀਆਂ ਤੇ ਅਸਫ਼ਲਤਾਵਾਂ ਕਰੋਨਾ ਦੇ ਖਾਤੇ ਪਾ ਦੇਣੀਆਂ ਹਨ ਤੇ ਹੋਰ ਕਿੰਨਾ ਕੁਝ ਇਹਨਾਂ ਕਿਰਤੀਆਂ ਦੀਆਂ ਪਹਿਲਾਂ ਤੋਂ ਹੀ ਕੁੱਬੀਆਂ ਹੋ ਚੁੱਕੀਆਂ ਪਿੱਠਾਂ ਤੇ ਲੱਦ ਦੇਣਾ ਹੈ। ਸਾਰੇ ਪਿਛਲੇ ਏਜੰਡੇ ਖੂਹ ਵਿਚ ਸੁੱਟੇ ਜਾਣੇ ਹਨ ਤੇ ਨਵੇਂ ਸਦਮੇ ਦੇਣ ਦਆਂ ਪਲਾਨਿੰਗਾਂ ਕੀਤੀਆ ਜਾ ਰਹੀਆਂ ਹਨ। ਰੁਜ਼ਗਾਰ ਦੇ ਮਸਲੇ ਅਤੇ ਲੇਬਰ ਕਨੂੰਨਾਂ ਨੂੰ ਨਕਾਰਾ ਕਰਨ ਵਰਗੇ ਹਜ਼ਾਰਾਂ ਮੁੱਦੇ ਹੋਰ ਹਨ ਜਿਹੜੇ ਕਿੰਨੇ ਹੀ ਲੋਕਾਂ ਨੂੰ ਜ਼ਿੰਦਗੀ ਦੀ ਦੌੜ ਵਿੱਚੋਂ ਬਾਹਰ ਕੱਢ ਦੇਣਗੇ ਅਤੇ ਇਹਨਾਂ ਲਈ ਲੜਨ-ਬੋਲਣ ਵਾਲਿਆਂ ਨੂੰ ਦੇਸ਼ ਧਰੋਹੀ ਬਣਾ ਦੇਣਗੇ।

ਪਿਛਲਾ ਇਕ ਸਾਲ ਅਸੀਂ ਮਲਿਕ ਭਾਗੋ ਨੂੰ ਰੱਦ ਕਰਕੇ ਭਾਈ ਲਾਲੋ ਵਰਗੇ ਕਿਰਤੀ ਨੂੰ ਨਾਇਕ ਦਾ ਰੁਤਬਾ ਦੇਣ ਵਾਲੇ ਬਾਬਾ ਨਾਨਕ ਜੀ ਦਾ ਸਾਢੇ ਪੰਜ ਸੌ ਸਾਲਾ ਦਿਵਸ ਮਨਾ ਕੇ ਹਟੇ ਹਾਂ। ਇਸੇ ਲਾਕਡਾਉਨ ਦੌਰਾਨ 5 ਮਈ ਨੂੰ ਦੁਨੀਆਂ ਦੀਆਂ ਮਜ਼ਦੂਰ ਕਰਾਂਤੀਆਂ ਦੇ ਜਨਮਦਾਤਾ ਕਾਰਲ ਮਾਰਕਸ ਦਾ ਜਨਮ ਦਿਹਾੜਾ ਮਨਾ ਕੇ ਹਟੇ ਹਾਂ..ਉਸ ਤੋਂ ਕੁਝ ਦਿਨ ਪਹਿਲਾਂ 14 ਅਪ੍ਰੈਲ ਨੂੰ ਕਿਰਤੀਆਂ ਦੀ ਪੀੜ ਨੂੰ ਪਿੰਡੇ ਤੇ ਹੰਢਾਉਣ ਵਾਲੇ ਤੇ ਉਸ ਨੂੰ ਕਨੂੰਨ ਰਾਹੀਂ ਸੁਰਖਿਆ ਦੇਣ ਵਾਲੇ ਡਾ. ਭੀਮ ਰਾਓ ਅੰਬੇਡਕਰ ਜੀ ਨੂੰ ਯਾਦ ਕਰਕੇ ਹਟੇ ਹਾਂ। ਇਹਨਾਂ ਤੋਂ ਇਕ ਦਿਨ ਪਹਿਲਾਂ ਕਿਰਤੀਆਂ ਵਿਚ ਨਵੀਂ ਸ਼ਕਤੀ ਦਾ ਸੰਚਾਰ ਕਰਕੇ ਖਾਲਸਾ ਪੰਥ ਸਾਜਣ ਵਾਲੇ ਸੰਤ ਸਿਪਾਹੀ ਗੁਰੂ ਗਬਿੰਦ ਸਿੰਘ ਜੀ ਅੱਗੇ ਨਤਮਸਤਕ ਹੋ ਕੇ ਹਟੇ ਹਾਂ ਅਤੇ ਇਹਨਾਂ ਸਾਰਿਆਂ ਦੇ ਵਿਚਕਾਰ ਕਿਰਤੀਆਂ ਲਈ ਆਪਣੀਆਂ ਜਾਨਾਂ ਵਾਰ ਕੇ ਕਿਰਤ ਦੇ ਅੱਠ ਘੰਟੇ ਫਿਕਸ ਕਰਾਉਣ ਵਾਲੇ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਰਧਾਂਜਲੀ ਦੇ ਕੇ ਹਟੇ ਹਾਂ, ਪਰ ਫਿਰ ਵੀ ਸਾਡੇ ਮੱਥਿਆਂ ਤੇ ਕਿਰਤੀਆਂ ਨਾਲ ਹੋਏ ਸਭ ਤੋਂ ਭੈੜੇ ਮਜ਼ਾਕ ਦੀ ਕਰੂਰਤਾ ਦਾ ਕਲੰਕ ਕਿਉਂ ਲੱਗ ਰਿਹਾ ਹੈ ? ਕਿਉਂਕਿ ਅਸੀਂ ਨਾ ਆਪਣੀਆਂ ਗ਼ਲਤੀਆਂ ਤੋਂ ਕੋਈ ਸਬਕ ਸਿੱਖਿਆ ਹੈ ਤਾਂ ਨਾ ਸੁਨਹਿਰੇ ਇਤਿਹਾਸ ਤੋਂ ਕੋਈ ਪ੍ਰੇਰਨਾ ਲਈ ਹੈ।

ਤੁਸੀਂ ਕਦੇ ਸੋਚਿਆ ਹੈ ਕਿ ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਮਹਾਨਗਰਾਂ ਵੱਲ ਅਤੇ ਇਕ ਸਟੇਟ ਤੋਂ ਦੂਜੀ ਸਟੇਟ ਵੱਲ ਆਉਣ ਵਾਲੀ ਇਸ ਲੇਬਰ ਦੇ ਦਿਮਾਗ਼ ਦਾ ਕੋਈ ਪੁਰਜਾ ਢਿੱਲਾ ਹੈ ਜਾਂ ਲੱਤਾਂ ਨੂੰ ਕੋਈ ਸਰਾਪ ਮਿਲਿਆ ਹੈ ਕਿ ਉਹਨਾਂ ਨੇ ਹਰ ਸਾਲ ਰੋਟੀ ਦੀ ਤਲਾਸ਼ ਵਿਚ ਆਉਣਾ ਹੈ ਤੇ ਫਿਰ ਮੁੜ ਪਰਤਣਾ ਹੈ ? ਕੀ ਇੰਗਲੈਂਡ, ਕਨੇਡਾ, ਆਸਟਰੇਲੀਆ, ਨਿਉਜੀਲੈਂਡ ਵਿਚ ਵਸਦੇ ਭਾਰਤੀ ਏਦਾਂ ਹੀ ਹਰ ਸੀਜ਼ਨ ਤੋਂ ਬਾਅਦ ਘਰਾਂ ਨੂੰ ਦੌੜਦੇ ਹਨ ? ਨਹੀਂ ਦੌੜਦੇ ਨਾ ? ਤਾਂ ਫਿਰ ਇਹ ਮਜ਼ਦੂਰ ਕਿਉ ਦੌੜਦੇ ਹਨ ? ਉਹਨਾਂ ਮੁਲਕਾਂ ਨੇ ਸਾਡੇ ਮਜ਼ਦੂਰਾਂ ਨੂੰ ਰੁਜਗਾਰ ਵੀ ਦਿੱਤਾ, ਸਤਿਕਾਰ ਵੀ ਦਿਤਾ, ਅਤੇ ਬਰਾਬਰ ਦਾ ਅਧਿਕਾਰ ਵੀ ਦਿੱਤਾ। ਪਰ ਅਸੀਂ ਕੰਮ ਲੈਣ ਵੇਲੇ ਤਾਂ ਉਹਨਾਂ ਦਾ ਖੂਨ ਪੀਣ ਤੱਕ ਜਾਂਦੇ ਹਾਂ, ਉਸ ਤੋਂ ਬਾਅਦ ਸਾਨੂੰ ਇਹਨਾਂ ਵਿੱਚੋਂ ਮੁਸ਼ਕ ਮਾਰਨ ਲੱਗ ਜਾਂਦੀ ਹੈ। ਸਾਰੇ ਪੰਜਾਬੀ 'ਭਈਆ-ਭਈਆ' ਕੂਕ ਕੇ ਉਹਨਾਂ ਨੂੰ ਦੁਰਕਾਰਨ ਲਗ ਜਾਂਦੇ ਹਨ ਅਤੇ ਇਹ ਭੁੱਲ ਜਾਂਦੇ ਹਨ ਕਿ ਅਸੀਂ ਵੀ ਇਸ ਧਰਤੀ ਦਾ ਪਟਾ ਕਰਾ ਕੇ ਨਾਲ ਨਹੀਂ ਲੈ ਕੇ ਆਏ ਸੀ। ਸਾਡੇ ਤੋਂ ਪਹਿਲਾਂ ਵੀ ਇਥੇ ਕੋਈ ਹੋਰ ਵਸਦਾ ਸੀ। ਧਰਤੀ ਤੇ ਪਹਿਲਾ ਹੱਕ ਕਿਰਤ ਕਰਨ ਵਾਲੇ ਉਸ ਕਿਰਤੀ ਦਾ ਹੁੰਦਾ ਹੈ ਜਿਹੜਾ ਕਿਸੇ ਵੀ ਰੂਪ ਵਿਚ ਧਰਤੀ ਨੂੰ ਆਬਾਦ ਕਰਨ ਲਈ ਕੰਮ ਕਰਦਾ ਹੈ। ਮਹਰਾਸ਼ਟਰ ਵਿਚ ਮਰਾਠਵਾੜਾ ਦਾ ਅਲਾਪ ਸ਼ੁਰੂ ਹੋ ਜਾਂਦਾ ਹੈ। ਅਤੇ ਇਸੇ ਤਰਾਂ ਦੂਸਰੇ ਰਾਜ ਆਪਣੇ ਖੇਤਾਂ ਤੇ ਕਾਰਖਾਨਿਆਂ ਵਿਚ ਇਹਨਾਂ ਨੂੰ ਭੱਠੀਆਂ ਦੇ ਬਾਲਣ ਵਾਂਗ ਤਾਂ ਝੋਕ ਦਿੰਦੇ ਹਨ, ਪਰ ਇਹ ਕਦੇ ਵੀ ਨਹੀਂ ਚਾਹੁੰਦੇ ਕਿ ਉਹ ਇਥੇ ਪੱਕੇ ਤੌਰ ਤੇ ਰਹਿਣ। ਇਸ ਕਰਕੇ ਇਹਨਾਂ ਲਈ ਸਾਰੇ ਪ੍ਰਬੰਧ ਆਰਜੀ ਕੀਤੇ ਜਾਂਦੇ ਹਨ। ਜੇ ਅਸੀਂ ਇਹਨਾਂ ਨੂੰ ਕੰਮ ਕਰਾਉਣ ਦੇ ਬਦਲੇ ਸਤਿਕਾਰ, ਪਿਆਰ ਅਤੇ ਬਰਾਬਰ ਦੇ ਅਧਿਕਾਰ ਦਿੱਤੇ ਹੁੰਦੇ, ਜਿਸ ਤਰਾਂ ਅਸੀਂ ਆਪਣਿਆਂ ਲਈ ਵਿਦੇਸ਼ਾਂ ਵਿਚ ਚਾਹੁੰਦੇ ਹਾਂ ਤਾਂ ਇਹਨਾਂ ਕੋਲ ਵੀ ਆਪਣੇ ਸਥਾਈ ਘਰ ਹੁੰਦੇ, ਇਹਨਾਂ ਦੀਆਂ ਵੋਟਾਂ, ਆਧਾਰ ਕਾਰਡ ਤੇ ਰਾਸ਼ਨਕਾਰਡ ਬਣੇ ਹੁੰਦੇ। ਕਰੋਨਾ ਦੇ ਦੌਰ ਵਿਚ 20 ਹਜ਼ਾਰ ਕਰੋੜ ਦੇ ਪੈਕਜ ਦੇ ਦਮਗਜ਼ੇ ਮਾਰਨ ਵਾਲੀ ਸਰਕਾਰ ਇਹਨਾਂ ਦੀ ਇਕ ਮਹੀਨੇ ਜਿੰਨੀ ਕਮਾਈ ਦੇ ਪੈਸੇ ਸ਼ੁਰੂ ਵਿਚ ਹੀ ਜੇਕਰ ਇਹਨਾਂ ਦੇ ਖਾਤੇ ਵਿਚ ਪਾ ਦਿੰਦੀ ਤਾਂ ਮਤਲਬ ਹੀ ਨਹੀਂ ਸੀ ਕਿ ਏਨੇ ਵੱਡੇ ਪੱਧਰ ਤੇ ਸਿਫਟਿੰਗ ਹੁੰਦੀ।

ਇਹ ਪਲਾਇਨ ਬੰਦਿਆਂ ਦਾ ਪਲਾਇਨ ਨਹੀਂ , ਵਿਸ਼ਵਾਸ ਦਾ ਪਲਾਇਨ ਹੈ ਜੋ ਇਹ ਦੇਸ਼ 72 ਸਾਲਾਂ ਵਿਚ ਵੀ ਨਹੀਂ ਬਣਾ ਸਕਿਆ। ਜਦ ਇਕ ਚਾਰੇ ਪਾਸਿਓ ਬੰਦ ਕੰਨਟੇਨਰ ਵਿਚ ਪੰਜਾਹ-ਸੱਠ ਬੰਦੇ ਇਸ ਡਰ ਤੋਂ 24 ਘੰਟੇ ਸਾਹ ਰੋਕ ਕੇ ਬੈਠੇ ਰਹਿੰਦੇ ਹਨ ਕਿ ਕਿਤੇ ਸਰਕਾਰ ਨਾ ਦੇਖ ਲਏ ਤਾਂ ਉਥੇ ਸੋਸਲ ਡਿਸਟੈਂਸਿੰਗ ਨਹੀਂ, ਸਮਾਜ ਦਾ ਮਰਨ ਹੋਣਾ ਚਾਹੀਦਾ ਹੈ।

ਅੱਜ ਤੋਂ 4 ਸਾਲ ਪਹਿਲਾਂ ਜਦ ਉੜੀਸਾ ਦੇ ਕਾਲਾਹਾਂਡੀ ਜ਼ਿਲੇ ਦਾ ਬਦਨਸੀਬ ਦਾਨਾ ਮਾਝੀ ਆਪਣੀ 12 ਸਾਲਾ ਧੀ ਦੀ ਉਂਗਲ ਫੜ ਕੇ ਆਪਣੀ ਪਤਨੀ ਦੀ ਲਾਸ਼ ਨੂੰ ਮੋਢੇ ਤੇ ਚੁੱਕ ਕੇ 10 ਕਿਲੋਮੀਟਰ ਪੈਦਲ ਤੁਰਿਆ ਸੀ ਤਾਂ ਇਹ ਸਨਸਨੀ ਭਰਪੂਰ ਖਬਰ ਸੀ..ਪਰ ਹੁਣ ਹਜ਼ਾਰਾਂ ਲੋਕ ਆਪਣੀਆਂ ਹੀ ਲਾਸ਼ਾਂ ਨੂੰ ਆਪਣਿਆਂ ਹੀ ਮੋਢਿਆਂ ਤੇ ਚੁੱਕ ਕੇ ਹਜ਼ਾਰਾਂ ਕਿਲੋਮੀਟਰ ਪੈਦਲ ਤੁਰੇ ਜਾ ਰਹੇ ਹਨ ਪਰ ਕਿਸੇ ਹਾਕਮ ਦੇ ਕੰਨ ਤੇ ਜੂੰ ਨਹੀ ਸਰਕਦੀ। ਜਦ 'ਬੜੇ ਸਾਹਿਬ' ਦੇਸ਼ ਦੇ ਨਾਂ ਸੰਦੇਸ਼ ਵਿਚ ਹਰ ਵਾਰ ਨਵਾਂ ਸੂਟ, ਨਵੀਂ ਜੈਕਟ ਤੇ ਹੁਣ ਨਵਾਂ ਮੈਚਿੰਗ ਜਾਂ ਕੰਟਰਾਸਟ ਬਣਾ ਕੇ ਪਹਿਨਿਆ ਮਾਸਕ ਲਾ ਕੇ ਆਉਂਦੇ ਹੋਣ ਤੇ ਨਵਾਂ ਜੁਮਲਾ ਦੇ ਕੇ ਤੁਰ ਜਾਂਦੇ ਹੋਣ, ਤਾਂ ਉਥੇ ਕਿਸੇ ਮਜ਼ਦੂਰ ਦੀ ਰੋਟੀ ਏਜੰਡਾ ਬਣ ਜਾਏ, ਇਹ ਸੰਭਵ ਹੀ ਨਹੀਂ ਹੈ। ਇਹਨਾਂ ਬਦਬਸੀਬ ਰੋਟੀਆਂ ਨੂੰ ਤਾਂ ਟਰੇਨ ਦੀਆਂ ਪਟੜੀਆਂ ਤੇ ਖਿਲਰਨਾ ਹੀ ਨਸੀਬ ਹੁੰਦਾ ਹੈ ਤੇ ਪਟੜੀਆਂ ਬਣਾਉਣ ਵਾਲਿਆਂ ਨੂੰ ਪਟੜੀਆਂ ਤੇ ਹੀ ਕਟ ਜਾਣਾ। ਹੁਣ ਤਾਂ ਫਟਾਫਟ ਲੇਬਰ ਕਨੂੰਨ ਮਨਸੂਖ ਕੀਤੇ ਜਾ ਰਹੇ ਹਨ, ਆਉਣ ਵਾਲੇ ਦਿਨਾਂ ਵਿਚ ਤੁਸੀਂ ਪੂਰੀ ਤਰਾਂ ਫੈਕਟਰੀ ਮਾਲਕਾਂ ਦੇ ਹਵਾਲੇ ਹੋਵੋਗੇ..ਉਹ ਤੁਹਾਡੇ ਤੋਂ ਅੱਠ ਘੰਟਿਆਂ ਦੀ ਬਜਾਇ 12-12 ਘੰਟੇ ਕੰਮ ਕਰਵਾ ਕੇ ਤੁਹਾਡੀ ਹਾਜ਼ਰੀ ਲਾਉਣ ਜਾਂ ਨਾ..ਤੁਹਾਨੂੰ ਸਮੇਂ ਸਿਰ ਪੈਸੇ ਦੇਣ ਜਾਂ ਨਾ..ਤੁਸੀਂ ਕੋਈ ਉਜਰ ਨਹੀਂ ਕਰ ਸਕੋਗੇ। ਇਹ ਹੈ ਸ਼ਿਕਾਗੋ ਦੇ ਸ਼ਹੀਦਾਂ ਨੂੰ ਸਾਡਾ ਲਾਲ ਸਲਾਮ। ਹੁਣ ਤਾਂ ਤੁਸੀਂ ਸੱਤਾ ਦਾ ਖਚਰਾ ਕਿਰਦਾਰ ਵੀ ਨਹੀਂ ਦੇਖ ਸਕੋਗੇ..ਹੁਣ ਉਹਨਾਂ ਨੇ ਚਿਹਰੇ ਆਪਣੇ ਪਾਰਟੀ ਦੇ ਰੰਗ ਦੇ ਮਾਸਕਾਂ ਜਾਂ ਫਿਰ ਹਰ ਰੋਜ਼ ਮਾਡਲਾਂ ਵਾਂਗੂ ਚੇਜ਼ ਹੋ ਰਹੇ ਫੈਸ਼ਨੇਬਲ ਗਮਛਿਆਂ ਹੇਠ ਛੁਪਾ ਲਏ ਹਨ..ਤੁਸੀਂ ਹੁਣ ਉਹਨਾਂ ਦੇ ਮੂੰਹਾਂ ਦੀ ਬਜਾਇ ਜਾਂ ਉਹਨਾਂ ਦੀਆਂ ਅੱਖਾਂ ਦੀਆਂ ਪੁਤਲੀਆਂ ਦੇ ਅੰਦਾਜ਼ ਜਾਂ ਫਿਰ ਮਾਸਕਾਂ ਰਾਹੀਂ ਹੁੰਦੀ ਮਾਡਲਿੰਗ ਦੇਖ ਸਕਦੇ ਹੋ। ਅਗਲੇ ਦਿਨਾਂ ਵਿਚ ਮਾਸਕਾਂ ਦੇ ਪ੍ਰਦਰਸ਼ਨਾਂ ਲਈ ਪੂਰਾ ਦੇਸ਼ ਰੈਂਪ ਬਣ ਚੁੱਕਿਆ ਹੋਵੇਗਾ ਜਿਸ ਉਤੇ ਹੁਣ ਸੱਤਾ ਅਤੇ ਉਹਨਾਂ ਦੀ ਜਮੂਰਾ ਬਣਿਆ ਮੀਡੀਆ ਕੈਟਵਾਕ ਕਰ ਰਿਹਾ ਹੋਵੇਗਾ ਅਤੇ ਤੁਸੀਂ ਉਹਨਾਂ ਦੀ ਮੈਚਿੰਗ ਦੇਖ ਕੇ ਨਿਹਾਲ ਹੋ ਰਹੇ ਹੋਵੋਗੇ, ਜਾਂ ਫਿਰ ਟੀਵੀ ਤੇ ਆ ਰਿਹਾ ਕ੍ਰਿਸ਼ਨਾ ਦੇਖ ਕੇ ਠੁਮਕੇ ਲੈਣ ਦਾ ਅਨੰਦ ਮਾਣ ਰਹੇ ਹੋਵੋਗੇ। ਪਰ ਰਾਮਇਣ ਵਿਚ ਸੀਤਾ ਦੁਆਰਾ ਧਰਤੀ ਵਿਚ ਸਮਾ ਜਾਣ ਅਤੇ ਮਹਾਂਭਾਰਤ ਵਿਚ ਏਕਲਵਿਆ ਦੇ ਅੰਗੂਠਾ ਕੱਟਣ ਦੇ ਦ੍ਰਿਸ਼ ਆਉਣ ਤੱਕ ਲਾਕਡਾਉਨ ਖੁੱਲ ਚੁੱਕਾ ਹੋਵੇਗਾ.. ਤੇ ਤੁਹਾਨੂੰ ਇਹ ਸਦਮਾ ਭੁਲਣ ਲਈ ਕੋਈ ਇਸ ਤੋਂ ਵੱਡਾ ਸਦਮਾ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹੋਣਗੀਆਂ..

**ਸ਼ਹਿਰ ਭਰ ਮੇਂ ਮਜ਼ਦੂਰ ਜੈਸੇ, ਦਰ-ਬਦਰ ਕੋਈ ਨ ਥਾ**
**ਜਿਸ ਨੇ ਸਭਕਾ ਘਰ ਬਨਾਇਆ, ਉਸਕਾ ਘਰ ਕੋਈ ਨ ਥਾ**

# ਕੋਵਿਡ ਬੀਮਾਰੀ ਦੇ ਟੈਸਟ ਕਿੰਨੇ ਕੁ ਸਹੀ ?



- ਡਾ. ਹਰਸ਼ਿੰਦਰ ਕੌਰ, ਐਮ. ਡੀ.

ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ ਵਿਚ ਸੰਨ 1989 ਵਿਚ ਛਪਿਆ ਸੀ ਕਿ ਸਾਇੰਸ ਕਿੰਨੀ ਵੀ ਤਰੱਕੀ ਕਰ ਲਵੇ ਪਰ ਟੈਸਟ ਕਰਨ ਵਿਚ ਕੁੱਝ ਨਾ ਕੁੱਝ ਕੋਤਾਹੀ ਤਾਂ ਹੁੰਦੀ ਹੀ ਰਹੇਗੀ।

ਫਿਰ ਸੰਨ 2009 ਵਿਚ ਬਰਿਟਿਸ਼ ਨੈਸ਼ਨਲ ਹੈਲਥ ਸਿਸਟਮ ਨੇ ਸਰਵੇਖਣ ਕਰ ਕੇ ਦੱਸਿਆ ਕਿ 15 ਫੀਸਦੀ ਮਰੀਜ਼ਾਂ ਦੇ ਟੈਸਟਾਂ ਦੀਆਂ ਰਿਪੋਰਟਾਂ ਠੀਕ ਨਹੀਂ ਆ ਰਹੀਆਂ।

ਇਸ ਤੋਂ ਬਾਅਦ ਸੰਨ 2014 ਵਿਚ ਅਮਰੀਕਾ ਵੀ ਮੰਨਿਆ ਕਿ ਹਸਪਤਾਲਾਂ ਵਿਚ ਦਾਖ਼ਲ ਅਤੇ ਫੈਮਿਲੀ ਡਾਕਟਰ ਤੋਂ ਦਵਾਈ ਲੈਂਦੇ ਮਰੀਜ਼ਾਂ ਦੇ ਟੈਸਟਾਂ ਵਿੱਚੋਂ 12 ਮਿਲੀਅਨ ਦੀਆਂ ਰਿਪੋਰਟਾਂ ਗ਼ਲਤ ਸਨ।

ਇਹ ਨੰਬਰ ਬਹੁਤ ਜ਼ਿਆਦਾ ਸੀ। ਸੋ ਹਲਚਲ ਮਚਣੀ ਹੀ ਸੀ।

ਟੈਸਟ ਕਰਨ ਵਾਲੀਆਂ ਕਿੱਟਾਂ, ਮਸ਼ੀਨਾਂ ਅਤੇ ਟੈਸਟ ਲੈਣ ਦੇ ਢੰਗ, ਆਦਿ ਅਨੇਕ ਚੀਜ਼ਾਂ ਸਨ ਜਿਨਾਂ ਸਦਕਾ ਟੈਸਟਾਂ ਦੀਆਂ ਰਿਪੋਰਟਾਂ ਠੀਕ ਨਹੀਂ ਸਨ ਆ ਰਹੀਆਂ।

ਇਹੋ ਨੁਕਸ ਸੰਨ 2019 ਵਿਚ ਵੀ ਉਸੇ ਤਰਾਂ ਦਿਸ ਰਿਹਾ ਸੀ। ਹੁਣ ਦੁਨੀਆ ਭਰ ਦੀ ਕੋਰੋਨਾ ਮਹਾਂਮਾਰੀ ਦੌਰਾਨ ਬਹੁਤ ਸਾਰੇ ਟੈਸਟ ਜਲਦਬਾਜ਼ੀ ਵਿਚ ਤਿਆਰ ਕੀਤੇ ਗਏ ਹਨ। ਇਨਾਂ ਵਿੱਚੋਂ ਕੁੱਝ ਵਾਇਰਸ ਦੀ ਬਣਤਰ ਦੀ ਫੋਟੋਕਾਪੀ ਤਿਆਰ ਕਰ ਕੇ ਉਸ ਨਾਲ ਮੇਚਣ ਵਾਲੇ ਹਨ। ਜਦੋਂ ਵਾਇਰਸ ਹਾਲੇ ਤੱਕ ਆਪਣੀ ਸ਼ਕਲ ਜਾਂ ਬਣਤਰ ਹੀ ਤਬਦੀਲ ਕਰ ਰਹੀ ਹੋਵੇ ਤਾਂ ਸਮਝ ਆ ਸਕਦੀ ਹੈ ਕਿ ਟੈਸਟ ਵੀ 100 ਫੀਸਦੀ ਸਹੀ ਨਹੀਂ ਹੋ ਸਕਦੇ।

ਇਸ ਗੱਲ ਨੂੰ ਹੋਰ ਚੰਗੀ ਤਰਾਂ ਸਮਝਣ ਲਈ ਅੱਗੇ ਦੱਸੀਆਂ ਚਾਰ ਕਿਸਮਾਂ ਬਾਰੇ ਜਾਣੀਏ:-

1.ਅਸਲ ਪਾਜ਼ੀਟਿਵ :- ਜਿਹੜਾ ਕੋਵਿਡ-19 ਪੀੜਤ ਹੋਵੇ ਤੇ ਉਸ ਦਾ ਟੈਸਟ ਵੀ ਪਾਜ਼ੀਟਿਵ ਹੋਵੇ।

2.ਨਕਲੀ ਪਾਜ਼ੀਟਿਵ :- ਜਿਸ ਨੂੰ ਕੋਵਿਡ-19 ਨਾ ਹੋਵੇ ਪਰ ਟੈਸਟ ਪਾਜ਼ੀਟਿਵ ਹੋਵੇ।

3.ਨਕਲੀ ਨੈਗੇਟਿਵ :- ਜਿਸ ਨੂੰ ਕੋਵਿਡ-19 ਬੀਮਾਰੀ ਹੋਵੇ ਪਰ ਟੈਸਟ ਨੈਗੇਟਿਵ ਹੋਵੇ।




4.ਅਸਲ ਨੈਗੇਟਿਵ : ਜਿਸ ਨੂੰ ਕੋਵਿਡ ਬੀਮਾਰੀ ਨਾ ਹੋਵੇ ਤੇ ਟੈਸਟ ਵੀ ਨੈਗੇਟਿਵ ਹੋਵੇ।

ਇਨਾਂ ਚਾਰਾਂ ਨੂੰ ਆਧਾਰ ਬਣਾ ਕੇ ਹੀ ਕਿਸੇ ਵੀ ਟੈਸਟ ਕਿੱਟ ਨੂੰ ਚੰਗੀ ਜਾਂ ਮਾੜੀ ਕਿਹਾ ਜਾ ਸਕਦਾ ਹੈ ਪਰ ਹਾਲੇ ਤਕ ਅਜਿਹਾ ਕੋਈ ਜੰਤਰ ਨਹੀਂ ਜਿਸ ਰਾਹੀਂ ਟੈਸਟਾਂ ਵਿਚ 100 ਫੀਸਦੀ ਸਹੀ ਰਿਪੋਰਟ ਮਿਲ ਰਹੀ ਹੋਵੇ।

ਇਕੱਲਾ ਹੀਮੋਗਲੋਬਿਨ ਵੀ ਜੇ ਵੱਖੋ-ਵੱਖ ਲੈਬਾਰਟਰੀਆਂ ਵਿੱਚੋਂ ਟੈਸਟ ਕਰਵਾਇਆ ਜਾਵੇ ਤਾਂ ਇੱਕੋ ਰਿਪੋਰਟ ਨਹੀਂ ਆਉਂਦੀ। ਭਲਾ ਫੇਰ ਕੋਵਿਡ 19 ਦਾ ਟੈਸਟ ਸੌ ਫੀਸਦੀ ਸਹੀ ਕਿਵੇਂ ਆ ਸਕਦਾ ਹੈ।

ਉੱਪਰ ਦੱਸੀਆਂ ਚਾਰ ਕਿਸਮਾਂ ਵਿੱਚੋਂ ਪਹਿਲੀ ਤੇ ਤੀਜੀ ਕਿਸਮ ਨੂੰ ਬੀਮਾਰੀ ਹੈ। ਇਸੇ ਲਈ ਇਨਾਂ ਮਰੀਜ਼ਾਂ ਦੇ ਟੈਸਟਾਂ ਨੂੰ ਆਧਾਰ ਬਣਾ ਕੇ ਕਿਸੇ ਟੈਸਟ ਦੀ ਗੁਣਵੱਤਾ ਮੰਨੀ ਜਾਂਦੀ ਹੈ ਕਿ ਟੈਸਟ ਕਿੰਨਿਆਂ ਵਿਚ ਸਹੀ ਬੀਮਾਰੀ ਲੱਭ ਸਕਣ ਦੇ ਸਮਰੱਥ ਹੈ।

ਦੂਜੀ ਤੇ ਚੌਥੀ ਕਿਸਮ ਨੂੰ ਬੀਮਾਰੀ ਨਹੀਂ ਹੈ। ਇਨਾਂ ਦੇ ਆਧਾਰ ਉੱਤੇ ਕਿਸੇ ਟੈਸਟ ਬਾਰੇ ਪਤਾ ਲਾਇਆ ਜਾ ਸਕਦਾ ਹੈ ਕਿ ਇਹ ਕਿੰਨੇ ਬੀਮਾਰੀ ਤੋਂ ਬਗ਼ੈਰ ਵਾਲਿਆਂ ਨੂੰ ਅਸਲ ਵਿਚ ਬੀਮਾਰੀ ਰਹਿਤ ਦਸ ਸਕਦਾ ਹੈ।

ਦੁਨੀਆ ਦੇ ਵੱਖੋ-ਵੱਖਰੇ ਹਿੱਸਿਆਂ ਵਿਚ ਆਰ.ਟੀ.ਪੀ.ਸੀ.ਆਰ. ਟੈਸਟ, ਜੋ ਕੋਵਿਡ-19 ਬਾਰੇ ਦੱਸਦਾ ਹੈ ਦੇ ਵੱਖੋ-ਵੱਖ ਨਤੀਜੇ ਸਾਹਮਣੇ ਆ ਰਹੇ ਹਨ। ਚੀਨ ਦੇ ਇੱਕ ਹਿੱਸੇ ਵਿਚ 51 ਕੋਵਿਡ ਦੇ ਮਰੀਜ਼ਾਂ ਵਿੱਚੋਂ 29 ਫੀਸਦੀ ਦੇ ਟੈਸਟ ਨੈਗੇਟਿਵ ਆਏ। ਅਮਰੀਕਾ ਵਿਚ ਪਹਿਲਾਂ 95 ਫੀਸਦੀ, ਫੇਰ 85 ਫੀਸਦੀ ਤੇ ਹੁਣ 75 ਫੀਸਦੀ ਵਿਚ ਬੀਮਾਰੀ ਦੇ ਹੁੰਦਿਆਂ ਟੈਸਟ ਨੈਗੇਟਿਵ ਆਏ ਹਨ।

ਇਸੇ ਲਈ ਦੋ ਵਾਰ ਟੈਸਟ ਕਰਨ ਨੂੰ ਕਿਹਾ ਗਿਆ ਹੈ। ਜੇ ਪਹਿਲੇ ਟੈਸਟ ਵਿਚ ਨੈਗੇਟਿਵ ਹੈ ਤੇ ਦੋ ਦਿਨ ਬਾਅਦ ਵੀ ਟੈਸਟ ਵਿਚ ਕੁੱਝ ਨਹੀਂ ਆਇਆ ਤਾਂ ਮੰਨ ਲਿਆ ਗਿਆ ਕਿ ਉਸ ਬੰਦੇ ਨੂੰ ਬੀਮਾਰੀ ਨਹੀਂ ਹੈ। ਇਨਾਂ ਵਿੱਚੋਂ ਵੀ ਅੱਗੋਂ ਇੱਕ ਫੀਸਦੀ ਨੂੰ ਬੀਮਾਰੀ ਹੋਈ ਲੱਭੀ ਹੈ।

ਇਸ ਦਾ ਮਤਲਬ ਸਪਸ਼ਟ ਹੈ ਕਿ ਜੇ ਦੁਨੀਆ ਭਰ ਵਿਚ ਦੋ ਕਰੋੜ ਲੋਕਾਂ ਦਾ ਟੈਸਟ ਕੀਤਾ ਗਿਆ ਹੈ ਤਾਂ ਉਸ ਵਿੱਚੋਂ ਦੋ ਲੱਖ ਲੋਕਾਂ ਦੇ ਟੈਸਟ ਦੀ ਰਿਪੋਰਟ ਗ਼ਲਤ ਹੈ। ਹੁਣ ਹੋਰ ਕੋਈ ਚਾਰਾ ਨਾ ਵੇਖ ਕੇ ਇੱਕੋ ਰਾਹ ਰਹਿ ਜਾਂਦਾ ਹੈ ਕਿ ਭਾਵੇਂ ਟੈਸਟ ਨੈਗੇਟਿਵ ਵੀ ਹੋਵੇ, ਤਾਂ ਵੀ ਜੇ ਸ਼ੱਕ ਹੋਵੇ ਤਾਂ 14 ਦਿਨ ਏਕਾਂਤਵਾਸ ਜ਼ਰੂਰੀ ਹੈ।

ਜਿਨਾਂ ਦੇ ਸਰੀਰ ਅੰਦਰ ਕੋਰੋਨਾ ਵੜ ਚੁੱਕਿਆ ਹੋਵੇ, ਉਨਾਂ ਬਾਰੇ ਬਾਕੀ ਵਾਇਰਲ ਕੀਟਾਣੂਆਂ ਵਾਂਗ ਇਹ ਸੋਚਿਆ ਗਿਆ ਸੀ ਕਿ ਹੁਣ ਇਨਾਂ ਦਾ ਸਰੀਰ ਇਸ ਬੀਮਾਰੀ ਨੂੰ ਝੱਲਣ ਦੇ ਸਮਰੱਥ ਹੋ ਚੁੱਕਿਆ ਹੈ, ਇਸੇ ਲਈ ਵਾਇਰਸ ਦੇ ਖ਼ਿਲਾਫ਼ ਤਿਆਰ ਹੋਏ 'ਐਂਟੀਬਾਡੀ' ਸੈੱਲਾਂ ਨੂੰ ਟੈਸਟ ਕੀਤਾ ਜਾ ਸਕਦਾ ਹੈ। ਕੋਵਿਡ-19 ਦਰਅਸਲ ਨਵੀਂ ਬੀਮਾਰੀ ਹੈ ਅਤੇ ਇਸ ਦੇ ਬਾਰੇ ਪੂਰੀ ਸਮਝ ਨਾ ਹੋਣ ਸਦਕਾ ਇਹ ਪੱਕਾ ਨਹੀਂ ਹੋ ਸਕਿਆ ਕਿ 'ਐਂਟੀਬਾਡੀ' ਸਰੀਰ ਅੰਦਰ ਤਿਆਰ ਹੋਏ ਹਨ ਜਾਂ ਨਹੀਂ। ਜਿੰਨੇ ਕੁ ਟੈਸਟ ਕੀਤੇ ਗਏ ਹਨ, ਉਨਾਂ ਬਾਰੇ ਕੁੱਝ ਮੁਲਕਾਂ ਵਿੱਚੋਂ ਇਹੋ ਪਤਾ ਲੱਗ ਸਕਿਆ ਹੈ ਕਿ ਆਰ.ਟੀ.ਪੀ.ਸੀ.ਆਰ. ਵਿੱਚੋਂ ਘੱਟ ਨਕਲੀ ਨੈਗੇਟਿਵ ਹਨ ਪਰ ਜ਼ਿਆਦਾ ਨਕਲੀ ਪਾਜ਼ੀਟਿਵ ਲੱਭ ਰਹੇ ਹਨ।

ਪੂਰਾ ਜ਼ੋਰ ਲਾਉਣ ਬਾਅਦ ਵੀ ਹਾਲੇ ਤੱਕ ਕਿਸੇ ਟੈਸਟ ਉੱਤੇ 100 ਫੀਸਦੀ ਨਿਰਭਰ ਨਹੀਂ ਹੋਇਆ ਜਾ ਸਕਦਾ।

ਸੌਖੇ ਤਰੀਕੇ ਸਮਝਣ ਲਈ ਅਦਾਜ਼ਾ ਇਹ ਲਾਇਆ ਜਾ ਸਕਦਾ ਹੈ ਕਿ ਜੇ ਕਿਸੇ ਕਲੋਨੀ ਵਿਚ 20 ਫੀਸਦੀ ਨੂੰ ਬੀਮਾਰੀ ਹੈ, ਤਾਂ ਉਨਾਂ ਵਿੱਚੋਂ 80 ਫੀਸਦੀ ਦੇ ਟੈਸਟ ਪਾਜ਼ੀਟਿਵ ਆਉਣਗੇ ਤੇ ਅਸਲ ਨੈਗੇਟਿਵ 90 ਫੀਸਦੀ ਹੋਣਗੇ।

ਯਾਨੀ ਹਰ ਵੀਹ ਵਿੱਚੋਂ ਇੱਕ ਜਾਂ ਦੋ ਅਜਿਹੇ ਹੋਣਗੇ ਜਿਨਾਂ ਨੂੰ ਬੀਮਾਰੀ ਹੋਵੇਗੀ ਪਰ ਟੈਸਟ ਨੈਗੇਟਿਵ ਆਉਣਗੇ ਤੇ 33.3 ਫੀਸਦੀ ਨੂੰ ਬੀਮਾਰੀ ਨਾ ਹੋਣ ਉੱਤੇ ਵੀ ਨਕਲੀ ਪਾਜ਼ੀਟਿਵ ਕੱਢਿਆ ਜਾਵੇਗਾ। ਜਿਵੇਂ ਜਿਵੇਂ ਮਰੀਜ਼ ਵਧਣਗੇ, ਇਹ ਗਿਣਤੀ ਵੀ ਵਧਦੀ ਜਾਵੇਗੀ ਤੇ ਟੈਸਟ ਦੇ ਗ਼ਲਤ ਆਉਣ ਦੀ ਦਰ ਵੀ ਵਧ ਜਾਵੇਗੀ।

# ਘੱਟ ਬੋਲਣਾ ਅਤੇ ਘੱਟ ਖਾਣਾ ! ਸਿਹਤ ਲਈ ਫਾਇਦੇਮੰਦ



- ਇੰਜੀ: ਸੰਜੀਵ ਸਿੰਘ ਸੈਣੀ

ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਨ ।ਸਾਡਾ ਤਰਾਂ ਤਰਾਂ ਦੇ ਬੰਦਿਆਂ ਨਾਲ ਵਾਹ ਪੈਂਦਾ ਹੈ। ਵਾਕਈ ਸਾਨੂੰ ਸਾਰਿਆਂ ਨੂੰ ਸੋਚ ਸਮਝ ਕੇ ਬੋਲਣਾ ਚਾਹੀਦਾ ਹੈ ਬਿਨਾਂ ਸੋਚੇ ਸਮਝੇ ਕਈ ਵਾਰ ਅਸੀਂ ਇੰਨਾ ਮਾੜਾ ਬੋਲ ਦਿੰਦੇ ਹਨ ਕਿ ਸਾਡੇ ਮਹੱਤਵਪੂਰਨ ਰਿਸ਼ਤੇ ਟੁੱਟਣ ਦੀ ਕਗਾਰ ਤੇ ਆ ਜਾਂਦੇ ਹਨ। ਇੱਕ ਕਹਾਵਤ ਵੀ ਹੈ "ਬੋਲਿਆਂ ਨੇ ਬੋਲ ਵਿਗਾੜੇ ਮਿੰਨਿਆਂ ਨੇ ਘਰ ਉਜਾੜੇ" ।ਜ਼ਿਆਦਾ ਬੋਲਣ ਨਾਲ ਅਸੀਂ ਗਲਤ ਗੱਲਾਂ ਕਹਿ ਦਿੰਦੇ ਹਨ । ਕਈ ਵਾਰ ਤਾਂ ਇੰਨੀ ਕਾਹਲੀ ਚ ਅਸੀਂ ਇਹ ਨਹੀਂ ਸੋਚਦੇ ਕਿ ਕੀ ਬੋਲਣੈ ?ਜਦੋਂ ਰਿਸ਼ਤਾ ਟੁੱਟ ਜਾਂਦਾ ਹੈ ਤਾਂ ਪਛਤਾਵਾ ਹੁੰਦਾ ਹੈ । ਹੋ ਸਕਦਾ ਹੈ ਉਹ ਬੰਦਾ ਕਿਸੇ ਗੱਲ ਕਰਕੇ ਪ੍ਰੇਸ਼ਾਨ ਹੋਵੇ। ਜੇ ਸਬਰ ਨਹੀਂ ਤਾਂ ਪਰਮਾਤਮਾ ਅੱਗੇ ਅਰਦਾਸ ਕਰੋ ਕਿ ਮੇਰੇ ਅੰਦਰ ਸਹਿਣਸ਼ੀਲਤਾ ਵਾਲੇ ਗੁਣ ਹੋਣ। ਕਈ ਵਾਰ ਅਸੀਂ ਦੇਖਦੇ ਹਨ ਕਿ ਜੋ ਵਿਅਕਤੀ ਜ਼ਿਆਦਾ ਬੋਲਦਾ ਹੈ ਘਰ ਵਿੱਚ ਅਕਸਰ ਉਹ ਲੜਾਈ ਝਗੜਾ ਵੀ ਕਰਦਾ ਹੈ ।ਅਜਿਹੇ ਇਨਸਾਨ ਦੇ ਤਾਂ ਕੋਈ ਕੋਲ ਵੀ ਨਹੀਂ ਖੜਦਾ । ਕਈ ਲੋਕ ਦੇਖਣ ਨੂੰ ਬਹੁਤ ਵਧੀਆ ਹੁੰਦੇ ਹਨ ਤੇ ਪਹਿਰਾਵਾ ਵੀ ਬਹੁਤ ਆਕਰਸ਼ਕ ਹੁੰਦਾ ਹੈ ।ਪਰ ਜ਼ੁਬਾਨ ਇੰਨੀ ਕੜਵੀ ਹੁੰਦੀ ਹੈ ਕਿ ਗੱਲ ਕਰਨ ਨੂੰ ਦਿਲ ਨਹੀਂ ਕਰਦਾ ।ਕਈ ਲੋਕ ਤਾਂ ਬਿਲਕੁਲ ਹੀ ਘੱਟ ਬੋਲਦੇ ਹਨ ।ਅਜਿਹੇ ਲੋਕਾਂ ਦੀਆਂ ਅੱਖਾਂ ਹੀ ਬਹੁਤ ਕੁਝ



ਕਹਿ ਜਾਂਦੀਆਂ ਹਨ ।ਅਜਿਹੇ ਲੋਕਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਦਾ ਹੈ। ਬੋਲੋ ਪਰ ਉੱਥੇ ਬੋਲੋ ਜਿੱਥੇ ਤੁਹਾਡੀ ਜ਼ਰੂਰਤ ਹੈ। ਕਈ ਲੋਕ ਜਦੋਂ ਜ਼ਰੂਰਤ ਵੀ ਨਹੀਂ ਹੁੰਦੀ। ਬੋਲਣਾ ਹੀ ਸ਼ੁਰੂ ਕਰ ਦਿੰਦੇ ਹਨ ਤੇ ਫਿਰ ਲੋਕ ਉਨਾਂ ਦੀ ਉਡੀਕ ਕਰਦੇ ਹਨ ਕਿ ਇਹ ਲੋਕ ਕਦੋਂ ਚੁੱਪ ਕਰਨਗੇ।

ਸਾਡਾ ਸਮਾਜ ਵਿੱਚ ਕਈ ਅਜਿਹੀਆਂ ਸ਼ਖਸੀਅਤਾਂ ਨਾਲ ਵਾਹ ਪੈਂਦਾ ਹੈ ਕਿ ਜੋ ਬਹੁਤ ਹੀ ਘੱਟ ਬੋਲਦੀਆਂ ਹਨ, ਉਹ ਦੂਜਿਆਂ ਨੂੰ ਜ਼ਿਆਦਾ ਧਿਆਨ ਨਾਲ ਸੁਣਦੇ ਹਨ । ਅਸੀਂ ਆਮ ਦੇਖਦੇ ਹਨ ਕਿ ਜਦੋਂ ਅਸੀਂ ਕੋਈ ਕੰਮ ਕਾਜ ਲਈ ਸਰਕਾਰੀ ਦਫਤਰਾਂ ਚ ਜਾਂਦੇ ਹਨ ਤੇ ਉੱਥੇ ਉੱਚ ਕੋਟੀ ਦੇ ਅਧਿਕਾਰੀ ਬਹੁਤ ਘੱਟ ਬੋਲਦੇ ਹਨ। ਉਹ ਅੱਖਾਂ ਅੱਖਾਂ ਨਾਲ ਹੀ ਬਹੁਤ ਕੁਝ ਸਮਝਾ ਜਾਂਦੇ ਹਨ । ਜੇ ਤੁਸੀਂ ਚਾਹੁੰਦੇ ਹੋ ਕਿ ਸਾਡੇ ਦੋਸਤ ,ਕਰੀਬੀ ਰਿਸ਼ਤੇਦਾਰ ਸਾਡੀ ਕਦਰ ਕਰਨ ਤਾਂ ਹਲੀਮੀ ਨਾਲ ਬੋਲੋ ਤਾਂ ਹੀ ਜ਼ਿੰਦਗੀ ਨੂੰ ਖੁਸ਼ਹਾਲ ਤਰੀਕੇ ਨਾਲ ਜੀਅ ਸਕਦੇ ਹਨ ।ਇਸੇ ਤਰਾਂ ਜੇ ਖਾਣ ਦੀ ਗੱਲ ਕਰੀਏ ਜਿੰਨਾ ਅਸੀਂ ਘੱਟ ਖਾਵਾਂਗੇ ਉਨਾਂ ਅਸੀ ਵਧੀਆ ਰਹਾਂਗੇ ।ਸਾਨੂੰ ਕਦੇ ਵੀ ਡਾਕਟਰਾਂ ਕੋਲ ਨਹੀਂ ਜਾਣਾ ਪਵੇਗਾ ।ਕਿਸੇ ਨੇ ਠੀਕ ਹੀ ਕਿਹਾ ਹੈ ਕਿ "ਖਾਣ ਲਈ ਨਾ ਜੀਓ, ਜੀਣ ਲਈ ਖਾਓ" ।ਅਕਸਰ ਅਸੀਂ ਦੇਖਦੇ ਹਨ ਕਿ ਵਿਆਹਾਂ,ਹੋਰ ਪ੍ਰੋਗਰਾਮਾਂ ਵਿੱਚ ਲੋਕ ਖਾਣੇ ਤੇ ਟੁੱਟ ਕੇ ਪੈਂਦੇ ਹਨ। ਪੇਟ ਨੂੰ ਕੂੜੇ ਕਚਰੇ ਦਾ ਢੇਰ ਹੀ ਬਣਾ ਲੈਂਦੇ ਹਨ। ਇਸ ਤਰਾਂ ਬੇਸਬਰੀਆਂ ਦੀ ਤਰਾਂ ਖਾਂਦੇ ਹਨ ਕਿ ਜਿਵੇਂ ਕਦੇ ਦੇਖਿਆ ਨਾ ਹੋਵੇ। ਫਿਰ ਕਹਿੰਦੇ ਰਹਿੰਦੇ ਹਨ ਗੈਸ ਬਣ ਗਈ ,ਪੇਟ ਨੂੰ ਆਫਰਾਂ ਆ ਗਿਆ, ਤੇਜ਼ਾਬ ਬਣ ਰਿਹਾ ਹੈ,ਖੱਟੇ ਡਕਾਰ ਆ ਰਹੇ ਹਨ ।ਭਲੇ ਮਾਨਸੋ !ਜੇ ਪੁੱਛਿਆ ਜਾਵੇ ਪੇਟ ਤਾਂ ਤੁਹਾਡਾ ਹੀ ਸੀ ਕਿਉਂ ਬੇਸਬਰਾ ਦੀ ਤਰਾਂ ਖਾਂਦੇ ਹੋ। ਅਕਸਰ ਅਜਿਹਾ ਉਹੀ ਲੋਕ ਕਰਦੇ ਹਨ ਜੋ ਆਪਣੇ ਘਰਾਂ ਵਿੱਚ ਖਾਣ ਪੀਣ ਲਈ ਚੀਜ਼ਾਂ ਨਹੀਂ ਲਿਆਉਂਦੇ। ਬੱਸ ਵਿਆਹਾਂ ਹੋਰ ਪ੍ਰੋਗਰਾਮਾਂ ਦੀ ਉਡੀਕ ਹੀ ਕਰਦੇ ਰਹਿੰਦੇ ਹਨ ,ਕੀ ਕਦੋਂ ਕੋਈ ਪ੍ਰੋਗਰਾਮ ਆਵੇ ਤੇ ਉੱਥੇ ਰੱਜ ਕੇ ਪੇਟ ਭਰ ਖਾਈਏ ।ਅੱਜ ਕੱਲ ਤਾਂ ਵੈਸੇ ਹਰੇਕ ਚੀਜ ਮਿਲਾਵਟ ਵਾਲੀ ਹੈ ।ਬੜੇ ਸੋਚ ਸਮਝ ਕੇ ਹੀ ਖਾਣਾ ਚਾਹੀਦਾ ਹੈ।ਸਵੇਰ ਦਾ ਨਾਸ਼ਤਾ ਭਾਰੀ ਕਰਨਾ ਚਾਹੀਦਾ ਹੈ ।ਭਾਵ ਰਾਜੇ ਮਹਾਰਾਜਿਆਂ ਵਾਲਾ ਸ਼ਾਹੀ ਖਾਣਾ ਖਾਣਾ ਚਾਹੀਦਾ ਹੈ, ਮਤਲਬ ਘਰ ਦਾ ਬਣਿਆ ਸਾਫ਼ ਸੁਥਰਾ ਖਾਣਾ ।ਦੁਪਹਿਰ ਦਾ ਖਾਣਾ ਉਸ ਤੋਂ ਹਲਕਾ ਖਾਣਾ ਚਾਹੀਦਾ ਹੈ। ਤੇ ਰਾਤ ਨੂੰ ਨਾ ਬਰਾਬਰ ਹੀ ਖਾਣਾ ਚਾਹੀਦਾ ਹੈ ,ਭਾਵ ਰਾਤ ਦਾ ਖਾਣਾ ਫਕੀਰ ਦੀ ਤਰਾਂ ਖਾਣਾ ਚਾਹੀਦਾ ਹੈ ।ਕਿਉਂਕਿ ਰਾਤ ਨੂੰ ਮੰਜੇ ਤੇ ਸੌਣਾ ਹੀ ਹੁੰਦਾ ਹੈ। ਫਿਰ ਕੀ ਫਾਇਦਾ ਅਸੀਂ ਰਾਤ ਨੂੰ ਪੇਟ ਭਰ ਕੇ ਖਾਵਾਂਗੇ ਤਾਂ ਫਿਰ ਵਧੀਆ ਨੀਂਦ ਵੀ ਨਹੀਂ ਆਵੇਗੀ ।ਸੋ ਘੱਟ ਬੋਲਣਾ ਅਤੇ ਘੱਟ ਖਾਣਾ ਕਦੇ ਵੀ ਨੁਕਸਾਨ ਨਹੀਂ ਕਰਦਾ ।

ਸ਼ਹਾਦਤ ’ਤੇ ਵਿਸ਼ੇਸ਼

# ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ

**- ਬਲਵਿੰਦਰਪਾਲ ਸਿੰਘ (ਪ੍ਰੋ.)**

ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਚੌਥੇ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ, ਦਾ ਪ੍ਰਕਾਸ਼ 15 ਅਪ੍ਰੈਲ, 1563 ਈਸਵੀ, ਵਿਚ ਮਾਤਾ ਭਾਨੀ ਜੀ ਦੀ ਕੁਖੋਂ ਗੋਇੰਦਵਾਲ ਵਿਖੇ ਹੋਇਆ। ਗੁਰੂ ਅਰਜਨ ਦੇਵ ਜੀ ਨੇ ਗੁਰ ਗੱਦੀ ’ਤੇ ਬੈਠਦੇ ਹੀ ਸਿੱਖ ਧਰਮ ਦੇ ਪ੍ਰਚਾਰ ਪਸਾਰ ਨੂੰ ਨਾਨਕ ਸਿਧਾਂਤ ਅਨੁਸਾਰ ਅੱਗੇ ਚਲਾਇਆ। ਉਨਾਂ ਨੇ ਸਭ ਤੋਂ ਪਹਿਲਾਂ 1589 ਈ. ਨੂੰ ਗੁਰੂ ਪਿਤਾ ਰਾਮਦਾਸ ਜੀ ਵੱਲੋਂ ਤਿਆਰ ਕੀਤੇ ਅੰਮ੍ਰਿਤ-ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਦੀ ਸਥਾਪਨਾ ਕੀਤੀ ਅਤੇ ਪਵਿੱਤਰ ਹਰਿਮੰਦਰ ਦੀ ਨੀਂਹ ਸਾਈਂ ਮੀਆਂ ਮੀਰ ਕੋਲੋਂ ਰਖਵਾਈ। ਗੁਰੂ ਸਾਹਿਬ ਦਾ ਇਹ ਕਦਮ ਜਾਤੀਵਾਦ ਤੇ ਨਸਲਵਾਦ ਨੂੰ ਤੋੜਨ ਵਾਲਾ ਸੀ, ਉਥੇ ਸਦੀਆਂ ਤੋਂ ਹਿੰਦੂ ਧਰਮ ਦੇ ਵਰਣ-ਆਸ਼ਰਮ ਦੁਆਰਾ ਕੀਤੀ ਜਾਂਦੀ ਮਨੁੱਖਤਾ ਪ੍ਰਤੀ ਨ਼ਫਰਤ ਵਿਰੁੱਧ ਵੰਗਾਰ ਵੀ ਸੀ। ਹਰਿਮੰਦਰ ਦੇ ਚਾਰੇ ਪਾਸੇ ਦਰਵਾਜ਼ੇ ਇਸ ਗੱਲ ਦੇ ਸੂਚਕ ਸਨ ਕਿ ਏਥੇ ਬਿਨਾਂ ਰੰਗ-ਜਾਤ ਭੇਦ ਤੋਂ ਸਭ ਨੂੰ ਗਲੇ ਲਗਾਇਆ ਜਾਵੇਗਾ। ਸਿੱਟੇ ਵਜੋਂ ਆਮ ਭਾਰਤੀ ਪੀੜਤ ਜਨਤਾ ਨੂੰ ਪਹਿਲੀ ਵਾਰ ਇਸ ਸਾਂਝੀਵਾਲਤਾ ਦੇ ਸੁਨੇਹੇ ਕਾਰਨ ਅਹਿਸਾਸ ਜਾਗਿਆ ਕਿ ਉਹ ਮਨੁੱਖ ਹੋਣ ਦੇ ਨਾਤੇ ਧਾਰਮਿਕ ਅਸਥਾਨ ’ਤੇ ਵੀ ਜਾ ਸਕਦੇ ਹਨ ਅਤੇ ਅਕਾਲ ਪੁਰਖ ਦਾ ਨਾਮ ਜਪਣ ਦੇ ਅਧਿਕਾਰੀ ਵੀ ਹਨ। ਮਨੂਸਿਮਰਤੀ ਪਰੰਪਰਾ ਅਨੁਸਾਰ ਸ਼ੂਦਰਾਂ ਨੂੰ ਰੱਬ ਦਾ ਨਾਮ ਜਪਣ ਪੜਨ ਲਿਖਣ, ਧਰਮ ਗ੍ਰੰਥ ਦੇ ਦਰਸ਼ਨ ਕਰਨ ਦਾ ਅਧਿਕਾਰ ਨਹੀਂ ਸੀ। ਉਨਾਂ ਨਾਲ ਗੁਲਾਮਾਂ ਵਾਲਾ ਵਿਹਾਰ ਕੀਤਾ ਜਾਂਦਾ ਸੀ।

ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਧਿਆਨ ਵਿਚ ਰੱਖੇ ਪੈਮਾਨੇ ਨੇ ਉਸ ਵੇਲੇ ਦੇ ਨਸਲ ਭੇਦ ਵਿਚ ਉਲਝੇ ਸਮਾਜ ਲਈ ਜਿਥੇ ਇੱਕ ਚੁਣੌਤੀ ਖੜੀ ਕਰ ਦਿੱਤੀ ਸੀ, ਉਥੇ ਸਰਬੱਤ ਦੇ ਭਲੇ ਦਾ ਮਹਾਨ ਰੂਹਾਨੀ ਮਾਡਲ ਵੀ ਸਾਹਮਣੇ ਲੈ ਆਂਦਾ ਸੀ। ਇਹ ਸਾਂਝੀਵਾਲਤਾ ਦਾ ਪੈਗਾਮ ਨਾ ਕੱਟੜ ਹਿੰਦੂਆਂ ਨੂੰ ਹਜ਼ਮ ਹੋਇਆ ਨਾ ਕੱਟੜ ਮੁਸਲਮਾਨਾਂ ਨੂੰ। ਇਸ ਗ੍ਰੰਥ (ਬੀੜ) ਨੂੰ ਲਿਖਣ ’ਤੇ ਕਈ ਈਰਖਾਲੂਆਂ ਨੇ ਵਿਰੋਧਤਾ ਕੀਤੀ। ਉਨਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਵੀ ਇਸ ਦੀ ਵਿਰੋਧਤਾ ਕੀਤੀ। ਆਦਿ ਗ੍ਰੰਥ ਵਿੱਚ ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਵਰਗੇ ਕਵੀਆਂ ਦਾ ਕਲਾਮ ਸ਼ਾਮਲ ਨਾ ਕੀਤਾ ਗਿਆ। ਇਸ ਕਾਰਨ ਉਨਾਂ ਮੌਜੂਦਾ ਸੱਤਾਧਾਰੀ ਹਕੂਮਤ ਦੇ ਮਾਲਕ ਜਹਾਂਗੀਰ ਦੇ ਕੰਨ ਭਰੇ ਕਿ ਇਸ ਵਿੱਚ ਕੁਝ ਗੱਲਾਂ ਇਸਲਾਮ ਵਿਰੋਧੀ ਹਨ। ਜਹਾਂਗੀਰ ਨੇ ਇਸ ਗ੍ਰੰਥ ਦੇ ਕਈ ਪੰਨੇ ਪੜਾ ਕੇ ਵੇਖੇ ਪਰ ਉਸ ਨੂੰ ਕਿਤੇ ਵੀ ਇਸਲਾਮ ਧਰਮ ਦੇ ਵਿਰੁੱਧ ਕੋਈ ਚਿੰਨ ਨਾ ਮਿਲਿਆ। ਸਭ ਤੋਂ ਜ਼ਿਆਦਾ ਕੱਟੜ ਮੁਸਲਮਾਨ ਵਜ਼ੀਰ ਸ਼ੇਖ ਅਹਿਮਦ ਤੇ ਸ਼ੇਖ ਫ਼ਰੀਦ ਬੁਖਾਰੀ ਨੇ ਇਸ ਗ੍ਰੰਥ ਦੀ ਸਭ ਤੋਂ ਵੱਧ ਵਿਰੋਧਤਾ ਕੀਤੀ। ਜਹਾਂਗੀਰ ਨੂੰ ਸਭ ਤੋਂ ਜ਼ਿਆਦਾ ਉਨਾਂ ਨੇ ਭੜਕਾਇਆ।

ਗੁਰੂ ਅਰਜਨ ਦੇਵ ਜੀ ਦੋਵੇਂ ਵੱਡੇ ਭਰਾਵਾਂ ਪ੍ਰਿਥੀ ਚੰਦ ਅਤੇ ਮਹਾਂਦੇਵ ਜੀ ਨੂੰ ਬੇਹੱਦ ਪਿਆਰ ਅਤੇ ਸਤਿਕਾਰ ਦਿੰਦੇ ਸਨ, ਪਰ ਪ੍ਰਿਥੀਚੰਦ ਸਤਿਕਾਰ ਨੂੰ ਅੱਖੋਂ ਓਹਲੇ ਕਰ ਇਨਾਂ ਪ੍ਰਤੀ ਨ਼ਫਰਤ ਦਾ ਪ੍ਰਗਟਾਅ ਕਰਦਾ ਰਹਿੰਦਾ ਤੇ ਗੁਰਗੱਦੀ ’ਤੇ ਕਬਜ਼ਾ ਕਰਨਾ ਚਾਹੁੰਦਾ ਸੀ। ਗੁਰ ਗੱਦੀ ਗੁਰੂ ਅਰਜਨ ਦੇਵ ਜੀ ਨੂੰ ਮਿਲਣ ’ਤੇ ਉਹ ਗੁਰੂ ਸਾਹਿਬ ਨਾਲ ਈਰਖਾ ਕਰਨ ਲੱਗ ਪਿਆ। ਪ੍ਰਿਥੀ ਚੰਦ ਨੇ ਗੁਰ ਗੱਦੀ ਹਾਸਲ ਕਰਨ ਲਈ ਹਰ ਤਰੀਕਾ ਵਰਤਿਆ ਮਸੰਦਾਂ ਤੇ ਰਾਜ ਦੇ ਅਫਸਰਾਂ ਨੂੰ ਲਾਲਚ ਦੇ ਕੇ ਆਪਣੇ ਹੱਕ ਵਿਚ ਕਰਨ ਲਈ ਹਰ ਹੀਲਾ ਕੀਤਾ, ਪਰ ਸਫਲਤਾ ਨਾ ਮਿਲੀ। ਪ੍ਰਿਥੀ ਚੰਦ ਨੇ ਸੁਲਹੀ ਖ਼ਾਨ ਜੋ ਬਾਦਸ਼ਾਹ ਅਕਬਰ ਦਾ ਮੁਲਾਜ਼ਮ ਸੀ, ਨੂੰ ਗੁਰੂ ਅਰਜਨ ਦੇਵ ਜੀ ਨੂੰ ਧਮਕਾਉਣ ਲਈ ਮਨਾ ਲਿਆ। ਉਹ ਪ੍ਰਿਥੀ ਚੰਦ ਦੇ ਚੁੱਕਣ ਉਤੇ ਕਰ ਵਸੂਲਣ ਦੇ ਬਹਾਨੇ ਅੰਮ੍ਰਿਤਸਰ ਵਲ ਵਧਿਆ। ਰਾਤ ਉਹ ਪ੍ਰਿਥੀ ਚੰਦ ਕੋਲ ਰੁਕ ਗਿਆ। ਪਰ ਸਵੇਰੇ ਪ੍ਰਿਥੀ ਚੰਦ ਦੇ ਭੱਠੇ ਦੀ ਅੱਗ ਵਿਚ ਸੜ ਕੇ ਮਰ ਗਿਆ। ਪ੍ਰਿਥੀ ਚੰਦ ਹੁਣ ਇਸ ਆਸ ਵਿਚ ਸੀ ਕਿ ਗੁਰੂ ਅਰਜਨ ਦੇਵ ਦੇ ਘਰ ਕੋਈ ਸੰਤਾਨ ਨਹੀਂ ਸੀ। ਇਸ ਕਰਕੇ ਗੁਰ-ਗੱਦੀ ਮੁੜ ਕੇ ਉਸ ਦੇ ਘਰ ਵਿਚ ਆ ਜਾਵੇਗੀ। ਪਰ ਉਸ ਦੀ ਇਸ ਆਸ ’ਤੇ ਪਾਣੀ ਫਿਰ ਗਿਆ ਜਦੋਂ 1595 ਈ. ਨੂੰ ਬਾਲ ਹਰਿਗੋਬਿੰਦ ਦਾ ਜਨਮ ਹੋ ਗਿਆ। ਪ੍ਰਿਥੀ ਚੰਦ ਨੇ ਅੰਤਿਮ ਦਾਅ ਖੇਡਦਿਆਂ, ਦਾਈ ਰਾਹੀਂ ਬੱਚੇ ਨੂੰ ਜ਼ਹਿਰ ਦੇਣ ਦੀ ਕੋਸ਼ਿਸ਼ ਕੀਤੀ ਪਰ ਉਸ ਦੀ ਚਾਲ ਪੂਰੀ ਨਾ ਹੋਈ। ਸੱਪ ਤੋਂ ਡਸਾਉਣ ਦੀ ਕੋਸ਼ਿਸ਼ ਵੀ ਅਸਫਲ ਰਹੀ। ਪ੍ਰਿਥੀਚੰਦ ਲਗਾਤਾਰ ਗੁਰੂ ਪਾਤਸ਼ਾਹ ਦੀ ਸ਼ਿਕਾਇਤ ਮੁਗਲ ਦਰਬਾਰੇ ਭੇਜਦਾ ਰਿਹਾ। ਅਕਬਰ ਤੱਕ ਉਸਦੀ ਕੋਈ ਚਾਲ ਸਫਲ ਨਾ ਹੋਈ ਪਰ ਜਹਾਂਗੀਰ ਦੇ ਗੱਦੀ ’ਤੇ ਬੈਠਣ ਨਾਲ ਸਮਾਂ ਉਸ ਵਲ ਤਬਦੀਲ ਹੋਣ ਲੱਗਾ। ਜਹਾਂਗੀਰ ਕੱਟੜ ਸੁੰਨੀ ਮੁਸਲਮਾਨ ਸੀ ਅਤੇ ਗੈਰ-ਮੁਸਲਮਾਨਾਂ ਨੂੰ ਸਖਤ ਨ਼ਫਰਤ ਕਰਦਾ ਸੀ। ਉਸ ਨੇ ਆਪਣੀ ਧਾਰਮਿਕ ਨੀਤੀ ਅਜਿਹੀ ਬਣਾਈ ਜਿਹੜੀ ਗੈਰ-ਮੁਸਲਿਮ ਧਰਮੀਆਂ ਲਈ ਸਮੱਸਿਆ ਬਣਨੀ ਹੀ ਸੀ ਅਤੇ ਇਸ ਗੱਲ ਦਾ ਪ੍ਰਗਟਾਵਾ ਉਸ ਨੇ ਖੁਦ ਆਪਣੀ ਸਵੈ-ਜੀਵਨੀ ਤੁਜ਼ਕੇ-ਜਹਾਂਗੀਰੀ ਵਿਚ ਕੀਤਾ ਹੋਇਆ ਹੈ। ਉਹ ਲਿਖਦਾ ਹੈ:

“ਗੋਇੰਦਵਾਲ ਜੋ ਬਿਆਸ ਦਰਿਆ ਦੇ ਕੰਢੇ ਤੇ ਹੈ ਪੀਰ ਦਾ ਭੇਸ ਧਾਰ ਕੇ ਅਰਜਨ ਮਲ ਨਾਂ ਦਾ ਇਕ ਹਿੰਦੂ ਰਹਿੰਦਾ ਹੈ। ਉਸ ਨੇ ਆਪਣੇ ਤੌਰ- ਤਰੀਕਿਆਂ ਨਾਲ ਬਹੁਤ ਸਾਰੇ ਹਿੰਦੂਆਂ ਅਤੇ ਇਸਲਾਮ ਦੇ ਜਾਹਲ ਤੇ ਮੂਰਖ ਲੋਕਾਂ ਉਤੇ ਡੋਰੇ ਪਾ ਰੱਖੇ ਹਨ। ਉਸ ਨੇ ਮਹਾਨ ਅਧਿਆਤਮਕ ਅਤੇ ਸੰਸਾਰਿਕ ਨੇਤਾ ਹੋਣ ਦਾ ਢੌਂਗ ਰਚਾ ਰੱਖਿਆ ਹੈ। ਉਹ ਉਸ ਨੂੰ ਗੁਰੂ ਕਹਿੰਦੇ ਹਨ ਅਤੇ ਹਰ ਪਾਸੇ ਤੋਂ ਮੂਰਖ ਲੋਕ ਉਸ ਦੀ ਪੂਜਾ ਕਰਨ ਲਈ ਆਉਂਦੇ ਹਨ ਤੇ ਉਸ ਪ੍ਰਤੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਨ। ਤਿੰਨ ਜਾਂ ਚਾਰ ਪੀੜੀਆਂ ਤੋਂ ਉਨਾਂ ਦੀ ਇਹ ਝੂਠ ਦੀ ਦੁਕਾਨ ਸਰਗਰਮ ਹੈ। ਬਹੁਤ ਚਿਰ ਤੋਂ ਮੇਰੇ ਮਨ ਵਿੱਚ ਇਹ ਵਿਚਾਰ ਆ ਰਿਹਾ ਹੈ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰ ਦੇਵਾਂ ਜਾਂ ਇਸਲਾਮ ਦੇ ਝੰਡੇ ਥੱਲੇ ਲੈ ਆਵਾਂ।”

ਉਪਰੋਕਤ ਤੋਂ ਸਪਸ਼ਟ ਹੈ ਕਿ ਗੁਰੂ ਜੀ ਦਾ ਰਸੂਖ਼ ਬਹੁਤ ਵਧ ਰਿਹਾ ਸੀ। ਹਿੰਦੂ ਅਤੇ ਮੁਸਲਮਾਨ ਦੋਵੇਂ ਹੀ ਸਿੱਖ ਬਣ ਰਹੇ ਸਨ। ਇਸਲਾਮੀ ਰਾਜ ਵਿਚ ਮੁਸਲਮਾਨ ਦਾ ਧਰਮ ਬਦਲਣਾ ਬਹੁਤ ਵੱਡਾ ਗੁਨਾਹ ਹੈ, ਇਹ ਗੁਨਾਹ ਭਾਵੇਂ ਛੋਟੇ ਪੈਮਾਨੇ ’ਤੇ ਹੋਵੇ, ਗੁਰੂ ਪਾਤਸ਼ਾਹ ਕਰ ਰਹੇ ਸਨ। ਇਸ ਕਰਕੇ ਜਹਾਂਗੀਰ ਇਸ ‘ਦੁਕਾਨ’ ਨੂੰ ਬੰਦ ਕਰਨਾ ਚਾਹੁੰਦਾ ਸੀ, ਉਹ ਕੇਵਲ ਗੁਰੂ ਅਰਜਨ ਜੀ ਨੂੰ ਹੀ ਘ੍ਰਿਣਾ ਨਹੀਂ ਸੀ ਕਰਦਾ, ਸਗੋਂ ਚਾਰ ਪੀੜੀਆਂ ਤੋਂ ਚਲੀ ਆ ਰਹੀ ਗੁਰ-ਗੱਦੀ ਨੂੰ ਵੀ ‘ਝੂਠ ਦੀ ਦੁਕਾਨ’ ਸਮਝਦਾ ਸੀ। ਪਰ ਉਸ ਨੇ ਆਪਣੀ ਇਹ ਰਾਏ ਮੁੱਲਾਂ- ਮੁਲਾਣਿਆਂ ਜਾਂ ਗੁਰੂ-ਨਿੰਦਕਾਂ ਤੇ ਜਾਤੀਵਾਦੀ ਲੋਕਾਂ ਤੋਂ ਸੁਣ-ਸੁਣ ਕੇ ਹੀ ਬਣਾਈ ਸੀ। ਨਕਸ਼ਬੰਦੀ ਸਿਲਸਿਲੇ ਦਾ ਰੋਲ ਬਹੁਤ ਹੀ ਨਾਂਹ- ਪੱਖੀ ਸੀ ਅਤੇ ਇਸ ਸਿਲਸਿਲੇ ਦੇ ਮੁਖੀ ਸ਼ੇਖ ਅਹਿਮਦ ਸਰਹਿੰਦੀ ਨੇ ਪੰਚਮ ਪਾਤਸ਼ਾਹ ਹਜ਼ੂਰ ਅਤੇ ਨੌਵੇਂ ਪਾਤਸ਼ਾਹ ਹਜ਼ੂਰ ਦੀ ਸ਼ਹਾਦਤ ਲਈ ਅਹਿਮ ਭੂਮਿਕਾ ਨਿਭਾਈ। ਅਕਬਰ ਦਾ ਦੀਨ-ਈਲਾਹੀ, ਹਿੰਦੂਆਂ ਨਾਲ ਵਿਆਹ ਸਬੰਧ ਅਤੇ ਉਨਾਂ ਦੇ ਤਿਥਾਂ ਤਿਉਹਾਰਾਂ ਵਿਚ ਉਸ ਦੀ ਸ਼ਮੂਲੀਅਤ ਨੂੰ ਉਹ ਇਸਲਾਮ ਵਾਸਤੇ ਖਤਰਾ ਸਮਝਦਾ ਸੀ। ਸ਼ੇਖ ਅਹਿਮਦ ਸਰਹਿੰਦੀ ਲਿਖਦਾ ਹੈ:

ਕਾਫਰਾਂ ਨੂੰ ਸਮਾਜ ਵਿਚ ਸ਼ਾਮਲ ਕਰਨਾ, ਆਪਣੇ ਨਾਲ ਬਠਾਉਣਾ ਤੇ ਇਨਾਂ ਨਾਲ ਗੱਲਬਾਤ ਕਰਨਾ ਵੀ ਇਕ ਤਰਾਂ ਨਾਲ ਉਨਾਂ ਦੀ ਇੱਜ਼ਤ ਕਰਨ ਦੇ ਤੁੱਲ ਹੈ, ਜੋ ਨਹੀਂ ਹੋਣੀ ਚਾਹੀਦੀ। ਸੱਚ ਤਾਂ ਇਹ ਹੈ ਕਿ ਇਨਾਂ ਕਾਫਰਾਂ ਨੂੰ ਕੁੱਤਿਆਂ ਦੀ ਤਰਾਂ ਦੂਰੇ-ਦੂਰੇ ਕਰਦੇ ਰਹਿਣਾ ਚਾਹੀਦਾ ਹੈ। ਇਸਲਾਮੀ ਰਾਜ ਵਿਚ ਕਾਫਰ ਧਰਮ ਦਾ ਪ੍ਰਕਾਸ਼ ਨਕਸ਼ਬੰਦੀਆਂ ਲਈ ਕਿਆਮਤ ਦੇ ਦਿਨਾਂ ਵਰਗਾ ਸੀ। ਪਰ ਅਕਬਰ ਦੀ ਨੀਤੀ ਕਾਰਨ ਉਹ ਕੁਝ ਵੀ ਕਰਨ ਤੋਂ ਅਸਮਰਥ ਸਨ। 1605 ਈਸਵੀ ਨੂੰ ਹਿੰਦੁਸਤਾਨ ਦੇ ਬਾਦਸ਼ਾਹ ਅਕਬਰ ਦੀ ਮੌਤ ਹੋ ਜਾਂਦੀ ਹੈ ਅਤੇ ਜਹਾਂਗੀਰ ਗੱਦੀ-ਨਸ਼ੀਨ ਹੁੰਦਾ ਹੈ। ਜਹਾਂਗੀਰ ਨਕਸ਼ਬੰਦੀਆਂ ਦੇ ਪ੍ਰਭਾਵ ਹੇਠ ਸੀ ਕਿਉਂਕਿ ਗੱਦੀ ਹਾਸਲ ਕਰਨ ਵਿਚ ਨਕਸ਼ਬੰਦੀਆਂ ਨੇ ਅਹਿਮ ਰੋਲ ਅਦਾ ਕੀਤਾ ਸੀ। ਇਸ ਲਈ ਇਨਾਂ ਦੇ ਪ੍ਰਭਾਵ ਨੂੰ ਗ੍ਰਹਿਣ ਕਰਦਿਆਂ ਉਸ ਨੇ ਕੱਟੜਪੁਣੇ ਦੀ ਤਲਵਾਰ ਨੂੰ ਸਿੱਖ ਧਰਮ ਵਿਰੁਧ ਤੇਜ਼ ਕਰ ਦਿੱਤਾ। ਇਕ ਫਤਵਾ ਉਦਾਹਰਣ ਲਈ ਪੇਸ਼ ਹੈ:

ਅੱਲਾ ਬਿਨਾਂ ਹੋਰ ਕੋਈ ਖੁਦਾ ਨਹੀਂ ਅਤੇ ਮੁਹੰਮਦ ਸਾਹਿਬ ਹੀ ਅੱਲਾ ਦਾ ਸੁਨੇਹਾ ਦੇਣ ਵਾਲਾ ਪੈਬੰਗਰ ਹੈ। ਇਸ ਕਲਮੇ ’ਤੇ ਯਕੀਨ ਰੱਖਣ ਵਾਲਾ ਮੋਮਿਨ (ਇਮਾਨਵਾਲਾ) ਅਤੇ ਇਸ ਨੂੰ ਨਾ ਮੰਨਣ ਵਾਲਾ ਕਾਫ਼ਰ ਹੈ। ਅੱਲਾਹ ਦੀ ਸ਼ਾਨ ਨੂੰ ਰੁਸ਼ਨਾਉਣ ਲਈ ਮੋਮਿਨ ਦਾ ਫਰਜ਼ ਹੈ ਕਿ ਉਹ ਕਾਫ਼ਰਾਂ ਦੀ ਹਥਿਆਰਬੰਦ (ਦਾਰੁਲਾ ਹਰਬ) ਦੁਨੀਆਂ ਨੂੰ ਸ਼ਾਂਤੀ ਦੀ ਦੁਨੀਆਂ (ਦਾਰੁਲ-ਇਸਲਾਮ) ਵਿਚ ਤਬਦੀਲ ਕਰਨ ਲਈ ਧਰਮ ਯੁੱਧ (ਜਹਾਦ) ਕਰਨ। ਇੱਥੋਂ ਤਕ ਕਿ ਉਹ ਕਾਦਰੀ ਸਿਲਸਿਲੇ ਦੇ ਉਸ ਵੇਲੇ ਦੇ ਮੁਖੀ ਸਾਈ ਮੀਆਂ ਮੀਰ ਨੂੰ ਵੀ ਸਖਤ ਨ਼ਫਰਤ ਦੀ ਨਿਗਾਹ ਨਾਲ ਵੇਖਦਾ ਸੀ ਕਿਉਂਕਿ ਉਹ ਗੁਰੂ ਅਰਜਨ ਦੇਵ ਜੀ ਨੂੰ ਰੱਬੀ ਰੂਹ ਦੇ ਤੌਰ ’ਤੇ ਮਾਨਤਾ ਦਿੰਦਾ ਸੀ।

ਖ਼ੁਸਰੋ ਜਹਾਂਗੀਰ ਦਾ ਸਭ ਤੋਂ ਵੱਡਾ ਬੇਟਾ ਸੀ ਤੇ ਆਪਣੇ ਦਾਦੇ ਅਕਬਰ ਵਾਂਗ ਸਹਿਨਸ਼ੀਲ ਮਨੁੱਖ ਸੀ। ਪਰ ਇਹ ਸਹਿਨਸ਼ੀਲਤਾ ਉਸ ਲਈ ਸਮੱਸਿਆ ਬਣ ਗਈ, ਅਕਬਰ ਜਦੋਂ ਬਿਮਾਰੀ ਦੀ ਹਾਲਤ ਵਿਚ ਮੌਤ ਦੀਆਂ ਘੜੀਆਂ ਗਿਣ ਰਿਹਾ ਸੀ ਤਾਂ ਉਸ ਦੀ ਪ੍ਰਬਲ ਇੱਛਾ ਸੀ ਕਿ ਰਾਜਗੱਦੀ ਉਸ ਦੇ ਪੁੱਤਰ ਦੀ ਥਾਂ ਪੋਤਰੇ ਨੂੰ ਦਿੱਤੀ ਜਾਵੇ, ਕਿਉਂਕਿ ਉਹ ਜਹਾਂਗੀਰ ਦੇ ਹਠੀ ਸੁਭਾਅ ਅਤੇ ਉਸ ਨਾਲ ਜੁੜੇ ਹੋਏ ਕਟੜਪੰਥੀ ਟੋਲੇ ਦੀਆਂ ਚਾਲਾਂ ਨੂੰ ਪੂਰੀ ਤਰਾਂ ਸਮਝਦਾ ਸੀ। ਅਕਬਰ ਦੇ ਦਰਬਾਰ ਵਿਚ ਦੋ ਧਿਰਾਂ ਖੜੀਆਂ ਹੋ ਗਈਆਂ। ਜਿਨਾਂ ਵਿਚੋਂ ਕੁਝ ਜਹਾਂਗੀਰ ਦੀ ਪਿੱਠ ’ਤੇ ਸਨ ਅਤੇ ਕੁਝ ਖ਼ੁਸਰੋ ਦੀ ’ਤੇ। ਕੱਟੜਪੰਥੀਆਂ ਦੀ ਜਿੱਤ ਹੋਈ। ਅਕਬਰ ਦੀ ਮੌਤ ਦੇ ਨਾਲ ਹੀ ਜਹਾਂਗੀਰ ਹਿੰਦੁਸਤਾਨ ਦਾ ਬਾਦਸ਼ਾਹ ਐਲਾਨ ਕਰ ਦਿੱਤਾ। ਤਖਤ ’ਤੇ ਬੈਠਦਿਆਂ ਹੀ ਜਹਾਂਗੀਰ ਨੇ ਖ਼ੁਸਰੋ ਨੂੰ ਬਾਗੀ ਗਰਦਾਨ ਕੇ ਆਗਰੇ ਵਿਚ ਜੇਲ ਦੀਆਂ ਸਲਾਖਾਂ ਪਿਛੇ ਡੱਕ ਦਿੱਤਾ। ਇਕ ਦਿਨ ਖ਼ੁਸਰੋ ਨੇ ਬੇਨਤੀ ਕੀਤੀ ਕਿ ਉਹ ਆਪਣੇ ਦਾਦੇ ਦੀ ਕਬਰ ’ਤੇ ਸਿਜਦਾ ਕਰਨਾ ਚਾਹੁੰਦਾ ਹੈ। ਬੇਨਤੀ ਪਰਵਾਨ ਕਰ ਲਈ ਗਈ। ਖ਼ੁਸਰੋ ਜੇਲ ਵਿਚੋਂ ਬਾਹਰ ਆਇਆ। ਉਸ ਨੇ ਮਨ ਬਣਾਇਆ ਕਿ ਅਫਗਾਨਿਸਤਾਨ ਪਹੁੰਚ ਕੇ ਤਾਕਤ ਇਕੱਠੀ ਕੀਤੀ ਜਾਵੇ ਤੇ ਜਹਾਂਗੀਰ ਨੂੰ ਗੱਦੀ ਤੋਂ ਲਾਹ ਕੇ ਅਕਬਰ ਵਰਗੇ ਉਦਾਰ ਸ਼ਾਸਨ ਦੀ ਬਹਾਲੀ ਕੀਤੀ ਜਾਵੇ। ਜਹਾਂਗੀਰ ਵਿਰੁਧ ਬਗਾਵਤ ਕਰਦਿਆਂ ਉਹ ਅਫਗਾਨਿਸਤਾਨ ਵੱਲ ਜਾਂਦੇ ਹੋਏ ਰਸਤੇ ਵਿਚ ਉਹ ਗੋਇੰਦਵਾਲ ਰੁਕਿਆ। ਪਰ ਗੁਰੂ ਸਾਹਿਬ ਉੱਥੇ ਨਹੀਂ ਸਨ। ਜਲਦੀ ਹੀ ਜਹਾਂਗੀਰ ਦੀਆਂ ਫੌਜਾਂ ਨੇ ਉਸ ਨੂੰ ਗ੍ਰਿਫਤਾਰ ਕੀਤਾ ਅਤੇ ਉਸ ਦੇ ਪਿਤਾ ਦੇ ਸਨਮੁਖ ਪੇਸ਼ ਕਰ ਦਿੱਤਾ। ਜਹਾਂਗੀਰ ਨੇ ਉਸ ਦੇ ਸਾਥੀਆਂ ਨੂੰ ਮੌਤ ਦੀ ਸਜ਼ਾ ਸੁਣਾਈ ਅਤੇ ਖ਼ੁਸਰੋ ਨੂੰ ਅੰਨਿਆਂ ਕਰਕੇ ਕਤਲ ਕਰ ਦਿੱਤਾ ਗਿਆ। ਜਹਾਂਗੀਰ ਦੇ ਕੰਨ ਭਰੇ ਗਏ ਕਿ ਖ਼ੁਸਰੋ ਗੋਇੰਦਵਾਲ ਰੁਕਿਆ ਤੇ ਗੁਰੂ ਸਾਹਿਬ ਤੋਂ ਅਸ਼ੀਰਵਾਦ ਪ੍ਰਾਪਤ ਕੀਤਾ ਸੀ ਤਾਂ ਉਸ ਨੇ ਗੁਰੂ ਸਾਹਿਬ ਦੀ ਗ੍ਰਿਫਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਇਸ ਗੱਲ ਦਾ ਪ੍ਰਗਟਾਵਾ ਉਹ ਖੁਦ ਆਪਣੇ ਸਵੈ-ਜੀਵਨੀ ਵਿੱਚ ਕਰਦਾ ਹੋਇਆ ਲਿਖਦਾ ਹੈ:

ਉਹ ਫਕੀਰ ਮਨੁੱਖ ਨੇ ਖ਼ੁਸਰੋ ਨੂੰ ਪਨਾਹ ਦਿੱਤੀ। ਉਸ ਨੂੰ ਪੰਜ ਹਜ਼ਾਰ ਰੁਪਇਆ ਸਹਾਇਤਾ ਵਜੋਂ ਦਿੱਤਾ ਅਤੇ ਉਸ ਦੇ ਮੱਥੇ ’ਤੇ ਕੇਸਰ ਦਾ ਟਿਕਾ ਲਗਾਇਆ, ਜਿਸਨੂੰ ਹਿੰਦੁਸਤਾਨ ਦੀ ਧਰਤੀ ’ਤੇ ਜਿੱਤ ਦਾ ਪ੍ਰਤੀਕ ਮੰਨਿਆ ਜਾਂਦਾ ਹੈ। ਮੈਂ ਮੁਰਤਜਾ ਖਾਨ ਨੂੰ ਹੁਕਮ ਦਿੱਤਾ ਕਿ ਉਸ ਨੂੰ ਗ੍ਰਿਫਤਾਰ ਕਰਕੇ ਲਾਹੌਰ ਲਿਆਂਦਾ ਜਾਵੇ, ਉਸ ਦੀ ਸਾਰੀ ਜਾਇਦਾਦ ਜ਼ਬਤ ਕਰ ਲਈ ਜਾਵੇ ਅਤੇ ਉਸ ਨੂੰ ਤਸੀਹੇ ਦੇ ਕੇ ਮਾਰ ਦਿੱਤਾ ਜਾਵੇ।

ਦੂਜੇ ਪਾਸੇ ਚੰਦੂ ਸ਼ਾਹ, ਜੋ ਕਿ ਲਾਹੌਰ ਵਿੱਚ ਸੂਬੇ ਦਾ ਦੀਵਾਨ ਸੀ, ਗੁਰੂ ਜੀ ਨਾਲ ਵੈਰ ਰੱਖਦਾ ਸੀ ਤੇ ਬਦਲਾ ਲੈਣਾ ਚਾਹੁੰਦਾ ਸੀ। ਇਸ ਲਈ ਉਸ ਨੇ ਸ਼ੇਖ ਅਹਿਮਦ ਸਰਹੱਦੀ ਤੇ ਸ਼ੇਖ ਫ਼ਰੀਦ ਬੁਖਾਰੀ ਨਾਲ ਮਿਲ ਕੇ ਗੁਰੂ ਜੀ ਵਿਰੁੱਧ ਸਾਜ਼ਿਸ਼ਾਂ ਰਚੀਆਂ। ਚੰਦੂ ਨੇ ਮੁਗਲ ਹਕੂਮਤ ਦੇ ਹੁਕਮ ਤਹਿਤ ਤਿੰਨ ਰਾਤਾਂ ਤੇ ਦਿਨ ਜੂਨ ਦੀ ਕੜਕਦੀ ਧੁੱਪ ਵਿੱਚ ਉਨਾਂ ਨੂੰ ਤਸੀਹੇ ਦਿੱਤੇ ਗਏ। ਗੁਰੂ ਜੀ ਨੂੰ ਤਪਦੀ ਲੋਹ ’ਤੇ ਜਿਸ ਦੇ ਹੇਠਾਂ ਮਣਾਂ-ਮੂੰਹੀਂ ਬਾਲਣ ਡਾਹਿਆ ਗਿਆ, ਉੱਤੇ ਬਿਠਾ ਦਿੱਤਾ ਗਿਆ ਅਤੇ ਉੱਪਰੋਂ ਸੀਸ ਉੱਤੇ ਤੱਤਾ ਰੇਤਾ ਪਾਇਆ ਗਿਆ। 1606 ਈਸਵੀ ਵਿੱਚ ਜਹਾਂਗੀਰ ਦੇ ਹੁਕਮ ਨਾਲ ਉਨਾਂ ਨੂੰ ਰਾਵੀ ਦੇ ਕੰਢੇ ਲਿਜਾ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਦੀ ਯਾਦ ਵਿੱਚ ਹੁਣ ਉੱਥੇ ਗੁਰਦੁਆਰਾ ਡੇਰਾ ਸਾਹਿਬ ਬਣਿਆ ਹੋਇਆ ਹੈ। ਗੁਰੂ ਅਰਜਨ ਦੇਵ ਜੀ ਨੇ 30 ਰਾਗਾਂ ਵਿੱਚ ਬਾਣੀ ਰਚੀ। 1345 ਸ਼ਬਦ, 62 ਅਸ਼ਟਪਦੀਆਂ ਤੇ 62 ਛੰਦ। ਗੁਰੂ ਗ੍ਰੰਥ ਸਾਹਿਬ ਦੀਆਂ ਕੁੱਲ 22 ਵਾਰਾਂ ਵਿੱਚੋਂ 6 ਵਾਰਾਂ, ਗਾਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ, ਬਸੰਤ ਰਾਗਾਂ ਵਿੱਚ ਹਨ। ਸ਼ਬਦ ਮਾਹ ਵਿੱਚ ਬਾਰਹ ਮਾਹ, 14 ਪਉੜੀਆਂ ਦਿਸ ਰੈਣਿ। ਗੁਰੂ ਅਰਜਨ ਦੇਵ ਜੀ ਦੇ 277 ਸਲੋਕ ਹਨ। ਇਨਾਂ ਦੀਆਂ 6 ਵਾਰਾਂ ਦੀਆਂ ਕੁੱਲ 10 ਪਉੜੀਆਂ ਹਨ। ਕੁੱਲ 2312 ਸ਼ਬਦ ਹਨ।



**ਅਦਾਰਾ 'ਅੰਮ੍ਰਿਤਸਰ ਟਾਈਮਜ਼' ਵੱਲੋਂ ਆਪਣੇ ਪਾਠਕਾਂ ਲਈ ਸਿੱਖ ਧਰਮ ਦੇ ਬਾਨੀ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਲੇਖ ਲੜੀ ਸ਼ੁਰੂ ਕੀਤੀ ਗਈ ਹੈ। ਇਸ ਲੜੀ ਤਹਿਤ ਹਥਲਾ ਲੇਖ ਪਾਠਕਾਂ ਲਈ ਪੇਸ਼ ਕੀਤਾ ਜਾ ਰਿਹਾ ਹੈ - ਸੰਪਾਦਕ**

# ਗੁਰੂ ਨਾਨਕ ਚਿੰਤਨਧਾਰਾ ਵਿਚ ਕਿਰਤ ਦਾ ਸੰਕਲਪ

**- ਗੁਰਪ੍ਰੀਤ ਸਿੰਘ ਮੰਡ**

ਗੁਰੂ ਨਾਨਕ ਦੇਵ ਜੀ ਸੰਸਾਰ ਦੇ ਉਨਾਂ ਕ੍ਰਾਂਤੀਕਾਰੀ ਧਰਮ ਪ੍ਰਚਾਰਕਾਂ ਦੀ ਕਤਾਰ ਵਿਚ ਸਭ ਤੋਂ ਵਿਲੱਖਣ ਅਤੇ ਉਚੇਰਾ ਸਥਾਨ ਰੱਖਦੇ ਹਨ, ਜਿਨਾਂ ਨੇ 'ਲੋਕਾਈ ਦੀ ਭਲਾਈ' ਨੂੰ ਹੀ ਆਪਣੇ ਜੀਵਨ ਦਾ ਅਸਲੀ ਮਨੋਰਥ ਅਤੇ ਆਦਰਸ਼ ਮੰਨਿਆ। ਗੁਰੂ ਨਾਨਕ ਦੇਵ ਜੀ ਦਾ ਆਗਮਨ ਸੰਸਾਰ ਵਿਚ ਉਸ ਸਮੇਂ ਹੋਇਆ ਜਦੋਂ ਸਮਾਜ ਵਿਚ ਹਰ ਪਾਸੇ ਕੂੜ ਦਾ ਹਨੇਰਾ ਪਸਰਿਆ ਹੋਇਆ ਸੀ ਅਤੇ ਧਰਮ-ਕਰਮ ਦੋਵੇਂ ਇਸ ਕੂੜ ਦੇ ਗੁਬਾਰ ਵਿਚ ਲਿਪਟ ਚੁੱਕੇ ਸਨ। ਫਰਜ਼ ਅਤੇ ਕਿੱਤਾ ਦੋਵੇਂ ਹੀ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਖੁੱਭੇ ਹੋਏ ਸਨ ਅਤੇ ਹਰ ਪਾਸੇ ਰਿਸ਼ਵਤ ਦਾ ਬੋਲਬਾਲਾ ਸੀ। ਰਾਜ, ਧਰਮ ਅਤੇ ਸਮਾਜਿਕ ਆਗੂਆਂ ਦੀ ਹਾਲਤ ਗੁਰੂ ਨਾਨਕ ਦੇਵ ਜੀ ਨੇ ਇਸ ਪ੍ਰਕਾਰ ਬਿਆਨ ਕੀਤੀ:

**ਕਾਦੀ ਕੂੜੁ ਬੋਲਿ ਮਲੁ ਖਾਇ ॥**
**ਬ੍ਰਹਮਣੁ ਨਾਵੈ ਜੀਆ ਘਾਇ ॥**
**ਜੋਗੀ ਜੁਗਤਿ ਨ ਜਾਣੈ ਅੰਧੁ ॥**
**ਤੀਨੇ ਓਜਾੜੇ ਕਾ ਬੰਧੁ ॥**

ਗੁਰੂ ਸਾਹਿਬ ਜੀ ਨੇ ਅਜਿਹੇ ਸਮੇਂ ਸਭ ਤੋਂ ਸ੍ਰੇਸ਼ਠ ਧਰਮ 'ਮਨੁੱਖਤਾ' ਅਤੇ 'ਨਿਰਮਲ ਕਰਮ' ਦੀ ਆਵਾਜ਼ ਦਿੱਤੀ ਅਤੇ ਇਸ ਧਰਮ ਨੂੰ ਤਿੰਨ ਪੱਖੀ ਸਿਧਾਂਤ; ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਛਕਣ ਦੀ ਮਜ਼ਬੂਤ ਬੁਨਿਆਦ ਦਿੱਤੀ। ਇਸੇ ਤ੍ਰੈਪੱਖੀ ਸਿਧਾਂਤਕ ਅਮਲ ਨੂੰ ਹੀ ਧਰਮ ਦਾ ਅਸਲੀ ਰਾਹ ਦਰਸਾਇਆ ਗਿਆ;

**ਘਾਲਿ ਖਾਇ ਕਿਛੁ ਹਥਹੁ ਦੇਇ ॥**
**ਨਾਨਕ ਰਾਹੁ ਪਛਾਣਹਿ ਸੇਇ ॥**

ਗੁਰੂ ਨਾਨਕ ਸਾਹਿਬ ਨੇ ਆਪਣੇ ਸਮੁੱਚੇ ਜੀਵਨ ਕਾਲ ਦੌਰਾਨ 19 ਰਾਗਾਂ ਦੇ ਅੰਤਰਗਤ 974 ਸ਼ਬਦਾਂ ਦੀ ਰਚਨਾ ਕਰਨ ਤੋਂ ਇਲਾਵਾ ਜਪੁ, ਪਟੀ, ਬਾਰਹਮਾਹ, ਗੋਸ਼ਟਾਂ, ਸਚੁਜੀ, ਕੁਚਜੀ, ਸੋਹਲੇ ਅਤੇ ਸਵੱਯੀਏ ਆਦਿ ਕਈ ਉਚੇਰੇ ਦਾਰਸ਼ਨਿਕ ਮੰਡਲਾਂ ਦਾ ਭ੍ਰਮਣ ਕਰਨ ਵਾਲੀਆਂ ਬਾਣੀਆਂ ਦੀ ਰਚਨਾ ਕੀਤੀ। ਸਮੁੱਚੀ ਰਚਨਾ ਦਾ ਮਨੋਰਥ ਜੀਵ ਅਤੇ ਅਕਾਲ ਪੁਰਖ ਵਿਚਕਾਰ ਬਣੀ ਕੂੜ ਦੀ ਕੰਧ ਨੂੰ ਖਤਮ ਕਰਨਾ ਅਤੇ ਇਸ ਪ੍ਰਾਪਤੀ ਦਾ ਪ੍ਰਮੁੱਖ ਸਾਧਨ ਪ੍ਰਭੂ ਹੁਕਮ ਦੇ ਅਨੁਸਾਰੀ ਹੋਣਾ, ਪ੍ਰਭੂ ਦੇ ਨਾਮ ਦਾ ਜਾਪ ਕਰਨਾ, ਸੱਚੀ-ਸੁੱਚੀ ਕਿਰਤ ਕਰਨੀ ਅਤੇ ਆਪਸੀ ਭਰਾਤਰੀ ਭਾਵ ਅਧੀਨ ਵੰਡ ਕੇ ਛਕਣਾ ਹੀ ਦਰਸਾਇਆ ਗਿਆ ਹੈ। ਉਪਰੋਕਤ ਸਾਧਨ ਨਾਮ ਜਪਣਾ, ਕਿਰਤ ਕਰਨੀ ਅਤੇ ਵੰਡ ਕੇ ਛਕਣਾ ਕ੍ਰਮਵਾਰ ਆਤਮਿਕ ਜੀਵਨ ਦਾ ਧਰਮ, ਆਰਥਿਕ ਜੀਵਨ ਦਾ ਨਿਯਮ ਅਤੇ ਸਮਾਜਿਕ ਜੀਵਨ ਦਾ ਕਰਤੱਵ ਕਹੇ ਜਾ ਸਕਦੇ ਹਨ।

ਕਿਰਤ ਦਾ ਸਮਾਨਅਰਥੀ ਸ਼ਬਦ 'ਕਰਮ ਕਰਨਾ' ਹੈ। ਭਾਈ ਕਾਹਨ ਸਿੰਘ ਨਾਭਾ ਨੇ ਆਪਣੀ ਕ੍ਰਿਤ 'ਸ਼ਬਦ ਰਤਨਾਗਰ ਮਹਾਨਕੋਸ਼' ਵਿਚ ਕਿਰਤ ਸ਼ਬਦ ਦੇ ਅਰਥ ਕਰਮ, ਕੰਮ, ਕਰਨੀ, ਕਰਤੂਤ ਆਦਿ ਦੱਸਿਆ ਹੈ। ਗੁਰੂ ਨਾਨਕ ਬਾਣੀ ਵਿਚ ਕਿਰਤ ਦਾ ਸੰਕਲਪ ਕਿਰਤ ਕਰੋ, ਨਾਮ ਜਪੋ, ਵੰਡ ਛਕੋ ਦੇ ਤਿੰਨੋਂ ਪਹਿਲੂਆਂ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਇਹ ਕਿਰਤ ਆਤਮਿਕ ਵੀ ਹੋ ਸਕਦੀ ਹੈ ਅਤੇ ਸਰੀਰਿਕ ਵੀ, ਭਾਵ ਅੰਤਰਮੁਖੀ ਵੀ ਅਤੇ ਬਾਹਰਮੁਖੀ ਵੀ। ਪ੍ਰਭੂ ਦੇ ਨਾਮ ਦਾ ਜਾਪ ਮਨ/ਆਤਮਾ ਦੀ ਕਿਰਤ ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਨਾਮ ਰੂਪੀ ਆਤਮਿਕ ਕਿਰਤ ਦੀ ਕਮਾਈ ਨੂੰ ਲੋਕ ਅਤੇ ਪ੍ਰਲੋਕ ਦੋਹਾਂ ਜਹਾਨਾਂ ਦਾ ਸਹਾਰਾ ਦੱਸਿਆ ਗਿਆ ਹੈ;

**ਜਹਾ ਪੰਥਿ ਤੇਰਾ ਕੋ ਨ ਸਿਞਾਨੂ ॥**
**ਹਰਿ ਕਾ ਨਾਮੁ ਤਹ ਨਾਲਿ ਪਛਾਨੂ ॥**

ਤੀਸਰਾ ਨਿਯਮ 'ਵੰਡ ਛਕਣ' ਦਾ ਪਹਿਲੂ, ਸਮਾਜਿਕ ਕਿਰਤ ਦਾ ਲਖਾਇਕ ਮੰਨਿਆ ਗਿਆ ਹੈ। ਇਹ ਸਮਾਜਿਕ ਸੰਜਮ ਦਾ ਧਰਮ ਹੈ। ਇਹ ਇਕ ਅਜਿਹੀ ਕਿਰਤ ਹੈ, ਜਿਸ ਨਾਲ ਅਸੀਂ ਇਕਜੁੱਟਤਾ ਤੇ ਭਰਾਤਰੀ ਭਾਵ ਵਾਲੇ ਨਿਰਛਲ ਸਮਾਜ ਦੀ ਸਿਰਜਨਾ ਕਰ ਸਕਦੇ ਹਾਂ। ਵੰਡ ਛਕਣਾ, ਭਾਵ ਲੋੜਵੰਦ ਦੀ ਸਹਾਇਤਾ ਦੇ ਸਿਧਾਂਤ ਨੂੰ ਧਰਮ-ਕਰਮ ਦਾ ਅਸਲੀ ਮਾਰਗ ਕਿਹਾ ਗਿਆ ਹੈ।

ਗੁਰੂ ਨਾਨਕ ਦੇਵ ਜੀ ਨੇ ਆਪਣੀ ਜਗਤ ਫੇਰੀ ਦੌਰਾਨ ਜਿਸ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛਕਣ ਦੇ ਆਤਮਿਕ ਤੇ ਸਰੀਰਿਕ ਕਿਰਤ ਦੇ ਸਿਧਾਂਤ ਦਾ ਪ੍ਰਚਾਰ ਕੀਤਾ, ਉਹ ਕੇਵਲ ਸਿਧਾਂਤਕ ਪੱਧਰ ਤਕ ਹੀ ਸੀਮਤ ਨਹੀਂ ਰਿਹਾ, ਬਲਕਿ ਇਸ ਸਿਧਾਂਤ ਨੂੰ ਉਨਾਂ ਵੱਲੋਂ ਆਪਣੀਆਂ ਪ੍ਰਚਾਰ ਯਾਤਰਾਵਾਂ ਦੀ ਸਮਾਪਤੀ ਦੇ ਬਾਅਦ ਕਰਤਾਰਪੁਰ ਵਿਖੇ ਗੁਜ਼ਾਰੇ ਆਪਣੇ ਜੀਵਨ ਦੇ ਆਖਰੀ ਪੜਾਅ ਦੇ ਲਗਪਗ ਦੋ ਦਹਾਕਿਆਂ ਦੌਰਾਨ ਵਾਸਤਵਿਕ ਰੂਪ ਵੀ ਦਿੱਤਾ ਗਿਆ। ਉਨਾਂ ਨੇ ਪ੍ਰਭੂ ਦੇ ਨਾਮ ਦੇ ਜਾਪ ਲਈ ਸੰਗਤ ਦੀ ਸਥਾਪਨਾ ਵੀ ਕੀਤੀ, ਆਪਣੇ ਖੇਤਾਂ ਵਿਚ ਹਲ ਚਲਾ ਕੇ ਹੱਥੀਂ ਕਿਰਤ ਵੀ ਕੀਤੀ ਅਤੇ ਪੰਗਤ/ਲੰਗਰ ਸੰਸਥਾ ਦਾ ਮੁੱਢ ਬੰਨ ਕੇ ਵੰਡ ਛਕਣ ਦੇ ਸਿਧਾਂਤ ਨੂੰ ਵੀ ਅਮਲੀ ਰੂਪ ਦਿੱਤਾ। ਗੁਰੂ ਨਾਨਕ ਦੇਵ ਜੀ ਵੱਲੋਂ ਆਤਮਿਕ ਤੇ ਸਮਾਜਿਕ ਨਰੋਏਪਨ ਵਾਸਤੇ ਆਤਮਾ ਅਤੇ ਸਰੀਰ ਦੋਨਾਂ ਲਈ ਹੀ ਸੱਚੀ ਕਿਰਤ ਨੂੰ ਪ੍ਰਮੁੱਖਤਾ ਦਿੱਤੀ ਗਈ। ਸਰੀਰਿਕ ਕਿਰਤ ਜਿੱਥੇ ਸੰਸਾਰਕ ਕਾਰ-ਵਿਹਾਰ ਵਾਸਤੇ ਲਾਜ਼ਮੀ ਹੈ, ਉੱਥੇ ਨਾਮ-ਸਿਮਰਨ ਦੀ ਆਤਮਿਕ ਕਿਰਤ ਮਨੁੱਖ ਦੀ ਆਤਮਾ ਦੀ ਸ਼ਾਂਤੀ ਅਤੇ ਲੋਕ-ਪ੍ਰਲੋਕ ਦਾ ਸਹਾਰਾ ਵੀ ਬਣਦੀ ਹੈ।

ਗੁਰੂ ਨਾਨਕ ਬਾਣੀ ਵਿਚ ਕਿਰਤ ਸ਼ਬਦ ਪ੍ਰਮੁੱਖ ਰੂਪ ਵਿਚ ਕਿਰਤੁ ਅਤੇ ਕਿਰਤਿ ਦੋ ਸ਼ਬਦਿਕ ਰੂਪਾਂ ਵਿਚ ਵਰਤਿਆ ਗਿਆ ਹੈ;

**ਕਿਰਤੁ ਪਇਆ ਨਹ ਮੇਟੈ ਕੋਇ ॥**
**ਕਿਆ ਜਾਣਾ ਕਿਆ ਆਗੈ ਹੋਇ ॥**

**

ਆਵੈ ਜਾਇ ਭਵਾਈਐ ਪਇਐ ਕਿਰਤਿ ਕਮਾਇ ॥
ਪੂਰਬਿ ਲਿਖਿਆ ਕਿਉ ਮੇਟੀਐ ਲਿਖਿਆ ਲੇਖੁ ਰਜਾਇ ॥

ਇਨਾਂ ਦਾ ਸ਼ਬਦਿਕ ਅਰਥ ਹੈ ਕਿ 'ਉਹ ਪੂਰਬਲੇ ਕੀਤੇ ਹੋਏ ਕੰਮ, ਜੋ ਕਰਤਾ ਦਾ ਵਰਤਮਾਨ ਸਿਰਜਦੇ ਹਨ, ਜੋ ਭਵਿੱਖ ਨੂੰ ਨਿਰਧਾਰਤ ਕਰਦੇ ਹਨ, ਜੋ ਗੁਰੂ ਦੀ ਮਿਹਰ ਤੋਂ ਬਿਨਾਂ ਮੇਟੇ ਜਾਂ ਬਦਲੇ ਨਹੀਂ ਜਾ ਸਕਦੇ ਅਤੇ ਇਸ ਪੂਰਬਲੀ ਕੀਤੀ ਹੋਈ ਕਿਰਤ ਦਾ ਫਲ ਵੀ ਇਸ ਦੇ ਕਰਤੇ ਨੂੰ ਜ਼ਰੂਰ ਮਿਲਦਾ ਹੈ।' ਜਿਸ ਪ੍ਰਕਾਰ ਦੀ ਕਿਰਤ ਹੈ, ਉਸੇ ਪ੍ਰਕਾਰ ਦੇ ਫਲ ਦੀ ਪ੍ਰਾਪਤੀ ਹੁੰਦੀ ਹੈ। ਇਸ ਕਿਰਤ ਦੇ ਚੰਗੇ-ਬੁਰੇ ਫਲ ਦਾ ਜ਼ੁੰਮੇਵਾਰ ਕਿਸੇ ਹੋਰ ਨੂੰ ਨਹੀਂ ਠਹਿਰਾਇਆ ਜਾ ਸਕਦਾ:

ਜੋ ਤਿਨਿ ਕੀਆ ਸੋਈ ਹੋਆ ਕਿਰਤੁ ਨ ਮੇਟਿਆ ਜਾਈ ਰੇ ॥

ਗੁਰਬਾਣੀ ਵਿਚ ਕਿਰਤ ਸ਼ਬਦ ਦੇ ਸਮਾਨਅਰਥੀ ਸ਼ਬਦ ਘਾਲਿ, ਕਾਰਿ, ਕਰਮ, ਉਦਮ ਆਦਿ ਵਰਤੇ ਗਏ ਹਨ। ਕਿਰਤ ਦਾ ਸੰਕਲਪ ਜਿੱਥੇ ਆਰਥਿਕ ਜੀਵਨ ਦਾ ਧਰਮ ਹੈ, ਉੱਥੇ ਇਹ ਆਤਮਿਕ ਸ਼ਾਂਤੀ ਅਤੇ ਸਮਾਜਿਕ ਸੰਜਮ ਦਾ ਵੀ ਮਹੱਤਵਪੂਰਨ ਪਹਿਲੂ ਹੈ, ਬਸ਼ਰਤੇ ਕਿ ਇਹ ਨੈਤਿਕਤਾ ਅਤੇ ਸੱਚਾਈ ਦਾ ਪੱਲਾ ਛੱਡੇ ਤੋਂ ਬਿਨਾਂ ਕੀਤੀ ਜਾਵੇ। ਗੁਰੂ ਨਾਨਕ ਬਾਣੀ ਵਿਚ ਸੱਚੀ ਕਿਰਤ ਨੂੰ ਥਾਂ-ਥਾਂ 'ਤੇ ਵਡਿਆਈ ਦਿੱਤੀ ਗਈ ਹੈ। ਸੱਚੀ ਕਿਰਤ ਆਤਮਿਕ, ਸਰੀਰਿਕ ਅਤੇ ਸਮਾਜਿਕ ਧਰਮ ਦੀ ਬੁਨਿਆਦ ਹੈ। ਇਸ ਪ੍ਰਕਾਰ ਦੀ ਕਿਰਤ ਲਈ ਨਿਰਛਲ ਤੇ ਇਕਾਗਰ ਮਨ, ਚੋਰੀ, ਹੱਕ-ਹਰਾਮ ਨੂੰ ਤਿਲਾਂਜਲੀ ਅਤੇ ਨਾਲ ਹੀ ਵੈਰ ਵਿਰੋਧ ਤੋਂ ਰਹਿਤ ਭਾਈਚਾਰਕ ਆਪਾ ਭਾਵ ਦਾ ਹੋਣਾ ਲਾਜ਼ਮੀ ਹੈ ਤਾਂ ਹੀ ਨਾਮ, ਕਿਰਤ ਅਤੇ ਵੰਡ ਛਕਣ ਦੇ ਤ੍ਰੈਪੱਖੀ ਸਿਧਾਂਤ ਨੂੰ ਸੱਚੀ ਕਿਰਤ ਦੇ ਘੇਰੇ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਨਾਨਕ ਚਿੰਤਨਧਾਰਾ ਵਿਚ 'ਤ੍ਰੈਪੱਖੀ ਕਿਰਤ ਸੰਕਲਪ' ਦੀ ਪੇਸ਼ਕਾਰੀ ਅਨੁਸਾਰ 'ਨਾਮ ਜਪੋ' ਜਾਂ ਆਤਮਿਕ ਕਿਰਤ ਦਾ ਸਿਧਾਂਤ; ਗੁਰੂ ਨਾਨਕ ਬਾਣੀ ਵਿਚ ਜਿਸ ਤਿੰਨ ਪ੍ਰਕਾਰ ਦੀ ਕਿਰਤ ਦਾ ਜ਼ਿਕਰ ਕੀਤਾ ਗਿਆ ਹੈ, ਉਸ ਵਿਚ ਸਭ ਤੋਂ ਪਹਿਲੀ ਪ੍ਰਕਾਰ ਦੀ ਕਿਰਤ ਪ੍ਰਭੂ ਦੇ ਨਾਮ ਦਾ ਜਾਪ ਕਰਨਾ ਹੈ। ਇਹ ਕਿਰਤ ਆਤਮਾ ਦੀ ਅਮੀਰੀ, ਨਰੋਏਪਨ ਅਤੇ ਬਲਸ਼ੀਲਤਾ ਦੀ ਲਖਾਇਕ ਮੰਨੀ ਗਈ ਹੈ ਅਤੇ ਇਹ ਮਨੁੱਖ ਦੇ ਆਤਮਿਕ ਵਿਕਾਸ ਦਾ ਸਾਧਨ ਹੈ, ਆਪਣੇ ਅਸਲੇ ਦੀ ਪਛਾਣ ਕਰਨ ਦਾ ਤਰੀਕਾ ਹੈ। ਨਾਮ ਦੀ ਕਿਰਤ ਕਰਨ ਵਾਲਾ ਮਨੁੱਖ ਹੀ ਆਪਣਾ ਆਪਾ ਭਾਵ ਮਾਰ ਕੇ, ਆਪਣੀ ਮੈਂ ਦੀ ਹਸਤੀ ਨੂੰ ਤਲੀ ਉੱਪਰ ਰੱਖ ਕੇ ਧਰਮ ਦੀ ਗਲੀ ਵਿਚ ਪ੍ਰਵੇਸ਼ ਕਰ ਸਕਦਾ ਹੈ ਅਤੇ ਆਤਮਿਕ ਅਮੀਰੀ ਹੀ ਉਸ ਨੂੰ ਬੇ-ਝਿਜਕ ਕੁਰਬਾਨੀ ਲਈ ਤਿਆਰ ਕਰਦੀ ਹੈ।

ਗੁਰੂ ਨਾਨਕ ਸਾਹਿਬ ਨੇ ਮਨ ਨੂੰ ਮਾਣਿਕ ਹੀਰਾ ਕਿਹਾ ਹੈ, ਜਿਸ ਵਿਚ ਰਤਨ ਜਵਾਹਰ ਵੀ ਸ਼ਾਮਲ ਹਨ, ਪਰ ਇਹ ਮਨ/ਆਤਮਾ ਪ੍ਰਭੂ ਦੇ ਨਾਮ ਦੀ ਕਿਰਤ ਕਰਕੇ ਹੀ ਇੱਜ਼ਤ ਪਾਉਂਦਾ ਹੈ, ਨਿਰਮਲਤਾ ਦਾ ਧਾਰਨੀ ਬਣਦਾ ਹੈ, ਪਰ ਨਾਲ ਹੀ ਇਹ ਸ਼ਰਤ ਵੀ ਰੱਖੀ ਗਈ ਹੈ ਕਿ ਮਨ ਕੇਵਲ ਗੁਰੂ ਦੀ ਕਿਰਪਾ ਦੇ ਨਾਲ ਹੀ ਸਾਧ ਸੰਗਤਿ ਦੀ ਪ੍ਰਾਪਤੀ ਕਰਕੇ ਨਾਮ ਦੀ ਕਿਰਤ ਕਰ ਸਕਦਾ ਹੈ।

ਨਾਮ ਦੀ ਕਿਰਤ ਹੀ ਆਤਮਾ ਦੇ ਉਜਾਲੇ ਦਾ ਸਾਧਨ ਹੈ, ਇਸ ਕਿਰਤ ਦਾ ਫਲ ਜੀਵ ਦੇ ਸੰਗ ਸਦਾ ਨਿਭਦਾ ਹੈ ਅਤੇ ਇਸ ਕਿਰਤ ਦੇ ਫਲ ਨੂੰ ਕੋਈ ਚੁਰਾ ਨਹੀਂ ਸਕਦਾ। ਗੁਰਮਤਿ ਅਨੁਸਾਰ ਨਾਮ ਦੀ ਕਿਰਤ ਕਮਾਈ ਦੇ ਨਾਲ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਹਰ ਤਰਾਂ ਦੀਆਂ ਚਿੰਤਾਵਾਂ ਦਾ ਖਾਤਮਾ ਹੁੰਦਾ ਹੈ;

**ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ ਨਾਨਕ ਉਤਰੀ ਚਿੰਤ ॥**

ਨਾਨਕ ਬਾਣੀ ਦੇ ਕਿਰਤ ਸੰਕਲਪ ਦਾ ਦੂਸਰਾ ਪਹਿਲੂ ਸਰੀਰਿਕ ਕਿਰਤ ਦੇ ਸਿਧਾਂਤ ਨਾਲ ਜੁੜਿਆ ਹੋਇਆ ਹੈ। ਇਹ ਮਨੁੱਖ ਦੇ ਸੰਸਾਰਿਕ ਜੀਵਨ ਨਿਰਬਾਹ ਦਾ ਅਤੀ ਜਰੂਰੀ ਪਹਿਲੂ ਹੈ। ਗੁਰਮਤਿ ਵਿਚ ਪਰਾਏ ਬਾਰ ਬੈਠਣਾ ਭਾਵ ਦੂਜੈਲੀ ਆਸ ਰੱਖਣ ਦੀ ਮਨਾਹੀ ਹੈ ਅਤੇ ਘਾਲਿ ਕਮਾਈ ਕਰ ਕੇ ਰੋਜੀ ਰੋਟੀ ਕਮਾਉਣਾ ਧਰਮ ਦਾ ਮੁੱਢਲਾ ਪੱਖ ਬਿਆਨਿਆ ਗਿਆ ਹੈ। ਜਿਸ ਤਰਾਂ ਆਤਮਿਕ ਸ਼ਾਂਤੀ ਲਈ ਨਾਮ ਦੀ ਕਿਰਤ ਲਾਜ਼ਮੀ ਹੈ, ਉਸੇ ਤਰਾਂ ਸਮਾਜਿਕ ਸ਼ਾਂਤੀ ਦਾ ਆਧਾਰ ਵੀ ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਮੰਨਿਆ ਗਿਆ ਹੈ। ਕਿਰਤ ਕਰਨੀ, ਮਾਨਸਿਕ ਤੌਰ 'ਤੇ ਤੰਦਰੁਸਤ ਸਮਾਜ ਦੀ ਨਿਸ਼ਾਨੀ ਮੰਨਿਆ ਗਿਆ ਹੈ। ਗੁਰੂ ਨਾਨਕ ਸਾਹਿਬ ਦੇ ਆਗਮਨ ਦੇ ਸਮੇਂ ਸਮਾਜ ਦਾ ਵੱਡਾ ਤਬਕਾ ਹੱਥੀਂ ਕਿਰਤ ਕਰਨ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਚੁੱਕਾ ਸੀ ਅਤੇ ਲੁੱਟ-ਖਸੁੱਟ ਦਾ ਖੂਬ ਬੋਲਬਾਲਾ ਸੀ। ਸਿਤਮਜ਼ਰੀਫੀ ਇਹ ਸੀ ਕਿ ਸੱਤਾ ਅਤੇ ਧਰਮ ਦੇ ਖੇਤਰ ਦਾ ਕੁਲੀਨ ਵਰਗ ਇਸ ਵਿਚ ਵੱਡਾ ਰੋਲ ਨਿਭਾ ਰਿਹਾ ਸੀ। ਪਰਾਈ ਕਿਰਤ ਲੁੱਟ ਕੇ ਖਾਣਾ ਸਮਾਜ ਦਾ ਸੁਭਾਅ ਬਣਿਆ ਹੋਇਆ ਸੀ। ਗੁਰੂ ਜੀ ਨੇ ਇਸ ਸਮੇਂ ਮਨੁੱਖੀ ਇਮਾਨ ਨੂੰ ਸੱਚੀ-ਸੁੱਚੀ ਕਿਰਤ ਕਰਨ ਦਾ ਉਪਦੇਸ਼ ਦਿੱਤਾ;

**ਧਰਮੁ ਭੂਮਿ ਸਤੁ ਬੀਜੁ ਕਰਿ ਐਸੀ ਕਿਰਸ ਕਮਾਵਹੁ ॥**
**ਤਾ ਵਾਪਾਰੀ ਜਾਣੀਅਹੁ ਲਾਹਾ ਲੈ ਜਾਵਹੁ ॥**

ਨਾਨਕ ਬਾਣੀ ਵਿਚ ਕਿਰਤ ਸੰਕਲਪ ਦਾ ਤੀਸਰਾ ਪਹਿਲੂ ਸਮਾਜਿਕ ਕਿਰਤ ਜਾਂ ਸਮਾਜਿਕ ਸੰਜਮ ਦੇ ਨਿਯਮ ਨਾਲ ਜੁੜਿਆ ਹੋਇਆ ਹੈ। ਗੁਰਮਤਿ ਸਿਧਾਂਤ ਮਨੁੱਖਤਾਵਾਦੀ ਕਦਰਾਂ-ਕੀਮਤਾਂ ਦੀ ਰਹਿਨੁਮਾਈ ਕਰਦਾ ਹੈ। ਇਸ ਮਨੁੱਖਤਾਵਾਦੀ ਸਿਧਾਂਤ ਦੀ ਬੁਨਿਆਦ ਗੁਰੂ ਨਾਨਕ ਦੇਵ ਜੀ ਵੱਲੋਂ 'ਵੰਡ ਛਕਣ' ਦੇ ਸਿਧਾਂਤ ਉੱਪਰ ਉਸਾਰੀ ਗਈ। ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰ ਕੇ ਆਪਣਾ ਜੀਵਨ ਨਿਰਬਾਹ ਕਰਨਾ ਅਤੇ ਇਸੇ ਵਿਚੋਂ ਲੋੜਵੰਦਾਂ ਦੀ ਸਹਾਇਤਾ ਕਰਨੀ ਗੁਰਮਤਿ ਦਾ ਧਰਮ ਹੈ।

ਭਾਈ ਗੁਰਦਾਸ ਜੀ ਨੇ ਵੀ ਆਪਣੀਆਂ ਵਾਰਾਂ ਵਿਚ 'ਹਥਹੁ ਦੇਕੈ ਭਲਾ ਮਨਾਵੈ' ਦੇ ਬਿਆਨ ਰਾਹੀਂ ਗੁਰਮਤਿ ਦੇ 'ਵੰਡ ਛਕਣ' ਦੇ ਸਮਾਜਿਕ ਕਿਰਤ ਦੇ ਸਿਧਾਂਤ ਦੀ ਪ੍ਰੋੜਤਾ ਕੀਤੀ ਹੈ। ਇਹ ਸਮਾਜਿਕ ਕਿਰਤ, ਸਮਾਜਿਕ ਭਾਈਚਾਰੇ ਦਾ ਆਧਾਰ ਹੈ। ਵੰਡ ਛਕਣ ਦੇ ਇਸ ਸਮਾਜਿਕ ਕਿਰਤ ਸਿਧਾਂਤ ਦੇ ਕਾਰਨ ਹੀ ਸਿੱਖ ਧਰਮ ਅੱਜ ਸੰਸਾਰ ਪੱਧਰ 'ਤੇ ਆਪਣੀ ਇਕ ਵਿੱਲਖਣ ਪਛਾਣ ਬਣਾਉਣ ਵਿਚ ਕਾਮਯਾਬ ਹੋ ਸਕਿਆ ਹੈ।

ਕਿਰਤ ਸਿਧਾਂਤ ਦੀ ਅਜੋਕੀ ਸਾਰਥਿਕਤਾ; ਗੁਰਮਤਿ ਪ੍ਰਧਾਨ ਪੰਜਾਬੀ ਸੱਭਿਆਚਾਰ ਅੰਤਰਮੁਖੀ ਕਿਰਤ ਸਿਧਾਂਤ ਭਾਵ ਨਾਮ ਦਾ ਜਾਪ ਅਤੇ ਬਾਹਰਮੁਖੀ ਕਿਰਤ ਸਿਧਾਂਤ ਭਾਵ ਹੱਥੀਂ ਕਾਰ ਕਰਨ ਦਾ ਅਨੁਸਾਰੀ ਰਿਹਾ ਹੈ। ਨਾਮ ਜਪਣਾ, ਧਰਮ ਦੀ ਕਿਰਤ-ਵਿਰਤ ਕਰਨਾ ਅਤੇ ਹੱਥੋਂ ਦੇ ਕੇ ਭਲਾ ਮਨਾਉਣ ਦੀ ਸਾਰਥਿਕਤਾ ਅੱਜ ਵੀ ਸਾਡੇ ਸਮਾਜ ਦੀ ਰੂਹ-ਏ-ਰਵਾਂ ਬਣੀ ਹੋਈ ਹੈ, ਪਰ ਅੱਜ ਬਾਹਰਮੁਖੀ ਦਿਖਾਵੇ, ਵਸੀਲਿਆਂ ਦੀ ਬਹੁਤਾਤ, ਪਰ ਅਸੁਖਾਵੀਂ ਵੰਡ, ਪੂੰਜੀ ਦੀ ਦੌੜ ਅਤੇ ਆਦਰਸ਼ ਤੋਂ ਭਟਕਿਆ ਅੱਜ ਦਾ ਮਨੁੱਖ ਕਿਰਤ ਦੇ ਤ੍ਰੈਪੱਖੀ ਸਿਧਾਂਤ ਤੋਂ ਦੂਰ ਭੱਜ ਰਿਹਾ ਹੈ। ਅੰਤਰਮੁਖੀ ਜਾਂ ਆਤਮਿਕ ਕਿਰਤ (ਨਾਮ ਜਪਣਾ) ਤੋਂ ਵਿਹੂਣਾ ਮਨੁੱਖ ਆਤਮਿਕ ਖੋਖਲੇਪਨ ਦਾ ਸ਼ਿਕਾਰ ਹੋ ਰਿਹਾ ਹੈ। ਮਾਨਸਿਕ ਨਿਰਬਲਤਾ ਮਨੁੱਖ ਨੂੰ ਸੌੜੇ ਆਦਰਸ਼ਾਂ ਵੱਲ ਧਕੇਲ ਰਹੀ ਹੈ ਅਤੇ ਆਤਮਿਕ ਸ਼ਾਂਤੀ ਨੂੰ ਨਸ਼ਟ ਕਰ ਰਹੀ ਹੈ। ਸਰੀਰਿਕ ਕਿਰਤ (ਕਿਰਤ ਕਰੋ) ਕਰਨ ਤੋਂ ਭੱਜਿਆ ਮਨੁੱਖ ਦੁਰਾਚਾਰੀਆਂ ਵਿਚ ਫਸਦਾ ਜਾ ਰਿਹਾ ਹੈ ਅਤੇ ਬਿਮਾਰ ਮਾਨਸਿਕਤਾ ਵਾਲੇ ਸਮਾਜ ਨੂੰ ਜਨਮ ਦੇ ਰਿਹਾ ਹੈ।

ਸਮਾਜ ਵਿਚ ਦੂਸਰੇ ਦਾ ਹੱਕ ਮਾਰਨ, ਚੋਰੀ, ਲੁੱਟ-ਖੋਹ ਦੀਆਂ ਵਧ ਰਹੀਆਂ ਘਟਨਾਵਾਂ ਸੌੜੀ ਮਾਨਸਿਕਤਾ ਵਾਲੇ ਸਮਾਜ ਦੀ ਨਿਸ਼ਾਨਦੇਹੀ ਕਰਦੀਆਂ ਹਨ। ਸਮਾਜਿਕ ਕਿਰਤ (ਵੰਡ ਛਕਣਾ) ਕਰਨ ਤੋਂ ਮਨੁੱਖ ਮੂੰਹ ਫੇਰ ਰਿਹਾ ਹੈ। ਸਮਾਜਿਕ ਭਾਈਚਾਰਾ, ਨਫਰਤਾਂ, ਨਸਲਪ੍ਰਸਤੀ, ਫਰਿਕਾਪ੍ਰਸਤੀ ਵੱਲ ਧੱਕਿਆ ਜਾ ਰਿਹਾ ਹੈ। ਪੂੰਜੀਵਾਦ ਤੋਂ ਪ੍ਰਭਵਿਤ ਮਨੁੱਖ ਆਪਣੇ ਆਪ ਤਕ ਸੀਮਤ ਹੋ ਰਿਹਾ ਹੈ। ਅਜੋਕੀ ਨੌਜਵਾਨ ਪੀੜੀ ਤਾਂ ਕਿਰਤ ਦੇ ਤ੍ਰੈਪੱਖੀ ਸਿਧਾਂਤ ਨੂੰ ਪੂਰੀ ਤਰਾਂ ਪਿੱਠ ਦਿਖਾ ਰਹੀ ਹੈ। ਸਮਾਜ ਵਿਚ ਫੈਲ ਰਹੀ ਬਿਮਾਰ ਮਾਨਸਿਕਤਾ, ਬੇਰੁਜ਼ਗਾਰੀ, ਨਸਲਪ੍ਰਸਤੀ ਵਰਗੀਆਂ ਅਲਾਮਤਾਂ ਨੂੰ ਗੁਰੂ ਨਾਨਕ ਚਿੰਤਨਧਾਰਾ ਵਿਚ ਪੇਸ਼ ਕੀਤੇ ਗਏ ਕਿਰਤ ਸਿਧਾਂਤ 'ਤੇ ਪਹਿਰਾ ਦੇ ਕੇ ਹੱਲ ਕੀਤਾ ਜਾ ਸਕਦਾ ਹੈ।



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਨਹੀਂ ਲੱਭਣੇ ਲਾਲ ਗੁਆਚੇ

## ਕਾਂਡ 17

**- ਬਲਦੇਵ ਸਿੰਘ ਬੁੱਧ ਸਿੰਘ ਵਾਲਾ**

ਇਹ ਗੱਲਾਂ ਕਰ ਰਹੇ ਸਨ ਕੇਵਲ ਜਾਣ ਦੀ ਤਿਆਰੀ ਕਰ ਰਿਹਾ ਸੀ ਕਿ ਉੱਧਰੋਂ ਭਿੰਦੇ ਦੀ ਮਾਂ ਆ ਗਈ। ਉਸਦੀ ਉਮਰ ਕੋਈ 50-60 ਸਾਲ ਸੀ। ਉਹ ਆਵਦੇ ਪੇਕੀਂ ਗਈ ਸੀ। ਕੇਵਲ ਘਰ ਬੈਠੇ ਨੂੰ ਦੇਖਕੇ ਪੁੱਛਿਆ।

'ਆਹ ਭਾਈ ਕਿੱਥੋਂ ਆਇਆ' ਸੀਤਲ ਨੇ ਸਾਰੀ ਕਹਾਣੀ ਸੁਣਾ ਦਿੱਤੀ। ਸੀਤਲ ਨੂੰ ਕੇਵਲ ਬਹੁਤ ਚੰਗਾ ਲੱਗ ਰਿਹਾ ਸੀ। ਕੇਵਲ ਨੇ ਘਰ ਨੂੰ ਜਾਣ ਦਾ ਮਨ ਬਣਾ ਕੇ ਖੜ੍ਹਾ ਹੋਣਾ ਚਾਹਿਆ ਤਾਂ ਉਦੋਂ ਹੀ ਸੀਤਲ ਨੇ ਅੱਖ ਦੇ ਇਸ਼ਰੇ ਨਾਲ ਬਿਠਾ ਦਿੱਤਾ। ਪਰ ਕੇਵਲ ਦਾ ਮਨ ਕਾਹਲਾ ਪੈ ਰਿਹਾ ਸੀ। ਨੀਲੀ ਮਾਮੀ ਨੂੰ ਅੰਦਰ ਲੈ ਗਈ।

'ਮਾਮੀ ਜੀ ਮੈਨੂੰ ਇਹ ਮੁੰਡਾ ਬ੍ਹੋਤ ਚੰਗਾ ਤੇ ਈਮਾਨਦਾਰ ਲਗਦਾ' ਸੀਤਲ ਨੇ ਕਿਹਾ।

'ਪੁੱਤ ਦੇਖਣ ਨੂੰ ਸਾਰੇ ਮਾਨਦਾਰ ਆ ਸਿਆਣੇ ਕੈਂਦੇ ਆ ਜਾ ਵਾਹ ਪਿਆ ਜਾਣੀਏ ਜਾ ਰਾਹ ਪਿਆ ਜਾਣੀਏ'

'ਮੈਂ ਏਦੇ ਨਾਲ ਰਾਤ ਭਰ ਰਹਿਕੇ ਵੀ ਦੇਖ ਲਿਆ ਤੇ ਰਾਹ ਤੁਰਕੇ ਵੀ ਦੇਖ ਲਿਆ' ਜਦੋਂ ਸੀਤਲ ਦੇ ਮੂੰਹੋਂ ਇਹ ਗੱਲ ਸੁਣੀ ਤਾਂ ਫਿਕਰਾਂ ਵਿੱਚ ਪੈ ਗਈ ਕਿ ਕੁੜੀ ਵਿਗੜ ਗਈ ਹੈ ਕਿਉਂਕਿ ਕੁਆਰੀ ਕੁੜੀ ਤਾਂ ਚੁੱਲੇ ਤੇ ਰੱਖੇ ਦੁੱਧ ਦੀ ਤਰ੍ਹਾਂ ਹੈ ਕੀ ਪਤਾ ਕਦੋਂ ਉਬਾਲਾ ਖਾ ਜਾਵੇ!

'ਨੀ ਏਨੇ ਕੁ ਟੈਮ ਨਾ ਕੀ ਪਤਾ ਲੱਗਦਾ' ਮਾਮੀ ਨੇ ਹੋਰ ਭੇਤ ਪਾਉਣਾਂ ਚਾਹਿਆ।

'ਤੇ ਹੋਰ ਕੁੜੀਆਂ ਵਿਆਹ ਵਾਲੇ ਮੁੰਡੇ ਨਾਲ ਮ੍ਹੀਨਾ ਮ੍ਹੀਨਾ ਰ੍ਹੈਂਦੀਆਂ?' ਸੀਤਲ ਨੇ ਕਿਹਾ।

'ਫਿਰ ਵੀ ਏਦਾ ਘਰ ਬਾਰ ਜਾਤ ਗੋਤ?'

'ਉ ਤੁਸੀਂ ਹੁਣੇ ਪੁੱਛ ਲੋ'

'ਨੀ ਤੂੰ ਨੀ ਪੁੱਛਿਆ'

'ਨਹੀਂ'

'ਤਾਹੀਂ ਤਾਂ ਸਾਨੂੰ ਲੋਕ ਕੈਂਦੇ ਆ ਕਿ ਕੁੜੀ ਤੇ ਵੇਲ ਤਾਂ ਨਾਲ ਖੜ੍ਹੇ ਨਾਲ ਲਿਪਟ ਜਾਂਦੀ ਆ'

'ਤਃਤ'

'ਤੁਸੀਂ ਪੁੱਛੋ ਮਾਮੀ ਜੀ, ਪਰ ਘਰ ਤਾਂ ਜਾਕੇ ਦੇਖਣਾ ਪਊ' ਸੀਤਲ ਨੇ ਤਰਲਾ ਜਿਹਾ ਲੈਕੇ ਕਿਹਾ।

'ਏਨ੍ਹਾ ਦੇ ਪਿੰਡ ਜਾਣਾ ਪਊ' ਮਾਮੀ ਨੇ ਕਿਹਾ। ਮਾਮੀ ਪੈਰ ਮਲ ਰਹੀ ਸੀ।

'ਜਾਕੇ ਦੇਖ ਆਇਓ ਏਦੇ ਪਿੰਡ ਵਾਸਤੇ ਕ੍ਹੇੜਾ ਵੀਜ਼ਾ ਲੈਣਾ ਪੈਣਾ'

'ਠੀਕ ਮੈਂ ਪੁੱਛਦੀ ਆਂ' ਆਖਕੇ ਮਾਮੀ ਬਾਹਰ ਆ ਗਈ ਸੀਤਲ ਅੰਦਰ ਬੈਠੀ ਰਹੀ।

'ਕਾਕਾ ਤੇਰਾ ਨਾ ਕੀ ਆ'

'ਜੀ ਕੇਵਲ'

'ਤੂੰ ਵਿਆਹਿਆ ਵਿਆਂ ਜਾ ਕੁਆਰਾ' ਮਾਮੀ ਨੇ ਕਿਹਾ ਤਾਂ ਕੇਵਲ ਸੋਚਾਂ ਵਿੱਚ ਪੈ ਗਿਆ ਕੀ ਕਹੇ ਰੰਡਾ! ਪਰ ਝੂਠ ਦਾ ਸਹਾਰਾ ਲੈ ਕੇ ਕਿਹਾ।

'ਜੀ ਕੁਆਰਾ' ਕੇਵਲ ਦੇ ਮੂੰਹੋਂ ਕੁਆਰਾ ਸੁਣਕੇ ਸੀਤਲ ਫੁੱਲ ਵਾਂਗੂੰ ਖਿੜ ਗਈ।

'ਕੀ ਕੰਮ ਕਰਦੈਂ'

'ਜੀ ਹਲ ਵਾਹੀ'

'ਪੈਲੀ ਕਿੰਨੀ ਕੁ ਆ?

'ਆਂਟੀ ਜੀ, ਪੈਲੀਆਂ ਅੱਜ ਕੱਲ ਕਿੱਥੇ ਪਰ ਫਿਰ ਵੀ ਮੇਰੇ ਕੋਲ ਦਸ ਕੁ ਕਿੱਲੇ ਹੈਗੇ ਆ' ਮਾਮੀ ਸੁਣ ਕੇ ਖੁਸ਼ ਹੋ ਗਈ ਕਿਉਂਕਿ ਚੰਡੀਗੜ੍ਹ ਵਿੱਚ ਦਸ ਕਿੱਲੇ ਬਹੁਤ ਹੁੰਦੇ ਆ ਜਦੋਂ ਕੇ ਕੇਵਲ ਦੇ ਪਿੰਡ ਕੋਈ ਖਾਸ ਕੀਮਤ ਨਹੀਂ ਸੀ।

'ਗੋਤ ਕੀ ਆ'

'ਜੀ ਬਰਾੜ'

'ਦੇਖ ਬੀਬਾ ਤੂੰ ਸਾਡੀ ਕੁੜੀ ਦੀ ਜਾਨ ਬਚਾਈ ਆ ਤੂੰ ਸਾਨੂੰ ਚੰਗਾ ਲਗਦੈਂ ਸੀਤਲ ਵੀ ਅਜੇ ਕੁਆਰੀ ਆ ਅੱਗੇ ਮੈਂ ਕੀ ਕ੍ਹੈਣਾ ਤੈਨੂੰ ਪਤਾ ਲੱਗ ਗਿਆ ਹੋਣਾ'

'ਜੀ ਮ੍ਹੈਰਬਾਨੀ, ਕੁੜੀ ਦੇ ਡੈਡੀ ਜੀ?' ਕੇਵਲ ਸਮਝ ਗਿਆ ਕਿ ਸੀਤਲ ਦਾ ਵਿਆਹ ਮੇਰੇ ਨਾਲ ਕਰਨ ਨੂੰ ਫਿਰਦੇ ਹਨ ਮਾਂ ਬਾਪ ਬਾਰੇ ਤਾਂ ਪੁੱਛਣ ਦਾ ਹੱਕ ਬਣਦਾ!

'ਬੱਸ ਪੁੱਛ ਕੁਛ ਨਾ ਪੁੱਤ' ਆਖਕੇ ਮਾਮੀ ਰੋਣ ਲੱਗ ਪਈ। ਕੇਵਲ ਪਛਤਾ ਰਿਹਾ ਸੀ ਕਿ ਮੈਂ ਸੀਤਲ ਦੇ ਡੈਡੀ ਬਾਰੇ ਪੁੱਛਕੇ ਕੀ ਲੈਣਾ ਸੀ?

'ਸੌਰੀ ਆਂਟੀ ਜੀ' ਆਖਕੇ ਕੋਲ ਪਿਆ ਪਾਣੀ ਦਾ ਗਲਾਸ ਦਿੱਤਾ। ਮਾਮੀ ਨੇ ਚੁੰਨੀ ਨਾਲ ਅੱਖਾਂ ਪੂੰਝ ਕੇ ਬੋਲੀ-

'ਜੇ ਮੇਰਾ ਭਰਾ (ਸੀਤਲ ਦਾ ਡੈਡੀ) ਹੁੰਦਾ ਤਾਂ ਮੈਨੂੰ ਕੀ ਲੋੜ ਸੀ ਸੀਤਲ ਬਾਰੇ ਸੋਚਣ ਦੀ ਉਹ ਆਪੇ ਕਰਦਾ' ਇਹ ਆਖਕੇ ਮਾਮੀ ਕੇਵਲ ਨੂੰ ਬੈਠਕ ਵਿੱਚ ਲੈ ਗਈ। ਬੈਠਕ ਵਿੱਚ ਅੰਗੀਠੀ ਤੇ ਫੌਜੀ ਕੈਪਟਨ ਦੇ ਰੈਂਕ ਦੀਆਂ ਫੋਟੋ ਲੱਗੀਆਂ ਹੋਈਆਂ ਸਨ ਜੋ ਕਿ ਭਰ ਨੌਜਵਾਨ ਸੀ। ਇੱਕ ਪਾਸੇ ਕੈਪਟਨ ਦੀ ਫੋਟੋ ਤੇ ਫੁੱਲਾਂ ਦੀ ਮਾਲਾ ਸੀ! ਇੱਕ ਫੋਟੋ ਤੇ ਜਵਾਨ ਔਰਤ ਦੀ ਸੀ ਉਸਤੇ ਵੀ ਫੁੱਲਾਂ ਦੀ ਮਾਲਾ ਸੀ ਕੇਵਲ ਸਮਝ ਗਿਆ ਕਿ ਸੀਤਲ ਦੇ ਮਾਂ ਬਾਪ ਇਸ ਦੁਨੀਆਂ ਵਿੱਚ ਨਹੀਂ! ਪਰ ਫਿਰ ਵੀ ਪੁੱਛਿਆ-

'ਆਂਟੀ ਏਹ ਕਿਸਦੀਆਂ ਫੋਟੋਆਂ?'

'ਪੁੱਤ ਏਹ ਸੀਤਲ ਦਾ ਡੈਡੀ ਫੌਜ ਵਿੱਚ ਕਿਪਟਨ ਸੀ ਤੇ ਸ਼ਹੀਦ ਕਰਤਾ, ਸੀਤਲ ਦੀ ਮਾਂ ਗ਼ਮ ਖਾਕੇ ਮਰਗੀ!' ਆਖਕੇ ਮਾਮੀ ਫਿਰ ਰੋ ਪਈ।

'ਕਿਵੇਂ?'

'ਆਹ ਜਦੋਂ ਦਰਬਾਰ ਸ੍ਹੈਬ ਤੇ ਟੈਂਕ ਹੋਇਆ ਸੀ ਤੇ ਫੌਜ ਭੱਜ ਤੁਰੀ ਸੀ, ਉਦੋਂ ਸ਼ਹੀਦ ਕਰਤਾ' ਮਾਮੀ ਨੇ ਕਿਹਾ ਤਾਂ ਕੇਵਲ ਘਬਰਾ ਗਿਆ ਕਿ ਹੈਂ ਕੈਪਟਨ ਸਾਰਬ ਨੂੰ ਸ਼ਹੀਦ ਕਰ ਦਿੱਤਾ!

'ਕੀ ਕੈਪਟਨ ਸਾਬ੍ਹ ਵੀ ਭੱਜਗੇ ਸੀ?' ਕੇਵਲ ਨੇ ਕਿਹਾ। ਅਤੇ ਸੋਚਿਆ ਇਹ ਟੱਬਰ ਵੀ ਮੇਰੇ ਵਾਂਗੂੰ ਵਖਤਾਂ ਦਾ ਮਾਰਿਆ ਹੈ।

'ਉ ਭੱਜੇ ਨੀ ਸੀ ਕੈਂਦੇ ਆ ਕੋਈ ਹਿੰਦੂ ਫੌਜੀ ਨਵੇਂ ਭਰਤੀ ਹੋਏ ਬੱਚਿਆਂ ਦੀਆਂ ਪੱਗਾਂ ਨਾ ਬਾਹਵਾਂ ਬੰਨਕੇ ਪਿੱਛੇ ਗੋਲੀਆਂ ਮਾਰ ਰਹੇ ਸਨ ਕਿਪਟਨ ਨੇ ਰੋਕਿਆ ਤੇ ਜ਼ਾਲਮਾਂ ਨੇ ਮੇਰੇ ਭਰਾ ਨੂੰ ਵੀ ਪਿੱਛਾ ਕਰਕੇ ਸ਼ਹੀਦ ਕਰਤਾ' ਮਾਮੀ ਭੁੱਬਾਂ ਮਾਰਕੇ ਰੋ ਪਈ। ਕੇਵਲ ਪਿੱਛਲੀ ਯਾਦ ਵਿੱਚ ਗੁਆਚ ਗਿਆ ਜਦੋਂ ਕੋਈ ਫੌਜੀ ਇਸ ਕੈਪਟਨ ਬਾਰੇ ਦੱਸ ਰਿਹਾ ਸੀ। ਕੇਵਲ ਸੋਚਾਂ ਵਿੱਚ ਪੈ ਗਿਆ!

'ਆਹ ਕੋਠੀ ਸੀਤਲ ਦੀ ਆ, ਕੋਠੀ ਸਾਡੇ ਕੋਲ ਵੀ ਆ ਪਰ ਉ ਕਿਰਾਏ ਤੇ ਦਿੱਤੀ ਆ ਨਾਲੇ ਕੱਲੀ ਕੁੜੀ ਨੂੰ ਛੱਡ ਨੀ ਸਕਦੇ ਜਦੋਂ ਹੱਥ ਪੀਲੇ ਹੋਗੇ ਉਦੋਂ ਕੋਠੀ ਕੁੜੀ ਦੀ ਤੇ ਅਸੀਂ ਆਵਦੀ ਕੋਠੀ ਵਿੱਚ' ਮਾਮੀ ਨੇ ਕਿਹਾ। ਕੇਵਲ ਨੇ ਚਾਰ ਚੁਫੇਰੇ ਨਿਗ੍ਹਾ ਘੁਮਾਈ ਕੋਠੀ ਵਿੱਚ ਇੱਕ ਕਾਰ ਤੇ ਇੱਕ ਜੀਪ ਸੀ। ਉਹਨਾ ਤੇ ਨਾਮ ਵੀ ਕੈਪਟਨ ਰਣਜੀਤ ਸਿੰਘ ਲਿਖਿਆ ਸੀ। ਕੇਵਲ ਨੂੰ ਯਕੀਨ ਆ ਗਿਆ ਕਿ ਵਾਕਿਆ ਹੀ ਕੈਪਟਨ ਦੀ ਕੋਠੀ ਹੈ।

'ਚੰਗਾ ਆਂਟੀ ਜੀ ਮੈਂ ਜਾਣਾ, ਮੈਂ ਘਰੇ ਰਾਏ ਕਰਕੇ ਚਿੱਠੀ ਪਾਊਂਗਾ' ਕੇਵਲ ਨੇ ਜਾਣ ਦੀ ਤਿਆਰੀ ਕੀਤੀ। ਸੀਤਲ ਨੂੰ ਸਤਿ ਸ੍ਰੀ ਅਕਾਲ ਬਲਾਈ ਅਤੇ ਬੱਸ ਚੜਕੇ ਪਿੰਡ ਆ ਗਿਆ।

'ਮਾਮੀ ਜੀ ਤੁਸੀਂ ਕੀ ਗੱਲਾਂ ਕੀਤੀਆਂ' ਸੀਤਲ ਪੁੱਛਣ ਨੂੰ ਕਾਹਲੀ ਸੀ।

'ਏਹੋ ਕਿਹਾ ਸੀ ਆਹ ਕੋਠੀ ਸੀਤਲ ਦੀ ਆ, ਡੈਡੀ ਕਿਪਟਨ ਸੀ ਪੈਲੀ ਵੀ ਹੈਗੀ ਆ, ਹੋਰ ਵੀ ਕਿਹਾ ਕਿ ਸੀਤਲ ਬੈਂਕ ਦੀ ਚੰਗੀ ਨੌਕਰੀ ਤੇ ਲੱਗੀ ਆ'

'ਏਨਾ ਕੁਝ ਤੁਸੀਂ ਕਿਓਂ ਕਿਹਾ'

'ਕਿਓਂ ਕੀ ਗੱਲ?'

'ਗੱਲ ਏਹ ਕਿ ਮਾਮੀ ਜੀ ਅੱਜ ਕੱਲ ਲੋਕ ਬ੍ਹੋਤ ਲਾਲਚੀ ਆ, ਹੁਣ ਤਾਂ ਚੰਡੀਗੜ੍ਹ ਵੀ ਬੰਬੇ ਬਣ ਗਿਆ ਕਿ ਜਿਸ ਕੋਲ ਚੰਡੀਗੜ੍ਹ ਵਿੱਚ ਆਪਣੀ ਕੋਠੀ ਉ ਬਾਦਸ਼ਾਹ, ਉਨੇ ਤਾਂ ਝੱਟ ਹਾਂ ਕਰ ਦੇਣੀ ਆਂ'

'ਤੂੰ ਕੀ ਚੌਂਨੀ ਏਂ'

'ਮੈਨੂੰ ਉ ਮੁੰਡਾ ਚਾਈਦਾ ਜੋ ਲਾਲਚੀ ਨਾ ਹੋਵੇ ਸਿਰਫ ਮੇਰੇ ਨਾਲ ਵਿਆਹ ਕਰੇ ਨਾ ਕਿ ਮੇਰੀ ਕੋਠੀ ਨਾਲ' ਸੀਤਲ ਨੇ ਕਿਹਾ।

'ਹੁਣ ਤਾਂ ਪੁੱਤ ਮੈਂ ਆਖ ਦਿੱਤਾ' ਮਾਮੀ ਨੇ ਉਦਾਸ ਹੋ ਕੇ ਕਿਹਾ।

ਇਕ ਮਹੀਨਾ ਗੁਜ਼ਰ ਗਿਆ ਸੀਤਲ ਰੋਜ਼ ਚਿੱਠੀ ਉਡੀਕ ਰਹੀ ਸੀ ਪਰ ਕੇਵਲ ਨੇ ਹਾਂ ਜਾ ਨਾਂਹ ਦਾ ਜਵਾਬ ਨਹੀਂ ਸੀ ਦਿੱਤਾ। ਹਰਰੋਜ਼ ਡਾਕੀਏ ਦੀ ਰਾਹ ਤੱਕਦੀ ਪਰ ਡਾਕੀਆ ਪਿੱਛੋਂ ਹੀ ਮੁੜ ਜਾਂਦਾ।

'ਮਾਮੀ ਜੀ ਕੇਵਲ ਨੇ ਕੋਈ ਜਵਾਬ ਨੀ ਦਿੱਤਾ' ਸੀਤਲ ਨੇ ਪੁੱਛਿਆ।

'ਕੀ ਪਤਾ ਭਾਈ ਕੋਈ ਹੋਰ ਗੁਲ ਫਰੈਂਡ ਬਣਾਈ ਹੋਵੇ'

'ਨਈਂ ਮਾਮੀ ਜੀ ਉ ਐਨੀ ਜੋਗਾ ਕਿੱਥੇ?' ਸੀਤਲ ਨੇ ਕਿਹਾ ਕਿਉਂਕਿ ਇਕੱਠੇ ਛੋਟੇ ਜਿਹੇ ਪਿੰਜਰੇ ਵਿੱਚ ਬੰਦ ਹਿੱਲ ਵੀ ਨਹੀਂ ਸੀ ਸਕਦੇ ਕੇਵਲ ਨੇ ਹੱਥ ਨਹੀਂ ਲਾਇਆ ਕਾਲੀ ਬੋਲੀ ਰਾਤ ਨੂੰ ਜੰਗਲ ਵਿੱਚਦੀ ਆਏ ਕੇਵਲ ਨੇ ਮੈਨੂੰ ਅੱਖ ਚੱਕਕੇ ਨਹੀ ਦੇਖਿਆ ਨਹੀਂ ਤਾਂ ਮੁੰਡਿਆਂ ਨੂੰ ਇੱਕਲੀ ਅਜਨਬੀ ਕੁੜੀ ਉਹ ਵੀ ਜੰਗਲ ਵਿੱਚ ਤਾਂ ਰੱਬ ਦੇਵੇ ਮੁੰਡੇ ਤਾਂ ਇਕੱਲੀ ਕੁੜੀ ਨੂੰ 'ਮਾਲ-ਏ-ਗ਼ਨੀਮਤ' ਸਮਝ ਲੈਣ! ਮੁੰਡੇ ਤਾਂ ਕੁੜੀ ਦੀ ਅੱਖ ਵਿੱਚੋਂ ਸੁਰਮਾ ਕੱਢ ਲੈਂਦੇ ਹਨ ਕੁੜੀ ਕੱਢਣੀ ਕੀ ਮੁਸ਼ਕਲ ਹੈ।

'ਫਿਰ ਜਵਾਬ ਚਿੱਠੀ ਕਿਉਂ ਨੀ ਪਾਈ' ਮਾਮੀ ਨੇ ਕਿਹਾ

'ਆਪਾਂ ਕ੍ਹੇੜਾ ਪਾਈ ਆ'

'ਮੈਂ ਪਾਈ ਸੀ ਕਿ ਹਾਂ ਜਾਂ ਨਾਹ ਦੱਸ ਪਰ ਜਵਾਬ ਨੀ ਦਿੱਤਾ' ਮਾਮੀ ਨੇ ਕਿਹਾ। ਸੀਤਲ ਸੋਚਾਂ ਵਿੱਚ ਪੈ ਗਈ। ਸੀਤਲ ਨੇ ਸੋਚ ਲਿਆ ਚਾਹੇ ਕੁਛ ਵੀ ਹੋਵੇ ਵਿਆਹ ਕਰਨਾ ਤਾਂ ਕੇਵਲ ਨਾਲ ਨਹੀਂ ਤਾਂ ਨਹੀਂ ਕਰਨਾ ਮਾੜੇ ਸਾਥ ਨਾਲੋਂ ਇਕੱਲੀ ਚੰਗੀ! ਫਿਰ ਸੀਤਲ ਨੇ ਆਪ ਚਿੱਠੀ ਲਿਖੀ ਕਿ ਮੈਂ ਪ੍ਰਣ ਕਰ ਲਿਆ ਕਿ ਤੇਰੇ ਤੋਂ ਬਗੈਰ ਵਿਆਹ ਨੀ ਕਰੌਣਾ। ਕੇਵਲ ਚਿੱਠੀ ਪੜਕੇ ਉਦਾਸ ਹੋ ਗਿਆ। ਹੋਰ ਕੋਈ ਹੁੰਦਾ ਤਾਂ ਅਮੀਰ ਘਰ ਦੀ ਕੁੜੀ ਨਾਲ ਵਿਆਹ ਕਰਾਕੇ ਆਪਣੇ ਆਪ ਨੂੰ ਫੰਨੇ ਖਾਂਹ ਸਮਝਦਾ ਪਰ ਇਹ ਕੇਵਲ ਸੀ ਪਹਿਲਾਂ ਹੀ ਡਰਿਆ ਹੋਇਆ ਅਮੀਰ ਕੁੜੀ ਨਾਲ ਵਿਆਹ ਕਰਕੇ ਮੁਸੀਬਤ ਮੁੱਲ ਨਹੀਂ ਸੀ ਲੈਣਾ ਚਾਹੁੰਦਾ। ਕੇਵਲ ਸੋਚ ਰਿਹਾ ਸੀ ਕਿ ਘਰ ਬੁਲਾਵਾਂ ਜਦੋਂ ਸੀਤਲ ਤੇ ਮਾਮੀ ਘਰ ਦੇਖ ਲੈਣਗੀਆਂ ਤਾਂ ਆਪੇ ਮਨ੍ਹਾ ਕਰ ਦੇਣਗੀਆਂ। ਕੇਵਲ ਨੇ ਚਿੱਠੀ ਪਾ ਦਿੱਤੀ ਇੱਕ ਵਾਰ ਮੇਰਾ ਦੌਲਤ ਖਾਨਾ ਦੇਖ ਜਾਵੋ। ਸੀਤਲ ਨੂੰ ਪਹਿਲਾਂ ਤਾਂ ਸਮਝ ਆ ਆਈ ਕਿ ਦੌਲਤ ਖਾਨਾ ਕੀ ਹੋਇਆ ਫਿਰ ਮਾਮੀ ਨੇ ਦੱਸਿਆ ਕਿ ਘਰ ਨੂੰ ਦੌਲਤ ਖਾਨਾ ਕਹਿੰਦਾ ਹੈ। ਜਵਾਬ ਆ ਗਿਆ ਕਿ ਇਸੇ ਐਤਵਾਰ ਨੂੰ ਆਵਾਂਗੀਆਂ ਘਰ ਰਹਿਣ। ਕੇਵਲ ਨੇ ਮਾੜੀ ਮੋਟੀ ਸਾਫ ਸਫਾਈ ਕੀਤੀ ਕੱਚਾ ਪੱਕਾ ਘਰ ਸੀ। ਕੇਵਲ ਸੋਚ ਰਿਹਾ ਸੀ ਮੇਰਾ ਇਹਨਾ ਨਾਲ ਕੀ ਮੇਲ। ਮੈਂ ਗਰੀਬ ਫੌਜ ਵਿੱਚੋਂ ਕੋਰਟ ਮਾਰਸ਼ਲ ਕਰਕੇ ਕੱਢਿਆ! ਜੇ ਮਾੜੀ ਮੋਟੀ ਪਿਨਸ਼ਨ ਆਉਂਦੀ ਹੋਵੇ ਤਾਂ ਵੀ ਠੀਕ। ਦੂਜਾ ਕੈਪਟਨ ਦੀ ਧੀ ਅੱਗੇ ਸਿਪਾਹੀ ਦੀ ਪਿਨਸ਼ਨ ਵੀ ਕੋਈ ਮਾਇਨਾ ਨੀ ਰੱਖਦੀ। ਕੈਪਟਨ ਦੇ ਅੱਗੇ ਸਿਪਾਹੀ ਦੀ ਕੁੱਕਤ ਹੀ ਕੀ ਹੈ? ਸਿਆਣੇ ਕੈਂਦੇ ਆ ਆਪ ਤੋਂ ਵੱਡੇ ਨਾ ਰਿਸ਼ਤਾ ਨੀ ਨਿਭਦਾ। ਮੇਰੇ ਕੋਲ ਹੈ ਕੀ? ਮੇਰਾ ਕੱਚਾ ਕੋਠਾ ਇੱਕ ਬੈਠਕ ਆ ਉੱਠਣ ਬੈਠਣ ਨੂੰ ਤੇ ਸੀਤਲ ਦੇ ਕੁੱਤੇ ਵਾਸਤੇ ਸਾਡੀ ਬੈਠਕ ਨਾਲੋਂ ਵੱਡਾ ਕਮਰਾ! ਇਹ ਕੈਪਟਨ ਸਾਹਬ ਦੀ ਕੁੜੀ ਹੋਣ ਕਰਕੇ ਇਸਨੇ ਰੋਅਬ ਪਾਉਣਾਂ ਤੇ ਮੈਂ ਤਾਂ ਰੋਅਬ ਫੌਜੀਆਂ ਦਾ ਨਹੀਂ ਲਿਆ ਤੇ ਇਸਦਾ ਕਿਵੇਂ ਰੋਅਬ ਲਵਾਂਗਾ? ਸੀਤਲ ਕੋਲ ਚਾਰ ਸਿਆੜ ਪੈਲੀ ਦੇ ਵੀ ਹੋਣਗੇ ਫਿਰ ਤਾਂ ਹੋਰ ਇੱਕ ਕਰੇਲਾ ਦੂਜਾ ਨਿੰਮ ਚੜਿਆ! ਘਰ ਅੱਗੇ ਆਕੇ ਇੱਕ ਕਾਰ ਰੁਕੀ ਕੇਵਲ ਦੇ ਖਿਆਲਾਂ ਦੀ ਲੜੀ




ਟੁੱਟੀ। ਕੇਵਲ ਨੇ ਕਾਰ ਅੰਦਰ ਲਿਆਉਣ ਵਾਸਤੇ ਕਿਹਾ। ਮਾਮੀ ਤੇ ਸੀਤਲ ਤੇ ਭਿੰਦਾ ਸੀ, ਤਿੰਨਾ ਨੂੰ ਬੈਠਕ ਵਿੱਚ ਬਿਠਾ ਦਿੱਤਾ। ਤਿੰਨਾ ਦਾ ਮੂੰਹ ਬਾਹਰ ਵੱਲ ਨੂੰ ਸੀ। ਫੋਟੋਆਂ ਵਾਲੀ ਅੰਗੀਠੀ ਪਿੱਛੇ ਸੀ। ਜੈਕੁਰ ਨੇ ਚਾਹ ਪਾਣੀ ਫੜਾਇਆ। ਮਾਮੀ ਚਾਹ ਪੀਦੀ ਪੀਦੀ ਘਰ ਬਾਰ ਵੱਲ ਨਿਗ੍ਹਾ ਮਾਰ ਰਹੀ ਸੀ ਜਦੋਂ ਕਿ ਸੀਤਲ ਦਾ ਧਿਆਨ ਕੇਵਲ ਵੱਲ ਸੀ। ਕੇਵਲ ਦਾ ਘਰ ਮਾਮੀ ਦੇ ਨੱਕ ਹੇਠ ਨਹੀਂ ਸੀ ਆ ਰਿਹਾ। ਆਵੇ ਵੀ ਕਿਵੇਂ ਚੰਡੀਗੜ੍ਹ ਮਹਿਲ ਵਰਗੀ ਕੋਠੀ ਤੇ ਕੇਵਲ ਦਾ ਘਰ ਜਿਵੇਂ ਪਸ਼ੂਆਂ ਦਾ ਵਾੜਾ! ਪੁਰਾਣਾ ਰੋਗਨ ਲੱਥਾ ਟ੍ਰੈਕਟਰ ਟੁੱਟੇ ਭੁੱਟੇ ਹਲ। ਕੇਵਲ ਦੀ ਮਾਂ ਦੇ ਘਸੇ ਹੋਏ ਕੱਪੜੇ ਉਹ ਸੋਚ ਰਹੀ ਸੀ ਘਰ ਦੇਖਕੇ ਸੀਤਲ ਜਵਾਬ ਦੇ ਦੇਵੇਗੀ। ਸਾਰੇ ਚੁੱਪ ਸਨ ਕੇਵਲ ਦੇ ਘਰ ਦਾ ਕੋਈ ਬੋਲ ਨਹੀਂ ਸੀ ਕਿਉਂਕਿ ਕੇਵਲ ਨੇ ਕਿਹਾ ਸੀ ਤੁਸੀਂ ਆਪ ਕੋਈ ਗੱਲ ਨਹੀਂ ਕਰਨੀ ਉਹ ਆਪੇ ਕੁਛ ਪੁੱਛਣਾ ਤਾਂ ਪੁੱਛਣਗੇ!

'ਖੇਤ ਕਿੰਨੀ ਕੁ ਦੂਰ ਆ' ਮਾਮੀ ਨੇ ਕਿਹਾ।

'ਸੈਕਲ ਤੇ ਦਸ ਪੰਜ ਸੱਤ ਮਿੰਟ ਲਗਦੇ ਆ, ਚਲੋ ਖੇਤ ਗੇੜਾ ਮਾਰ ਔਨੇ ਆਂ' ਕੇਵਲ ਨੇ ਕਿਹਾ।

'ਠੀਕ ਆ ਖੇਤ ਚਲਦੇ ਆਂ' ਮਾਮੀ ਨੇ ਕਿਹਾ ਤਾਂ

ਸਾਰੇ ਖੜ੍ਹੇ ਹੋ ਗਏ। ਜਦੋਂ ਕੋਈ ਵੀ ਬੰਦਾ ਬੁੜੀ ਕਿਸੇ ਦੇ ਘਰ ਮੁੰਡਾ ਜਾ ਕੁੜੀ ਦੇਖਣ ਜਾਂਦਾ ਹੈ ਤਾਂ ਕੁਦਰਤੀ ਆਸੇ ਪਾਸੇ ਨਿਗ੍ਹਾ ਮਾਰਦਾ ਹੈ। ਸੋ ਸੀਤਲ ਨੇ ਮਾਮੀ ਨੇ ਪਿੱਛੇ ਮੁੜਕੇ ਦੇਖਿਆ ਤਾਂ ਫੌਜੀ ਵਰਦੀ ਵਿੱਚ ਫੋਟੋ ਸਨ। ਕੁਦਰਤੀ ਤੌਰ ਤੇ ਜਿਸਦਾ ਕੋਈ ਰਿਸ਼ਤੇਦਾਰ ਭੈਣ ਭਰਾ ਜਾ ਪਤੀ ਫੌਜ ਵਿੱਚ ਹੋਵੇ ਤਾਂ ਉਹ ਫੌਜੀ ਨੂੰ ਜਾਂ ਫੌਜੀ ਦੀ ਫੋਟੋ ਨੂੰ ਬਹੁੱਤ ਧਿਆਨ ਨਾਲ ਦੇਖਦਾ ਹੈ! ਮਾਮੀ ਤੇ ਸੀਤਲ ਬੈਠਕ ਵਿੱਚੋਂ ਬਾਹਰ ਜਾਣ ਦੀ ਬਜਾਏ ਅੰਗੀਠੀ ਤੇ ਰੱਖੀਆਂ ਫੋਟੋ ਦੇਖਣ ਲੱਗ ਪਈਆਂ। ਭਿੰਦਾ ਕਾਰ ਵਿੱਚ ਬੈਠ ਗਿਆ। ਜੈਕੁਰ ਭਾਡੇ ਰੱਖਣ ਰਸੋਈ ਵਿੱਚ ਚਲੀ ਗਈ।

'ਏਹ ਫੋਟੋ ਤੁਹਾਡੀਆਂ' ਸੀਤਲ ਨੇ ਕੇਵਲ ਤੋਂ ਪੁੱਛਿਆ ਵੈਸੇ ਸੀਤਲ ਨੇ ਪਹਿਚਾਣ ਲਈਆਂ ਸਨ।

'ਹਾਂ ਜੀ ਮੇਰੀਆਂ'

'ਤੇ ਔਹਤਤ' ਇੱਕ ਫੋਟੋ ਦੇਖਕੇ ਸੀਤਲ ਉੱਚੀ ਉੱਚੀ ਰੋ ਪਈ। ਉਸ ਫੋਟੋ ਨੂੰ ਦੇਖਕੇ ਕੇਵਲ ਵੀ ਰੋ ਪਿਆ। ਮਾਮੀ ਨੇ ਰੋਣਾ ਹੀ ਸੀ! ਕਿਉਂਕਿ ਮਾਮੀ ਨੇ ਇਹੋ ਜਿਹੀ ਫੋਟੋ ਦੇਖਣੀ ਬੰਦ ਕਰ ਦਿੱਤੀ ਤੇ ਆਵਦੇ ਭਰਾ ਕੈਪਟਨ ਰਣਜੀਤ ਸਿੰਘ ਦੀਆਂ ਫੋਟੋਆਂ ਪੇਟੀ ਵਿੱਚ ਰੱਖ ਦਿੱਤੀਆਂ ਸਨ! ਮਾਮੀ ਨੇ ਸੀਤਲ ਦਾ ਮੋਢਾ ਫੜਕੇ ਹਲੂਣ ਕੇ ਚੁੱਪ ਕਰਵਾਇਆ ਪਰ ਕੇਵਲ ਅਜੇ ਰੋਈ ਜਾ ਰਿਹਾ ਸੀ! ਰੋਣਾ ਸੁਣਕੇ ਜੈਕੁਰ ਵੀ ਆ ਗਈ ਉਸਨੂੰ ਪਤਾ ਸੀ ਕਿ ਕੇਵਲ ਕਿਉਂ ਰੋਂਦਾ ਹੈ ਤੇ ਬੋਲੀ-

'ਮੈਂ ਬ੍ਹੋਤ ਵਾਰ ਕਿਹਾ ਕਿ ਇਸ ਫੋਟੋ ਨੂੰ ਨਾ ਰੱਖ ਪਰ ਮੇਰਾ ਕਮਲਾ ਪੁੱਤ ਮੰਨਦਾ ਨੀ, ਵਈ ਜਦੋਂ ਕਿਸੇ ਚੀਜ਼ ਨੂੰ ਦੇਖਕੇ ਰੋਣਾ ਹੀ ਹੈ ਤਾਂ ਦੇਖਣੀ ਕਿਓਂ? ਮੈਂ ਤਾਂ ਭਾਈ ਫੋਟੋ ਦੇਖਣੀ ਬੰਦ ਕਰ ਦਿੱਤੀ!' ਜੈਕੁਰ ਨੇ ਆਖਕੇ ਉਹ ਫੋਟੋ ਪੁੱਠੀ ਕਰ ਦਿੱਤੀ। ਕਿਉਂਕਿ ਉਹ ਫੋਟੋ ਕੇਵਲ ਦੇ ਮਾਮੇ ਦੇ ਮੁੰਡੇ ਪ੍ਰੀਤਮ ਸਿੰਘ ਦੀ ਸੀ ਉਹ 18-19 ਸਾਲ ਦਾ ਰੰਗਰੂਟ ਹੀ ਸੀ ਕਿ ਯੂ ਪੀ ਵਿੱਚ ਪੱਗ ਨਾਲ ਪਿੱਛੇ ਹੱਥ ਬੰਨ ਕੇ ਗੋਲੀਆਂ ਮਾਰ ਕੇ ਮਾਰ ਦਿੱਤਾ! ਉਸਦੀ ਫੋਟੋ ਤੇ ਕੇਵਲ ਨੇ ਲਿਖ ਦਿੱਤਾ ਸੀ-

ਉਅਸੀਂ ਤਾਂ ਮਰਗੇ ਜੋਬਨ ਰੁੱਤੇ, ਤੁਰਗੇ ਭਰੇ ਭਰਾਏ" ਬੱਸ ਕੇਵਲ ਦੇਖਕੇ ਰੋ ਪੈਂਦਾ' ਜੈਕੁਰ ਨੇ ਕਿਹਾ।

'ਇਹੋ ਹਾਲ ਸੀਤਲ ਦਾ ਹੈ ਇਸਦਾ ਡੈਡੀ ਜਵਾਨੀ ਵਿੱਚ ਕੈਂਦਾ ਹੁੰਦਾ ਸੀ ਉਅਸੀਂ ਤਾਂ ਮਰਨਾ ਜੋਬਨ ਰੁੱਤੇ, ਤੁਰ ਜਾਂਣਾ ਭਰੇ ਭਰਾਏ" ਉਹ ਫੋਟੋ ਸੀਤਲ ਹਮੇਸ਼ਾਂ ਪਰਸ 'ਚ' ਰੱਖਦੀ ਏ ਤੇ ਫੋਟੋ ਦੇਖਕੇ ਰੋ ਕੇ ਮਨ ਹੌਲਾ ਕਰ ਲੈਂਦੀ ਆ, ਪਰ ਥੋਡੇ ਘਰ ਵੀ ਫੋਟੋ ਤੇ ਇਹੋ ਸ਼ੇਅਰ ਲਿਖਿਆ ਏ' ਮਾਮੀ ਨੇ ਕਿਹਾ। ਸੀਤਲ ਭੁਸਕਦੀ ਹੋਈ ਨੇ ਪਰਸ ਖੋਹਲਿਆ ਤੇ ਕੇਵਲ ਨੂੰ ਫੋਟੋ ਦਿਖਾਈ। ਫੋਟੋ ਵਿੱਚ ਚੜਦੀ ਉਮਰ ਦਾ ਉਮਰ ਦਾ ਲੈਫਟੀਨੈਂਟ ਸੀ ਅਜੇ ਥੋੜੀ ਥੋੜੀ ਦਾਹੜੀ ਆਈ ਸੀ ਉਸਦੀ ਫੋਟੋ ਤੇ ਪੱਕਾ ਲਿਖਿਆ ਹੋਇਆ ਸੀ

ਉਅਸੀਂ ਤਾਂ ਮਰਨਾ ਜੋਬਨ ਰੁੱਤੇ, ਤੁਰ ਜਾਣਾ ਭਰੇ ਭਰਾਏ" ਕੇਵਲ ਉਸ ਫੋਟੋ ਨੂੰ ਦੇਖਕੇ ਹੋਰ ਰੋ ਪਿਆ। ਕੋਈ ਵੀ ਸ਼ੇਅਰ ਹੋਵੇ ਉਹ ਹਰ ਇੱਕ ਵਾਸਤੇ ਨਹੀਂ ਹੁੰਦਾ ਅਤੇ ਜਿਸ ਉੱਤੇ ਕੋਈ ਸ਼ੇਅਰ ਲਾਗੂ ਹੁੰਦਾ ਹੈ ਉਹ ਮੁੰਡਾ ਜਾਂ ਕੁੜੀ ਜਾਂ ਤਾਂ ਰੋ ਪੈਂਦਾ ਹੈ, ਹੱਸ ਪੈਦਾ ਹੈ ਜਾਂ ਸੋਚਣ ਲੱਗ ਪੈਂਦਾ ਹੈ! ਇਸ ਫੋਟੋ ਤੇ ਲਿਖਿਆ ਸ਼ੇਅਰ ਬਹੁਤ ਲੋਕ ਪੜਕੇ ਚਲੇ ਗਏ ਪਰ ਰੋਇਆ ਕੋਈ ਨਹੀਂ। ਪਰ ਅੱਜ ਇਹ ਸੇਅੱਜ ਮਾਮੀ ਭਾਣਜੀ ਦੀ ਛਾਤੀ ਤੇ ਬਰਛੀ ਵਾਂਗੂੰ ਲੱਗਾ! ਲੋਕ ਐਵੇਂ ਤਾਂ ਕਹਿੰਦੇ ਕਿ ਦੂਜੇ ਦੇ ਘਰ ਨੂੰ ਲੱਗੀ ਬਸੰਤਰ ਦਿਸਦੀ ਹੈ ਪਰ ਅੱਖਾਂ ਉਦੋਂ ਖੁਲ੍ਹਦੀਆਂ ਹਨ ਜਦੋਂ ਆਪਣੇ ਘਰ ਨੂੰ ਲਾਂਬੂ ਲੱਗਦੇ ਹਨ! ਮਾਮੀ ਭਾਣਜੀ ਦੇ ਘਰ ਨੂੰ ਲਾਂਬੂ ਲੱਗੇ ਸਨ ਉਹ ਪ੍ਰੀਤਮ ਸਿੰਘ ਦੀ ਫੋਟੋ ਤੇ ਕੈਪਟਨ ਰਣਜੀਤ ਸਿੰਘ ਦੀ ਫੋਟੋ ਤੇ ਲਿਖਿਆ ਸੇਪੜਕੇ ਪਰਲ ਪਰਲ ਆਂਸੂ ਬਹਾ ਰਹੀਆਂ ਜਦੋਂ ਕਿ ਬਹੁਤ ਲੋਕ ਸਰਸਰੀ ਨਿਗ੍ਹਾ ਨਾਲ ਸ਼ੇਅਰ ਪੜਿਆ ਤਾ ਪੜਕੇ ਚਲੇ ਗਏ!

'ਏਹ ਸੀ ਮੇਰੇ ਡੈਡੀ' ਸੀਤਲ ਨੇ ਅੱਖਾਂ ਪੂੰਝਕੇ ਕਿਹਾ।

'ਮੈਂ ਤਾਂ ਬ੍ਹੋਤ ਵਾਰ ਰਣਜੀਤ ਸਿੰਹੋਂ ਨੂੰ ਕਿਹਾ ਸੀ ਕਿ ਏਹ ਸ਼ੇਅਰ ਮੈਨੂੰ ਨੀ ਚੰਗਾ ਲੱਗਦਾ ਨਾ ਬੋਲਿਆ ਕਰ, ਉਸਨੇ ਕ੍ਹੈਣਾ ਅਸੀਂ ਭਰਤੀ ਵਾਸਤੇ ਸ਼ਹੀਦ ਹੋਣ ਵਾਸਤੇ ਹੋਏ ਆਂ' ਮਾਮੀ ਨੇ ਕਿਹਾ। ਭਿੰਦੇ ਨੇ ਕਾਰ ਸਟਾਰਟ ਕਰ ਲਈ ਉਹ ਰੇਸਾਂ ਦੇ ਰਿਹਾ ਸੀ ਕਿ ਛੇਤੀ ਖੇਤ ਚੱਲੀਏ। ਪਰ ਮਾਮੀ ਨੇ ਇਸ਼ਾਰੇ ਨਾਲ ਕੋਲ ਸੱਦ ਕੇ ਕਿਹਾ-

'ਬੇਟਾ ਹੁਣ ਜਾਣ ਦੀ ਲੋੜ ਨੀ ਖੇਤ ਦੇਖ ਲਿਆ' ਭਿੰਦਾ ਬੈਠ ਗਿਆ।

'ਤੂੰ ਉਸ ਦਿਨ ਨੀ ਦੱਸਿਆ ਤੂੰ ਫੌਜੀ ਏਂ' ਮਾਮੀ ਨੇ ਕਿਹਾ।

'ਆਂਟੀ ਜੀ ਮੈਂ ਫੌਜੀ ਸੀ ਪਰ ਹੁਣ ਤਾਂ ਮੇਰਾ ਕੋਰਟ ਮਾਰਸ਼ਲ ਹੋ ਗਿਆ ਹੁਣ ਮੈਂ ਫੌਜੀ ਨੀ' ਕੇਵਲ ਨੇ ਕਿਹਾ ਸ਼ਾਇਦ ਪਿੱਛਾ ਛੁੱਟ ਜਾਵੇ ਇਸ ਰਾਜਕੁਮਾਰੀ ਨੂੰ ਮੈਂ ਕਿਵੇਂ ਕੱਚੇ ਖੋਲੇ ਵਿੱਚ ਰੱਖੂੰਗਾ?

'ਕੋਰਟ ਮਾਰਸ਼ਲ ਕਿਵੇਂ ਹੋਇਆ' ਸੀਤਲ ਨੇ ਫਟਾ ਫਟ ਪੁੱਛਿਆ ਤੇ ਸੋਚਿਆ ਕਿ ਇਹ ਤਾਂ ਬਹੁਤ ਵੱਡਾ ਬਦਮਾਸ਼ ਹੈ। ਕਿਉਂਕਿ ਜਿਸਦਾ ਫੌਜ ਵਿੱਚ ਕੋਰਟ ਮਾਰਸ਼ਲ ਹੋ ਜਾਂਦਾ ਹੈ ਤਾਂ ਆਪਣੇ ਆਪ ਉਹ ਦਸ ਨੰਬਰ ਵਿੱਚ ਆ ਜਾਂਦਾ ਹੈ! ਇਲਾਕੇ ਵਿੱਚ ਕੋਈ ਵੀ ਵਾਰਦਾਤ ਹੁੰਦੀ ਹੈ ਪੁਲੀਸ ਦਸ ਨੰਬਰ ਨੂੰ ਫੜ ਲਿਆਉਂਦੀ ਤੇ ਨੰਬਰ ਦੀ ਕੁੱਟ ਵੀ ਮਾਰ ਹੁੰਦੀ ਹੈ! ਕੋਈ ਨੌਕਰੀ ਤੇ ਵੀ ਨਹੀਂ ਰੱਖਦਾ! ਪਹਿਲਾਂ ਸੀਤਲ ਕੇਵਲ ਨਾਲ ਵਿਆਹ ਕਰਵਾਉਣ ਨੂੰ ਕਾਹਲੀ ਸੀ ਹੁਣ ਉਹ ਕੇਵਲ ਤੋਂ ਡਰ ਰਹੀ ਸੀ। ਅਤੇ ਸੋਚ ਰਹੀ ਸੀ ਕਿ ਇਹ ਬਦਮਾਸ਼ ਸੀ ਤਾਂ ਇਸਨੂੰ ਟੀਕੇ ਦਾ ਨਸ਼ਾ ਨਹੀਂ ਹੋਇਆ ਕੀ ਪਤਾ ਚਰਸ, ਸਮੈਕ ਜਾਂ ਕੋਈ ਹੋਰ ਅੱਗ ਸਵਾਹ ਖਾਂਦਾ ਹੋਵੇਗਾ ਜਿਸਨੂੰ ਟੀਕੇ ਨੇ ਅਸਰ ਨਹੀਂ ਕੀਤਾ ਅਤੇ ਪਿੰਜਰਾ ਮਿੰਟਾਂ ਵਿੱਚ ਤੋੜ ਦਿੱਤਾ ਜਿਸਦਾ ਫੌਜ ਨੇ ਕੋਰਟ ਮਾਰਸ਼ਲ ਕੀਤਾ ਹੈ ਇਹ ਖੂੰਖਾਰ ਆਦਮੀ ਹੈ। ਸੀਤਲ ਕੇਵਲ ਤੋਂ ਪੁੱਛਣ ਦੀ ਜੁਅਰਤ ਨਹੀਂ ਸੀ ਕਿ ਕਿਸ ਜੁਰਮ ਵਿੱਚ ਕੋਰਟ ਮਾਰਸ਼ਲ ਹੋਇਆ। ਸੀਤਲ ਨੇ ਮਾਮੀ ਨੂੰ ਸੈਨਤ ਨਾਲ ਪੁੱਛਣ ਵਾਸਤੇ ਕਿਹਾ।

'ਬੇਟਾ ਤੇਰਾ ਕੋਟ ਮਾਰਸ਼ਲ ਕਿਓਂ ਕੀਤਾ' ਮਾਮੀ ਨੇ ਕਿਹਾ। ਕੇਵਲ ਕਹਿਣ ਲੱਗਾ ਸੀ ਕਿ ਮੇਰੇ ਕੋਲੋਂ ਕੋਈ ਫੌਜੀ ਮਰ ਗਿਆ ਸੀ! ਉਦੋਂ ਨੂੰ ਕੈਲਾ ਖੋਤੋਂ ਆ ਗਿਆ ਉਸਨੇ ਇਹ ਗੱਲ ਸੁਣ ਲਈ ਸੀ ਉਸਨੂੰ ਕੀ ਪਤਾ ਸੀ ਕਿ ਇਹ ਕੌਣ ਹਨ ਬੱਸ ਬੋਲਣ ਲੱਗ ਪਿਆ-

'ਥੋਨੂੰ ਨੀ ਪਤਾ ਏਨ੍ਹਾ ਦਾ ਕੋਟ ਮਾਰਸ਼ਲ ਕਿਓਂ ਕੀਤਾ?' ਗੌਰਮਿੰਟ ਨੇ ਦਰਬਾਰ ਸ੍ਹੈਬ ਤੇ ਹਮਲਾ ਕੀਤਾ ਫੌਜੀ ਗੁੱਸੇ ਦੇ ਮਾਰੇ ਬੈਰਕਾਂ ਛੱਡਕੇ ਹਰਮੰਦਰ ਸਾਬ੍ਹ ਦੀ ਰਾਖੀ ਕਰਨ ਵਾਸਤੇ ਭੱਜ ਤੁਰੇ, ਆਹ ਜਵਾਕ ਦੇਖੋ ਜ਼ਾਲਮਾਂ ਨੇ ਪੱਗ ਨਾਲ ਹੱਥ ਬੰਨਕੇ ਮਾਰ ਦਿੱਤਾ' ਕੈਲੇ ਨੇ ਅੰਦਰੋਂ ਕੇਵਲ ਦੇ ਮਾਮੇ ਦੇ ਮੁੰਡੇ ਪ੍ਰੀਤਮ ਦੀ ਫੋਟੋ ਦਿਖਾਈ।

'ਗੱਲ ਸਮਝ 'ਚ' ਆਈ ਕਿ ਨਹੀਂ ਕਿ ਮੇਰਾ ਕੋਰਟ-ਮਾਰਸ਼ਲ ਕਿਓਂ ਹੋਇਆ ਜਾਂ ਦੱਸਾਂ' ਕੇਵਲ ਨੇ ਕਿਹਾ ਤਾਂ ਸੀਤਲ ਸਮਝ ਗਈ ਕਿ ਇਹ ਧਰਮੀ ਫੌਜੀ ਹੈ।

'ਥੋਡੇ ਡੈਡੀ ਕੈਪਟਨ ਸਾਬ੍ਹ ਨੂੰ ਸਾਡੇ ਸੈਂਟਰ ਵਿੱਚ ਹੀ ਗੋਲੀ ਮਾਰੀ ਸੀ ਜਦੋਂ ਉਹ ਆਖ ਰਿਹਾ ਸੀ ਕਿ ਮਾਸੂਮ ਬੱਚਿਆਂ ਨੂੰ ਕਿਓਂ ਮਾਰਦੇ ਹੋ ਜਿਸ ਵਿੱਚ ਮੇਰਾ ਭਰਾ ਪ੍ਰੀਤਮ ਸਿੰਘ ਵੀ ਸੀ ਜਿਸਦੀ ਔਹ ਫੋਟੋ ਜਿਸਤੇ ਸ਼ੇਅਰ ਲਿਖਿਆ ਹੈ' ਕੇਵਲ ਨੇ ਕਿਹਾ। ਸੀਤਲ ਤਾਂ ਪਹਿਲਾਂ ਹੀ ਕੇਵਲ ਨਾਲ ਵਿਆਹ ਕਰਵਾਉਣ ਨੂੰ ਕਮਲੀ ਹੋਈ ਫਿਰਦੀ ਸੀ ਹੁਣ ਤਾਂ ਕੋਈ ਡਰ ਨਹੀਂ ਸੀ ਕਿਉਂਕਿ ਧਰਮੀ ਫੌਜੀ ਸੀ। ਪਰ ਮਾਮੀ ਨੱਕ ਮਾਰ ਰਹੀ ਸੀ। ਸੀਤਲ ਕੁਛ ਸ਼ਰਮਿੰਦੀ ਵੀ ਸੀ ਕਿਉਂਕਿ ਮਾਮੀ ਨੂੰ ਕਹਿੰਦੀ ਸੀ ਕਿ ਕੋਠੀ ਦੇਖਕੇ ਲਾਲਚ ਨੂੰ ਵਿਆਹ ਕਰੂਗਾ! ਪਰ ਕੇਵਲ ਨੂੰ ਤਾਂ ਕੋਈ ਕੋਠੀ ਦਾ ਲਾਲਚ ਨਹੀਂ ਸੀਂ ਪਰ ਕੇਵਲ ਆਪਣੇ ਤੋਂ ਉੱਚੇ ਨਾਲ ਮੱਥਾ ਨਹੀਂ ਸੀ ਲਾਉਣਾ ਚਾਹੁੰਦਾ। ਪਰ ਫਿਰ ਵੀ ਵਿਆਹ ਦੀ ਗੱਲ ਪੱਕੀ ਹੋ ਗਈ! ਪਰ ਕੇਵਲ ਦਾ ਦਿਲ ਨਹੀਂ ਸੀ ਮੰਨ ਰਿਹਾ!

# ਪੰਜਾਬੀ ਨੂੰ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ



## - ਜਸਵੰਤ ਸਿੰਘ ਜ਼ਫ਼ਰ

ਮੈਂ ਪੰਜਾਬ ਵਿੱਚ ਜੰਮਿਆ ਪਲਿਆ ਹਾਂ ਅਤੇ ਮੇਰੀ ਮਾਂ ਬੋਲੀ ਪੰਜਾਬੀ ਹੈ ਇਸ ਲਈ ਮੈਂ ਪੰਜਾਬੀ ਬੰਦਾ ਹਾਂ। ਆਪਣੇ ਖਿੱਤੇ ਅਤੇ ਮਾਂ ਬੋਲੀ ਕਾਰਨ ਮੈਂ ਬਣਿਆ ਬਣਾਇਆ ਪੰਜਾਬੀ ਹਾਂ। ਦੂਸਰੀਆਂ ਬੋਲੀਆਂ ਮੈਨੂੰ ਸਿੱਖਣੀਆਂ ਪਈਆਂ ਹਨ ਪਰ ਮਾਂ ਬੋਲੀ ਬਿਨਾ ਕਿਸੇ ਸਿਖਲਾਈ ਦੇ ਆਪਣੇ ਮਹੌਲ ਵਿੱਚੋਂ ਮਿਲੀ ਹੈ। ਮਾਂ ਬੋਲੀ ਨੂੰ ਸਿੱਖਣ ਦੀ ਬਜਾਏ ਸਹਿ-ਸੁਭਾਅ ਗ੍ਰਹਿਣ ਕੀਤਾ ਹੈ। ਹੋਰ ਬੋਲੀਆਂ ਨੂੰ ਉਹਨਾਂ ਦੀ ਵਿਆਕਰਣ ਦੇ ਮਾਧਿਅਮ ਰਾਹੀਂ ਸਿੱਖਦਾ ਹਾਂ। ਆਪਣੀ ਬੋਲੀ ਵਿਆਕਰਨ ਜਾਣੇ ਬਗੈਰ ਬਿਲਕੁਲ ਠੀਕ ਬੋਲਣੀ ਆ ਗਈ ਹੈ। ਦੁਨੀਆਂ ਭਰ ਦੇ ਸਾਰੇ ਅਨਪੜ੍ਹਾਂ ਨੂੰ ਵੀ ਆਪਣੀ ਮਾਂ ਬੋਲੀ ਠੀਕ ਬੋਲਣੀ ਆ ਜਾਂਦੀ ਹੈ ਹਾਲਾਂ ਕਿ ਉਹਨਾਂ ਨੂੰ ਆਪਣੀ ਬੋਲੀ ਦੀ ਵਿਆਕਰਣ ਦਾ ਉੱਕਾ ਇਲਮ ਨਹੀਂ ਹੁੰਦਾ। ਮਿਸਾਲ ਦੇ ਤੌਰ 'ਤੇ ਦੋ ਸ਼ਬਦ ਹਨ: ਪੀਲਾ ਪੱਤਾ। ਇਹਨਾਂ ਦਾ ਬਹੁ ਬਚਨ ਕਹਿਣਾ ਹੋਵੇ ਤਾਂ ਕਹਾਂਗਾ: ਪੀਲੇ ਪੱਤੇ। ਇਸੇ ਤਰਾਂ ਨੀਲਾ ਘੋੜਾ ਦਾ ਬਹੁ ਵਚਨ ਹੋਵੇਗਾ: ਨੀਲੇ ਘੋੜੇ। ਪਰ ਲਾਲ ਤਾਰਾ ਦਾ ਬਹੁ ਬਚਨ ਲਾਲੇ ਤਾਰੇ ਨਹੀਂ ਲਾਲ ਤਾਰੇ ਹੀ ਕਹਾਂਗਾ। ਇਹ ਮੈਨੂੰ ਕਿਸੇ ਵਿਆਕਰਨ ਪੜਾਉਣ ਵਾਲੇ ਨੇ ਨਹੀਂ ਸਿਖਾਇਆ। ਬਿਲਕੁਲ ਉਵੇਂ ਜਿਵੇਂ ਇੱਕ ਤੋਂ ਪਿੱਛੋਂ ਦੂਜਾ ਸਾਹ ਸੋਚ ਕੇ ਨਹੀਂ ਲਿਆ ਜਾਂਦਾ।

ਜਿੱਥੇ ਮਾਂ ਬੋਲੀ ਸੁਤੇ-ਸਿੱਧ ਗ੍ਰਹਿਣ ਹੁੰਦੀ ਹੈ ਉੱਥੇ ਧਰਮ ਆਪ ਧਾਰਨ ਕੀਤਾ ਜਾਂਦਾ ਹੈ। ਸਿੱਖ ਧਰਮ ਦੇ ਤਾਂ ਨਾਂ ਤੋਂ ਹੀ ਜ਼ਾਹਿਰ ਹੈ ਕਿ ਇਹ ਧਰਮ ਸਿੱਖਣਾ ਪੈਂਦਾ ਹੈ। ਸਿੱਖ ਵਿਚਾਰਧਾਰਾ ਜਨਮ ਅਧਾਰਤ ਜਾਤ ਪ੍ਰਬੰਧ ਅਤੇ ਧਰਮ ਪ੍ਰਬੰਧ ਨੂੰ ਮਾਨਤਾ ਨਹੀਂ ਦਿੰਦੀ। ਪਰ ਮੈਂ ਸਿੱਖ ਧਰਮ ਧਾਰਨ ਕਰਨ ਵਾਲੇ ਦੀ ਬਜਾਏ ਆਪਣੇ ਆਪ ਨੂੰ ਸਿੱਖ ਅਖਵਾਉਂਦੇ ਪਰਿਵਾਰ ਵਿੱਚ ਪੈਦਾ ਹੋਇਆ ਜਨਮ ਅਧਾਰਤ ਸਿੱਖ ਹਾਂ। ਪਹਿਲੇ ਜ਼ਮਾਨੇ ਵਿੱਚ ਦੂਸਰੇ ਵਿਸ਼ਵਾਸਾਂ ਦੇ ਲੋਕ ਸਿੱਖ ਵਿਚਾਰਧਾਰਾ ਦੇ ਲੜ ਲੱਗ ਕੇ ਆਪਣੇ ਆਪ ਨੂੰ ਰੁਪਾਂਤ੍ਰਿਤ ਕਰਕੇ ਸਿੱਖ ਬਣਦੇ ਸਨ। ਉਹ ਸੜ ਮਰਨ ਦੀ ਪਰਵਾਹ ਕੀਤੇ ਬਿਨਾ ਸਿੱਖੀ ਦੀ ਬਲਦੀ ਸ਼ਮਾਂ ਵੱਲ ਆਕ੍ਰਸ਼ਿਤ ਹੋਏ ਪਰਵਾਨੇ ਸਨ। ਉਹ ਪੁਰਾਣੇ ਅਤੇ ਪ੍ਰਚਲਤ ਵਿਸ਼ਵਾਸਾਂ ਨੂੰ ਤਿਆਗ ਕੇ ਨਵੀਂ ਨਿਰੋਈ ਜੀਵਨ ਸ਼ੈਲੀ ਸਿੱਖਣ ਵਾਲੇ ਸਿੱਖ ਬਣਦੇ ਜਾਂ ਸਿੱਖ ਅਖਵਾਉਣ ਦੇ ਅਧਿਕਾਰੀ ਬਣਦੇ ਸਨ। ਕਹਿ ਸਕਦੇ ਹੋ ਕਿ ਮੇਰਾ ਸਬੰਧ ਸਿੱਖ ਧਰਮ ਨਾਲੋਂ ਵਧੇਰੇ ਸਿੱਖ ਫਿਰਕੇ ਨਾਲ ਹੈ। ਹੋਣਾ ਤਾਂ ਨਹੀਂ ਚਾਹੀਦਾ ਪਰ ਮੈਂ ਬਣੇ ਬਣਾਏ ਪੰਜਾਬੀ ਵਾਂਗ ਹੀ ਬਣਿਆ ਬਣਾਇਆ ਸਿੱਖ ਹਾਂ।

ਅਰਬਾਂ ਖਰਬਾਂ ਸਾਲ ਪਹਿਲਾਂ ਅਸੀਂ ਵੀ ਹੋਰ ਚੌਪਾਏ ਜਾਨਵਰਾਂ ਵਾਂਗ ਚਾਰ ਲੱਤਾਂ 'ਤੇ ਤੁਰਨ ਵਾਲੇ ਜਾਨਵਰ ਹੀ ਸਾਂ। ਜਿਉਂ ਜਿਉਂ ਸਾਡੇ ਅੰਦਰ ਸ਼ਬਦ ਦਾ ਪ੍ਰਕਾਸ਼ ਸ਼ੁਰੂ ਹੋਇਆ, ਸਾਡੇ ਬੰਦੇ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਈ। ਅੱਜ ਜਾਨਵਰਾਂ ਨਾਲੋਂ ਮਨੁੱਖਾਂ ਦਾ ਸਿਰਫ ਏਨਾ ਹੀ ਫਰਕ ਹੈ ਕਿ ਸਾਡੇ ਕੋਲ ਵਿਕਸਤ ਭਾਸ਼ਾ ਹੈ। ਪੰਛੀ ਪਹਿਲਾਂ ਤੋਂ ਹੀ ਪਰਾਂ ਨਾਲ ਉਡਦੇ ਹਨ, ਬੰਦੇ ਨਹੀਂ ਸਨ ਉਡਦੇ ਹੁੰਦੇ। ਬੰਦੇ ਨੇ ਭਾਸ਼ਾ ਨਾਲ ਉਡਣਾ ਸਿੱਖਿਆ, ਜਹਾਜ਼ ਯਾਨੀ ਤਕਨਾਲੋਜੀ ਨਾਲ ਉਡਣਾ ਸ਼ੁਰੂ ਕੀਤਾ। ਤਕਨਾਲੋਜੀ ਭਾਸ਼ਾ ਨਾਲ ਹੋਂਦ ਵਿੱਚ ਆਉਂਦੀ ਹੈ। ਜਿਉਂ ਜਿਉਂ ਬੋਲੀ ਨੇ ਵਿਕਾਸ ਕੀਤਾ ਤਿਉਂ-ਤਿਉਂ ਬੰਦੇ ਨੇ ਭਾਵ ਮਨੁੱਖੀ ਸੱਭਿਅਤਾ ਨੇ ਵਿਕਾਸ ਕੀਤਾ। ਹਰ ਸੱਭਿਅਤਾ ਸ਼ਬਦ ਨਾਲ ਸ਼ੁਰੂ ਹੋਈ, ਬੋਲੀ ਨਾਲ ਸ਼ੁਰੂ ਹੋਈ। ਜਿਉਂ-ਜਿਉਂ ਕੋਈ ਬੋਲੀ ਜਾਂ ਭਾਸ਼ਾ ਵਿਕਸਤ ਹੋਈ, ਤਿਉਂ-ਤਿਉਂ ਉਸ ਸੱਭਿਅਤਾ ਦੀਆਂ ਬਾਕੀ ਚੀਜ਼ਾਂ ਨੇ ਵਿਕਾਸ ਕੀਤਾ। ਜਿਹੜੇ ਪ੍ਰਾਚੀਨ ਕਬੀਲੇ ਸਦੀਆਂ ਤੋਂ ਅਜੇ ਤੱਕ ਜਿਉਂ ਦੇ ਤਿਉਂ ਹਨ ਉਹਨਾਂ ਦੀ ਭਾਸ਼ਾ ਵੀ ਜਿਉਂ ਦੀ ਤਿਉਂ ਹੈ। ਜਿਹੜੇ ਯੂਰਪੀ ਭਾਈਚਾਰਿਆਂ ਨੇ ਬਹੁਤ ਤੇਜ਼ੀ ਨਾਲ ਵਿਕਾਸ ਕੀਤਾ ਉਹਨਾਂ ਦੀਆਂ ਬੋਲੀਆਂ ਵੀ ਬਹੁਤ ਤੇਜ਼ੀ ਨਾਲ ਵਿਕਸਤ ਹੋਈ ਹੋਈਆਂ। ਬਾਰਵੀਂ ਤੇਰਵੀਂ ਸਦੀ ਵਿੱਚ ਅੰਗਰੇਜ਼ੀ ਨੂੰ ਹੋਰ ਕਈ ਯੂਰਪੀ ਭਾਸ਼ਾਵਾਂ ਦੇ ਮੁਕਾਬਲੇ ਬਹੁਤ ਪਛੜੀ ਭਾਸ਼ਾ ਮੰਨਿਆਂ ਜਾਂਦਾ ਸੀ, ਉਸ ਨੂੰ ਉਜੱਡਾਂ ਦੀ ਭਾਸ਼ਾ ਕਿਹਾ ਜਾਂਦਾ ਸੀ। ਪਰ ਉਹਨਾਂ ਲਗਾਤਾਰ ਸਰਗਰਮੀ ਨਾਲ ਆਪਣੀ ਬੋਲੀ ਨੂੰ ਅਮੀਰ ਕੀਤਾ। ਹੋਰ ਬੋਲੀਆਂ ਦੀਆਂ ਬਹੁਤ ਸਾਰੀਆਂ ਚੀਜ਼ਾਂ ਆਪਣੀ ਬੋਲੀ ਵਿੱਚ ਸ਼ਾਮਲ ਕੀਤੀਆਂ। ਉਹਨਾਂ ਦਾ ਸ਼ਬਦ ਫਾਦਰ ਸਾਡੇ ਤੋਂ ਗਿਆ ਹੋਇਆ ਹੈ। ਸਾਡਾ ਪਿਤਰ ਸ਼ਬਦ ਜਰਮਨ ਵਿਚੋਂ ਹੁੰਦਾ ਹੋਇਆ ਫਿਤਰ, ਫਿਦਰ ਅਖੀਰ ਅੰਗਰੇਜ਼ੀ ਦਾ ਫਾਦਰ ਹੋ ਗਿਆ। ਸਾਡਾ ਭਰਾ ਜਾਂ ਭਰਾਤਰ ਵੀ ਬਰਾਤਰ, ਬਰਾਦਰ ਹੁੰਦਾ ਹੋਇਆ ਉਹਨਾਂ ਦਾ ਬਰੱਦਰ ਬਣ ਗਿਆ। ਸਾਡਾ ਭਾਈਚਾਰਾ ਜੋ ਬਰਾਦਰੀ ਉਹਨਾਂ ਦੀ ਬਰਦਰ+ਹੁੱਡ। ਸਾਡੇ ਦੰਦ ਜਾਂ ਦੰਤ ਤੋਂ ਹੀ ਉਹਨਾਂ ਦਾ ਦੰਤਲ ਜਾਂ ਡੈਂਟਲ ਬਣਿਆ। ਅੰਗਰੇਜ਼ਾਂ ਨੇ ਆਪਣੀ ਬੋਲੀ ਦੇ ਨਾਲ ਨਾਲ ਵਿਕਾਸ ਕੀਤਾ।

ਸੱਭਿਆਚਾਰ ਦੀਆਂ ਮੂਲ ਗੱਲਾਂ ਵਿੱਚੋਂ ਮਾਂ ਬੋਲੀ ਪਹਿਲੇ ਨੰਬਰ 'ਤੇ ਆਉਂਦੀ ਹੈ। ਕੋਈ ਬੋਲੀ ਜਾਂ ਸੱਭਿਆਚਾਰ ਕਿਸੇ ਖਾਸ ਖਿੱਤੇ ਦੇ ਹੁੰਦੇ ਹਨ। ਕਿਸੇ ਬਾਹਰਲੇ ਮੁਲਕ ਵਿੱਚ ਵਸਦਾ ਜੇ ਕੋਈ ਪੰਜਾਬੀ ਬੰਦਾ ਮਿਲੇਗਾ ਤਾਂ ਉਹ ਪੰਜਾਬ ਤੋਂ ਗਿਆ ਹੋਇਆ ਮਿਲੇਗਾ ਜਾਂ ਉਸ ਦਾ ਪਿਓ ਦਾਦਾ ਪੰਜਾਬ ਦੀ ਧਰਤੀ ਤੋਂ ਗਿਆ ਹੋਵੇਗਾ। ਦੂਰ ਦੁਰਾਡੇ ਦੂਸਰੀ ਧਰਤੀ 'ਤੇ ਵਸੇ ਲੋਕਾਂ ਦੀ ਮਾਂ ਬੋਲੀ ਵੀ ਇੱਕ ਦੋ ਪੀੜੀਆਂ ਬਾਅਦ ਬਦਲ ਜਾਂਦੀ ਹੈ, ਉਸ ਧਰਤੀ ਦੀ ਬੋਲੀ ਉਹਨਾਂ ਦੀ ਮਾਂ ਬੋਲੀ ਬਣ ਜਾਂਦੀ ਹੈ। ਬਾਬਾ ਫਰੀਦ ਦਾ ਦਾਦਾ ਅਫਗਾਨਿਸਤਾਨ ਤੋਂ ਆ ਕੇ ਪੰਜਾਬ ਦੇ ਮੁਲਤਾਨ ਇਲਾਕੇ ਵਿੱਚ ਵਸਿਆ ਸੀ। ਉਸ ਦੀ ਤੀਜੀ ਪੀੜੀ ਦੇ ਫਰੀਦ ਦੀ ਮਾਂ ਬੋਲੀ ਪੰਜਾਬੀ ਹੋ ਗਈ ਅਤੇ ਉਸ ਨੂੰ ਪੰਜਾਬੀ ਮਾਂ ਬੋਲੀ ਦਾ ਪਹਿਲਾ ਵੱਡਾ ਸ਼ਾਇਰ ਮੰਨਿਆ ਜਾਂਦਾ ਹੈ। ਬਿਹਾਰ ਤੋਂ ਪੰਜਾਬ ਆ ਵਸੇ ਮਜ਼ਦੂਰਾਂ ਦੇ ਏਥੇ ਪੈਦਾ ਹੋਏ ਬੱਚਿਆਂ ਜਾਂ ਹੱਦ ਬੱਚਿਆਂ ਦੇ ਬੱਚਿਆਂ ਦੀ ਬੋਲੀ ਭੋਜਪੁਰੀ ਤੋਂ ਪੰਜਾਬੀ ਹੋ ਜਾਂਦੀ ਹੈ। ਅਸੀਂ ਥੋੜਾ ਹਠੀ ਲੋਕ ਹਾਂ ਇਸ ਲਈ ਅਸੀਂ ਦੂਸਰੀਆਂ ਧਰਤੀਆਂ 'ਤੇ ਜਾ ਕੇ ਆਪਣੀ ਮਾਂ ਬੋਲੀ ਨੂੰ ਪੀੜੀ ਦਰ ਪੀੜੀ ਸਲਾਮਤ ਰੱਖਣ ਦੇ ਇਛੁਕ ਹਾਂ ਪਰ ਨਿਸਚੇ ਨਾਲ ਨਹੀਂ ਕਹਿ ਸਕਦੇ ਕਿ ਅਸੀਂ ਇਸ ਵਿੱਚ ਕਾਮਯਾਬ ਹੋਵਾਂਗੇ।

ਬੋਲੀ ਦੇ ਉਲਟ ਧਰਮ ਕਿਸੇ ਵਿਸ਼ੇਸ਼ ਖਿੱਤੇ ਦਾ ਨਹੀਂ ਹੁੰਦਾ। ਕੋਈ ਬੰਦਾ ਅਮਰੀਕਾ ਵਿੱਚ ਪੈਦਾ ਹੋ ਕੇ ਉੱਥੇ ਰਹਿੰਦਿਆਂ ਸਿੱਖ ਬਣ ਸਕਦਾ ਹੈ। ਇਸੇ ਤਰਾਂ ਇਰਾਨ ਦੀ ਧਰਤੀ 'ਤੇ ਪੈਦਾ ਹੋਇਆ ਅਤੇ ਉੱਥੋਂ ਦੀ ਬੋਲੀ ਅਤੇ ਸੱਭਿਆਚਾਰ ਨਾਲ ਸਬੰਧਤ ਕੋਈ ਸਿੱਖ ਮਿਲ ਸਕਦਾ ਹੈ। ਸਿੱਖ ਦੁਨੀਆਂ ਦੇ ਕਿਸੇ ਖਿੱਤੇ, ਬੋਲੀ ਜਾਂ ਸਭਿਆਚਾਰ ਨਾਲ ਸਬੰਧਤ ਹੋ ਸਕਦੇ ਹਨ। ਕੋਈ ਗੁਜਰਾਤੀ ਸਿੱਖ, ਕੋਈ ਦੱਖਣੀ ਸਿੱਖ, ਕੋਈ ਬੰਬਈਆ ਸਿੱਖ, ਕੋਈ ਸਿੰਧੀ ਸਿੱਖ, ਕੋਈ ਅਫਗਾਨੀ ਸਿੱਖ ਹੋ ਸਕਦਾ ਹੈ। ਗੁਰੂ ਦੀ ਸਾਂਝ ਕਾਰਨ ਇਹ ਸਾਰੇ ਪੰਜਾਬ ਵਾਸੀ ਪੰਜਾਬੀ ਸਿੱਖਾਂ ਦੇ ਗੁਰਭਾਈ ਹਨ। ਦੂਜੇ ਪਾਸੇ ਪੰਜਾਬੀ ਬੰਦਾ ਕਿਸੇ ਵੀ ਧਾਰਮਿਕ ਵਿਸ਼ਵਾਸ ਵਾਲਾ ਹੋ ਸਕਦਾ ਹੈ ਜਿਵੇਂ ਕੋਈ ਹਿੰਦੂ ਪੰਜਾਬੀ ਹੋ ਸਕਦਾ ਹੈ, ਕੋਈ ਮੁਸਲਿਮ ਪੰਜਾਬੀ, ਕੋਈ ਜੈਨੀ ਪੰਜਾਬੀ, ਕੋਈ ਇਸਾਈ ਪੰਜਾਬੀ ਹੋ ਸਕਦਾ ਹੈ। ਇਹ ਮਾਂ ਬੋਲੀ ਦੀ ਸਾਂਝ ਕਾਰਨ ਸਿੱਖ-ਪੰਜਾਬੀਆਂ ਦੇ ਮਾਂ ਜਾਏ ਹਨ। ਪੰਜਾਬੀ ਹੋਣਾ ਅਤੇ ਸਿੱਖ ਹੋਣਾ ਵੱਖਰੀਆਂ ਵੱਖਰੀਆਂ ਗੱਲਾਂ ਹਨ। ਪਰ ਅਕਸਰ ਇਹਨਾਂ ਨੂੰ ਰਲਗੱਡ ਕਰਕੇ ਦੇਖਿਆ ਜਾਂਦਾ ਹੈ। ਅਸੀਂ ਬਹੁਤ ਵਾਰ ਪੰਜਾਬੀ ਸੱਭਿਆਚਾਰ ਨੂੰ ਸਿੱਖ ਸੱਭਿਆਚਾਰ ਸਮਝ ਲੈਂਦੇ ਹਾਂ ਅਤੇ ਸਿੱਖ ਜੀਵਨ ਜਾਚ ਨੂੰ ਪੰਜਾਬੀ ਸੱਭਿਆਚਾਰ ਕਹਿ ਲੈਂਦੇ ਹਾ। ਰਲਗੱਡ ਕਰਨ ਦੀ ਇਸ ਪ੍ਰਵਿਰਤੀ, ਸਮਝ ਜਾਂ ਸਿਆਸਤ ਨਾਲ ਅਸੀਂ ਪੰਜਾਬ ਅਤੇ ਪੰਜਾਬੀ ਦਾ ਵੀ ਬਹੁਤ ਨੁਕਸਾਨ ਕੀਤਾ ਅਤੇ ਸਿੱਖੀ ਨੂੰ ਵੀ ਚੋਖੀ ਢਾਅ ਲਾਈ ਹੈ। ਸਮਝਣ ਵਾਲੀ ਗੱਲ ਇਹ ਹੈ ਕਿ ਜਿੱਥੇ ਬੋਲੀ ਅਤੇ ਸੱਭਿਆਚਾਰ ਦਾ ਸਬੰਧ ਮੁੱਖ ਤੌਰ 'ਤੇ ਕਿਸੇ ਭੂਗੋਲਿਕ ਖੇਤਰ ਨਾਲ ਹੁੰਦਾ ਹੈ ਉੱਥੇ ਧਰਮ ਦਾ ਸਬੰਧ ਉਸ ਦੇ ਮੁੱਖ ਗਰੰਥ ਜਾਂ ਗਰੰਥਾਂ ਨਾਲ ਹੁੰਦਾ ਹੈ।

ਅਸੀਂ ਬੋਲੀ ਅਤੇ ਲਿੱਪੀ ਨੂੰ ਵੀ ਬਹੁਤ ਰਲਗੱਡ ਕਰ ਦਿੰਦੇ ਹਾਂ। ਅਸਲ ਵਿੱਚ ਇਹ ਵੱਖਰੀਆਂ ਵੱਖਰੀਆਂ ਚੀਜ਼ਾਂ ਹਨ। ਮੈਂ ਆਪਣੀ ਮਾਂ ਬੋਲੀ ਭਾਵੇਂ ਦੂਸਰੀਆਂ ਬੋਲੀਆਂ ਵਾਂਗ ਨਹੀਂ ਸਿੱਖੀ ਪਰੰਤੂ ਆਪਣੀ ਲਿੱਪੀ ਓਦਾਂ ਹੀ ਸਿੱਖੀ ਹੈ, ਜਿਸ ਤਰਾਂ ਬੇਗਾਨੀਆਂ ਲਿੱਪੀਆਂ ਸਿੱਖੀਆਂ ਹਨ। ਊੜਾ ਐੜਾ ਉਸੇ ਤਰਾਂ ਹੀ ਲਿਖਣਾ ਪੜਨਾ ਸਿੱਖਿਆ ਹੈ ਜਿਸ ਤਰਾਂ ਏ ਬੀ ਸੀ ਸਿੱਖੀ ਹੈ। ਬਚਪਨ ਵਿੱਚ ਸਾਡੀਆਂ ਮਾਵਾਂ ਪੈਂਤੀ ਅੱਖਰਾਂ ਅਤੇ ਲਗਾਂ ਮਾਤਰਾਵਾਂ ਦੀ ਮੁਹਾਰਨੀ ਸਿਖਾਉਂਦੀਆਂ ਸਨ। ਉਹ ਸਾਨੂੰ ਪੰਜਾਬੀ ਬੋਲੀ ਨਹੀਂ, ਗੁਰਮੁਖੀ ਲਿੱਪੀ ਸਿਖਾਉਂਦੀਆਂ ਸਨ। ਮੁਹਾਰਨੀ ਬੋਲੀ ਦੀ ਨਹੀਂ, ਲਿੱਪੀ ਦੀ ਹੁੰਦੀ ਹੈ।

ਜਿਵੇਂ ਪਹਿਲਾਂ ਕਿਹਾ ਹੈ ਕਿ ਮਾਂ ਬੋਲੀ ਦੂਸਰੀਆਂ ਬੋਲੀਆਂ ਵਾਂਗ ਸਿੱਖਣ ਦੀ ਬਜਾਏ ਸਿੱਧੀ ਗ੍ਰਹਿਣ ਕੀਤੀ ਹੁੰਦੀ ਹੈ। ਇਸ ਕਰਕੇ ਸਾਡੇ ਮਨ ਦੀ ਸੰਰਚਨਾ ਸਾਡੀ ਮਾਂ ਬੋਲੀ ਨਾਲ ਹੁੰਦੀ ਹੈ ਭਾਵ ਸਾਡਾ ਅਵਚੇਤਨ ਮਾਂ ਬੋਲੀ ਨਾਲ ਬਣਿਆ ਹੁੰਦਾ ਹੈ। ਬੇਗਾਨੀ ਬੋਲੀ ਵਿੱਚ ਪੜੀ ਸੁਣੀ ਗੱਲ ਨੂੰ ਸਿੱਖ ਤਾਂ ਲੈਂਦੇ ਹਾਂ, ਵਰਤ ਵੀ ਲੈਂਦੇ ਹਾਂ ਪਰ ਉਹ ਸਾਡੇ ਮਨ ਦਾ ਹਿੱਸਾ ਨਹੀਂ ਬਣਦੀ। ਮਨ ਦਾ ਹਿੱਸਾ ਤਾਂ ਉਹੀ ਗੱਲ ਬਣਦੀ ਹੈ ਜੋ ਅਸੀਂ ਆਪਣੀ ਮਾਂ ਬੋਲੀ ਵਿੱਚ ਗ੍ਰਹਿਣ ਕੀਤੀ ਹੋਵੇ। ਉਹਨਾਂ ਲੋਕਾਂ ਨੂੰ ਵਹਿਮ ਭਰਮ ਜਾਂ ਟੂਣੇ ਟਾਮਣ ਕਰਦੇ ਦੇਖਿਆ ਜਾ ਸਕਦਾ ਹੈ ਜਿਹਨਾਂ ਨੇ ਵਿਗਿਆਨ ਦੇ ਵਿਸ਼ੇ ਨਾਲ ਸੋਲਾਂ ਸਤਾਰਾਂ ਜਮਾਤਾਂ ਪਾਸ ਕੀਤੀਆਂ ਹੋਈਆਂ ਹਨ। ਅਸਲ ਵਿੱਚ ਵਿਗਿਆਨ ਉਹਨਾਂ ਹੋਰ ਬੋਲੀ ਵਿੱਚ ਪੜਿਆ ਹੈ ਅਤੇ ਵਹਿਮ ਭਰਮ ਆਪਣੀ ਬੋਲੀ ਰਾਹੀਂ ਅਪਣਾਏ ਹਨ। ਇਸ ਕਰਕੇ ਪੰਜਾਬੀ ਲੋਕ ਮਨ ਦਾ ਵਿਗਿਆਨ ਨਾਲ ਉਹ ਸਬੰਧ ਨਹੀਂ ਬਣਿਆ ਜੋ ਯੂਰਪ ਦੀਆਂ ਬੋਲੀਆਂ ਵਾਲਿਆਂ ਦਾ ਬਣਿਆ ਹੈ। ਉਹ ਲੋਕ ਵਿਗਿਆਨ ਆਪੋ ਆਪਣੀਆਂ ਜ਼ੁਬਾਨਾਂ ਵਿੱਚ ਪੜਦੇ ਹਨ। ਇਹ ਦਿਲਚਸਪ ਤੱਥ ਹੈ ਕਿ ਵਿਗਿਆਨ ਦੇ ਵਿਸ਼ਿਆਂ ਵਿੱਚ ਨੋਬਲ ਪੁਰਸਕਾਰ ਜਿੱਤਣ ਵਾਲਿਆਂ ਦੀ ਬਹੁਗਿਣਤੀ ਅੰਗਰੇਜ਼ਾਂ ਦੀ ਨਹੀਂ ਹੈ; ਕੋਈ ਜਰਮਨ ਹੈ ਕੋਈ ਫਰੈਂਚ ਹੈ ਜਾਂ ਯੂਰਪ ਦੀਆਂ ਹੋਰ ਬੋਲੀਆਂ ਬੋਲਣ ਵਾਲੇ ਹਨ। ਇਹਨਾਂ ਦੇ ਜਿਹੜੇ ਖੋਜ ਪੱਤਰਾਂ ਲਈ ਨੋਬਲ ਪੁਰਸਕਾਰ ਮਿਲੇ ਉਹ ਇਹਨਾਂ ਦੀਆਂ ਆਪਣੀਆਂ ਬੋਲੀਆਂ ਵਿੱਚ ਹਨ। ਸਾਡੇ ਦੇਸ਼ ਦੇ ਭੌਤਿਕ ਵਿਗਿਆਨੀ ਚੰਦਰ ਸ਼ੇਖਰ ਨੂੰ ਉਸ ਦੇ ਜਿਸ ਖੋਜ ਪੱਤਰ ਲਈ ਨੋਬਲ ਇਨਾਮ ਮਿਲਿਆ ਉਹਦੀ ਤਾਮਿਲ ਮਾਤ ਭਾਸ਼ਾ ਵਿੱਚ ਹੈ। ਅਸੀਂ ਇਹ ਵਹਿਮ ਪਾਲਿਆ ਹੋਇਆ ਕਿ ਸਾਇੰਸ ਅਤੇ ਤਕਨਾਲੋਜੀ ਸਿਰਫ ਅੰਗਰੇਜ਼ੀ ਵਿੱਚ ਪੜਾਏ ਜਾਣ ਵਾਲੇ ਖੇਤਰ ਹਨ। ਅਸਲ ਵਿੱਚ ਸਾਇੰਸ ਦੀ ਸਾਰੀ ਖੋਜ ਅਤੇ ਵਿਕਾਸ ਯੂਰਪ ਦੇ ਵੱਖ ਵੱਖ ਖਿੱਤਿਆਂ ਅਤੇ ਬੋਲੀਆਂ ਵਿੱਚ ਨਾਲ ਨਾਲ ਹੋਇਆ ਹੈ। ਇਲੈਕਟਰੀਕਲ ਇੰਜਨੀਅਰਿੰਗ ਦੀਆਂ ਬੁਨਿਆਦੀ ਇਕਾਈਆਂ ਹਨ ਵੋਲਟ, ਐਮਪੀਅਰ, ਵਾਟ ਅਤੇ ਓਹਮ। ਇਹ ਨਾਂ ਵੱਖ ਵੱਖ ਵਿਗਿਆਨੀਆਂ ਦੇ ਨਾਵਾਂ 'ਤੇ ਰੱਖੇ ਗਏ ਹਨ। ਇਹਨਾਂ ਵਿਗਿਆਨੀਆਂ ਵਿੱਚੋਂ ਕੋਈ ਵੀ ਇੰਗਲੈਂਡ ਦਾ ਨਹੀਂ ਸੀ। ਜੇਮਜ਼ ਵਾਟ ਤੋਂ ਬਿਨਾਂ ਕਿਸੇ ਦੀ ਮਾਂ ਬੋਲੀ ਅੰਗਰੇਜ਼ੀ ਨਹੀਂ ਸੀ। ਐਲੇਸੰਦਰੋ ਵੋਲਟ ਇਟਾਲੀਅਨ ਸਨ, ਆਂਦਰੇ ਮੈਰੀ ਐਮਪੀਅਰ ਫਰਾਂਸੀਸੀ ਸਨ, ਜੇਮਜ਼ ਵਾਟ ਸਕਾਟਲੈਂਡ ਦੇ ਸਨ ਅਤੇ ਜਾਰਜ ਓਹਮ ਜਰਮਨ ਦੇ ਸਨ। ਇਹ ਬਹੁਤ ਗਲਤ ਧਾਰਨਾ ਹੈ ਕਿ ਵਿਗਿਆਨ ਦਾ ਅੰਗਰੇਜ਼ੀ ਨਾਲ ਅਨਿੱਖੜਵਾਂ ਸਬੰਧ ਹੈ।

ਮੈਂ ਵਿਗਿਆਨ ਦਾ ਵਿਸ਼ਾ ਦਸਵੀਂ ਜਮਾਤ ਤੱਕ ਪੰਜਾਬੀ ਵਿੱਚ ਪੜਿਆ ਹੈ ਅਤੇ ਮੇਰੀ ਇਸ ਵਿੱਚ ਬਹੁਤ ਦਿਲਚਸਪੀ ਰਹੀ ਹੈ। ਪਰ ਗਿਆਰਵੀਂ ਜਮਾਤ ਵਿੱਚ ਇਸ ਨੂੰ ਅੰਗਰੇਜ਼ੀ ਭਾਸ਼ਾ ਵਿੱਚ ਪੜਨ ਦੀ ਮਜਬੂਰੀ ਸੀ। ਮੈਂ ਪੜਾਈ ਪੱਖੋਂ ਉਸ ਵੇਲੇ ਦੇ ਬਹੁਤ ਮਾੜੇ ਸਰਕਾਰੀ ਸਕੂਲ ਵਿੱਚੋਂ ਦਸਵੀਂ ਪਾਸ ਕੀਤੀ ਸੀ ਜਿੱਥੇ ਸੱਠਾਂ ਵਿੱਚੋਂ ਕੇਵਲ ਸੱਤ ਬੱਚੇ ਹੀ ਪਾਸ ਹੋਏ ਸਨ। ਮੈਂ ਉਸ ਸਕੂਲ ਵਿੱਚੋਂ ਪਹਿਲੇ ਸਥਾਨ 'ਤੇ ਰਿਹਾ ਅਤੇ ਦੂਸਰੇ ਸਥਾਨ 'ਤੇ ਰਹਿਣ ਵਾਲੇ ਬੱਚੇ ਦੇ ਮੇਰੇ ਤੋਂ 24-25 ਪ੍ਰਤੀਸ਼ਤ ਨੰਬਰ ਘੱਟ ਸਨ। ਮੈਂ ਆਪਣੀ ਮੈਰਿਟ ਕਰਕੇ ਆਪਣੀ ਪਸੰਦ ਦੇ ਸਭ ਤੋਂ ਵਧੀਆ ਅਤੇ ਵਕਾਰੀ ਕਾਲਜ ਵਿੱਚ ਵਿਗਿਆਨ ਦੇ ਵਿਸ਼ੇ ਲੈ ਕੇ ਦਾਖਲਾ ਲਿਆ। ਪਰ ਕਿਉਂਕਿ ਇੱਥੇ ਵਿਗਿਆਨ ਦੀ ਪੜਾਈ ਅੰਗਰੇਜ਼ੀ ਵਿੱਚ ਸ਼ੁਰੂ ਹੋ ਗਈ, ਮੈਂ ਵਿਗਿਆਨ ਵਿੱਚ ਡੂੰਘੀ ਦਿਲਚਸਪੀ ਰੱਖਣ ਦੇ ਬਾਵਜੂਦ ਗਿਆਰਵੀਂ ਜਮਾਤ ਵਿੱਚੋਂ ਰੋ ਪਿੱਟ ਕੇ ਮਸੀਂ ਪਾਸ ਹੋਇਆ। ਇਸ ਤੋਂ ਬਾਅਦ ਦੋ ਕੁ ਸਾਲ ਲਾ ਕੇ ਇੰਜਨੀਅਰਿੰਗ ਕਾਲਜ ਵਿੱਚ ਔਖਾ ਸੌਖਾ ਦਾਖਲਾ ਲੈ ਗਿਆ। ਇੰਜਨੀਅਰਿੰਗ ਦੀ ਡਿਗਰੀ ਚਾਰ ਸਾਲਾਂ ਵਿੱਚ ਸੌਖਿਆਂ ਇਸ ਕਰਕੇ ਪਾਸ ਕਰ ਗਿਆ ਕਿਉਂਕਿ ਬਹੁਗਿਣਤੀ ਪੇਂਡੂ ਵਿਦਿਆਰਥੀਆਂ ਵਾਲੇ ਸਾਡੇ ਗੁਰੂ ਨਾਨਕ ਇੰਜਨੀਅਰਿੰਗ ਕਾਲਜ ਵਿੱਚ ਅੱਧੀ ਪਚੱਧੀ ਪੜਾਈ ਪੰਜਾਬੀ ਵਿੱਚ ਕਰਾਈ ਜਾਂਦੀ ਸੀ। ਮੈਨੂੰ ਲਗਦਾ ਹੈ ਕਿ ਜੇ ਦਸਵੀਂ ਤੋਂ ਬਾਅਦ ਵਿਗਿਆਨ ਲਗਾਤਾਰ ਪੰਜਾਬੀ ਵਿੱਚ ਹੀ ਪੜਨਾ ਹੁੰਦਾ ਤਾਂ ਮੈਂ ਦਰਮਿਆਨਾ ਜਿਹਾ ਇੰਜਨੀਅਰ ਬਣਨ ਦੀ ਬਜਾਏ ਨਾਮੀ ਵਿਗਿਆਨੀ ਬਣ ਸਕਦਾ ਸੀ।

ਅਸੀਂ ਆਪਣਾ ਸਨਅਤੀ ਵਿਕਾਸ ਅਤੇ ਵਣਜ ਵਿਹਾਰ ਬੇਗਾਨੀ ਬੋਲੀ ਦੇ ਸਿਰ 'ਤੇ ਸ਼ੁਰੂ ਕੀਤਾ। ਦੂਸਰਿਆਂ ਦੀ ਬੋਲੀ ਨੂੰ ਆਪਣੀ ਤਰੱਕੀ ਦਾ ਅਧਾਰ ਬਣਾਇਆ। ਇਸ ਲਈ ਅਸੀਂ ਅਜੋਕੇ ਵਿਕਾਸ ਦੇ ਰਸਤੇ ਚੱਲ ਕੇ ਬਹੁਤਾ ਦੂਰ ਤੱਕ ਨਹੀਂ ਜਾ ਸਕੇ। ਯੂਰਪ ਦੇ ਜਾਂ ਦੂਸਰੇ ਸਨਅਤੀ ਦੇਸ਼ਾਂ ਦੇ ਮੁਕਾਬਲੇ ਉਹਨਾਂ ਵਰਗੇ ਤਕਨੀਕੀ ਵਿਕਾਸ ਦਾ ਦਸਵਾਂ ਕੁ ਹਿੱਸਾ ਪ੍ਰਾਪਤ ਕਰਨ ਤੋਂ ਪਹਿਲਾਂ ਹੀ ਸਾਡਾ ਹਿਸਾਬ ਕਿਤਾਬ ਖਿਲਰ ਪੱਤਰ ਗਿਆ। ਸਾਡਾ ਪੌਣ ਪਾਣੀ ਅਤੇ ਸਮੁੱਚਾ ਵਾਤਾਵਰਣ ਤਬਾਹ ਹੋ ਗਿਆ। ਅਸੀਂ 'ਤਰੱਕੀ' ਕਰਨ ਲੱਗਿਆਂ ਆਪਣੀਆਂ ਜੀਵਨ ਹਾਲਤਾਂ ਹੀ ਬਰਬਾਦ ਕਰ ਲਈਆਂ। ਸਾਡੀ ਸਰੀਰਕ ਅਤੇ ਮਾਨਸਿਕ ਸਿਹਤ ਨੇ ਉਸ ਤਰੱਕੀ ਦੀ ਝਾਲ ਨਹੀਂ ਝੱਲੀ। ਬੇਗਾਨੀ ਜੂਠ ਦੇ ਆਸਰੇ ਪਲਣ ਵਾਲੀ ਤਰੱਕੀ ਦੀ ਝਾਕ ਦੀ ਬਜਾਏ ਜੇ ਅਸੀਂ ਆਪਣੇ ਪੈਰਾਂ ਆਸਰੇ ਤੁਰਦੇ, ਆਪਣੀ ਬੋਲੀ ਦੇ ਸਿਰ 'ਤੇ ਤਰੱਕੀ ਕਰਨ ਦੀ ਸੋਚਦੇ ਤਾਂ ਉਹ ਤਰੱਕੀ ਹੋਰ ਤਰਾਂ ਦੀ ਹੋਣੀ ਸੀ, ਉਹ ਤਰੱਕੀ ਹੰਢਣਸਾਰ ਹੋਣੀ ਸੀ, ਸੰਸਾਰ ਨੂੰ ਅਗਵਾਈ ਦੇਣ ਵਾਲੀ ਹੋਣੀ ਸੀ।

ਜੇ ਕੋਈ ਸਾਨੂੰ ਪੁੱਛੇ ਕਿ ਸਿੱਖਾਂ ਦੀ ਬੋਲੀ ਕਿਹੜੀ ਹੈ ਤਾਂ ਸਾਡੇ ਵਿਚੋਂ ਬਹੁਤੇ ਕਹਿਣਗੇ ਕਿ ਪੰਜਾਬੀ ਸਿੱਖਾਂ ਦੀ ਬੋਲੀ ਹੈ। ਇਹ ਜਵਾਬ ਦਰੁਸਤ ਨਹੀਂ ਹੈ। ਸਿੱਖ ਧਰਮ ਦੀਆਂ ਦੋ ਬੁਨਿਆਦੀ ਸਥਾਪਨਾਵਾਂ ਹਨ, ਇੱਕ ਗੁਰੂ ਗਰੰਥ ਅਤੇ ਦੂਸਰਾ ਗੁਰੂ ਪੰਥ। ਗੁਰੂ ਗਰੰਥ ਦੀ ਬੋਲੀ ਪੰਜਾਬੀ ਨਹੀਂ ਹੈ। ਇਹ ਅਣਗਿਣਤ ਬੋਲੀਆਂ ਦਾ ਖ਼ਜ਼ਾਨਾ ਹੈ। ਅਣਗਿਣਤ ਇਸ ਕਰਕੇ ਕਿ ਇਸ ਵਿੱਚ ਕਈ ਉਹ ਬੋਲੀਆਂ ਵੀ ਹੋਣਗੀਆਂ ਜੋ ਪਿਛਲੀਆਂ ਪੰਜ ਸਦੀਆਂ ਦੌਰਾਨ ਅਲੋਪ ਵੀ ਹੋ ਗਈਆਂ। ਗੁਰੂ ਗਰੰਥ ਦੀ ਲਿੱਪੀ ਗੁਰਮੁਖੀ ਹੈ ਭਾਵ ਇੱਕ ਹੈ ਪਰ ਬੋਲੀਆਂ ਅਨੇਕ ਹਨ। ਗੁਰੂ ਨਾਨਕ ਸਾਹਿਬ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਪੰਜਾਬ ਦੇ ਲਗਪਗ ਕੇਂਦਰ ਵਿੱਚ ਹੈ। ਉੱਥੋਂ ਦੀ ਪੰਜਾਬੀ ਨੂੰ ਅਸੀਂ ਕੇਂਦਰੀ ਪੰਜਾਬੀ ਆਖਦੇ ਹਾਂ। ਦੇਸ਼ ਵੰਡ ਤੋਂ ਬਾਅਦ ਇਹ ਖੇਤਰ ਲਹਿੰਦੇ ਪੰਜਾਬ ਵਿੱਚ ਆਉਣ ਕਰਕੇ ਇਸ ਨੂੰ ਲਹਿੰਦੀ ਪੰਜਾਬੀ ਵੀ ਕਿਹਾ ਜਾਂਦਾ ਹੈ। ਗੁਰੂ ਗਰੰਥ ਸਾਹਿਬ ਵਿੱਚ ਇਸ ਬੋਲੀ ਵਿੱਚ ਗੁਰੂ ਨਾਨਕ ਜੀ ਦੀ ਬਹੁਤ ਘੱਟ ਬਾਣੀ ਮਿਲਦੀ ਹੈ। ਉਹਨਾਂ ਦੀ ਬਾਣੀ ਖੜੀ ਬੋਲੀ, ਬ੍ਰਜ, ਸੰਸਕ੍ਰਿਤ, ਫਾਰਸੀ, ਮੈਥਲੀ, ਅਵਧੀ, ਸਿੰਧੀ ਆਦਿ ਬੋਲੀਆਂ ਵਿੱਚ ਹੈ। ਗੁਰੂ ਨਾਨਕ ਨੇ ਆਪਣੀਆਂ ਉਦਾਸੀਆਂ ਨਾਲ ਵਿਸ਼ਾਲ ਭੂਗੋਲਕ ਖੇਤਰ ਦੀ ਮਹਿਜ਼ ਯਾਤਰਾ ਹੀ ਨਹੀਂ ਕੀਤੀ ਸਗੋਂ ਦੂਰ ਦੂਰ ਤੱਕ ਗੁਰਮਤਿ ਵਿਚਾਰਧਾਰਾ ਨੂੰ ਫੈਲਾਇਆ ਅਤੇ ਸੰਗਠਿਤ ਕੀਤਾ। ਆਪ ਜਿੱਥੇ ਜਿੱਥੇ ਵੀ ਗਏ ਹਰ ਇਲਾਕੇ ਜਾਂ ਖਿੱਤੇ ਵਿੱਚ ਆਪਣੀ ਸੰਗਤ ਸਥਾਪਤ ਕੀਤੀ। ਜਿੱਥੇ ਵੀ ਗਏ ਉਸ ਧਰਤੀ ਦੀ ਬੋਲੀ ਨੂੰ ਜਾਣਿਆ, ਉਸ ਬੋਲੀ ਵਿੱਚ ਓਥੋਂ ਦੀ ਸੰਗਤ ਨੂੰ ਮੁਖ਼ਾਤਿਬ ਹੋਏ। ਆਪਣੇ ਉਪਦੇਸ਼ ਜਾਂ ਵਿਚਾਰਧਾਰਾ ਨੂੰ ਪਾਰ ਖੇਤਰੀ ਅਤੇ ਪਾਰ ਭਾਸ਼ਾਈ ਬਣਾਇਆ। ਉਹਨਾਂ ਆਪਣੀ ਭਾਸ਼ਾ ਨੀਤੀ ਨਾਲ ਆਪਣੇ ਆਪ ਨੂੰ ਪੰਜਾਬ ਜਾਂ ਪੰਜਾਬੀਆਂ ਦਾ ਨਹੀਂ ਸਗੋਂ ਮਨੁੱਖਤਾ ਦਾ ਪੈਗੰਬਰ ਸਿੱਧ ਅਤੇ ਸਥਾਪਤ ਕੀਤਾ। ਗੁਰੂ ਸਾਹਿਬ ਆਪਣੀ ਬਹੁ ਭਾਸ਼ਾਈ ਬਾਣੀ ਤੋਂ ਬਿਨਾ ਵੱਖ ਵੱਖ ਭੂਗੋਲਿਕ ਖੇਤਰਾਂ, ਬੋਲੀਆਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਉਹਨਾਂ ਤੋਂ ਪਹਿਲਾਂ ਹੋਏ ਗੁਰਮਤਿ ਦੇ ਸੁਭਨਵਰਾਂ ਦੀ ਬਾਣੀ ਵੀ ਨਾਲ ਲੈ ਕੇ ਆਏ ਜੋ ਬਾਅਦ ਵਿੱਚ ਗੁਰੂ ਗਰੰਥ ਸਾਹਿਬ ਦਾ ਹਿੱਸਾ ਬਣੀ। ਇਸ ਲਈ ਗੁਰਮਤਿ ਦੀ ਵਿਸ਼ਾਲਤਾ ਨੂੰ ਆਪਣੀ ਬੋਲੀ ਤੱਕ ਘਟਾਉਣਾ ਇਸ ਦਾ ਨੁਕਸਾਨ ਜਾਂ ਨਿਰਾਦਰ ਕਰਨ ਵਾਲੀ ਗੱਲ ਹੈ।

ਸਿੱਖ ਧਰਮ ਦੀ ਦੂਸਰੀ ਮੁੱਖ ਸਥਾਪਨਾ ਹੈ ਖਾਲਸਾ ਪੰਥ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਪਿਆਰਿਆਂ ਦੇ ਰੂਪ ਵਿੱਚ ਖਾਲਸਾ ਪੰਥ ਦੇ ਜੋ ਪਹਿਲੇ ਪੰਜ ਨੁਮਾਇੰਦੇ ਜਾਂ ਆਗੂ ਚੁਣੇ ਉਹਨਾਂ ਵਿੱਚੋਂ ਭਾਈ ਦਇਆ ਸਿੰਘ ਜੀ ਲਾਹੌਰ (ਹੁਣ ਪਾਕਿਸਤਾਨ) ਦੇ, ਭਾਈ ਧਰਮ ਸਿੰਘ ਜੀ ਮੇਰਠ (ਯੂ. ਪੀ.) ਦੇ, ਭਾਈ ਮੋਹਕਮ ਸਿੰਘ ਜੀ ਦਵਾਰਕਾ (ਗੁਜਰਾਤ) ਦੇ, ਭਾਈ ਹਿੰਮਤ ਸਿੰਘ ਜੀ ਜਗਨ ਨਾਥ ਪੁਰੀ (ਉੜੀਸਾ) ਦੇ ਅਤੇ ਭਾਈ ਸਾਹਿਬ ਸਿੰਘ ਜੀ ਬਿਦਰ (ਕਰਨਾਟਕਾ) ਦੇ ਇਲਾਕੇ ਨਾਲ ਸਬੰਧਤ ਸਨ। ਪੰਜਾਂ ਦੀ ਮਾਂ ਬੋਲੀ, ਦੇਸ਼ ਅਤੇ ਸੱਭਿਆਚਾਰ ਵੱਖਰਾ ਵੱਖਰਾ ਸੀ। ਇਹਨਾਂ ਪੰਜਾਂ ਵਿੱਚੋਂ ਸਾਡੇ ਹੁਣ ਦੇ ਇੱਧਰਲੇ ਪੰਜਾਬ ਦੇ ਖਿੱਤੇ ਨਾਲ ਸਬੰਧਤ ਕੋਈ ਨਹੀਂ ਸੀ। ਇਹ ਪਿਆਰੇ ਵੱਖ ਵੱਖ ਦੇਸ਼-ਦੇਸ਼ਾਂਤਰਾਂ ਵਿੱਚ ਵਸਦੇ 'ਕੱਲੇ-ਦੁਕੱਲੇ ਸਿੱਖ ਤਾਂ ਨਹੀਂ ਹੋਣਗੇ ਜੋ ਆਪਣਿਆਂ ਇਲਾਕਿਆਂ ਤੋਂ ਗੁਰੂ ਨੂੰ ਸੀਸ ਭੇਟ ਕਰਨ ਆ ਗਏ, ਇਹਨਾਂ ਇਲਾਕਿਆਂ ਵਿੱਚ ਵਸਦੀ ਵੱਡੀ ਵਸੋਂ ਸਿੱਖੀ ਸਿਦਕ ਨੂੰ ਪਰਨਾਈ ਹੋਵੇਗੀ। ਇਸ ਤੋਂ ਪਤਾ ਲਗਦਾ ਹੈ ਕਿ ਸਿੱਖੀ ਦੀਆਂ ਜੜਾਂ ਦੇ ਰੂਪ ਵਿੱਚ ਗੁਰਮਤਿ ਵਿਚਾਰਧਾਰਾ ਦਾ ਸਬੰਧ ਜਿੰਨਾ ਦੂਰ ਦੇਸ਼ ਦੇਸ਼ਾਂਤਰਾਂ ਤੱਕ ਸੀ, ਇਸ ਦੀਆਂ ਟਾਹਣੀਆਂ ਦੇ ਰੂਪ ਵਿੱਚ ਖਾਲਸਾ ਪੰਥ ਦਾ ਮੁਢਲਾ ਫੈਲਾਓ ਵੀ ਓਨਾ ਹੀ ਵਿਸ਼ਾਲ ਸੀ। ਗੁਰੂ ਸਾਹਿਬਾਨ ਦੇ ਹੈੱਡਕੁਆਟਰ ਮੁੱਖ ਤੌਰ 'ਤੇ ਲੰਮਾ ਸਮਾਂ ਪੰਜਾਬ ਵਿੱਚ ਰਹੇ ਹੋਣ ਕਰਕੇ ਬਹੁਤੇ ਇਤਿਹਾਸਕ ਗੁਰਦੁਆਰੇ ਪੰਜਾਬ ਵਿੱਚ ਹਨ। ਉਨੀਵੀਂ ਸਦੀ ਦੇ ਮਗਰਲੇ ਅਤੇ ਵੀਹਵੀਂ ਸਦੀ ਦੇ ਆਰੰਭਲੇ ਸਾਲਾਂ ਵਿੱਚ ਪੰਜਾਬੀ ਸਿੱਖਾਂ ਦਾ ਜ਼ਿਆਦਾ ਧਿਆਨ ਅਤੇ ਜ਼ੋਰ ਇਹਨਾਂ ਗੁਰਦੁਆਰਿਆਂ ਤੋਂ ਮਹੰਤਾਂ ਅਤੇ ਅੰਗਰੇਜ਼ਾਂ ਦਾ ਕਬਜ਼ਾ ਖਤਮ ਕਰਨ 'ਤੇ ਲੱਗਿਆ। ਬਾਅਦ ਵਿੱਚ ਸਿੱਖ ਲੀਡਰਾਂ ਦਾ ਬਹੁਤਾ ਜ਼ੋਰ ਪੰਜਾਬ ਦੀ ਪ੍ਰਸ਼ਾਸਨਕ ਸ਼ਕਤੀ ਹਥਿਆਉਣ ਦੇ ਸਾਧਨ ਵਜੋਂ ਗੁਰਦੁਆਰਿਆ ਦੀਆਂ ਸਟੇਜਾਂ ਅਤੇ ਗੋਲਕਾਂ 'ਤੇ ਕਬਜ਼ੇ ਲਈ ਲੱਗਿਆ। ਕੇਂਦਰੀ ਸੰਸਥਾਵਾਂ 'ਤੇ ਇਕੱਲੇ ਪੰਜਾਬੀਆਂ ਦਾ ਕਬਜ਼ਾ ਹੋਣ ਕਰਕੇ ਦੂਸਰੇ ਖਿੱਤਿਆਂ ਅਤੇ ਸੱਭਿਆਚਾਰਾਂ ਨਾਲ ਸਬੰਧਤ ਸਿੱਖੀ ਦੀ ਵੰਨ-ਸੁਵੰਨਤਾ ਪੰਥ ਦੀ ਬੁੱਕਲ ਵਿੱਚੋਂ ਕਿਰ ਗਈ। ਕਲਕੱਤੇ ਵਸਦੇ ਸ. ਜਗਮੋਹਨ ਸਿੰਘ ਗਿੱਲ ਨੇ ਆਪਣੀਆਂ ਖੋਜੀ ਲਿਖਤਾਂ ਰਾਹੀਂ ਦੱਸਿਆ ਹੈ ਕਿ ਕਦੀ ਯੂ.ਪੀ., ਬਿਹਾਰ, ਬੰਗਾਲ, ਉੜੀਸਾ ਅਤੇ ਹੋਰ ਪੂਰਬੀ ਇਲਾਕਿਆ ਵਿੱਚ ਪਿੰਡਾਂ ਦੇ ਪਿੰਡ ਗੁਰੂ ਨਾਨਕ ਨਾਮ ਲੇਵਾ ਸਿੱਖ ਸੰਗਤ ਵਾਲੇ ਹੁੰਦੇ ਸਨ। ਇਹਨਾਂ ਥਾਵਾਂ 'ਤੇ ਹੁਣ ਗੁਰਦੁਆਰਿਆਂ ਦੀਆਂ ਅਣਗਿਣਤ ਢੱਠੀਆਂ ਅਤੇ ਅੱਧ ਢੱਠੀਆਂ ਇਮਾਰਤਾਂ ਦੇ ਨਿਸ਼ਾਨ ਬਚੇ ਹਨ।

ਬਾਕੀ ਸਫ਼ਾ 31 'ਤੇ




# ਪਾਠਕਾਂ ਦਾ ਨਜ਼ਰੀਆ

## ਕੋਰੋਨਾ ਦਾ ਫ਼ਿਲਹਾਲ ਕੋਈ ਇਲਾਜ ਨਹੀਂ

ਕੋਰੋਨਾ ਹੀ ਨਹੀਂ, ਸਮੇਂ-ਸਮੇਂ ਹੋਰ ਵੀ ਅਨੇਕਾਂ ਬੇਹੱਦ ਖ਼ਤਰਨਾਕ ਵਾਇਰਸ ਲੋਕਾਈ ਵਿਚ ਹਾਹਾਕਾਰ ਮਚਾਉਂਦੇ ਰਹੇ ਹਨ। ਕੋਰੋਨਾ ਵਾਇਰਸ ਦੇ ਸਬੰਧ 'ਚ ਕੋਈ ਕਹਿ ਰਿਹਾ ਹੈ ਕਿ ਚੀਨੀਆਂ ਦੁਆਰਾ ਚਮਗਿੱਦੜ ਖਾਣ ਕਾਰਨ ਇਹ ਵਾਇਰਸ ਫੈਲਿਆ ਹੈ। ਕੋਈ ਕਹਿ ਰਿਹਾ ਹੈ ਕਿ ਚੀਨੀਆਂ ਵੱਲੋਂ ਸੱਪ ਆਦਿ ਜੀਵਾਂ ਨੂੰ ਖਾਣ ਕਾਰਨ ਇਹ ਫੈਲਿਆ ਹੈ ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਕੁਝ ਸਾਇੰਸਦਾਨਾਂ ਦਾ ਕਹਿਣਾ ਹੈ ਕਿ ਕੋਵਿਡ-19 ਵਾਇਰਸ ਵੂਹਾਨ ਵਿਚ ਇਕ ਕੌਮਾਂਤਰੀ ਪੱਧਰ ਦੀ ਲੈਬ ਵਿਚ ਤਿਆਰ ਕੀਤੇ ਜਾ ਰਹੇ ਬਾਇਓਲੋਜੀਕਲ ਹਥਿਆਰ ਕਾਰਨ ਫੈਲਿਆ ਹੈ। ਫਰਾਂਸ ਦੇ ਨੋਬਲ ਪੁਰਸਕਾਰ (2008) ਜੇਤੂ ਵਿਗਿਆਨਕ ਲੂਕ ਮਾਂਟੇਗਨਰ ਨੇ ਵੀ ਕਿਹਾ ਹੈ ਕਿ ਕੋਰੋਨਾ ਦੀ ਉਤਪਤੀ ਇਕ ਲੈਬ ਵਿਚ ਕੀਤੀ ਗਈ ਹੈ। ਸੋ, ਇਹ ਚਰਚਾ ਵਿਸ਼ਵ ਭਰ ਵਿਚ ਚੱਲ ਰਹੀ ਹੈ ਕਿ ਇਹ ਵਾਇਰਸ ਚੀਨੀ ਸ਼ਹਿਰ ਵੂਹਾਨ ਤੋਂ ਹੀ ਦੁਨੀਆ ਦੇ ਜ਼ਿਆਦਾਤਰ ਦੇਸ਼ਾਂ ਵਿਚ ਫੈਲਿਆ ਹੈ। ਪਹਿਲਾਂ ਚੀਨ ਦੇ ਨਾਲ-ਨਾਲ ਵਿਸ਼ਵ ਸਿਹਤ ਸੰਗਠਨ ਨੇ ਵੀ ਕਿਹਾ ਸੀ ਕਿ ਇਹ ਵਾਇਰਸ ਮਨੁੱਖ ਤੋਂ ਮਨੁੱਖ ਵਿਚ ਨਹੀਂ ਫੈਲਦਾ ਪਰ ਮੌਜੂਦਾ ਸਮੇਂ ਜੋ ਕੁਝ ਦੁਨੀਆ 'ਚ ਵਾਪਰ ਰਿਹਾ ਹੈ, ਉਸ ਤੋਂ ਸਪਸ਼ਟ ਹੈ ਕਿ ਉਨਾਂ ਵੱਲੋਂ ਗ਼ਲਤ ਕਿਹਾ ਗਿਆ ਸੀ। ਨਾ ਹੀ ਸਮੇਂ ਸਿਰ ਇਸ ਬਾਰੇ ਕੌਮਾਂਤਰੀ ਚੇਤਾਵਨੀ ਜਾਰੀ ਕੀਤੀ ਗਈ। ਕੋਰੋਨਾ ਕਾਰਨ ਬਹੁਤੇ ਦੇਸ਼ਾਂ ਦੀ ਆਰਥਿਕ ਹਾਲਤ ਡਾਵਾਂਡੋਲ ਹੋ ਗਈ ਹੈ। ਇਸ ਬਿਮਾਰੀ ਕਾਰਨ ਵਿਸ਼ਵ ਵਿਚ ਲੱਖਾਂ ਲੋਕ ਮੌਤ ਦੇ ਮੂੰਹ ਵਿਚ ਪੈ ਚੁੱਕੇ ਹਨ। ਇਹ ਗਿਣਤੀ ਬਹੁਤ ਜ਼ਿਆਦਾ ਵਧਣ ਦਾ ਡਰ ਹੈ। ਦੁਨੀਆ ਦੀ ਸੁਪਰ ਪਾਵਰ ਅਮਰੀਕਾ ਦੀਆਂ ਇਸ ਵਾਇਰਸ ਨੇ ਗੋਡਣੀਆਂ ਲੁਆ ਦਿੱਤੀਆਂ ਹਨ। ਇਸ ਦੀ ਦਹਿਸ਼ਤ ਇੰਨੀ ਜ਼ਿਆਦਾ ਹੈ ਕਿ ਦੁਨੀਆ ਦੀ ਅੱਧੀ ਤੋਂ ਵੱਧ ਆਬਾਦੀ ਲਾਕਡਾਊਨ ਅਧੀਨ ਰਹਿ ਰਹੀ ਹੈ। ਕੋਰੋਨਾ ਦਾ ਫ਼ਿਲਹਾਲ ਕੋਈ ਇਲਾਜ ਨਹੀਂ ਹੈ। ਸੋਸ਼ਲ ਡਿਸਟੈਂਸਿੰਗ ਨੂੰ ਹੀ ਇਸ ਤੋਂ ਬਚਾਅ ਦਾ ਕਾਰਗਰ ਸਾਧਨ ਮੰਨਿਆ ਜਾ ਰਿਹਾ ਹੈ। ਇਸ ਲਾਇਲਾਜ ਛੂਤ ਦੀ ਬਿਮਾਰੀ ਦਾ ਵੈਕਸੀਨ ਤਿਆਰ ਕਰਨ ਲਈ ਦੁਨੀਆ ਭਰ ਦੇ ਸਾਇੰਸਦਾਨ ਪੱਬਾਂ ਭਾਰ ਹਨ। ਕਿਹਾ ਜਾ ਰਿਹਾ ਹੈ ਕਿ ਇਹ ਵੈਕਸੀਨ ਤਿਆਰ ਕਰਨ ਵਿਚ 6 ਤੋਂ ਲੈ ਕੇ 18 ਮਹੀਨੇ ਤਕ ਦਾ ਸਮਾਂ ਲੱਗ ਸਕਦਾ ਹੈ।

**ਡਾ. ਭੁਪਿੰਦਰ ਸਿੰਘ ਭਕਨਾ**

## ਲੌਕਡਾਊਨ ਦੀ ਸਭ ਤੋਂ ਭਾਰੀ ਮਾਰ ਪਈ ਮਜ਼ਦੂਰ ਜਮਾਤ ਨੂੰ

ਪਰਵਾਸੀ ਮਜ਼ਦੂਰਾਂ (ਜਿਨਾਂ ਦੀ ਆਬਾਦੀ ਕਰੀਬ ਸਾਢੇ ਤਿੰਨ ਤੋਂ ਚਾਰ ਕਰੋੜ ਹੈ) ਉਤੇ ਲੌਕਡਾਊਨ ਦੀ ਸਭ ਤੋਂ ਭਾਰੀ ਮਾਰ ਪਈ ਹੈ। ਇਸ ਡਰ, ਬੇਚੈਨੀ ਤੇ ਬੇਯਕੀਨੀ ਦੇ ਹਾਲਾਤ ਦੌਰਾਨ ਉਹ ਆਪਣੇ ਘਰਾਂ ਨੂੰ ਪਰਤਣ ਲਈ ਤਰਸੇ ਹੋਏ ਸਨ। ਦੂਜੇ ਪਾਸੇ ਮੌਕੇ ਦੀਆਂ ਸਰਕਾਰਾਂ ਸ਼ਾਇਦ ਉਨਾਂ ਨੂੰ ਇਹ ਪੱਕਾ ਭਰੋਸਾ ਨਹੀਂ ਦਿਵਾ ਸਕੀਆਂ ਕਿ ਉਹ ਉਨਾਂ ਅਤੇ ਉਨਾਂ ਦੇ (ਪਿੱਛੇ ਜੱਦੀ ਘਰਾਂ ਵਿਚ ਰਹਿੰਦੇ) ਪਰਿਵਾਰਾਂ ਦੀਆਂ ਮਾਮੂਲੀ ਜਿਹੀਆਂ ਜ਼ਰੂਰਤਾਂ ਪੂਰੀਆਂ ਕਰਨਗੀਆਂ। ਜੇ ਸਰਕਾਰ/ਸਰਕਾਰਾਂ ਵਿਦੇਸ਼ਾਂ ਵਿਚ ਫਸੇ ਭਾਰਤੀਆਂ ਅਤੇ ਕੋਟਾ ਤੇ ਹੋਰ ਥਾਵਾਂ ਤੋਂ ਵਿਦਿਆਰਥੀਆਂ ਨੂੰ ਵਾਪਸ ਲਿਆ ਸਕਦੀਆਂ ਹਨ (ਜੋ ਯਕੀਨਨ ਸਲਾਹੁਣਯੋਗ ਕਦਮ ਹੈ) ਤਾਂ ਇਨਾਂ ਮਜਬੂਰ ਮਜ਼ਦੂਰਾਂ ਨੂੰ ਉਨਾਂ ਦੇ ਘਰ ਪਹੁੰਚਾਉਣ ਦੇ ਢੁਕਵੇਂ ਅਤੇ ਵੇਲ਼ੇ ਸਿਰ ਪ੍ਰਬੰਧ ਕਿਉਂ ਨਹੀਂ ਕੀਤੇ? ਇੰਝ ਹਾਲਾਤ ਤੋਂ ਮਜਬੂਰ ਅਤੇ ਪਰਦੇਸਾਂ ਵਿਚ ਫਸੇ ਇਨਾਂ ਮਜ਼ਦੂਰਾਂ ਨੇ ਬੇਚੈਨੀ ਵਿਚ ਆਪਣੇ ਘਰਾਂ ਨੂੰ 'ਉਲਟ ਹਿਜਰਤ' ਸ਼ੁਰੂ ਕਰ ਦਿੱਤੀ, ਉਹ ਵੀ ਪੈਦਲ ਜਾਂ ਮੌਕੇ 'ਤੇ ਬਣੇ ਹੋਰ ਸਾਧਨਾਂ ਨਾਲ। ਉਨਾਂ ਨਾਲ ਛੋਟੇ ਛੋਟੇ ਬੱਚੇ ਵੀ ਸੈਂਕੜੇ ਕਿਲੋਮੀਟਰ ਪੈਦਲ ਚੱਲਣ ਲਈ ਮਜਬੂਰ ਹਨ। ਉਨਾਂ ਸ਼ਾਇਦ ਪਿਛਾਂਹ ਪਰਿਵਾਰਾਂ ਨੂੰ ਮਿਲਣ ਦੇ ਉਦਰੇਵੇਂ, ਵਧਦੇ ਡਰ, ਬੇਯਕੀਨੀ ਅਤੇ ਸਰਕਾਰੀ ਪ੍ਰਬੰਧ ਵਿਚ ਬੇਭਰੋਸਗੀ ਕਾਰਨ ਵਾਪਸੀ ਦੇ ਬਿਖੜੇ ਪੈਂਡਿਆਂ 'ਤੇ ਤੁਰਨ ਦਾ ਔਖਾ ਫ਼ੈਸਲਾ ਕੀਤਾ। ਅਜਿਹੇ ਹੋਰ ਹਜ਼ਾਰਾਂ ਮਜ਼ਦੂਰ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ 'ਤੇ ਇਸ ਉਮੀਦ ਨਾਲ ਇਕੱਤਰ ਹੋ ਰਹੇ ਹਨ ਕਿ ਸਰਕਾਰ ਉਨਾਂ ਨੂੰ ਘਰ ਪਹੁੰਚਾਏਗੀ। ਇਸ ਸਬੰਧੀ ਜੇ ਕੁਝ ਕੀਤਾ ਵੀ ਗਿਆ ਤਾਂ ਉਦੋਂ ਤੱਕ ਬਹੁਤ ਦੇਰ ਹੋ ਚੁੱਕੀ ਸੀ ਅਤੇ ਇਹ ਕਾਰਵਾਈ ਕਾਫ਼ੀ ਵੀ ਨਹੀਂ ਸੀ।

ਜਿਥੋਂ ਤੱਕ ਉਨਾਂ ਦੀਆਂ ਰੋਟੀ ਤੇ ਕੱਪੜੇ ਦੀਆਂ ਬੁਨਿਆਦੀ ਲੋੜਾਂ ਦਾ ਸਵਾਲ ਹੈ, ਜ਼ਰੂਰੀ ਹੈ ਕਿ ਉਨਾਂ ਨੂੰ ਸਰਕਾਰ ਕੋਲ ਪਏ ਅਨਾਜ ਦੇ ਕਰੀਬ 6ਥ50 ਕਰੋੜ ਟਨ ਭੰਡਾਰਾਂ ਵਿਚੋਂ ਖੁਲਦਿਲੀ ਨਾਲ ਮੁਫ਼ਤ ਅਨਾਜ ਦਿੱਤਾ ਜਾਵੇ। ਇਸ ਤੋਂ ਇਲਾਵਾ ਉਨਾਂ ਨੂੰ ਕੁਝ ਨਕਦ ਪੈਸਾ ਵੀ ਦਿੱਤਾ ਜਾਣਾ ਚਾਹੀਦਾ ਹੈ। ਨਾਲ ਹੀ ਕਰੋਨਾ ਸੰਕਟ ਨਾਲ ਸਿੱਝਣ ਤੋਂ ਇਲਾਵਾ ਮੁਲਕ ਨੂੰ ਛੇਤੀ ਤੋਂ ਛੇਤੀ ਲੌਕਡਾਊਨ ਤੋਂ ਬਾਹਰ ਆਉਣ ਬਾਰੇ ਸੋਚਣਾ ਚਾਹੀਦਾ ਹੈ (ਯਕੀਨਨ ਇਸ ਲਈ ਬਚਾਅ ਪ੍ਰਬੰਧਾਂ ਨਾਲ ਹਰਗਿਜ਼ ਕੋਈ ਸਮਝੌਤਾ ਨਾ ਕੀਤਾ ਜਾਵੇ), ਤਾਂ ਕਿ ਦੇਸ਼ ਭਰ ਵਿਚ ਵੱਖ ਵੱਖ ਸੈਕਟਰਾਂ 'ਚ ਮਾਲੀ ਸਰਗਰਮੀਆਂ ਸ਼ੁਰੂ ਹੋ ਸਕਣ ਤੇ ਲੋਕਾਂ ਦੀ ਰੋਜ਼ੀ-ਰੋਟੀ ਚੱਲ ਸਕੇ। ਜ਼ਾਹਿਰ ਹੈ ਕਿ ਲੌਕਡਾਊਨ ਲੰਮਾ ਹੋਣ ਦਾ ਸਿੱਟਾ ਭਾਰਤ ਵਿਚ ਕਰੋਨਾ ਦੀ ਥਾਂ ਭੁੱਖਮਰੀ ਨਾਲ ਜ਼ਿਆਦਾ ਮੌਤਾਂ ਹੋਣ ਵਜੋਂ ਨਿਕਲ ਸਕਦਾ ਹੈ। ਇਸ ਕਾਰਨ ਹੋਰ ਸਮਾਜਿਕ-ਆਰਥਿਕ ਉਲ਼ਝਣਾਂ ਪੈਦਾ ਹੋਣਗੀਆਂ।

**ਰਣਜੀਤ ਸਿੰਘ ਘੁੰਮਣ**

## ਸੁਚੇਤ ਸਿਖ ਪਰਿਵਾਰਾਂ ਵਿਚ ਬੱਚੇ-ਬੱਚੀਆਂ ਦੇ ਨਾਂ

ਮੈਂ ਦੇਖ ਰਿਹਾ ਹਾਂ ਕਿ ਸਿਖ ਬੱਚੇ-ਬੱਚੀਆਂ ਦੇ ਨਾਂ ਬੜੀ ਤੇਜੀ ਨਾਲ ਬਦਲ ਰਹੇ ਨੇ।ਬੱਚੇ-ਬੱਚੀਆਂ ਦੇ ਨਾਵਾਂ ਵਿਚੋਂ ਸਿਖ ਸ਼ਬਦਾਵਲੀ ਵਾਲੇ ਨਾਂ ਘਟਦੇ ਜਾ ਰਹੇ ਨੇ ਹਿੰਦੂ-ਬਿਰਤੀ ਵਾਲੇ ਨਾਂ ਵਧ ਰਹੇ ਨੇ।ਉਂਝ ਪਹਿਲਾਂ ਵੀ ਕ੍ਰਿਸ਼ਨ ਸਿੰਘ,ਰਾਮ ਸਿੰਘ ਵਰਗੇ ਨਾਂ ਹੁੰਦੇ ਸੀ ਪਰ ਵਿਚਾਲੇ ਜਿਹੇ ਸਿੰਘ ਸ਼ਬਦਾਵਲੀ ਵਾਲੇ ਨਾਂਵਾਂ ਦੀ ਲਹਿਰ ਚੱਲ ਪਈ ਸੀ ਜਿਸਨੂ ਹੁਣ ਫੇਰ ਮੋੜਾ ਪੈ ਗਿਆ ਹੈ। ਬੇਸ਼ੱਕ ਸੁਚੇਤ ਸਿਖ ਪਰਿਵਾਰਾਂ ਵਿਚ ਬੱਚੇ-ਬੱਚੀਆਂ ਦੇ ਨਾਂ ਸਿਖ ਨਜ਼ਰੀਏ ਵਾਲੇ ਬੜੇ ਸੋਚ-ਵਿਚਾਰਕੇ ਰੱਖੇ ਜਾਂਦੇ ਨੇ ਪਰ ਜਿਹੜੇ ਪਰਿਵਾਰ ਜਾਗਰੂਕ ਨਹੀ,ਉਨਾਂ ਵਿਚ ਐਹੋ ਜਿਹੇ ਨਾਂ ਰੱਖਣ ਦਾ ਰੁਝਾਨ ਹੈ ਜਿਨਾਂ ਨਾਂਵਾਂ ਵਿਚੋਂ ਜੇ ×ਸਿੰਘ/ਕੌਰ× ਸ਼ਬਦ ਗਾਇਬ ਹੋ ਜਾਵੇ ਤਾਂ ਜਾਪਦਾ ਹੈ ਜਿਵੇਂ ਇਹ ਕਿਸੇ ਹਿੰਦੂ ਦਾ ਨਾਂ ਹੈ।ਸਿਖਾਂ ਵਿਚ ਪਤਿਤਪੁਣੇ ਕਾਰਨ ਘੋਨ-ਮੋਨ ਸਿਖਾਂ ਦੀ ਸਮੱਸਿਆ ਤਾਂ ਪਹਿਲਾਂ ਹੀ ਹੈ।ਸਿਖ-ਪਹਿਰਾਵਾ ਵੀ ਤਿਆਗ ਰਹੇ ਹਾਂ।ਹੁਣ ਪਹਿਰਾਵਾ ਦੇਖਕੇ ਅੰਦਾਜ਼ਾ ਨਹੀ ਲੱਗ ਸਕਦਾ ਕਿ ਘੋਨ-ਮੋਨ ਜਿਹਾ ਨੌਜਵਾਨ ਸਿਖਾਂ ਦਾ ਮੁੰਡਾ ਹੈ,ਹਿੰਦੂਆਂ ਦਾ ਮੁੰਡਾ ਹੈ ਕਿ ਮੁਸਲਮਾਨਾਂ ਦਾ ਮੁੰਡਾ ਹੈ।ਉਹ ਵੇਲੇ ਬੀਤ ਗਏ ਜਦ ਧੋਤੀ ਦੇਖਕੇ,ਕੁਰਤਾ-ਚਾਦਰਾ ਜਾਂ ਪਜਾਮਾ ਦੇਖਕੇ ਜਾਂ ਇਹੋ ਜਿਹੀ ਹੋਰ ਚੀਜ ਦੇਖਕੇ ਅੰਦਾਜਾ ਹੋ ਜਾਂਦਾ ਸੀ ਕਿ ਇਹ ਨੌਜਵਾਨ ਕਿਹੜੇ ਧਰਮ ਦਾ ਹੈ।ਹੁਣ ਤਾਂ ਜੀਨ-ਜੈਕਟ ਵਾਲੇ ਮਹੌਲ ਵਿਚ ਸਾਰੇ ਨੌਜਵਾਨ ਤਕਰੀਬਨ ਇਕੋ ਜਿਹੇ ਹੀ ਜਾਪਦੇ ਹਨ।ਬਹੁਗਿਣਤੀ ਧਰਮਾਂ/ਕੌਮਾਂ ਨੂੰ ਘੱਟ ਫਰਕ ਪੈਂਦਾ ਹੈ ਪਰ ਸਿਖਾਂ ਵਰਗੀ ਘੱਟਗਿਣਤੀ ਕੌਮ ਦੀ ਜਵਾਨੀ ਦਾ ਵੱਡਾ ਹਿੱਸਾ ਆਪਣੇ ਵੱਖਰੇ ਸਰੂਪ,ਵੱਖਰੇ ਪਹਿਰਾਵੇ,ਵੱਖਰੀ ਦਿੱਖ ਨੂੰ ਤਿਆਗ ਦੇਵੇ ਤਾਂ ਇਹ ਸੰਵੇਦਨਸ਼ੀਲ ਮਸਲਾ ਬਣ ਜਾਂਦਾ ਹੈ। ਪਰ ਸਾਡੇ ਸਾਹਮਣੇ ਹੈ ਕਿ ਸਿਖ ਜਵਾਨੀ ਨੇ ਵੱਖਰੇ ਹੋਣ ਦੇ ਬਾਹਰੀ ਸਬੂਤ ਤੋਂ ਛੱਡਣੇ ਚਿਰਾਂ ਦੇ ਸ਼ੁਰੂ ਕੀਤੇ ਸਨ ਹੁਣ ਅਗਲੀ ਪੀੜੀ ਦੇ ਨਾਂ ਵੀ ਸਿਖਾਂ ਵਾਲੇ ਨਹੀ ਹੋਣਗੇ,ਗੌਰਵ,ਟੀਨਾ,ਅੰਕਿਤ ਐਹੋ ਜਿਹੇ ਨਾਂ ਰੱਖੇ ਜਾ ਰਹੇ ਹਨ।ਦਰਅਸਲ ਇਸ ਕੰਮ ਵਿਚ ਸਿਖਾਂ ਦੀਆਂ ਕੁੜੀਆਂ ਦਾ ਵੀ ਬਹੁਤ ਅਹਿਮ ਰੋਲ ਹੈ। ਪੜਾਈ ਦੌਰਾਨ ਹੋਸਟਲਾਂ ਵਿਚ ਰਹਿਣ ਮੌਕੇ ਸਿਖ ਕੁੜੀਆਂ ਵਿਚ ਹਿੰਦੂ-ਕੁੜੀਆਂ ਵਾਂਗ ਰਹਿਣ ਤੇ ਉਨਾਂ ਵਰਗੇ ਨਾਂ ਰਖਵਾਉਣ ਦੀ ਬੜੀ ਚਾਹਤ ਮਹਿਸੂਸ ਹੋ ਰਹੀ ਹੈ।ਉਹ ਨਹੀ ਚਾਹੁੰਦੀਆਂ ਕਿ ਸਾਨੂੰ ਕੋਈ ਗੁਰਮੀਤ ਕੌਰ ਜਾਂ ਗੁਰਮੇਲ ਕੌਰ ਕਹੇ ਜਾਂ ਨਿਕਾ ਨਾਂ ਰਾਣੀ,ਭੋਲੀ,ਮੇਲੋ ਕਹੇ।ਉਨਾਂ ਨੂੰ ਜਾਪਦਾ ਕਿ ਸਿਖ ਨਾਵਾਂ ਕਰਕੇ ਉਹ ਦੇਸੀ ਤੇ ਪੱਛੜੀਆਂ ਹੋਈ ਲੱਗਦੀਆਂ ਨੇ ਤੇ 'ਗੈਰੀ' ਆਦਿਕ ਨਾਂ ਨਾਲ ਬੁਲਾਏ ਜਾਣ ਤੇ ਆਧੁਨਿਕ ਲੱਗਦੀਆਂ ਨੇ।ਸਿਖ ਕੁੜੀਆਂ ਦੇ ਇਸ ਰੁਝਾਨ ਉਪਰ ਬੜੀ ਗੰਭੀਰ ਚਰਚਾ ਦੀ ਲੋੜ ਹੈ ਕਿਉਂਕਿ ਸਿਖੀ ਪ੍ਰਤੀ ਵਿਰੋਧੀ ਵਿਚਾਰ ਪੈਦਾ ਹੋਣ ਤੇ ਹੀਣਤਾ ਦਾ ਅਹਿਸਾਸ ਪੈਦਾ ਹੋਣ ਲਈ ਇਹ ਮਹੌਲ ਸਾਜਗਾਰ ਹੈ।ਇਹੀ ਕੁੜੀਆਂ ਜਦ ਵਿਆਹ ਮਗਰੋਂ ਮਾਵਾਂ ਬਣਦੀਆਂ ਨੇ ਤਾਂ ਪੂਰੀ ਜਿਦ ਕਰਦੀਆਂ ਨੇ ਕਿ ਸਾਡੇ ਬੱਚੇ-ਬੱਚੀ ਦਾ ਨਾਂ ਸਿਖ-ਭਾਵਨਾ ਵਾਲਾ ਨਾ ਹੋਵੇ ਤੇ ਮੌਡਰਨ ਜਿਹਾ ਹੋਵੇ।ਮੌਡਰਨ ਨਾਂ ਉਨਾਂ ਨੂੰ ਸਿਰਫ ਹਿੰਦੂ ਤੇ ਈਸਾਈ ਨਾਂਵਾਂ ਵਿਚੋਂ ਲੱਭਦੇ ਨੇ।ਇਸੇ ਕਰਕੇ ਹੁਣ ਬਹੁਤੇ ਬੱਚਿਆਂ ਦੇ ਨਾਂ ਸਿਖ ਭਾਵਨਾ ਤੋਂ ਕੋਰੇ ਹਨ।ਜੇ ਵਿਚੋਂ ਸਿੰਘ/ਕੌਰ ਉਡਾ ਦਈਏ ਤਾਂ ਮਾਮਲਾ ਪੂਰਾ ਹੀ ਗੜਬੜ ਹੋ ਜਾਂਦਾ ਹੈ।ਤੇ ਖੁਦ ਨੂੰ ਬਹੁਤੇ ਸੂਝਵਾਨ ਕਹਾਉਣ ਵਾਲਿਆਂ ਸਿਖਾਂ ਵਿਚ ਇਹ ਬਿਰਤੀ ਪਹਿਲਾਂ ਹੀ ਪ੍ਰਚਲਤ ਹੈ ਕਿ ਸਿੰਘ/ਕੌਰ ਤੋਂ ਬਿਨਾਂ ਨਾਂ ਲਿਖਿਆ ਜਾਵੇ।ਪਰ ਪਹਿਲਾਂ ਨਾਂ ਦਾ ਅਗਲਾ ਸ਼ਬਦ ਸਿਖੀ-ਭਾਵਨਾ ਵਾਲਾ ਤਾਂ ਹੁੰਦਾ ਹੀ ਸੀ।ਹੁਣ ਤਾਂ ਸਿਧਾ ਹੀ ਗੌਰਵ ਅੰਕਿਤ ਵਰਗੇ ਨਾਂ ਆ ਗਏ ਨੇ।ਇਸ ਮਹੌਲ ਵਿਚ ਕਲਪਣਾ ਕਰੋ ਕਿ ਭਵਿੱਖ ਦੇ ਸਿਖ ਕਿਹੋ ਜਿਹੇ ਹੁਣਗੇ?ਘੋਨ-ਮੋਨ,ਹੱਥ ਵਿਚ ਕੜਾ,ਨਾਂ ਵਿਚ ਸਿੰਘ ਨਹੀ,ਹਿੰਦੂਆਂ ਵਾਲਾ ਨਾਂ। ਇਹ ਸਿਖ ਕਦੇ-ਕਦਾਈ ਗੁਰਦੁਆਰਾ ਸਾਹਿਬ ਜਾਕੇ ਗੋਲਕ ਵਿਚ ਮਾਇਆ ਚੜਾਕੇ,ਗੁਰੂ ਗਰੰਥ ਸਾਹਿਬ ਨੂੰ ਸੀਸ ਝੁਕਾਕੇ ਦਾਵਾ ਕਰਨਗੇ ਕਿ ਅਸੀ ਵੀ ਉਨੇ ਹੀ ਵਧੀਆ ਸਿਖ ਹਾਂ ਜਿੰਨੇ ਕਿ ਸਿਖ ਰਹਿਤ ਮਰਿਆਦਾ ਵਿਚ ਪਰਪੱਕ ਲੋਕਾਂ ਨੂੰ ਸਿਖ ਸਮਝਿਆ ਜਾਂਦਾ ਹੈ।ਕੀ ਸਿਖ ਸਮਾਜ ਬੱਚੇ-ਬੱਚੀਆਂ ਨੂ ਆਪਣੇ ਸੱਭਿਆਚਾਰ ਤੇ ਬੋਲੀ ਨਾਲ ਜੋੜੀ ਰੱਖਣ ਲਈ ਕੋਈ ਯੋਜਨਾਬੰਦੀ ਨਹੀ ਬਣਾ ਸਕਦਾ? ਕੀ ਹੁਣ ਸਿਖਾਂ ਵਰਗੇ ਨਾਂ ਰੱਖਣੇ ਵੀ ਪੱਛੜਾਪਣ ਬਣ ਗਿਆ। ਕਮਾਲ ਹੀ ਹੁੰਦੀ ਜਾਂਦੀ ਹੈ।

**ਸਰਬਜੀਤ ਸਿੰਘ ਘੁਮਾਣ**

## ਮਾਡਰਨ ਯੁਗ ਤੇ ਸਿਖੀ

ਹੈਦਰਾਬਾਦ ਦੇ ਨਿਜ਼ਾਮ ਨੇ ਸੈਨਿਕ ਮਦਦ ਲਈ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਬੇਨਤੀ ਭੇਜੀ। ਮਹਾਰਾਜਾ ਸਾਹਿਬ ਨੇ ਤੁਰੰਤ 1200 ਚੁਣੇ ਸਿੱਖ ਸੈਨਿਕਾਂ ਨੂੰ ਭੇਜਿਆ, ਨਿਜ਼ਾਮ ਨੇ ਧੰਨਵਾਦ ਵਜੋਂ ਮਹਾਰਾਜਾ ਰਣਜੀਤ ਸਿੰਘ ਨੂੰ ਇਕ ਬਹੁਤ ਹੀ ਸੁੰਦਰ ਚੰਦੋਆ ਪੇਸ਼ ਕੀਤਾ। ਪਰ ਜਦੋਂ ਸ਼ਾਹੀ ਬਾਗ਼ ਵਿਚ ਚੰਦੋਆ ਲਗਾ ਕੇ ਦਰਬਾਰ ਲਗਾਇਆ ਗਿਆ ਤਾਂ ਮਹਾਰਾਜਾ ਸੁੰਦਰ ਚੰਦੋਏ ਨੂੰ ਵੇਖ ਕੇ ਇੱਕ ਦਮ ਹੈਰਾਨ ਹੋ ਗਏ।ਇਕਦਮ ਆਪਣੀ ਸ਼ਾਹੀ ਗੱਦੀ ਤੋਂ ਉੱਠੇ ਅਤੇ ਬਾਹਰ ਆ ਗਏ। ਦਰਬਾਰ ਵਿੱਚ ਬੈਠੇ ਮੰਤਰੀ ਅਤੇ ਸਰਦਾਰ ਮਹਾਰਾਜਾ ਦੀ ਅਜਿਹੀ ਹਰਕਤ ਦਾ ਰਾਜ਼ ਨਹੀਂ ਸਮਝ ਸਕੇ ਜਦੋਂ ਇਕ ਸਰਦਾਰ ਨੇ ਮਹਾਰਾਜਾ ਨੂੰ ਇਸ ਬਾਰੇ ਪੁੱਛਿਆ ਤਾਂ ਮਹਾਰਾਜਾ ਨੇ ਕਿਹਾ, ਇਹ ਚੰਦੋਆ ਬਹੁਤ ਸੁੰਦਰ ਅਤੇ ਅਨਮੋਲ ਹੈ, ਇਹ ਗੁਰੂ ਰਾਮਦਾਸ ਜੀ ਦੇ ਦਰਬਾਰ ਲਈ ਬਣਿਆ ਹੈ। ਇਸ ਲਈ ਮਹਾਰਾਜਾ ਖ਼ੁਦ ਅਮ੍ਰਿਤਸਰ ਗਏ ਅਤੇ ਗੁਰੂ ਦੇ ਦਰਬਾਰ ਵਿੱਚ ਕੀਮਤੀ ਚੰਦੋਆ ਭੇਟ ਕਰਕੇ ਆਏ। ਇਸ ਸਾਖੀ ਤੋਂ ਪਤਾ ਲੱਗਦਾ ਹੈ ਕਿ ਗੁਰੂ ਨੂੰ ਜਾਗਤ ਜੋਤ ਮੰਨਣ ਵਾਲਾ ਹਰ ਸਿੱਖ ਦੁਨੀਆਂ ਦੀ ਕੀਮਤੀ ਤੋਂ ਕੀਮਤੀ ਸੌਗਾਤ ਆਪਣੇ ਗੁਰੂ ਦੇ ਦਰਬਾਰ ਵਿੱਚ ਭੇਟ ਕਰਕੇ ਖੁਸ਼ੀਆਂ ਪ੍ਰਾਪਤ ਕਰਨ ਵਿੱਚ ਆਨੰਦ ਮਹਿਸੂਸ ਕਰਦਾ ਹੈ। ਅੱਜ ਮੌਡਰਨ ਯੁੱਗ ਵਿੱਚ ਸਾਡੇ ਵਿੱਚ ਉਹ ਤਰਕ ਮਾਨਸਿਕਤਾ ਵਾਲੇ ਸਿੱਖ ਵੀ ਹਨ ਜੋ ਆਪਣੇ ਅਤੇ ਪਰਿਵਾਰ ਦੀਆਂ ਪਦਾਰਥਵਾਦੀ ਖੁਸ਼ੀਆਂ ਲਈ ਬੇਲੋੜਾ ਮਹਿੰਗੇ ਤੋਂ ਮਹਿੰਗੇ ਭੰਡਾਰ ਇਕੱਠਾ ਕਰਕੇ ਖੁਸ਼ੀ ਮਹਿਸੂਸ ਕਰਦੇ ਹਨ ਪਰ ਗੁਰੂ ਦਰਬਾਰ ਲਈ ਭੇਟ ਕੀਤੇ ਜਾਂਦੇ ਰੁਮਾਲੇ ਅਤੇ ਚੰਦੋਏ ਪਾਖੰਡ ਲੱਗਦੇ ਹਨ। ਜਦੋਂ ਸਿੱਖ ਆਰਥਿਕ ਪੱਖੋਂ ਗਰੀਬ ਸੀ, ਉਦੋਂ ਵੀ ਗੁਰੂ ਦਰਬਾਰ ਲਈ ਕੀਮਤੀ ਸਮਾਨ ਭੇਟ ਹੁੰਦਾ ਸੀ ਅਤੇ ਅੱਜ ਜਦੋਂ ਸਿੱਖ ਆਰਥਿਕ ਸੰਕਟ ਵਿੱਚੋਂ ਬਾਹਰ ਹੈ ਤਾਂ ਵੀ ਦੁਨੀਆਂ ਦੀ ਹਰ ਕੀਮਤੀ ਸ਼ੈਅ ਗੁਰੂ ਦਰਬਾਰ ਵਿੱਚ ਭੇਟ ਵੀ ਕਰਦਾ ਹੈ ਅਤੇ ਦਸਵੰਧ ਨਾਲ ਦੁਨੀਆਂ ਵਿੱਚ ਸੇਵਾ ਵੀ ਕਮਾਉਂਦਾ ਹੈ। ਜਦੋਂ ਤੱਕ ਸਿੱਖ ਸੰਸਾਰ ਅੰਦਰ ਆਪਣੇ ਸਭ ਤੋਂ ਕੀਮਤੀ ਤੋਹਫ਼ੇ ਗੁਰੂ ਦਰਬਾਰ ਲਈ ਭੇਟ ਕਰਦਾ ਰਹੇਗਾ, ਉਦੋਂ ਤੱਕ ਉਹ ਦਸਵੰਧ ਰਾਹੀਂ ਸੇਵਾ ਵੀ ਕਮਾਉਂਦਾ ਰਹੇਗਾ। ਜੋ ਮਨੁੱਖ ਇਸ ਸਭ ਨੂੰ ਮਨਮਤ ਜਾਂ ਪਾਖੰਡ ਨਾਲ ਜੋੜ ਕੇ ਦੇਖੇਗਾ, ਉਹ ਹੌਲੀ ਹੌਲੀ ਗੁਰੂ ਮਤ ਦੀ ਥਾਂ ਕੇਵਲ ਤਰਕਸ਼ੀਲ ਜਾਣਕਾਰੀ ਵਾਲਾ ਕਿਤਾਬੀ ਸਿੱਖ ਬਣ ਕੇ ਹੀ ਵਿਚਰੇਗਾ, ਸੇਵਾ ਭਾਵਨਾ ਅਤੇ ਗੁਰੂ ਪ੍ਰੇਮ ਵਾਲੇ ਆਨੰਦ ਤੋਂ ਸੱਖਣਾ ਹੋ ਜਾਵੇਗਾ। ਦੁਨੀਆਂ ਦੀਆਂ ਸਭ ਕੌਮਾਂ ਆਰਥਿਕ ਪੱਖੋਂ ਅਮੀਰ ਹੋਣ ਦਾ ਯਤਨ ਕਰਦੀਆਂ ਹਨ, ਗੁਰੂ ਦਰਬਾਰ ਵਿੱਚ ਭੇਟ ਕੀਤਾ ਜਾਂਦਾ ਕੀਮਤੀ ਸਾਮਾਨ ਖ਼ਾਲਸਾ ਪੰਥ ਦੀ ਸੰਪੱਤੀ ਹੁੰਦਾ ਹੈ, ਉਸ ਨੂੰ ਸਾਂਭਣ ਸੰਭਾਲਣ ਲਈ ਯੋਗਦਾਨ ਪਾਉਣਾ ਚਾਹੀਦਾ ਹੈ ਨਾ ਕਿ ਇਸ ਨੂੰ ਭੇਟ ਕਰਨ ਤੋਂ ਇਨਕਾਰੀ ਹੋਣ ਦੀਆਂ ਮਨਘੜਤ ਮਨਮਤ ਦਲੀਲਾਂ ਦੇਣੀਆਂ ਚਾਹੀਦੀਆਂ ਹਨ। ਅੱਜ ਸਾਡੇ ਪ੍ਰਬੰਧ ਗੁਰੂ ਦਰਬਾਰ ਨਾਲ ਪਿਆਰ ਹੋਣ ਕਰਕੇ ਚਲ ਰਹੇ ਹਨ, ਨਹੀਂ ਦੁਨੀਆਂ ਦੇ ਹੋਰ ਪ੍ਰਬੰਧਾਂ ਵਾਂਗ ਕੇਵਲ ਨਾਮ ਦੇ ਹੀ ਰਹਿ ਜਾਣੇ। ਮਾੜੇ ਪ੍ਰਬੰਧਕਾਂ ਕਰਕੇ ਗੁਰੂ ਦਰਬਾਰ ਵਿੱਚ ਕੀਮਤੀ ਤੋਹਫ਼ੇ ਭੇਟ ਕਰਨੇ ਬੰਦ ਨਹੀਂ ਹੋਣੇ ਚਾਹੀਦੇ, ਸਗੋਂ ਪ੍ਰਬੰਧ ਨੂੰ ਸੁਚੱਜੇ ਹੱਥਾਂ ਵਿੱਚ ਕਿਵੇਂ ਰੱਖਣਾ ਹੈ, ਇਸ ਪ੍ਰਤੀ ਵਧੇਰੇ ਧਿਆਨ ਦੇਣਾ ਚਾਹੀਦਾ ਹੈ।

**ਗੋਲਡੀ ਦਿਉਲ ਕੈਨੇਡਾ**

## ਭਾਰਤ ਭਿਆਨਕ ਆਰਥਿਕ ਸੰਕਟ ਵੱਲ

ਆਰਥਿਕ ਮੰਦਵਾੜਾ ਅਸਲ ਵਿਚ ਮੰਗ ਦਾ ਮੰਦਵਾੜਾ ਹੈ। ਲੋਕਾਂ ਨੂੰ ਆਸ ਸੀ ਕਿ ਖ਼ਜ਼ਾਨਾ ਮੰਤਰੀ ਨਿਰਮਲਾ ਸੀਤਾਰਮਨ ਬਜਟ ਵਿਚ ਮੰਗ ਦੇ ਮੰਦਵਾੜੇ ਨੂੰ ਸੰਬੋਧਨ ਹੋਣਗੇ ਪਰ ਥੱਕ ਕੇ ਡਿੱਗ ਪੈਣ ਤੱਕ ਵਿੱਤ ਮੰਤਰੀ ਨੇ ਹੁਣ ਤੱਕ ਦੇ ਸਭ ਤੋਂ ਲੰਮੇ ਬਜਟ ਭਾਸ਼ਣ ਵਿਚ ਅਸਲ ਮੁੱਦੇ, ਮੰਦਵਾੜੇ, ਖਾਸ ਕਰ ਕੇ ਮੰਗ ਦੇ ਮੰਦਵਾੜੇ ਦੇ ਹੱਲ ਲਈ ਇੱਕ ਸ਼ਬਦ ਵੀ ਨਹੀਂ ਬੋਲਿਆ ਜਦਕਿ ਇਸ ਘਰੇਲੂ ਮੰਗ ਦਾ ਵਿਸਥਾਰ, ਭਾਵ ਲੋਕਾਂ ਦੀ ਖਰੀਦ ਸਮੱਰਥਾ ਵਧਾਉਣਾ ਹੀ ਇੱਕ ਰਾਹ ਹੈ। ਘਰੇਲੂ ਮੰਡੀ ਦਾ ਜਾਇਜ਼ਾ ਲਈਏ ਤਾਂ ਦੇਖਦੇ ਹਾਂ ਕਿ ਕੁੱਲ ਘਰੇਲੂ ਪੈਦਾਵਾਰ ਤਿੰਨ ਹਿੱਸਿਆ ਵਿਚ ਖਪਤ ਹੁੰਦੀ ਹੈ। ਇਸ ਵਿਚ 51.9% ਨਿੱਜੀ ਤੇ 11.5% ਸਰਕਾਰੀ ਖਪਤ ਹੈ ਅਤੇ 28.5% ਸਰਮਾਇਆ ਰਚਨ (ਕੈਪੀਟਲ ਫਾਰਮੇਸ਼ਨ) ਵਿਚ ਜਾਂਦਾ ਹੈ। ਸਭ ਤੋਂ ਵੱਡਾ ਹਿੱਸਾ ਨਿੱਜੀ ਖਪਤ ਹੈ, ਇਸ ਨੂੰ ਉਤਸ਼ਾਹ ਦਿੱਤੇ ਬਿਨਾਂ ਮੰਗ ਨਹੀਂ ਵਧਾਈ ਜਾ ਸਕਦੀ ਤੇ ਇਸ ਲਈ ਲੋਕਾਂ ਦੀ ਜੇਬ ਵਿਚ ਪੈਸਾ ਪਾਉਣਾ ਜ਼ਰੂਰੀ ਹੈ।

ਦੇਸ਼ ਦੀ 67% ਵਸੋਂ ਦਿਹਾਤੀ ਖੇਤਰ ਵਿਚ ਹੈ ਅਤੇ ਦਿਹਾਤ ਦਾ ਮੁੱਖ ਧੰਦਾ ਕਿਰਸਾਨੀ ਹੈ। ਇਹ ਖੇਤਰ ਸੰਕਟ ਦਾ ਸ਼ਿਕਾਰ ਹੈ। ਬਜਟ ਵਿਚ ਕਿਸਾਨੀ ਨੂੰ ਰਾਹਤ ਦੇਣ ਦੀ ਬਜਾਇ ਖਾਦ ਸਬਸਿਡੀ ਵਿਚ ਕਟੌਤੀ ਲਾ ਦਿੱਤੀ। ਪਿਛਲੇ ਸਾਲ ਦੇ ਬਜਟ ਵਿਚ ਖਾਦ ਸਬਸਿਡੀ ਲਈ 80 ਹਜ਼ਾਰ ਕਰੋੜ ਅਤੇ ਇਸ ਸਾਲ 71309 ਕਰੋੜ ਰੱਖੇ ਹਨ। ਇਸ ਵਿਚੋਂ ਵੀ 42000 ਕਰੋੜ ਰੁਪਏ ਪਿਛਲੇ ਬਕਾਏ ਚੁਕਾਉਣ ਵਿਚ ਚਲੇ ਜਾਣੇ ਹਨ। ਇਸ ਤਰਾਂ ਅਮਲੀ ਰੂਪ ਵਿਚ ਇਹ ਸਬਸਿਡੀ ਕੇਵਲ 29309 ਕਰੋੜ ਰੁਪਏ ਹੈ।

ਪੇਂਡੂ ਖੇਤਰ ਵਿਚ ਵਸੋਂ ਦਾ ਦੂਸਰਾ ਵੱਡਾ ਹਿੱਸਾ ਮਜ਼ਦੂਰ ਜਮਾਤ ਦਾ ਹੈ। ਇਸ ਵਰਗ ਦੀ ਸਭ ਤੋਂ ਵੱਡੀ ਸਮੱਸਿਆ ਰੁਜ਼ਗਾਰ ਦੀ ਹੈ। ਮਨਮੋਹਨ ਸਿੰਘ ਦੇ ਸਮੇਂ ਮਗਨਰੇਗਾ ਦੀ ਸ਼ੁਰੂਆਤ ਕੀਤੀ ਸੀ ਜਿਸ ਵਿਚ ਸਾਲ ਵਿਚ 100 ਦਿਨ ਰੁਜ਼ਗਾਰ ਦੀ ਗਰੰਟੀ ਦਿੱਤੀ ਗਈ ਸੀ ਪਰ 2019-20 ਵਿਚ ਸਿਰਫ 38 ਦਿਨ ਕੰਮ ਮਿਲਿਆ। ਮਗਨਰੇਗਾ ਵਿਚ ਦਿਹਾੜੀ ਇੰਨੀ ਘੱਟ ਹੈ ਕਿ ਪਹਿਲੇ ਦਰਜੇ ਦੇ ਕਿਰਤੀ ਮਗਨਰੇਗਾ ਚੁਣਦੇ ਨਹੀਂ। ਫਿਰ ਵੀ ਮੋਦੀ ਸਰਕਾਰ ਨੇ ਬਜਟ ਵਿਚ ਮਗਨਰੇਗਾ ਲਈ ਰਾਸ਼ੀ 13000 ਕਰੋੜ ਘਟਾ ਦਿੱਤੀ। ਮਜ਼ਦੂਰਾਂ ਲਈ ਖੁਰਾਕ ਗਾਰੰਟੀ ਯੋਜਨਾ ਤਹਿਤ ਸਬਸਿਡੀ ਤੇ ਅਨਾਜ ਮਿਲਦਾ ਹੈ। ਪਿਛਲੇ ਮਾਲੀ ਵਰੇ ਦੇ ਬਜਟ ਵਿਚ ਵਿਚ 1,84,220 ਕਰੋੜ ਰੁਪਏ ਭੋਜਨ ਸਬਸਿਡੀ ਲਈ ਰੱਖੇ ਸਨ ਅਤੇ ਇਸ ਵਰੇ 1,15,69 ਕਰੋੜ; ਭਾਵ ਪਿਛਲੇ ਸਾਲ ਦੇ ਬਜਟ ਨਾਲੋਂ 68,651 ਕਰੋੜ ਰੁਪਏ ਘੱਟ। ਇਸ ਵਰੇ ਲਈ ਫੂਡ ਕਾਰਪੋਰੇਸ਼ਨ ਦਾ ਛੋਟੀਆਂ ਬੱਚਤਾਂ ਵੰਡ ਵਿਚੋਂ ਕਰਜ਼ਾ 1,36,600 ਕਰੋੜ ਅਤੇ ਖੜਾ ਕਰਜ਼ਾ 3,22,800 ਕਰੋੜ ਰੁਪਏ ਦਾ ਹੈ। ਖੁਰਾਕ ਸਬਸਿਡੀ ਲਈ ਰੱਖੀ ਰਕਮ, ਫੂਡ ਕਾਰਪੋਰੇਸ਼ਨ ਦੀ ਇਸ ਸਾਲ ਦੀ ਦੇਣਦਾਰੀ ਨਾਲੋਂ 21.031 ਕਰੋੜ ਰੁਪਏ ਘੱਟ ਹੈ। ਇਕ ਤਰਾਂ ਨਾਲ ਮਜ਼ਦੂਰਾਂ ਲਈ ਖੁਰਾਕ ਸਬਸਿਡੀ ਦਾ ਖਾਤਮਾ ਕਰਨ ਦੇ ਤੁੱਲ ਹੈ। ਜ਼ਾਹਿਰ ਹੈ ਕਿ ਲੋਕਾਂ ਦੀ ਜੇਬ ਵਿਚ ਪੈਸਾ ਪਾਉਣ ਦੀ ਬਜਾਇ ਕੱਢ ਲਿਆ।

ਪਹਿਲਾਂ ਹੀ ਮੰਦਵਾੜੇ ਦੀ ਸ਼ਿਕਾਰ ਆਰਥਿਕਤਾ ਉੱਤੇ ਲੌਕਡਾਊਨ ਦਾ ਕੀ ਅਸਰ ਪਵੇਗਾ? ਇਸ ਦੀ ਪੂਰੀ ਤਸਵੀਰ ਤਾਂ ਅਜੇ ਆਉਣੀ ਹੈ ਪਰ ਇੱਕ ਗੱਲ ਸਪੱਸ਼ਟ ਹੈ ਕਿ ਪਹਿਲਾਂ ਹੀ ਮੰਦਵਾੜੇ ਦੀ ਸ਼ਿਕਾਰ ਆਰਥਿਕਤਾ ਤੇ ਲੌਕਡਾਊਨ ਦੇ ਪ੍ਰਭਾਵ ਤਬਾਹਕੁਨ ਹੋਣਗੇ। ਗਰੀਬੀ ਅਤੇ ਭੁੱਖਮਰੀ ਵਿਚ ਵਾਧਾ ਹੋਵੇਗਾ। ਕੌਮਾਂਤਰੀ ਏਜੰਸੀਆਂ ਮੁਤਾਬਿਕ ਭਾਰਤ ਵਿਚ ਮਹਾਮਾਰੀ ਅਤੇ ਲੌਕਡਾਊਨ ਦੇ ਨਤੀਜੇ ਵਜੋਂ 40 ਕਰੋੜ ਹੋਰ ਲੋਕ ਗਰੀਬੀ ਰੇਖਾ ਤੋਂ ਹੇਠਾਂ ਚਲੇ ਜਾਣਗੇ; ਭਾਵ, ਦੇਸ਼ ਦੀ ਦੋ ਤਿਹਾਈ ਤੋਂ ਵੀ ਵਧੇਰੇ ਜਨਤਾ ਗਰੀਬੀ ਰੇਖਾ ਤੋਂ ਹੇਠਾਂ ਚਲੀ ਜਾਵੇਗੀ। ਇਸ ਨਾਲ ਰੁਜ਼ਗਾਰ ਦੀ ਤਬਾਹੀ ਹੋਵੇਗੀ। ਮਾਰਚ ਦੇ ਆਖਰੀ ਹਫਤੇ ਸ਼ਹਿਰੀ ਖੇਤਰ ਵਿਚ ਬੇਰੁਜ਼ਗਾਰੀ ਦਰ 8.2% ਸੀ ਪਰ ਇੱਕ ਹਫਤਾ ਬਾਅਦ ਵਿਚ ਤਕਰੀਬਨ 30% ਹੋ ਗਈ। 5 ਅਪਰੈਲ ਦੇ ਅਨੁਮਾਨ ਅਨੁਸਾਰ ਸ਼ਹਿਰੀ ਖੇਤਰ ਵਿਚ ਬੇਰੁਜ਼ਗਾਰੀ 30.9% ਅਤੇ ਪੇਂਡੂ ਖੇਤਰ ਵਿਚ 20.2% ਹੋਵੇਗੀ ਅਤੇ ਦੇਸ਼ ਪੱਧਰੀ ਬੇਰੁਜ਼ਗਾਰੀ 24% ਹੋਵੇਗੀ।

ਇੱਕ ਹੋਰ ਅਧਿਐਨ ਵਿਚ ਕੁੱਲ ਖੇਤਰਾਂ ਵਿਚੋਂ ਕੰਮ ਅਤੇ ਮਾਲੀਆ ਘਟਣ ਦੇ ਅੰਕੜੇ ਸਾਹਮਣੇ ਆਏ ਹਨ। ਹੋਟਲ ਤੇ ਸੈਰ-ਸਪਾਟਾ ਖੇਤਰ ਵਿਚ 12 ਲੱਖ ਲੋਕਾਂ ਦਾ ਰੁਜ਼ਗਾਰ ਖੁੱਸਿਆ ਹੈ ਅਤੇ 11000 ਕਰੋੜ ਦਾ ਨੁਕਸਾਨ ਹੋਇਆ ਹੈ। ਹਵਾਬਾਜ਼ੀ ਖੇਤਰ ਵਿਚ 3.5 ਲੱਖ ਕਾਮਿਆਂ ਦਾ ਰੁਜ਼ਗਾਰ ਖੁੱਸਿਆ ਹੈ ਅਤੇ 42000 ਕਰੋੜ ਰੁਪਏ ਨੁਕਸਾਨ ਹੋਇਆ ਹੈ। ਰੀਅਲ ਐਸਟੇਟ ਖੇਤਰ ਵਿਚ 35% ਕਾਮੇ ਵਿਹਲੇ ਹੋ ਗਏ ਅਤੇ ਓਲਾ-ਊਬਰ ਦੇ 50 ਲੱਖ ਡਰਾਇਵਰ ਵਿਹਲੇ ਹੋ ਗਏ। ਆਟੋਮੋਬਾਇਲ ਖੇਤਰ ਦੇ ਸਾਰੇ ਕਿਰਤੀ ਕੰਮ ਤੋਂ ਬਾਹਰ ਹੋ ਗਏ। ਇੰਡੀਅਨ ਐਕਸਪ੍ਰੈਸ (3 ਮਈ) ਦੀ ਰਿਪੋਰਟ ਅਨੁਸਾਰ ਮੈਨੂਫੈਕਚਰਿੰਗ ਖੇਤਰ ਦੀ ਪੈਦਾਵਾਰ 45% ਅਤੇ ਕੁੱਲ ਘਰੇਲੂ ਪੈਦਾਵਾਰ 30% ਘਟੀ ਹੈ। ਸਪੱਸ਼ਟ ਹੈ ਕਿ ਭਾਰਤ ਭਿਆਨਕ ਆਰਥਿਕ ਸੰਕਟ ਵੱਲ ਵਧ ਰਿਹਾ ਹੈ।

**ਸਰਦਾਰਾ ਸਿੰਘ ਮਾਹਿਲ**

# ਪੰਜਾਬੀ ਨੂੰ ਸਰਕਾਰ, ਰੁਜ਼ਗਾਰ...

ਭਾਰਤ ਦੇ ਲੰਮੇ ਚੌੜੇ ਖੇਤਰਫਲ ਵਿੱਚ ਵਸਦੇ ਖਾਲਸਿਆਂ ਦੀ ਸੰਪਰਕ ਬੋਲੀ ਸਾਡੇ ਵਾਲੀ ਪੰਜਾਬੀ ਨਹੀਂ ਹੋਵੇਗੀ। ਇੱਕ ਦੂਸਰੇ ਨੂੰ ਮਿਲਦਿਆਂ ਸਿੰਘ ਫਤਹਿ ਦੀ ਸਾਂਝ ਕਰਦੇ:

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ

ਇੱਥੇ ਵਾਹਿਗੁਰੂ ਜੀ ਕਾ ਖਾਲਸਾ ਹੈ, ਵਾਹਿਗੁਰੂ ਜੀ ਦਾ ਖਾਲਸਾ ਨਹੀਂ ਹੈ। ਵਾਹਿਗੁਰੂ ਜੀ ਕੀ ਫਤਹਿ ਹੈ, ਦੀ ਫਤਹਿ ਨਹੀਂ ਹੈ। ਇਹ ਪੰਜਾਬੀ, ਹਿੰਦੁਸਤਾਨੀ ਅਤੇ ਦੂਸਰੀਆਂ ਉਤਰ ਭਾਰਤੀ ਭਾਸ਼ਾਵਾਂ ਬੋਲਣ ਵਾਲੇ ਵੱਡੇ ਇਲਾਕੇ ਦੀਆਂ ਬੋਲੀਆਂ ਦੇ ਸਾਂਝੇ ਮੁਹਾਵਰੇ ਵਾਲਾ ਵਾਕ ਹੈ। ਦੂਜੇ ਪਾਸੇ ਜੰਮੂ ਤੋਂ ਲੈ ਕੇ ਕਲਕੱਤੇ ਤੱਕ ਅਸੀਂ ਦੇਵਨਾਗਰੀ ਲਿੱਪੀ ਵਿੱਚ 'ਜੈ ਮਾਤਾ ਦੀ' ਲਿਖਿਆ ਥਾਂ ਥਾਂ ਪੜ ਸਕਦੇ ਹਾਂ। ਇਹ ਹਰ ਥਾਂ 'ਜੈ ਮਾਤਾ ਦੀ' ਹੁੰਦਾ ਹੈ 'ਜੈ ਮਾਤਾ ਕੀ' ਨਹੀਂ ਹੁੰਦਾ। ਇਹ ਪੰਜਾਬੀ ਵਿੱਚ ਹੈ। ਮਾਤਾ ਰਾਣੀਆਂ ਹੁਸ਼ਿਆਰਪੁਰ ਤੋਂ ਜੰਮੂ ਤੱਕ ਭਾਵ ਪੰਜਾਬ ਵਿੱਚ ਹੋਈਆਂ ਹਨ। ਬੋਲੀ ਕਿਸੇ ਧਰਮ ਦੀ ਨਹੀਂ, ਖਿੱਤੇ ਦੀ ਹੁੰਦੀ ਹੈ। ਅਸੀਂ ਲਿੱਪੀ ਨੂੰ ਬੋਲੀ ਸਮਝਦੇ ਰਹਿੰਦੇ ਹਾਂ। ਵਾਹਿਗੁਰੂ ਜੀ ਕਾ ਖਾਲਸਾ ਕਿਉਂਕਿ ਗੁਰਮੁਖੀ ਲਿੱਪੀ ਵਿੱਚ ਲਿਖਦੇ ਹਾਂ, ਗੁਰੂ ਗਰੰਥ ਸਾਹਿਬ ਗੁਰਮੁਖੀ ਲਿੱਪੀ ਵਿੱਚ ਹੈ, ਇਸ ਲਈ ਸਾਨੂੰ ਲਗਦਾ ਕਿ ਇਹ ਪੰਜਾਬੀ ਹੈ। ਲਿੱਪੀ ਦਾ ਸਬੰਧ ਇੱਕ ਧਰਮ ਨਾਲ ਹੋ ਸਕਦਾ ਹੈ, ਕਿਉਂਕਿ ਧਰਮ ਦਾ ਧਰਮ ਗ੍ਰੰਥ ਹੁੰਦਾ ਹੈ ਜਿਸ ਦੀ ਇੱਕ ਲਿੱਪੀ ਹੁੰਦੀ ਹੈ। ਪਰ ਜ਼ਰੂਰੀ ਨਹੀਂ ਕਿ ਉਸ ਦੀ ਬੋਲੀ ਵੀ ਇੱਕ ਹੋਵੇ। ਸਾਡੇ ਧਰਮ ਗਰੰਥ ਦੀ ਤਾਂ ਬਿਲਕੁਲ ਇੱਕ ਬੋਲੀ ਨਹੀਂ। ਜਿੰਨੀਆਂ ਬੋਲੀਆਂ ਗੁਰੂ ਗਰੰਥ ਸਾਹਿਬ ਵਿੱਚ ਹਨ, ਸ਼ਾਇਦ ਓਨੀਆਂ ਦੁਨੀਆਂ ਦੇ ਕਿਸੇ ਹੋਰ ਧਰਮ ਗਰੰਥ ਵਿੱਚ ਨਹੀਂ। ਪਰ ਇਸ ਦੀ ਲਿੱਪੀ ਇੱਕ ਹੈ, ਗੁਰਮੁਖੀ। ਸਾਰੇ ਸਿੱਖਾਂ ਲਈ ਇੱਕ ਲਿੱਪੀ ਜਾਣਨੀ ਜ਼ਰੂਰੀ ਹੋ ਸਕਦੀ ਹੈ ਕਿ ਜਿਸ ਨੇ ਵੀ ਗੁਰੂ ਗਰੰਥ ਸਾਹਿਬ ਨੂੰ ਪੜਨਾ ਹੈ, ਇਸ ਨਾਲ ਸਿੱਧਾ ਸਬੰਧ ਜੋੜਨਾ ਹੈ ਉਸ ਨੂੰ ਇਹ ਲਿੱਪੀ ਆਉਣੀ ਚਾਹੀਦੀ ਹੈ।

ਪੰਜਾਬ (ਖਿੱਤਾ) ਕਦੀ ਮਜ਼ਹਬ ਦੇ ਨਾਂ 'ਤੇ ਵੰਡ ਹੋਇਆ। ਪਰ ਮਜ਼ਹਬ ਦਾ ਇੱਕ ਖਿੱਤਾ ਨਹੀਂ ਹੁੰਦਾ, ਕੋਈ ਮਜ਼ਹਬ ਬਹੁਤ ਸਾਰੇ ਖਿੱਤਿਆਂ ਵਿੱਚ ਫੈਲਿਆ ਹੋ ਸਕਦਾ ਹੈ। ਪਰ ਦੇਸ਼, ਬੋਲੀ ਅਤੇ ਸੱਭਿਆਚਾਰ ਦਾ ਖਿੱਤਾ ਜ਼ਰੂਰ ਹੁੰਦਾ ਹੈ। ਇਸ ਲਈ 1947 ਵਿੱਚ ਪੰਜਾਬ ਦੀ ਕੁਦਰਤ ਵਿਰੋਧੀ ਬਹੁਤ ਕਰੂਰ ਵੰਡ ਹੋਈ। ਸਾਡੇ ਭਾਵ ਸਿੱਖਾਂ ਦੇ ਲੀਡਰਾਂ ਨੇ ਵੀ ਉਹ ਵੰਡ ਪਰਵਾਨ ਕੀਤੀ। ਮੁਲਕ ਦੀ ਜਿਸ ਸਿਆਸੀ ਸਥਿਤੀ ਨੂੰ ਨਜਿੱਠਣ ਲਈ ਉਹ ਵੰਡ ਮਨਜ਼ੂਰ ਕੀਤੀ ਗਈ ਸੀ ਉਹ ਲੱਖਾਂ ਲੋਕਾਂ ਦੀ ਮੌਤ ਅਤੇ ਕਰੋੜਾਂ ਦੇ ਉਜਾੜੇ ਦੇ ਬਾਵਜੂਦ ਨਜਿੱਠੀ ਨਹੀਂ ਗਈ, ਲਗਾਤਾਰ ਸੁਲ਼ਗੀ ਜਾਂਦੀ ਹੈ। ਓਦੋਂ ਅਸੀਂ ਸਿੱਖਾਂ (ਹਿੰਦੂਆਂ ਜਾਂ ਮੁਸਲਮਾਨਾਂ) ਦੀ ਬਜਾਏ ਪੰਜਾਬੀਆਂ ਦੇ ਤੌਰ 'ਤੇ ਸਰਗਰਮ ਹੋਏ ਹੁੰਦੇ, ਪੰਜਾਬੀਆਂ ਨੇ ਆਪਣਾ ਦੇਸ ਪੰਜਾਬ ਬਣਾਉਣਾ ਸੋਚਿਆ ਜਾਂ ਮੰਗਿਆ ਹੁੰਦਾ ਤਾਂ ਅੱਜ ਹਿੰਦੂ, ਮੁਸਲਮਾਨਾਂ ਅਤੇ ਸਿੱਖਾਂ ਅਤੇ ਹੋਰ ਵਿਸ਼ਵਾਸਾਂ ਦੇ ਪੰਜਾਬੀਆਂ ਦਾ ਸਾਂਝਾ ਦੇਸ਼ ਪੰਜਾਬ ਹੁੰਦਾ। ਦਰਿਆ ਸਿੰਧ ਅਤੇ ਦਰਿਆ ਯਮੁਨਾ ਦੀਆਂ ਭੂਗੋਲਕਿ ਅਤੇ ਕੁਦਰਤੀ ਸੀਮਾਵਾਂ ਦੇ ਵਿਚਕਾਰ ਕਿਸੇ ਫਿਰਕੇ ਦੀ ਬਜਾਏ ਬੋਲੀ ਅਤੇ ਸੱਭਿਆਚਾਰ ਦੇ ਆਧਾਰ 'ਤੇ ਅਬਾਦ ਦੇਸ਼ ਦੀ ਪੰਜਾਬੀ ਰਾਸ਼ਟਰੀ ਭਾਸ਼ਾ ਹੁੰਦੀ ਜਿਸ ਨੂੰ ਲਿਖਣ ਲਈ ਦੋ ਲਿੱਪੀਆਂ ਗੁਰਮੁਖੀ ਅਤੇ ਸ਼ਾਹਮੁਖੀ ਮਨਜ਼ੂਰ ਹੁੰਦੀਆਂ। ਪੰਜ ਦਰਿਆ ਇਸ ਦੇ ਵੱਖ ਵੱਖ ਖੁਦਮੁਖਤਿਆਰ ਸੂਬਿਆਂ ਵਿਚਕਾਰ ਕੁਦਰਤੀ ਸਰਹੱਦਾਂ ਹੁੰਦੀਆਂ। ਮਿੰਟਗੁਮਰੀ, ਮੁਲਤਾਨ, ਰਾਵਲਪਿੰਡੀ, ਸਿਆਲਕੋਟ, ਚੰਬਾ, ਸ਼ਿਮਲਾ, ਅੰਬਾਲਾ, ਦਿੱਲੀ, ਰੇਵਾੜੀ, ਅਬੋਹਰ ਇਸ ਦੀਆਂ ਸੀਮਾਵਾਂ ਦੇ ਅੰਦਰਲੇ ਪੰਜਾਬੀ ਇਲਾਕੇ ਅਖਵਾਉਂਦੇ। ਤਕਰੀਬਨ ਹਰ ਤਰਾਂ ਦੀ ਧਰਤੀ ਭਾਵ ਪਹਾੜ, ਮੈਦਾਨ, ਜੰਗਲ ਅਤੇ ਮਾਰੂਥਲ ਪੰਜਾਬ ਦੇ ਭੂ-ਦ੍ਰਿਸ਼ਾਂ ਵਜੋਂ ਸ਼ੋਭਨੀਕ ਹੁੰਦੀ। ਝਾਂਗੀ, ਪੋਠੋਹਾਰੀ, ਸਰਾਇਕੀ, ਮੁਲਤਾਨੀ, ਲਹਿੰਦੀ, ਡੋਗਰੀ, ਪਹਾੜੀ, ਮਾਝੀ, ਦੁਆਬੀ, ਮਲਵਈ, ਪੁਆਧੀ, ਬਾਂਗਰੂ ਆਦਿ ਨੂੰ ਪੰਜਾਬੀ ਬੋਲੀ ਪਰਿਵਾਰ ਦੀਆਂ ਬਰਾਬਰ ਦੇ ਮਹੱਤਵ ਵਾਲੀਆਂ ਬੋਲੀਆਂ ਮੰਨਿਆ ਜਾਂਦਾ। ਉਰਦੂ, ਅੰਗਰੇਜ਼ੀ ਅਤੇ ਦੇਵਨਾਗਰੀ ਲਿੱਪੀ ਵਾਲੀ ਹਿੰਦੀ ਭਾਸ਼ਾਵਾਂ ਨੂੰ ਦੂਜੀ ਭਾਸ਼ਾ ਦੇ ਤੌਰ 'ਤੇ ਸਿੱਖਣ ਵਰਤਣ ਦੀ ਚੋਣ ਉਪਲਬਦ ਹੁੰਦੀ। ਬਾਬੂ ਫਿਰੋਜ਼ਦੀਨ ਸ਼ਰਫ ਦਾ ਗੀਤ 'ਸੋਹਣੇ ਦੇਸ਼ਾਂ ਵਿੱਚੋਂ ਦੇਸ਼ ਪੰਜਾਬ ਨੀਂ ਸਈਓ' ਰਾਸ਼ਟਰੀ ਗਾਨ ਬਣ ਗੂੰਜਦਾ। ਪੰਜਾਬ ਦੇ ਇਸ ਸੁਹਾਵਨੇ ਸੁਪਨੇ ਨੂੰ ਇਸ ਵਿੱਚੋਂ ਲੰਘਦੇ ਵਰਤਮਾਨ ਹਿੰਦ-ਪਾਕਿ ਬਾਰਡਰ ਨੇ ਵਿਚਕਾਰੋਂ ਚੀਰਿਆ ਹੋਇਆ ਹੈ। ਇਸ ਬਾਰਡਰ 'ਤੇ ਝੰਡੇ ਲਹਿਰਾਉਣ / ਉਤਾਰਨ ਮੌਕੇ ਸਿਰਾਂ ਤੋਂ ਉੱਚੇ ਪੈਰ ਚੁੱਕ ਚੁੱਕ ਧਰਤੀ 'ਤੇ ਖੜਕਾਏ ਜਾਂਦੇ ਫੌਜੀ ਬੂਟ ਇਸ ਸੁਪਨੇ ਦੇ ਸਿਰ ਵਿੱਚ ਦੋਨਾਂ ਪਾਸਿਆ ਦੀਆਂ ਸਰਕਾਰਾਂ ਵਲੋਂ ਦੋ ਵੇਲੇ ਮਾਰੇ ਜਾਂਦੇ ਵਦਾਣ ਹਨ।

ਪੰਜਾਬ ਦੇਸ਼ ਦਾ ਇਹ ਸੁਪਨਾ ਹਕੀਕਤ ਬਣਨ ਤੋਂ ਇਸ ਕਰਕੇ ਦੂਰ ਰਿਹਾ ਕਿ ਅਸੀਂ ਸਾਰੇ ਪੰਜਾਬੀ ਹੋਣ ਦੇ ਨਾਤੇ ਇਕੱਠੇ ਹੋਣ ਦੀ ਬਜਾਏ ਹਿੰਦੂ, ਮੁਸਲਮਾਨ ਅਤੇ ਸਿੱਖ ਅਖਵਾਉਣ ਦੇ ਨਾਤੇ ਵੰਡ ਹੋਏ। ਅਸੀਂ ਕਹਿੰਦੇ ਤਾਂ ਹਾਂ ਕਿ ਸਾਡਾ ਧਰਮ ਦੁਨੀਆਂ ਦਾ ਸਭ ਤੋਂ ਮਹਾਨ, ਤਾਕਤਵਰ ਅਤੇ ਮਜਬੂਤ ਧਰਮ ਹੈ ਪਰ ਸਾਡਾ ਵਿਹਾਰ ਦੱਸਦਾ ਰਹਿੰਦਾ ਹੈ ਕਿ ਜਿੰਨਾ ਅਸੀਂ ਹਰ ਗੱਲ ਵਿੱਚ ਆਪਣੇ ਧਰਮ ਨੂੰ ਖਤਰਾ ਮਹਿਸੂਸ ਕਰਦੇ ਰਹਿੰਦੇ ਹਾਂ ਓਨਾ ਦੁਨੀਆਂ ਵਿੱਚ ਕਿਸੇ ਹੋਰ ਧਰਮ ਨੂੰ ਮੰਨਣ ਵਾਲੇ ਲੋਕ ਨਹੀਂ ਕਰਦੇ। ਇਸੇ ਡਰ ਦਾ ਨਤੀਜਾ ਰਿਹਾ ਕਿ ਸਾਡੇ ਲੀਡਰਾਂ ਨੇ ਦੇਸ਼ ਦੀ ਮਜ਼ਹਬ ਅਧਾਰਤ ਵੰਡ ਨੂੰ ਮਨਜ਼ੂਰ ਕੀਤਾ। ਵੰਡ ਲਈ ਅਸੀਂ ਬੋਲੀ ਅਤੇ ਸੱਭਿਆਚਾਰ ਵਾਲਾ ਰਸਤਾ ਛੱਡ ਕੇ ਮਜ਼ਹਬ ਵਾਲਾ ਰਸਤਾ ਅਖਤਿਆਰ ਕੀਤਾ। ਅਸਲ ਵਿੱਚ ਜੇ ਪੰਜਾਬੀ ਸਾਡੀ ਮਾਂ ਬੋਲੀ ਹੈ ਤਾਂ ਪੰਜਾਬੀ ਬੋਲਣ ਵਾਲੇ ਹਿੰਦੂ ਅਤੇ ਮੁਸਲਮਾਨ ਸਾਡੇ ਮਾਂ ਜਾਏ ਹਨ। ਪੰਜਾਬੀ ਬੋਲਣ ਵਾਲਿਆਂ ਦੀ ਗਿਣਤੀ ਵਿੱਚ ਅਸੀਂ ਸਿੱਖ ਤੀਜੇ ਨੰਬਰ 'ਤੇ ਹਾਂ। ਸਭ ਤੋਂ ਵੱਧ ਗਿਣਤੀ ਮੁਸਲਮਾਨਾਂ ਦੀ ਹੈ, ਨੌਂ-ਦਸ ਕਰੋੜ ਮੁਸਲਮਾਨ ਪੰਜਾਬੀ ਪਾਕਿਸਤਾਨ ਵਿੱਚ ਰਹਿੰਦੇ ਹਨ। ਏਧਰ ਦਿੱਲੀ ਤੱਕ ਪੰਜਾਬੀ ਬੋਲਣ ਵਾਲਿਆਂ ਵਿੱਚ ਅਸੀਂ 35-36 ਪ੍ਰਤੀਸ਼ਤ ਤੋਂ ਘੱਟ ਹੀ ਹੋਵਾਂਗੇ। ਦੇਸ਼ ਵੰਡ ਸਮੇਂ ਸਿੱਖ ਬਹੁ ਗਿਣਤੀ ਵਾਲੀਆਂ ਕੇਵਲ 2-3 ਤਹਿਸੀਲਾਂ ਹੀ ਸਨ ਜਿਨਾਂ ਦੇ ਆਧਾਰ 'ਤੇ ਕੋਈ ਸਿੱਖ ਦੇਸ਼ ਤਾਂ ਬਣ ਨਹੀਂ ਸੀ ਸਕਦਾ। ਪਰ ਵੰਡ ਦੌਰਾਨ ਵਸੋਂ ਦੇ ਆਦਾਨ ਪ੍ਰਦਾਨ ਕਰਕੇ ਇਧਰਲੇ ਕੁੱਝ ਹਿੱਸੇ ਵਿੱਚ ਸਿੱਖ ਬਹੁ ਗਿਣਤੀ ਬਣ ਗਈ। ਸਿੱਖ ਲੀਡਰਾਂ ਦੀ ਇੱਛਾ ਹੋਈ ਕਿ ਇਸ ਬਹੁ ਗਿਣਤੀ ਵਾਲਾ ਵੱਖਰਾ ਸੂਬਾ ਹੋਵੇ ਜਿੱਥੇ ਉਹ ਸਿੱਖ ਵੋਟਾਂ ਦੀ ਬਹੁ ਗਿਣਤੀ ਦੇ ਸਿਰ 'ਤੇ ਸੱਤਾਧਾਰੀ ਹੋ ਸਕਣ। ਅਕਾਲੀ ਦਲ ਵਲੋਂ ਲਗਾਇਆ ਗਿਆ ਪੰਜਾਬੀ ਸੂਬੇ ਦਾ ਮੋਰਚਾ ਕਹਿਣ ਨੂੰ ਪੰਜਾਬੀ ਬੋਲੀ ਦੇ ਅਧਾਰ 'ਤੇ ਸੂਬਾ ਬਣਾਉਣ ਦੀ ਮੰਗ ਕਰਦਾ ਸੀ ਪਰ ਹਕੀਕਤ ਵਿੱਚ ਗੁਣਾਂ ਦੀ ਬਜਾਏ ਗਿਣਤੀ ਆਸਰੇ 'ਸਿੱਖ' ਮੁੱਖ ਮੰਤਰੀ ਬਣਾਉਣ ਦੀ ਚਾਹਤ ਸੀ। ਗਹੁ ਨਾਲ ਦੇਖਿਆ ਜਾਵੇ ਤਾਂ ਇਸ ਮੋਰਚੇ ਨਾਲ ਅਸੀਂ ਪੰਜਾਬੀ ਬੋਲਦੇ ਲੋਕਾਂ ਦਾ ਸੂਬਾ ਬਣਾਉਣ ਦੇ ਨਾਂ 'ਤੇ ਵੱਡੀ ਗਿਣਤੀ ਵਿੱਚ ਪੰਜਾਬੀ ਬੋਲਣ ਵਾਲੇ ਹਰਿਆਣਾ ਅਤੇ ਹਿਮਾਚਲ ਦੇ ਇਲਾਕਿਆਂ ਨੂੰ ਆਪਣੇ ਤੋਂ ਵੱਖਰੇ ਕੀਤਾ। ਪੰਜਾਬ ਦੇ ਇੱਕ ਛੋਟੇ ਜਿਹੇ ਭਾਗ ਵਿੱਚ ਪ੍ਰਸ਼ਾਸਨਕ ਸੱਤਾ ਪ੍ਰਾਪਤੀ ਵੱਲ ਸਾਰਾ ਧਿਆਨ ਕੇਂਦਰਤ ਕਰਕੇ ਪੰਜਾਬ ਦੀ ਸਿੱਖ ਲੀਡਰਸ਼ਿਪ ਦੂਰ ਦਰਾਜ ਦੇ ਭਾਰਤੀ ਪ੍ਰਦੇਸ਼ਾਂ ਵਿੱਚ ਵਸਦੇ ਆਪਣੇ ਗੁਰਭਾਈਆਂ ਨੂੰ ਸਿੱਖੀ ਨਾਲ ਜੋੜੀ ਰੱਖਣ ਦੀ ਜਿੰਮੇਵਾਰੀ ਤੋਂ ਖੁੰਝ ਗਈ।

ਅਸੀਂ ਅਕਸਰ ਗਿਲਾ ਕਰਦੇ ਹਾਂ ਕਿ ਪੰਜਾਬੀ ਸੂਬਾ ਬਣਨ ਵੇਲੇ ਹਿੰਦੂ ਭਾਈਚਾਰੇ ਦੇ ਬਹੁਤ ਸਾਰੇ ਲੋਕਾਂ ਨੇ ਆਪਣੀ ਮਾਂ ਬੋਲੀ ਹਿੰਦੀ ਲਿਖਵਾਈ। ਪੰਜਾਬੀ ਮਾਂ ਬੋਲੀ ਸੀ ਤਿੰਨਾਂ ਦੀ ਪਰ ਜਦ ਸਾਡੀ ਸਿੱਖ ਸਿਆਸਤ ਨੇ ਬਹੁਤਾ ਕਿਹਾ ਕਿ ਪੰਜਾਬੀ ਸਾਡੀ (ਸਿੱਖਾਂ) ਦੀ ਮਾਂ ਬੋਲੀ ਹੈ, ਸਾਡੀ ਮਾਂ ਹੈ, ਸਾਡੀ ਮਾਂ ਹੈ ਤਾਂ ਸਾਡੀ ਮੇਰ ਨੇ ਹੋਰਾਂ ਨੂੰ ਇਸ ਤੋਂ ਦੂਰ ਕਰਨ ਦਾ ਰੋਲ ਨਿਭਾਇਆ। ਜਦ ਕੋਈ ਬੱਚਾ ਸਾਂਝੇ ਖਿਡਾਉਣੇ ਨੂੰ ਬਹੁਤਾ ਮੇਰਾ ਮੇਰਾ ਕਰੇ ਤਾਂ ਬਾਕੀ ਬੱਚੇ ਉਸ ਨਾਲ ਖੇਡਦੇ ਨਹੀਂ ਹੁੰਦੇ। ਉਹ ਕਹਿੰਦੇ ਹਨ, ਤੇਰਾ ਹੈ ਤਾਂ ਚੱਲ ਤੂੰ ਹੀ ਰੱਖ। ਖਿਡੌਣੇ ਦੀ ਮਲਕੀਅਤ ਦੇ ਦਾਅਵੇ ਕਾਰਨ ਉਸ ਕੋਲੋਂ ਖੇਡ ਗੁਆਚ ਜਾਂਦੀ ਹੈ। ਅਸੀਂ ਆਪਣੀ ਇਸ ਗਲਤੀ ਦੀ ਨਿਸ਼ਾਨਦੇਹੀ ਕਰੀਏ। ਜਦ ਦੂਸਰੇ ਮਜ਼ਹਬ ਦੇ ਲੋਕਾਂ ਨੇ ਇਹ ਗੱਲ ਸੁੰਘ ਲਈ ਕਿ ਬੋਲੀ ਦਾ ਤਾਂ ਬਹਾਨਾ ਹੈ, ਅਸਲ ਅਤੇ ਗੁੱਝਾ ਉਦੇਸ਼ ਕੋਈ ਹੋਰ ਹੈ ਤਾਂ ਉਹਨਾਂ ਇਸ ਟਾਕਰੇ ਲਈ ਉਲਟ ਉਦੇਸ਼ ਦੇ ਤਹਿਤ ਆਪਣੀ ਬੋਲੀ ਬਾਰੇ ਗਲਤ ਸੂਚਨਾ ਦਰਜ ਕਰਾਈ। ਦੇਸ਼ ਵੰਡ ਵੇਲੇ ਦੀ ਸਿਆਸਤ ਦਾ ਸ਼ਿਕਾਰ ਹੋ ਕੇ ਅਸੀਂ ਆਪਣੇ ਮਾਂ ਜਾਏ ਮੁਸਲਮਾਨਾਂ ਤੋਂ ਦੂਰ ਹੋਏ ਅਤੇ ਇਸ ਤੋਂ ਮਗਰਲੀ ਸਿਆਸਤ ਦੇ ਅਧੀਨ ਸਾਡਾ ਆਪਣੇ ਹਿੰਦੂ ਮਾਂ ਜਾਇਆਂ ਨਾਲੋਂ ਫਾਸਲਾ ਬਣਿਆ।

ਅਸੀਂ ਆਪਣੀ ਮਾਂ ਬੋਲੀ ਦੇ ਹੇਜ ਵਿੱਚ ਜਜ਼ਬਾਤੀ ਨਾਹਰੇਬਾਜ਼ੀ, ਮਾਅਰਕੇਬਾਜ਼ੀ ਜਾਂ ਬਿਆਨਬਾਜ਼ੀ ਤਾਂ ਬਹੁਤ ਕਰ ਲੈਂਦੇ ਹਾਂ ਪਰ ਇਸ ਨੂੰ ਬਣਾਉਣ, ਬਚਾਉਣ ਜਾਂ ਇਸ ਦੀ ਤਰੱਕੀ ਲਈ ਕੀ ਕਰਨਾ ਬਣਦਾ ਹੈ ਜਾਂ ਤਾਂ ਉਹ ਸਾਨੂੰ ਪਤਾ ਨਹੀਂ, ਜੇ ਪਤਾ ਹੈ ਤਾਂ ਉਹ ਕੁੱਝ ਕਰਨਾ ਨਹੀਂ ਚਾਹੁੰਦੇ। ਪੰਜਾਬੀਆਂ ਦੇ ਅਣਗਿਣਤ ਸਦੀਆਂ ਪੁਰਾਣੇ ਦੋ ਮੂਲ਼ ਧੰਦੇ ਹਨ, ਇੱਕ ਖੇਤੀ ਬਾੜੀ ਅਤੇ ਦੂਸਰਾ ਪਸ਼ੂ ਪਾਲਣ। ਸੱਭਿਅਤਾ ਦੇ ਵਿਕਾਸ ਦੇ ਮੁੱਢਲੇ ਸਮੇਂ ਤੋਂ ਇਹ ਦੋਵੇਂ ਪੰਜਾਬ ਦੇ ਅਜੇ ਤੱਕ ਚਲੇ ਆਉਂਦੇ ਮੁੱਖ ਕਿੱਤੇ ਹਨ। ਪੰਜਾਬ ਵਿੱਚ ਖੇਤੀ ਵਿਕਾਸ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਬਣੀ ਜਿਸ ਨੂੰ ਪੀ.ਏ.ਯੂ ਕਿਹਾ ਜਾਂਦਾ ਹੈ ਅਤੇ ਪਸ਼ੂ ਪਾਲਣ ਦੇ ਵਿਕਾਸ ਲਈ ਬਣੀ ਯੂਨੀਵਰਸਿਟੀ ਦਾ ਨਾਂ ਗੁਰਮੁਖੀ ਲਿੱਪੀ ਬਣਾਉਣ ਵਾਲੇ ਦੂਸਰੇ ਪਾਤਸ਼ਾਹ ਦੇ ਨਾਂ 'ਤੇ ਗੁਰੂ ਅੰਗਦ ਦੇਵ ਵੈਟਨਰੀ ਐਂਡ ਐਨੀਮਲ ਸਾਇੰਸ ਯੂਨੀਵਰਸਿਟੀ ਹੈ ਜਿਸ ਨੂੰ ਅੰਗਰੇਜ਼ੀ ਅੱਖਰਾਂ ਦੇ ਆਧਾਰ 'ਤੇ ਗਡਵਾਸੂ ਕਿਹਾ ਜਾਂਦਾ ਹੈ। ਪੰਜਾਬ ਦੀ ਖੇਤੀ ਯੂਨੀਵਰਸਿਟੀ ਵਿੱਚ ਖੇਤੀ ਖੋਜ ਅਤੇ ਖੇਤੀਬਾੜੀ ਦੀ ਸਾਰੀ ਪੜਾਈ ਅਤੇ ਪਸ਼ੂ ਪਾਲਣ ਯੂਨੀਵਰਸਿਟੀ ਵਿੱਚ ਪਸ਼ੂ ਖੋਜ ਅਤੇ ਪਸ਼ੂ ਪਾਲਣ ਦੀ ਸਾਰੀ ਪੜਾਈ ਪੰਜਾਬੀ ਦੀ ਬਜਾਏ ਅੰਗਰੇਜ਼ੀ ਵਿੱਚ ਕਰਾਈ ਜਾਂਦੀ ਹੈ। ਮੇਰੀ ਜਾਣਕਾਰੀ ਮੁਤਾਬਿਕ ਨਾ ਤਾਂ ਕਿਸੇ ਸਰਕਾਰ ਨੇ ਖੇਤੀ ਕਰਨ ਅਤੇ ਪਸ਼ੂ ਚਾਰਨ ਵਾਲੇ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਨਿਆਣਿਆਂ ਨੂੰ ਇਹ ਪੜਾਈ ਉਹਨਾਂ ਦੀ ਆਪਣੀ ਬੋਲੀ ਵਿੱਚ ਦੇਣ ਬਾਰੇ ਕਦੀ ਸੋਚਿਆ ਅਤੇ ਨਾ ਹੀ ਕਿਸੇ ਵਰਗ ਜਾਂ ਜਥੇਬੰਦੀ ਨੇ ਸਰਕਾਰ ਤੋਂ ਇਸ ਦੀ ਮੰਗ ਹੀ ਕੀਤੀ ਹੈ। 1962 ਵਿੱਚ ਕੁੱਝ ਪੰਜਾਬੀ ਦਾਨਿਸ਼ਵਰਾਂ ਦੀ ਮੰਗ, ਸਲਾਹ ਅਤੇ ਪਹਿਲ ਕਦਮੀ ਨਾਲ ਪਟਿਆਲਾ ਦੀ ਪੰਜਾਬੀ ਯੂਨੀਵਰਸਿਟੀ ਬਣੀ। ਇਸ ਯੂਨੀਵਰਸਿਟੀ ਦਾ ਮੁੱਢਲਾ ਉਦੇਸ਼ ਵਿਗਿਆਨ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ ਦੀ ਪੰਜਾਬੀ ਵਿੱਚ ਪੜਾਈ ਕਰਾਉਣ ਲਈ ਪਾਠ ਪੁਸਤਕਾਂ ਤਿਆਰ ਕਰਨਾ ਮਿਥਿਆ ਗਿਆ ਸੀ। ਯੂਨੀਵਰਸਿਟੀ ਨੂੰ ਆਪਣੀ ਗੋਲਡਨ ਜੁਬਲੀ ਮਨਾਈ ਨੂੰ ਵੀ ਕਿੰਨੇ ਸਾਲ ਲੰਘ ਗਏ ਪਰ ਅਸੀਂ ਕਾਲਜ ਪੱਧਰ 'ਤੇ ਵਿਗਿਆਨ, ਇੰਜਨੀਅਰਿੰਗ, ਮੈਡੀਕਲ, ਕਾਨੂੰਨ ਆਦਿ ਖੇਤਰਾਂ ਦੀ ਪੜਾਈ ਆਪਣੀ ਬੋਲੀ ਵਿੱਚ ਕਰਾਉਣ ਦਾ ਅਜੇ ਤੱਕ ਉੱਕਾ ਪ੍ਰਬੰਧ ਨਹੀਂ ਕੀਤਾ। ਇਸ ਸਥਿਤੀ ਨੂੰ ਪੰਜਾਬੀ ਨਾਲ ਸਬੰਧਤ ਸੰਸਥਾਵਾਂ ਅਤੇ ਜਥੇਬੰਦੀਆਂ ਨੇ ਬੜੇ ਆਰਾਮ ਨਾਲ ਸਹਿਣ ਕੀਤਾ ਹੋਇਆ ਹੈ। ਆਪਣੇ ਲੋਕਾਂ ਅਤੇ ਆਪਣੀ ਬੋਲੀ ਦੇ ਵਿਕਾਸ ਲਈ ਕਰਨ ਵਾਲੇ ਇਹ ਬੁਨਿਆਦੀ ਕੰਮ ਸਨ, ਜੋ ਅਸੀਂ ਨਹੀਂ ਕੀਤੇ। ਅਸੀਂ ਆਪਣੀ ਬੋਲੀ ਆਪ ਵਿਕਸਤ ਕਰਨੀ ਸੀ। ਸਾਨੂੰ ਆਪਣੀ ਜ਼ੁਬਾਨ ਦੇ ਵਿਕਾਸ ਅਤੇ ਪਰਚਲਨ ਤੋਂ ਕਿਸੇ ਬਾਹਰਲੇ ਦੁਸ਼ਮਣ ਨੇ ਨਹੀਂ, ਅਸੀਂ ਆਪ ਹੀ ਰੋਕਿਆ ਹੋਇਆ ਹੈ।

ਵੰਡ ਪਾਊ ਸਿਆਸਤ ਨੇ ਇਹ ਸਥਾਪਤ ਕਰਨ ਵਾਲਾ ਮਹੌਲ ਬਣਾਇਆ ਕਿ ਸਿੱਖਾਂ ਦੀ ਬੋਲੀ ਪੰਜਾਬੀ, ਹਿੰਦੂਆਂ ਦੀ ਹਿੰਦੀ ਅਤੇ ਮੁਸਲਮਾਨਾਂ ਦੀ ਉਰਦੂ ਹੈ। ਇਹ ਵੰਡ ਨਾ ਤਾਂ ਤੱਥਾਤਮਿਕ ਤੌਰ 'ਤੇ ਦਰੁਸ਼ਤ ਹੈ ਅਤੇ ਨਾ ਹੀ ਅਜਿਹੀ ਵੰਡ ਨੂੰ ਗੁਰੂ ਸਾਹਿਬ ਮਾਨਤਾ ਦਿੰਦੇ ਹਨ। ਬੋਲੀਆਂ ਸਬੰਧੀ ਗੁਰੂ ਦਾ ਵਿਹਾਰ ਦਸਦਾ ਹੈ ਕਿ ਦੁਨੀਆਂ ਭਰ ਦੀਆਂ ਤਮਾਮ ਬੋਲੀਆਂ ਚੰਗੀਆਂ ਹਨ, ਇਹਨਾਂ ਨੂੰ ਬੋਲਣ ਵਾਲੇ ਲੋਕਾਂ ਦੇ ਨੇੜੇ ਹੋਵੋ, ਇਹਨਾਂ ਨੂੰ ਜੋੜੋ, ਸ਼ੁਭ ਕਰਮਨਾ ਲਈ ਇਹਨਾਂ ਨੂੰ ਸੰਗਠਤ ਕਰੋ। ਵੱਧ ਤੋਂ ਵੱਧ ਬੋਲੀਆਂ ਸਿੱਖੋ ਅਤੇ ਵੱਖ ਵੱਖ ਬੋਲੀਆਂ ਵਿੱਚ ਲਿਖੇ ਛਪੇ ਗਿਆਨ ਨੂੰ ਆਪਣੇ ਲੋਕਾਂ ਕੋਲ ਲੈ ਕੇ ਆਓ। ਬਹੁਤ ਸਾਰੀਆਂ ਬੋਲੀਆਂ ਵਿੱਚ ਲਿਖਣ ਅਤੇ ਪ੍ਰਚਾਰ ਕਰਨ ਵਾਲੇ ਗੁਰੂ ਸਾਹਿਬ ਬੋਲੀ ਬਾਰੇ ਵਿਸ਼ੇਸ਼ ਤੌਰ 'ਤੇ ਦਰਜ ਕਰਦੇ ਹਨ:

ਘਰਿ ਘਰਿ ਮੀਆ ਸਭਨਾਂ ਜੀਆਂ ਬੋਲੀ ਅਵਰ ਤੁਮਾਰੀ ॥ (ਮ.1,1191)

ਇਹ ਅਵਰ ਕੌਣ ਹੈ ? ਗੁਰੂ ਨਾਨਕ ਲਈ ਇਹ ਅਵਰ ਫ਼ਰੀਦ, ਕਬੀਰ, ਜੈਦੇਵ, ਨਾਮਦੇਵ ਆਦਿ ਤਾਂ ਨਹੀਂ ਹੋ ਸਕਦੇ। ਗੁਰੂ ਲਈ ਅਵਰ ਹੁਕਮਰਾਨ ਜਾਂ ਸੱਤਾਵਾਨ ਹੈ। ਗੁਰੂ ਸਾਹਿਬ ਆਖਦੇ ਹਨ ਕਿ ਆਪਣੀ ਬੋਲੀ ਛੱਡ ਕੇ ਹੁਕਮਰਾਨਾਂ ਦੀ ਬੋਲੀ ਨਹੀਂ ਬੋਲੀਦੀ ਹੁੰਦੀ। ਦੂਜੇ ਲਫ਼ਜ਼ਾਂ ਵਿੱਚ ਕੋਈ ਬੋਲੀ ਇਸ ਕਰਕੇ ਨਹੀਂ ਬੋਲੀਦੀ ਕਿ ਹੁਕਮਰਾਨ ਉਸ ਨੂੰ ਬੋਲਦੇ ਹਨ। ਆਪਣੀ ਗਰਜ਼ ਲਈ ਉਹਨਾਂ ਦੀ ਚਾਪਲੂਸੀ ਨਹੀਂ ਕਰੀਦੀ ਹੁੰਦੀ, ਜੀ ਜੀ, ਸਰ ਸਰ ਨਹੀਂ ਕਰੀਦਾ। ਲੋਕਤੰਤਰ ਦੇ ਦੌਰ ਵਿੱਚ ਸਾਡਾ ਆਪਣੇ ਹੁਕਮਰਾਨਾਂ ਨੂੰ ਕਹਿਣਾ ਬਣਦਾ ਹੈ ਕਿ ਜਿਸ ਬੋਲੀ ਵਿੱਚ ਲੋਕਾਂ ਤੋਂ ਵੋਟਾਂ ਮੰਗੀਆਂ ਹਨ, ਉਹੀ ਬੋਲੀ ਵਿਧਾਨ ਸਭਾ ਵਿੱਚ ਵਰਤੋ। ਜਿਸ ਬੋਲੀ ਵਿੱਚ ਭੋਗਾਂ ਦੇ 'ਕੱਠਾਂ ਵਿੱਚ ਭਾਸ਼ਣ ਦਿੰਦੇ ਹੋ ਉਸੇ ਬੋਲੀ ਵਿੱਚ ਫਾਈਲਾਂ 'ਤੇ ਫੈਸਲੇ ਲਿਖੋ। ਜਿਸ ਬੋਲੀ ਵਿੱਚ ਲੋਕ ਲੜਦੇ ਝਗੜਦੇ ਹਨ ਉਸੇ ਬੋਲੀ ਵਿੱਚ ਅਦਾਲਤਾਂ ਇਹਨਾਂ ਝਗੜਿਆਂ ਦੇ ਫੈਸਲੇ ਕਰਨ ਅਤੇ ਲਿਖਣ। ਹਰ ਤਰਾਂ ਦੇ ਗਿਆਨ ਵਿਗਿਆਨ ਦੀ ਪੜਾਈ ਮਾਂ ਬੋਲੀ ਵਿੱਚ ਕਰਾਉਣ ਦਾ ਪ੍ਰਬੰਧ ਕਰਨ। ਪੰਜਾਬੀਆਂ ਦੀ ਹੰਢਣਸਾਰ ਅਤੇ ਸਥਾਈ ਤਰੱਕੀ ਲਈ ਪੰਜਾਬੀ ਨੂੰ ਸਤਿਕਾਰ ਨਾਲ ਸਰਕਾਰ, ਰੁਜ਼ਗਾਰ ਅਤੇ ਵਣਜ ਵਪਾਰ ਦੀ ਭਾਸ਼ਾ ਬਣਾਇਆ ਜਾਵੇ।

ਸਭ ਤੋਂ ਅਹਿਮ ਗੱਲ ਕਿ ਕੇਵਲ ਪੰਜਾਬ ਨਾਲ ਜੋੜ ਕੇ ਗੁਰਮਤਿ ਜਾਂ ਸਿੱਖੀ ਦੀ ਵਿਸ਼ਾਲਤਾ ਨੂੰ ਹੋਰ ਸੱਟ ਨਾ ਮਾਰੀਏ ਅਤੇ ਪੰਜਾਬੀ ਨੂੰ ਕੇਵਲ ਸਿੱਖਾਂ ਦੀ ਕਹਿ ਕੇ ਪੰਜਾਬ ਅਤੇ ਪੰਜਾਬੀ ਦਾ ਹੋਰ ਨੁਕਸਾਨ ਕਰਨ ਤੋਂ ਗੁਰੇਜ਼ ਕਰੀਏ। ਸਿੱਖੀ ਦੇ ਵਿਗਾਸ ਲਈ ਗੈਰ ਪੰਜਾਬੀ ਗੁਰਭਾਈਆਂ ਨਾਲ ਵਧੀਆ ਸਾਂਝ ਸੰਪਰਕ ਬਣਾਈਏ ਅਤੇ ਪੰਜਾਬ ਦੀ ਚੜਦੀ ਕਲਾ ਲਈ ਪੰਜਾਬੀ ਮਾਂ ਜਾਇਆਂ ਨਾਲ ਇਕਮੁੱਠਤਾ ਕਾਇਮ ਕਰੀਏ।



## ਸਿੱਖ ਇਤਿਹਾਸ ਦਾ ਇਕ ਅਹਿਮ..

ਸਿੱਖਾਂ ਨੇ ਸੋਚਿਆ ਸੀ ਕਿ ਲਖਪਤ ਆਪੇ ਦੋ ਚਾਰ ਦਿਨ ਖਿਝ ਖਪ ਕੇ ਚਲਾ ਜਾਵੇਗਾ, ਪਰ ਉਹ ਤਾਂ ਵਾੜ ਦਾ ਛਾਪਾ ਬਣ ਕੇ ਪਿੱਛੇ ਹੀ ਪੈ ਗਿਆ ਸੀ । ਲਗਾਤਾਰ ਸਰਕਾਰੀ ਮਦਦ ਤੇ ਗੋਲੀ ਸਿੱਕਾ ਮਿਲਣ ਕਾਰਨ ਹੌਲੀ ਹੌਲੀ ਲਖਪਤ ਦਾ ਪੱਲੜਾ ਭਾਰੀ ਹੋਣ ਲੱਗ ਪਿਆ । ਆਖਰ ਸਰਦਾਰਾਂ ਨੇ ਬੈਠ ਕੇ ਗੁਰਮਤਾ ਕੀਤਾ ਕਿ ਰਾਵੀ ਪਾਰ ਕਰਕੇ ਪਹਾੜਾਂ ਨੂੰ ਨਿਕਲ ਚਲਦੇ ਹਾਂ । ਕਿਸੇ ਤਰਾਂ ਰਾਵੀ ਪਾਰ ਕਰਕੇ ਸਿੱਖ ਬਸ਼ੋਹਲੀ ਦੀਆਂ ਪਹਾੜੀਆਂ ਵੱਲ ਚਲ ਪਏ । ਲਖਪਤ ਰਾਏ ਪੈੜ ਦਬਾਈ ਆਉਂਦਾ ਸੀ । ਸਿੱਖਾਂ ਨੂੰ ਬੜੀ ਉਮੀਦ ਸੀ ਕਿ ਪਹਾੜੀਏ ਇਸ ਧਰਮ ਯੁੱਧ ਵਿਚ ਉਨਾਂ ਦੀ ਮਦਦ ਕਰਨਗੇ, ਪਰ ਉਨਾਂ ਨੂੰ ਉਦੋਂ ਪਤਾ ਚਲਿਆ ਜਦੋਂ ਪਹਾੜੀਆਂ ਨੇ ਉਨਾਂ 'ਤੇ ਹਮਲਾ ਕਰ ਦਿੱਤਾ । ਸਿੱਖ ਕੁਥਾਵੇਂ ਫਸ ਗਏ, ਅਖੀਰ 'ਤੇ ਫੈਸਲਾ ਕੀਤਾ ਕਿ ਪੈਦਲ ਪਹਾੜੀਆਂ 'ਤੇ ਹਮਲਾ ਕਰਨ ਤੇ ਘੋੜ ਸਵਾਰ ਲਖਪਤ ਦੇ ਟਿੱਡੀ ਦਲ ਨੂੰ ਚੀਰ ਕੇ ਵਾਪਸ ਜਾਣ ਤੇ ਰਾਵੀ ਟੱਪ ਕੇ ਮਾਝੇ ਵਿਚ ਦੀ ਦੁਆਬੇ ਮਾਲਵੇ ਨੂੰ ਨਿਕਲ ਜਾਣ । ਇਸੇ ਤਰਾਂ ਕੀਤਾ ਗਿਆ, ਪੈਦਲ ਫ਼ੌਜ ਨੇ ਪਹਾੜੀਆਂ ਉਤੇ ਹਮਲਾ ਕਰ ਦਿੱਤਾ ਤੇ ੇਨਾਂ ਨੂੰ ਚੀਰ ਕੇ ਪਹਾੜਾਂ 'ਤੇ ਜਾ ਚੜੇ । ਉਹ ਬੜੀ ਮੁਸ਼ਕਿਲ ਨਾਲ ਪਹਾੜੋ ਪਹਾੜੀ ਕਈ ਮਹੀਨਿਆਂ ਦਾ ਸਫਰ ਕਰਕੇ ਕੀਰਤਪੁਰ ਪਹੁੰਚੇ । ਘੋੜਸਵਾਰ ਲਖਪਤ ਦੀ ਧਾੜ ਤੇ ਟੁੱਟ ਪਏ ਤੇ ਫ਼ੌਜ ਨੂੰ ਚੀਰ ਕੇ ਰਸਤਾ ਬਣਾਇਆ । ਇਸ ਥਾਂ ਹੋਈ ਲੜਾਈ ਵਿਚ 7000 ਤੋਂ 10000 ਤੱਕ ਸਿੱਖ ਸ਼ਹੀਦ ਹੋਏ ਅਤੇ ਬਹੁਤ ਸਾਰੇ ਸਿੱਖ ਜ਼ਖ਼ਮੀ ਹੋ ਗਏ । ਬਾਕੀ ਦੇ ਸਿੱਖ ਰਾਵੀ ਦੇ ਕੰਢੇ-ਕੰਢੇ, ਲਹਿੰਦੇ ਵੱਲ ਦੀ ਲਾਹੌਰ ਨੂੰ ਚੱਲ ਪਏ । ਰਾਵੀ ਦਾ ਪਾਣੀ ਚੜਿਆ ਹੋਇਆ ਸੀ, ਪਾਣੀ ਦੀ ਥਾਹ ਲੈਣ ਲਈ ਸ: ਗੁਰਦਿਆਲ ਸਿੰਘ ਡੱਲੇਵਾਲੀਏ ਦੇ ਹੁਕਮ 'ਤੇ ਉਸ ਦੇ ਦੋ ਭਰਾਵਾਂ ਨੇ ਘੋੜੇ ਪਾਣੀ ਵਿਚ ਸੁੱਟੇ । ਤੇਜ਼ ਵਹਾ ਕਰਕੇ ਨਾ ਸਵਾਰ ਲੱਭੇ ਤੇ ਨਾ ਘੋੜੇ, ਦੋਵੇਂ ਸੂਰਮਿਆਂ ਨੇ ਆਪਣੀ ਜਾਨ ਦੇ ਕੇ ਹਜ਼ਾਰਾਂ ਭਰਾਵਾਂ ਦੀ ਜਾਨ ਬਚਾ ਲਈ । ਅਖੀਰ ਇਕ ਜਗਾ ਪਾਣੀ ਦਾ ਘੱਟ ਵਹਾਅ ਵੇਖ ਕੇ ਦੱਭ ਤੇ ਕਾਨਿਆਂ ਦੇ ਤੁਲੇ ਬਣਾ ਕੇ ਰਾਵੀ ਪਾਰ ਕੀਤੀ ਗਈ, ਅੱਗੇ ਤਿੰਨ ਮੀਲ ਦੀ ਬਰੇਤੀ ਸੀ, ਘੋੜਸਵਾਰ ਤਾਂ ਸੌਖੇ ਲੰਘ ਗਏ ਪਰ ਪੈਦਲਾਂ ਦੇ ਪੈਰ ਸੜ ਗਏ । ਤਨ ਦੇ ਕੱਪੜੇ ਪਾੜ ਕੇ ਪੈਰਾਂ 'ਤੇ ਬੰਨ ਕੇ ਤੇ ਘੋੜਿਆਂ ਉੱਤੇ ਤਿੰਨ, ਤਿੰਨ ਚਾਰ, ਚਾਰ ਚੜਕੇ ਬਰੇਤੀ ਪਾਰ ਕੀਤੀ । ਅੱਗੇ ਚੌਧਰੀ ਰਾਮੇ ਰੰਧਾਵੇ ਦਾ ਇਲਾਕਾ ਸੀ, ਉਹ ਆਪਣੀਆਂ ਧਾੜਾਂ ਲੈ ਕੇ ਰਸਤਾ ਰੋਕੀ ਖੜਾ ਸੀ । ਜਿਹੜੇ ਲਖਪਤ ਦੇ ਰੋਕੇ ਨਾ ਰੁਕੇ, ਉਨਾਂ ਨੂੰ ਰਾਮੇ ਰੰਧਾਵੇ ਨੇ ਕੀ ਰੋਕਣਾ ਸੀ, ਉਸ ਨੂੰ ਸਿੱਖਾਂ ਨੇ ਪਹਿਲੇ ਹੱਲੇ ਈ ਅੱਗੇ ਲਾ ਲਿਆ । ਵਾਹੋ ਦਾਹੀ ਸ੍ਰੀ ਹਰਗੋਬਿੰਦ ਪੁਰ ਦੇ ਪੱਤਣ ਤੋਂ ਬਿਆਸ ਦਰਿਆ ਪਾਰ ਕਰ ਕੇ ਦੁਆਬੇ ਵਿਚ ਜਾ ਵੜੇ, ਅੱਗੋਂ ਜਲੰਧਰ ਦੁਆਬ ਦੇ ਫ਼ੌਜਦਾਰ ਅਦੀਨਾ ਬੇਗ ਨੇ ਰਸਤਾ ਰੋਕ ਲਿਆ । ਉਸ ਨਾਲ ਅਜੇ ਟੱਕਰ ਸ਼ੁਰੂ ਹੀ ਹੋਈ ਸੀ ਕਿ ਖਬਰ ਮਿਲੀ ਕਿ ਲਖਪਤ ਰਾਏ ਪਿੱਛੇ ਚੜਿਆ ਆਉਂਦਾ ਹੈ । ਅਦੀਨਾ ਬੇਗ ਨਾਲ ਝੜਪਾਂ ਲੈਂਦੇ-ਲੈਂਦੇ ਸਿੱਖ ਆਲੀਵਾਲ ਦੇ ਪੱਤਣ ਤੋਂ ਸਤਲੁਜ ਟੱਪ ਕੇ ਮਾਲਵੇ ਵਿਚ ਜਾ ਵੜੇ । ਸ: ਜੱਸਾ ਸਿੰਘ ਕੋਟਕਪੂਰੇ, ਸ: ਹਰੀ ਸਿੰਘ ਭੰਗੀ ਦਿਆਲਪੁਰੇ, ਸ: ਨੌਧ ਸਿੰਘ ਪਥਰਾਲੇ ਤੇ ਸ: ਸੁੱਖਾ ਸਿੰਘ ਦਾ ਜਥਾ ਜੈਤੋ ਜਾ ਉਤਰਿਆ । ਉਥੇ ਉਸਨੇ ਆਪਣੀ ਲੱਤ ਦਾ ਇਲਾਜ ਕਰਾਇਆ ਤੇ ਪੰਜ ਛੇ ਮਹੀਨੇ ਮੰਜੀ 'ਤੇ ਪਿਆ ਰਿਹਾ ।

ਸੈਂਕੜੇ ਸਿੱਖ ਪਹਾੜੀਆਂ ਨੇ ਗਿ੍ਰਫਤਾਰ ਕਰਕੇ ਲਖਪਤ ਦੇ ਹਵਾਲੇ ਕੀਤੇ ਸਨ ਤੇ ਸੈਂਕੜੇ ਹੀ ਲਖਪਤ ਦੀ ਫ਼ੌਜ ਨੇ ਪਕੜੇ ਸਨ । ਉਹ ਸਾਰੇ ਲਾਹੌਰ ਲਿਆ ਕੇ ਬੜੀ ਬੁਰੀ ਤਰਾਂ ਤਸੀਹੇ ਦੇ ਕੇ ਕਤਲ ਕੀਤੇ ਗਏ । ਉਨਾਂ ਦੇ ਸਿਰ ਵੱਢ ਕੇ ਲਾਹੌਰ ਦੇ ਦਰਵਾਜ਼ਿਆਂ ਅੱਗੇ ਮੀਨਾਰ ਉਸਾਰੇ ਗਏ । ਮਾਰਚ ਦੇ ਅਖੀਰ ਵਿਚ ਲਖਪਤ ਰਾਏ ਨੇ ਸਿੱਖਾਂ ਦੇ ਖਿਲਾਫ ਚੜਾਈ ਸ਼ੁਰੂ ਕੀਤੀ ਤੇ ਜੂਨ 1746 ਦੇ ਅਖੀਰ ਵਿਚ ਉਹ ਵਾਪਸ ਮੁੜਿਆ ।

## ਖਪਤਕਾਰਾਂ ਨੇ ਸੰਸਾਰ ਮੰਡੀਆਂ...

ਅੱਜ ਅਮਰੀਕਾ ਵਿੱਚ ਹਰੇਕ ਛੇ ਵਿੱਚੋਂ ਇੱਕ ਬੰਦਾ ਬੇਰੁਜ਼ਗਾਰ ਹੋ ਗਿਆ ਹੈ। ਅਮਰੀਕਾ ਵਿੱਚ ਪਿਛਲੇ ਇੱਕ ਹਫਤੇ ਵਿੱਚ 44 ਲੱਖ ਬੇਰੁਜ਼ਗਾਰਾਂ ਨੇ ਬੇਰੁਜ਼ਗਾਰੀ ਦਫਤਰ ਵਿੱਚ ਆਵਦਾ ਨਾਂ ਦਰਜ ਕਰਵਾਇਆ ਹੈ। ਜਦਕਿ ਪੰਜ ਹਫਤਿਆਂ ਵਿੱਚ 2 ਕਰੋੜ 60 ਲੱਖ ਲੋਕਾਂ ਨੇ ਬੇਰੁਜ਼ਗਾਰੀ ਦਫਤਰ ਵਿੱਚ ਨਾਂ ਦਰਜ ਕਰਵਾਇਆ ਹੈ। ਅਮਰੀਕਾ ਦੇ ਕਈ ਆਰਥਕਤਾ ਵਿਗਿਆਨੀਆਂ ਨੇ ਇਹਨਾਂ ਹਾਲਤਾਂ ਦੀ ਤੁਲਨਾ ਮਹਾਂਮੰਦੀ ਨਾਲ਼ ਕੀਤੀ ਹੈ ਕਿ 1931 ਤੋਂ 1940 ਦੀ ਮਹਾਂਮੰਦੀ ਵੇਲੇ ਸੰਸਾਰ ਬੇਰੁਜ਼ਗਾਰੀ ਦੀ ਦਰ 14 ਫੀਸਦੀ ਰਹੀ ਸੀ, ਜੋ ਹੁਣ 25 ਫੀਸਦੀ ਨੂੰ ਟੱਪਦੀ ਲੱਗਦੀ ਹੈ। ਇੱਥੋਂ ਤੱਕ ਕਿ 2009 ਦੀ ਮੰਦੀ ਵੇਲੇ ਵੀ ਇਹ ਦਰ 10 ਫੀਸਦੀ ਰਹੀ ਹੈ। ਪੂਰੇ ਸੰਸਾਰ ਭਰ ਵਿੱਚ ਕਰੋਨਾ ਸੰਕਟ ਨਾਲ਼ ਕਰੋੜਾਂ ਲੋਕਾਂ ਦਾ ਰੁਜ਼ਗਾਰ ਖੁੱਸਿਆ ਹੈ। ਸੰਕਟ ਦਾ ਸਾਰਾ ਬੋਝ ਇਸ ਵਾਰ ਫੇਰ ਹਾਕਮਾਂ ਨੇ ਮਜ਼ਦੂਰ ਜਮਾਤ ਦੇ ਮੋਢਿਆਂ ਉੱਤੇ ਸੁੱਟ ਦਿੱਤਾ ਹੈ।

ਪੂਰੇ ਸੰਸਾਰ ਦੇ ਸਰਮਾਏਦਾਰ ਅਤੇ ਉਹਨਾਂ ਦੀਆਂ ਚਾਕਰ ਸੰਸਥਾਵਾਂ ਪੈਦਾ ਹੋਏ ਇਸ ਆਰਥਕ ਸੰਕਟ ਦੀ ਵਜਾ ਕਰੋਨਾ ਨੂੰ ਕਹਿ ਰਹੀਆਂ ਹਨ। ਮਜ਼ਦੂਰ ਜਮਾਤ ਨੂੰ ਕਰੋਨਾ ਦੇ ਡਰ ਭੈਅ ਹੇਠ ਹੱਕਾਂ ਦੀ ਰਾਖੀ ਕਰਨ ਲਈ ਸੰਘਰਸ਼ ਦੇ ਰਾਹ ਪੈਣ ਤੋਂ ਰੋਕਿਆ ਜਾ ਰਿਹਾ ਹੈ। ਮਜ਼ਦੂਰ ਜਮਾਤ ਦੇ ਸਰਮਾਏਦਾਰਾ ਢਾਂਚੇ ਪ੍ਰਤੀ ਗੁੱਸੇ ਨੂੰ ਕਰੋਨਾ ਰਾਹੀਂ ਖਾਰਜ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰ ਇਸੇ ਮੌਕੇ ਪੂਰੀ ਦੁਨੀਆਂ ਵਿੱਚ ਅੱਢ-ਅੱਢ ਥਾਈਂ ਮਜ਼ਦੂਰ ਜਮਾਤ ਸੰਘਰਸ਼ਾਂ ਦੇ ਰਾਹ ਵੀ ਮੱਲ਼ ਰਹੀ ਹੈ, ਜੋ ਇਸ ਮੌਕੇ ਸੁਲੱਖਣਾ ਵਰਤਾਰਾ ਹੈ। ਸੋਮਾਲੀਆ, ਲਿਬਨਾਨ, ਅਮਰੀਕਾ ਦੇ ਕਈ ਹਿੱਸਿਆਂ, ਜਰਮਨੀ, ਬਰਾਜ਼ੀਲ, ਬੋਲੀਵੀਆ ਅਤੇ ਭਾਰਤ ਦੇ ਵੀ ਕਈ ਹਿੱਸਿਆਂ ਸਣੇ ਹੋਰ ਕਈ ਥਾਈਂ ਵੱਡੇ-ਵੱਡੇ ਜਨਤਕ ਮੁਜਾਹਰੇ ਹੋਏ ਹਨ ਜਾਂ ਹੋ ਰਹੇ ਹਨ। ਇਸ ਸੰਕਟ ਦਾ ਮੂਲ ਕਾਰਨ ਮਜ਼ਦੂਰ ਜਮਾਤ ਦੀ ਲੁੱਟ ਉੱਤੇ ਟਿਕਿਆ ਮੌਜੂਦਾ ਸਰਮਾਏਦਾਰਾ ਜਮਾਤੀ ਨਿਜ਼ਾਮ ਹੈ। ਜਿਸ ਕਰਕੇ ਸੰਕਟ ਦੀ ਘੜੀ ਕਿਸੇ ਸਾਂਝ (ਅਮੀਰਾਂ-ਗਰੀਬਾਂ) ਦੀ ਨਹੀਂ, ਸਗੋਂ ਜਮਾਤੀ ਲੀਹਾਂ ਤੇ ਲਾਮਬੰਦ ਹੋਕੇ ਇਸ ਲੋਟੂ ਢਾਂਚੇ ਵਿਰੁੱਧ ਇਨਕਲਾਬੀ ਜੰਗ ਵਿੱਢਣ ਦੀ ਮੰਗ ਕਰਦੀ ਹੈ।

## ਕੈਪਟਨ ਫਸ ਰਹੇ ਨੇ ਧਰਮ ਸੰਕਟ..

ਇੱਕ ਹੋਰ ਵਿਧਾਇਕ ਡਾ. ਹਰਜੋਤ ਕਮਲ ਨੇ ਇਸ ਨੂੰ ਕੋਟ ਕਰਦਿਆਂ ਲਿਖਿਆ:
ਸੀਐੱਮ ਸਰ, ਸ਼ਾਇਦ ਇਹ ਗ਼ਲਤਫ਼ਹਿਮੀਆਂ ਹੀ ਹੋਣ, ਉਨਾਂ ਨੂੰ ਤੁਰੰਤ ਸੁਲਝਾਉਣਾ ਜ਼ਰੂਰੀ ਹੈ।

**ਬਾਦਲ ਦਲ ਵੱਲੋਂ ਘਪਲੇ ਦਾ ਦੋਸ਼**

ਪੰਜਾਬ ਵਿੱਚ 5600 ਕਰੋੜ ਰੁਪਏ ਦੇ ਨਾਜਾਇਜ਼ ਸ਼ਰਾਬ ਘੁਟਾਲੇ ਨੂੰ ਲੈ ਕੇ ਸਿਆਸਤ ਗਰਮਾ ਗਈ ਹੈ। ਬੇਸ਼ੱਕ ਸਰਕਾਰੀ ਪੱਧਰ 'ਤੇ ਇਸ ਘੁਟਾਲੇ ਬਾਰੇ ਕੋਈ ਤੱਥ ਸਾਹਮਣੇ ਨਹੀਂ ਆਏ ਪਰ ਵਿਰੋਧੀ ਪਾਰਟੀਆਂ ਇਸ ਮੁੱਦੇ ਨੂੰ ਲੈ ਕੇ ਕੈਪਟਨ ਸਰਕਾਰ ਨੂੰ ਘੇਰ ਰਹੀਆਂ ਹਨ। ਬਾਦਲ ਦਲ ਨੇ ਤਾਂ 5600 ਕਰੋੜ ਰੁਪਏ ਦੇ ਨਾਜਾਇਜ਼ ਸ਼ਰਾਬ ਘੁਟਾਲੇ ਦੇ ਇਲਜ਼ਾਮ ਲਾਉਂਦਿਆਂ ਇਸ ਮਾਮਲੇ ਵਿੱਚ ਚਾਰ ਕਾਂਗਰਸੀ ਵਿਧਾਇਕਾਂ ਨੂੰ ਵੀ ਘੜੀਸ ਲਿਆ ਹੈ। ਅਕਾਲੀ ਦਲ ਨੇ ਇਲਜ਼ਾਮ ਲਾਇਆ ਹੈ ਕਿ ਇਸ ਮਾਮਲੇ ਵਿੱਚ ਵਿੱਚ ਕਾਂਗਰਸੀ ਵਿਧਾਇਕਾਂ ਤੇ ਕੁਝ ਹੋਰ ਰਸੂਖਵਾਨਾਂ ਦੀ ਸ਼ਮੂਲੀਅਤ ਹੈ। ਇਸ ਲਈ ਉਨਾਂ ਖ਼ਿਲਾਫ ਕਾਰਵਾਈ ਕੀਤੀ ਜਾਵੇ। ਅਕਾਲੀ ਦਲ ਨੇ ਮੁੱਖ ਮੰਤਰੀ ਨੂੰ ਕਿਹਾ ਹੈ ਕਿ ਉਹ ਇਸ ਘੁਟਾਲੇ ਲਈ ਜ਼ਿੰਮੇਵਾਰ ਸ਼ਰਾਬ ਫੈਕਟਰੀਆਂ ਦੇ ਮਾਲਕਾਂ ਤੇ ਨਕਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ ਕਾਰਵਾਈ ਕਰਨ ਦੀ ਬਜਾਏ ਥਾਣਾ ਮੁਖੀਆਂ ਨੂੰ ਨਿਸ਼ਾਨਾ ਬਣਾ ਕੇ ਲੋਕਾਂ ਨੂੰ ਬੇਵਕੂਫ ਨਾ ਬਣਾਉਣ। ਉਨਾਂ ਮੰਗ ਕੀਤੀ ਹੈ ਕਿ ਜਾਂਚ ਕਰਵਾ ਕੇ ਦੋਸ਼ੀਆਂ ਖਿਲਾਫ ਕਾਰਵਾਈ ਕੀਤੀ ਜਾਵੇ।

ਪਾਰਟੀ ਦੇ ਸੀਨੀਅਰ ਲੀਡਰ ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਪੰਜਾਬੀਆਂ ਵੱਲੋਂ ਰੋਸ ਪ੍ਰਗਟਾਉਣ ਮਗਰੋਂ ਮੁੱਖ ਮੰਤਰੀ ਨੇ ਨਕਲੀ ਸ਼ਰਾਬ ਵੇਚਣ ਵਾਲਿਆਂ ਖ਼ਿਲਾਫ ਬੜੀ ਦੇਰੀ ਨਾਲ ਕਾਰਵਾਈ ਦੇ ਨਿਰਦੇਸ਼ ਦਿੱਤੇ ਹਨ ਪਰ ਇਸ ਮਾਮਲੇ ਵਿੱਚ ਘਨੌਰ, ਰਾਜਪੁਰਾ, ਖੰਨਾ ਤੇ ਬਲਾਚੌਰ ਦੇ ਕਾਂਗਰਸੀ ਵਿਧਾਇਕਾਂ ਖ਼ਿਲਾਫ ਕਾਰਵਾਈ ਕਰਨ ਦੀ ਬਜਾਏ ਹੇਠਲੀ ਪੱਧਰ ਦੇ ਅਧਿਕਾਰੀਆਂ ਖ਼ਿਲਾਫ ਕਾਰਵਾਈ ਕਰਕੇ 2000 ਕਰੋੜ ਰੁਪਏ ਦੇ ਨਕਲੀ ਸ਼ਰਾਬ ਦੇ ਘੁਟਾਲੇ ਤੇ ਸਰਕਾਰੀ ਖਜ਼ਾਨੇ ਨੂੰ ਆਬਕਾਰੀ ਆਮਦਨ ਵਿੱਚ ਪਏ 3600 ਕਰੋੜ ਰੁਪਏ ਦੇ ਘਾਟੇ ਉੱਤੇ ਪਰਦਾ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਨਾਂ ਕਿਹਾ ਕਿ ਅਕਾਲੀ ਦਲ ਹਾਈਕੋਰਟ ਦੇ ਮੌਜੂਦਾ ਜੱਜ ਦੀ ਅਗਵਾਈ ਵਿੱਚ ਇਸ ਮਾਮਲੇ ਦੀ ਜਾਂਚ ਕਰਵਾਉਣ ਦੀ ਮੰਗ ਕਰਦਾ ਹੈ।

ਅਕਾਲੀ ਦਲ ਬਾਦਲ ਦੇ ਬੁਲਾਰੇ ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਕਾਂਗਰਸੀਆਂ ਦੀ ਨੁੰਮਾਇਦਗੀ ਵਾਲੇ ਸ਼ਰਾਬ ਦੇ ਠੇਕੇਦਾਰਾਂ ਉੱਤੇ ਨਿਹਾਲ ਹੋਣ ਮਗਰੋਂ ਪੰਜਾਬ ਸਰਕਾਰ ਨੇ ਹੁਣ ਰੇਤ ਮਾਫੀਆ ਨੂੰ ਹਜ਼ਾਰਾਂ ਕਰੋੜ ਰੁਪਏ ਦੇ ਖਣਿਜ ਸਰੋਤਾਂ ਨੂੰ ਲੁੱਟਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ। ਉਨਾਂ ਕਿਹਾ ਕਿ ਸਪੱਸ਼ਟ ਹੈ ਕਿ ਕਾਂਗਰਸ ਸਰਕਾਰ ਆਬਕਾਰੀ ਆਮਦਨ ਵਿੱਚ ਪਏ 5600 ਕਰੋੜ ਰੁਪਏ ਦੇ ਘਾਟੇ ਤੋਂ ਖੁਸ਼ ਨਹੀਂ ਹੈ। ਇਸ ਦੇ ਬਾਵਜੂਦ ਕਰਫਿਊ ਦੌਰਾਨ ਸ਼ਰਾਬ ਦੀ ਵਿਕਰੀ ਨਾ ਹੋਣ ਕਰਕੇ ਠੇਕੇਦਾਰਾਂ ਨੂੰ 676 ਕਰੋੜ ਦੀ ਰਾਸ਼ੀ ਦੇ ਦਿੱਤੀ ਗਈ ਹੈ ਜਦਕਿ ਠੇਕੇਦਾਰਾਂ ਵੱਲੋਂ ਕਰਫਿਊ ਦੌਰਾਨ ਕੀਤੀ ਸ਼ਰਾਬ ਦੀ ਹੋਮ ਡਿਲੀਵਰੀ ਨੂੰ ਵੇਖਦਿਆਂ ਇਹ ਗੱਲ ਸਹੀ ਨਹੀਂ ਸੀ ਕਿ ਉਹਨਾਂ ਦੀ ਸ਼ਰਾਬ ਨਹੀਂ ਵਿਕੀ। ਉਹਨਾਂ ਕਿਹਾ ਕਿ ਹੁਣ ਕਾਗਰਸ ਸਰਕਾਰ ਨੇ ਨੀਲਾਮੀ ਦੇ ਭਾਅ 80 ਫੀਸਦੀ ਘਟਾ ਕੇ ਸੂਬੇ ਅੰਦਰ ਰੇਤ ਮਾਫੀਆ ਕੁਦਰਤੀ ਸਰੋਤ ਲੁੱਟਣ ਦੀ ਆਗਿਆ ਦੇਣ ਦਾ ਫੈਸਲਾ ਕੀਤਾ ਹੈ। ਇਸ ਤੱਥ ਦੇ ਬਾਵਜੂਦ ਕਿ ਰੇਤ ਮਾਫੀਆ ਵੱਲੋਂ ਕਰਫਿਊ ਦੌਰਾਨ ਅਤੇ ਉਸ ਤੋਂ ਪਹਿਲਾਂ ਵੀ ਬਿਨਾਂ ਮਨਜ਼ੂਰੀ ਲਏ ਰੇਤਾ ਬਜਰੀ ਦੀ ਖੁਦਾਈ ਲਗਾਤਾਰ ਜਾਰੀ ਰੱਖੀ ਹੈ, ਸਰਕਾਰ ਵੱਲੋਂ ਉਹਨਾਂ ਉੱਤੇ ਇਹ ਮਿਹਰਬਾਨੀ ਕੀਤੀ ਜਾ ਰਹੀ ਹੈ। ਇਸ ਸੰਬੰਧੀ ਮਾਈਨਿੰਗ ਵਿਭਾਗ ਵੱਲੋਂ ਜਾਰੀ ਕੀਤੀ ਇੱਕ ਚਿੱਠੀ ਨੂੰ ਜਨਤਕ ਕਰਦਿਆਂ ਡਾਕਟਰ ਚੀਮਾ ਨੇ ਕਿਹਾ ਕਿ 12 ਮਈ ਨੂੰ ਜਾਰੀ ਕੀਤੀ ਇਸ ਚਿੱਠੀ ਵਿਚ ਸੂਬੇ ਨੂੰ ਪ੍ਰਤੀ ਮਹੀਨਾ ਹੋਣ ਵਾਲੀ ਉਗਰਾਹੀ 26 ਕਰੋੜ ਰੁਪਏ ਤੋਂ ਘਟਾ ਕੇ 4.85 ਕਰੋੜ ਰੁਪਏ ਕਰ ਦਿੱਤੀ ਹੈ।

ਇਸ ਤੋਂ ਇਲਾਵਾ ਦੋ ਮਹੀਨੇ ਦੀਆਂ ਸਾਰੀਆਂ ਕਿਸ਼ਤਾਂ ਮੁਆਫ ਕਰ ਦਿੱਤੀਆਂ ਹਨ। ਉਹਨਾਂ ਕਿਹਾ ਕਿ ਪਿਛਲੇ ਸਾਲ ਜੁਲਾਈ ਵਿਚ 306 ਕਰੋੜ ਰੁਪਏ ਵਿਚ ਨੀਲਾਮ ਕੀਤੀਆਂ ਰੇਤੇ ਦੀਆਂ ਖੱਡਾਂ ਤੋਂ ਸਰਕਾਰ ਇੱਕ ਪੈਸਾ ਵੀ ਨਹੀਂ ਵਸੂਲ ਪਾਈ ਹੈ, ਇਸ ਦੇ ਬਾਵਜੂਦ ਰੇਤ ਮਾਫੀਆ ਨੂੰ ਇਹ ਛੋਟ ਦੇ ਦਿੱਤੀ ਗਈ ਹੈ। ਉਹਨਾਂ ਕਿਹਾ ਕਿ 2018-19 ਵਿਚ ਵੀ ਸਰਕਾਰ ਦਾ ਰਿਕਾਰਡ ਮਾੜਾ ਹੀ ਰਿਹਾ ਸੀ, ਜਦੋਂ ਇਸ ਨੇ ਰੇਤੇ ਦੀਆਂ ਖੱਡਾਂ ਤੋਂ 1200 ਕਰੋੜ ਰੁਪਏ ਦੀ ਉਗਰਾਹੀ ਦਾ ਵਾਅਦਾ ਕੀਤਾ ਸੀ ਅਤੇ ਸਿਰਫ 38 ਕਰੋੜ ਰੁਪਏ ਦੀ ਵਸੂਲੀ ਕੀਤੀ ਸੀ।

ਅਕਾਲੀ ਆਗੂ ਨੇ ਕਿਹਾ ਕਿ ਠੇਕੇਦਾਰਾਂ ਵੱਲੋਂ ਰੇਤ ਦੀਆਂ ਕੀਮਤਾਂ ਵਧਾਈਆਂ ਜਾ ਚੁੱਕੀਆਂ ਹਨ ਅਤੇ ਉਹ ਖਪਤਕਾਰਾਂ ਨੂੰ ਸਸਤਾ ਰੇਤਾ ਦੇਣ ਲਈ ਬਿਲਕੁੱਲ ਤਿਆਰ ਨਹੀਂ ਹਨ, ਇਸ ਦੇ ਬਾਵਜੂਦ ਉਹਨਾਂ ਨੂੰ ਇਹ ਛੋਟ ਦਿੱਤੀ ਗਈ ਹੈ। ਉਹਨਾਂ ਕਿਹਾ ਕਿ ਰੇਤ ਮਾਫੀਆ ਦੁਆਰਾ ਪ੍ਰਤੀ ਟਰੱਕ 12 ਹਜ਼ਾਰ ਰੁਪਏ ਗੁੰਡਾ ਟੈਕਸ ਲਾਉਣ ਤੋਂ ਇਲਾਵਾ ਇਸ ਨੇ ਰੇਤੇ ਦੇ ਟਰੱਕ ਦੀ ਕੀਮਤ ਵੀ ਵਧਾ ਕੇ 28 ਹਜ਼ਾਰ ਰੁਪਏ ਪ੍ਰਤੀ ਟਰੱਕ ਕਰ ਦਿੱਤੀ ਹੈ। ਇਸ ਸਮੁੱਚੇ ਘੁਟਾਲੇ ਦੀ ਸੁਤੰਤਰ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਡਾਕਟਰ ਚੀਮਾ ਨੇ ਗਰੀਨ ਟ੍ਰਿਬਿਊਨਲ ਨੂੰ ਵੀ ਇਹ ਜਾਇਜ਼ਾ ਲੈਣ ਵਾਸਤੇ ਟੀਮ ਭੇਜਣ ਦੀ ਅਪੀਲ ਕੀਤੀ ਹੈ।

## ਪੰਜਾਬ ਦੀ ਕਿਰਤੀ ਸਾਂਝ ਨੂੰ...

ਜੇਕਰ ਭਾਰਤ ਦੇ ਉਲਟ ਦੂਸਰੇ ਦੇਸਾਂ ਵਲ ਦੇਖੀਏ ਤਾਂ ਅਮਰੀਕਾ ਨੇ ਆਪਣੇ ਦੇਸ਼ ਦੇ ਮੁਲਾਜ਼ਮਾਂ ਤੇ ਬੇਰੁਜ਼ਗਾਰਾਂ ਲਈ ਜੀ ਡੀ ਪੀ ਦਾ 13.3 ਫੀਸਦੀ ਰਾਹਤ ਪੈਕੇਜ ਦਿੱਤਾ ਹੈ। ਇਹ ਰਕਮ 207 ਲੱਖ ਕਰੋੜ ਰੁਪਏ ਬਣਦੀ ਹੈ। ਇਸ ਵਿੱਚੋਂ ਹਰ ਬਾਲਗ ਨੂੰ 92000 ਰੁਪਏ ਤੇ ਹਰ ਬੱਚੇ ਨੂੰ 38000 ਰੁਪਏ ਨਗਦ ਦਿੱਤੇ ਜਾ ਰਹੇ ਹਨ। ਇਹ ਪੈਸਾ ਹਰ ਉਸ ਵਿਅਕਤੀ ਨੂੰ ਦਿੱਤਾ ਗਿਆ, ਜਿਸ ਦੀ ਸਾਲਾਨਾ ਆਮਦਨੀ 57 ਲੱਖ ਰੁਪਏ ਤੋਂ ਘੱਟ ਸੀ। ਇਹ ਰਕਮ ਸ਼ਰਨਾਰਥੀਆਂ ਤੇ ਗੈਰ-ਨਾਗਰਿਕਾਂ ਨੂੰ ਵੀ ਦਿੱਤੀ ਗਈ ਹੈ। ਇਹ ਸਾਰਾ ਪੈਸਾ ਬਿਨਾਂ ਕੋਈ ਫਾਰਮ ਭਰਵਾਇਆਂ ਸਭ ਦੇ ਖਾਤਿਆਂ ਵਿੱਚ ਪਾਇਆ ਗਿਆ ਹੈ। ਰਾਜ ਸਰਕਾਰਾਂ ਸਭ ਸਕੂਲੀ ਬੱਚਿਆਂ ਨੂੰ ਮੁਫ਼ਤ ਭੋਜਨ ਦੇ ਰਹੀਆਂ ਹਨ। ਮੁਲਾਜ਼ਮਾਂ ਦੀ ਨੌਕਰੀ ਬਚਾਉਣ ਲਈ 230 ਲੱਖ ਕਰੋੜ ਦਾ ਇੱਕ ਹੋਰ ਪੈਕੇਜ ਦੇਣ ਦੀ ਤਿਆਰੀ ਹੋ ਰਹੀ ਹੈ। ਜਪਾਨ ਨੇ ਆਪਣੀ ਜੀ ਡੀ ਪੀ ਦਾ 21 ਫ਼ੀਸਦੀ ਯਾਨੀ 84.3 ਲੱਖ ਕਰੋੜ ਦੇ ਰਾਹਤ ਪੈਕੇਜ ਦਾ ਐਲਾਨ ਕੀਤਾ ਹੈ। ਇਸ ਪੈਕੇਜ ਅਧੀਨ ਹਰ ਨਾਗਰਿਕ ਦੇ ਖਾਤੇ ਵਿੱਚ 71000 ਰੁਪਏ ਪਾਏ ਗਏ ਹਨ। ਛੋਟੀਆਂ ਤੇ ਦਰਮਿਆਨੀਆਂ ਸਨਅਤਾਂ 'ਚ ਜਿੰਨੇ ਦਿਨ ਕੰਮ ਬੰਦ ਰਹੇਗਾ, ਓਨੇ ਚਿਰ ਦੀ ਵਰਕਰਾਂ ਦੀ ਤਨਖ਼ਾਹ ਦਾ 66 ਫ਼ੀਸਦੀ ਸਰਕਾਰ ਦੇਵੇਗੀ। ਸਾਰੇ ਸਕੂਲੀ ਵਿਦਿਆਰਥੀਆਂ ਨੂੰ ਮੁਫ਼ਤ ਭੋਜਨ ਦਿੱਤਾ ਜਾਵੇਗਾ।

ਬਰਤਾਨੀਆ ਵਿੱਚ 15 ਫ਼ੀਸਦੀ ਲੋਕ ਆਪਣੇ ਛੋਟੇ ਕਾਰੋਬਾਰ ਕਰਦੇ ਹਨ। ਇਨਾਂ ਲੋਕਾਂ ਨੂੰ ਉਨਾਂ ਦੇ ਪਿਛਲੇ ਤਿੰਨ ਸਾਲ ਦੇ ਮੁਨਾਫ਼ੇ ਦੀ ਔਸਤ ਮੁਤਾਬਕ 80 ਫ਼ੀਸਦੀ ਨਗਦ ਦਿੱਤਾ ਗਿਆ ਹੈ। ਇਸ ਨੀਤੀ ਅਧੀਨ 38 ਲੱਖ ਵਿਅਕਤੀਆਂ ਨੂੰ ਪੈਸੇ ਮਿਲੇ ਹਨ ਤੇ ਕਈ ਮਾਮਲਿਆਂ ਵਿੱਚ ਇਹ ਰਕਮ 2500 ਪੌਂਡ ਯਾਨੀ 2 ਲੱਖ 38 ਹਜ਼ਾਰ ਰੁਪਏ ਤੱਕ ਹੈ। ਹੋਟਲ ਮਾਲਕਾਂ ਨੂੰ 25 ਹਜ਼ਾਰ ਪੌਂਡ ਤੇ ਛੋਟੇ ਰੈਸਟੋਰੈਂਟਾਂ ਨੂੰ 10 ਹਜ਼ਾਰ ਪੌਂਡ ਨਗਦ ਦਿੱਤੇ ਗਏ ਹਨ। ਇਨਾਂ ਥਾਵਾਂ 'ਤੇ ਕੰਮ ਕਰਨ ਵਾਲੇ ਮੁਲਾਜ਼ਮਾਂ ਨੂੰ ਉਨਾਂ ਦੀ ਤਨਖ਼ਾਹ ਦਾ 80 ਫ਼ੀਸਦੀ ਦਿੱਤਾ ਗਿਆ ਹੈ।

ਡੈਨਮਾਰਕ ਸਰਕਾਰ ਕੰਪਨੀਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਦਾ 75 ਫ਼ੀਸਦੀ ਦੇ ਰਹੀ ਹੈ। ਕੈਨੇਡਾ ਵਿੱਚ ਕੰਮ ਤੋਂ ਵਿਹਲੇ ਹੋ ਚੁੱਕੇ ਮਜ਼ਦੂਰਾਂ ਨੂੰ ਪ੍ਰਤੀ ਮਹੀਨਾ 2000 ਡਾਲਰ ਯਾਨੀ 107500 ਰੁਪਏ ਦਿੱਤੇ ਗਏ ਹਨ। ਵਿਦਿਆਰਥੀਆਂ ਨੂੰ 67000 ਰੁਪਏ ਮਹੀਨਾ ਸਹਾਇਤਾ ਦਿੱਤੀ ਜਾ ਰਹੀ ਹੈ। ਹਾਂਗਕਾਂਗ ਵਿੱਚ 18 ਸਾਲ ਤੋਂ ਵੱਧ ਉਮਰ ਦੇ ਹਰ ਨਾਗਰਿਕ ਨੂੰ 99000 ਰੁਪਏ ਦਿੱਤੇ ਜਾ ਰਹੇ ਹਨ।

ਭਾਰਤ ਵਿੱਚ ਸਿਰਫ਼ ਜਨ ਧਨ ਖਾਤਿਆਂ ਵਿੱਚ ਪੰਜ-ਪੰਜ ਸੌ ਰੁਪਏ ਪਾ ਕੇ ਮਜ਼ਾਕ ਕੀਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਦੇ ਪੈਕੇਜ ਨੂੰ 20 ਲੱਖ ਕਰੋੜ ਤੱਕ ਪੁਚਾਉਣ ਲਈ ਉਸ ਵਿੱਚ ਪਹਿਲਾਂ ਐਲਾਨੀਆਂ ਰਕਮਾਂ ਹੀ ਨਹੀਂ, ਬਜਟ ਵਿੱਚ ਰੱਖੀਆਂ ਰਕਮਾਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਇਹੋ ਨਹੀਂ, ਇਸ ਪੈਕੇਜ ਵਿੱਚ 3000 ਕਰੋੜ ਵਿਧਵਾ ਤੇ ਬੁਢਾਪਾ ਪੈਨਸ਼ਨ, 17380 ਕਰੋੜ ਰੁਪਏ ਕਿਸਾਨ ਨਿਧੀ, 31000 ਕਰੋੜ ਰੁਪਏ ਉਸਾਰੀ ਮਜ਼ਦੂਰਾਂ ਦਾ ਜਮਾਂ ਫ਼ੰਡ ਵੀ ਸ਼ਾਮਲ ਕਰ ਦਿੱਤਾ ਗਿਆ ਹੈ। ਆਰ ਬੀ ਆਈ ਵੱਲੋਂ ਬੈਂਕਾਂ ਨੂੰ ਕਰਜ਼ਾ ਦੇਣ ਲਈ ਐਲਾਨੀ 8 ਲੱਖ ਕਰੋੜ ਦੀ ਢਿੱਲ ਨੂੰ ਵੀ ਇਸ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਇਸ ਤਰਾਂ ਹਿਸਾਬ ਲਾਇਆ ਜਾਵੇ ਤਾਂ ਪ੍ਰਧਾਨ ਮੰਤਰੀ ਦਾ ਰਾਹਤ ਪੈਕੇਜ ਮਸਾਂ 4 ਲੱਖ ਕਰੋੜ ਰੁਪਏ ਦਾ ਬਣਦਾ ਹੈ, ਜਿਹੜਾ ਲੋੜਵੰਦਾਂ ਤੱਕ ਪਹੁੰਚਦਿਆਂ ਅਫ਼ਸਰਸ਼ਾਹੀ ਦੀਆਂ ਜੇਬਾਂ ਵਿੱਚ ਕਿੰਨਾ ਚਲਾ ਜਾਂਦਾ ਹੈ, ਇਸ ਦਾ ਹਿਸਾਬ ਕੌਣ ਰੱਖਦਾ ਹੈ।

**ਕਾਂਗਰਸ ਵਲੋਂ ਵਿਰੋਧ**

ਕਾਂਗਰਸ ਨੇ ਕੇਂਦਰ ਸਰਕਾਰ ਵੱਲੋਂ ਐਲਾਨੇ ਆਰਥਿਕ ਪੈਕੇਜ 'ਤੇ ਟਿੱਪਣੀ ਕਰਦਿਆਂ ਕਿਹਾ ਹੈ ਕਿ ਪੈਕਜ ਸਿਰਫ 3.22 ਲੱਖ ਕਰੋੜ ਰੁਪਏ ਦਾ ਹੈ ਅਤੇ ਇਹ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਸਿਰਫ 1.6 ਫੀਸਦ ਹੈ, ਜਦ ਕਿ ਪ੍ਰਧਾਨ ਮੰਤਰੀ ਨੇ 20 ਲੱਖ ਕਰੋੜ ਰੁਪਏ ਪੈਕੇਜ ਦੀ ਗੱਲ ਕੀਤੀ ਸੀ। ਕਾਂਗਰਸ ਦੇ ਨੇਤਾ ਆਨੰਦ ਸ਼ਰਮਾ ਨੇ ਕਿਹਾ,' ਮੈਂ ਵਿੱਤ ਮੰਤਰੀ ਤੇ ਪ੍ਰਧਾਨ ਮੰਤਰੀ ਨੂੰ ਚੁਣੌਤੀ ਦਿੰਦਾ ਹਾਂ ਕਿ ਜੋ ਮੈਂ ਕਿਹਾ ਹੈ ਉਹ ਉਸ ਨੂੰ ਨਕਾਰ ਦੇਣ। ਮੈਂ ਇਸ ਮਾਮਲੇ 'ਤੇ ਬਹਿਸ ਲਈ ਤਿਆਰ ਹਾਂ।' ਵਿੱਤ ਮੰਤਰੀ ਵੱਲੋਂ ਕਾਂਗਰਸ ਦੀ ਕੀਤੀ ਆਲੋਚਨਾ ਬਾਰੇ ਸ਼ਰਮਾ ਨੇ ਕਿਹਾ, 'ਅਸੀਂ ਦੇਸ਼ ਦੀ ਵਿੱਤ ਮੰਤਰੀ ਤੋਂ ਅਜਿਹੀ ਉਮੀਦ ਨਹੀਂ ਸੀ ਕਰਦੇ। ਉਸ ਜਿਸ ਅਹੁਦੇ 'ਤੇ ਹਨ ਉਸ ਦੀ ਮਰਿਆਦਾ ਰੱਖਣ ਤੇ ਬੇਕਾਰ ਗੱਲਾਂ ਨਾ ਕਰਨ।' ਉਨਾਂ ਕਿਹਾ ਕਿ ਵਿੱਤ ਮੰਤਰੀ ਨੂੰ ਜਵਾਬ ਦੇਣਾ ਚਾਹੀਦਾ ਹੈ ਨਾ ਕਿ ਸਵਾਲ ਕਰਨੇ ਚਾਹੀਦੇ ਹਨ। ਸਰਕਾਰੀ ਨਾਕਾਮੀਆਂ ਦੀ ਸਜ਼ਾ ਪਰਵਾਸੀ ਮਜ਼ਦੂਰ ਭੁਗਤ ਰਹੇ ਹਨ ਤੇ ਸਰਕਾਰ ਇਸ ਬਾਰੇ ਜੁਆਬ ਦੇਵੇ ਨਾ ਕਿ ਕਾਂਗਰਸ ਦੀ ਆਲੋਚਨਾ ਕਰਕੇ ਬੁੱਤਾ ਸਾਰੇ। ਸਰਕਾਰ ਨੂੰ ਅਜਿਹੇ ਵਿਸਾਰੇ ਗਏ ਲੋਕ, ਜਿਨਾਂ ਦੇ ਬੁਨਿਆਦੀ ਤੇ ਕਾਨੂੰਨੀ ਹੱਕਾਂ ਦੀ ਉਲੰਘਣਾ ਕੀਤੀ ਗਈ ਹੈ, ਤੋਂ ਮੁਆਫ਼ੀ ਮੰਗਣੀ ਚਾਹੀਦੀ ਹੈ। ਉਨਾਂ ਕਿਹਾ ਕਿ ਸਰਕਾਰ ਨੇ ਅਰਥਿਕ ਪੈਕੇਜ ਬਾਰੇ ਦੇਸ਼ ਵਾਸੀਆਂ ਨੂੰ ਧੋਖਾ ਦਿੱਤਾ ਹੈ। ਪ੍ਰਧਾਨ ਮੰਤਰੀ ਇਸ ਬਾਰੇ ਗੱਲ ਕਰਨ।

**ਕੇਜਰੀਵਾਲ ਮੋਦੀ ਤੋਂ ਔਖਾ**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਦੇ ਆਰਥਿਕ ਪੈਕੇਜ ਵਿੱਚ ਦਿੱਲੀ ਨੂੰ ਕੁਝ ਨਹੀਂ ਮਿਲਿਆ। ਉਨਾਂ ਕਿਹਾ ਕਿ ਕੇਂਦਰ ਨੇ 20 ਲੱਖ ਕਰੋੜ ਰੁਪਏ ਦੇ ਆਰਥਿਕ ਪੈਕੇਜ ਦਾ ਐਲਾਨ ਕੀਤਾ ਹੈ ਪਰ ਇਸ ਵਿੱਚੋਂ ਦਿੱਲੀ ਸਰਕਾਰ ਨੂੰ ਸਿੱਧੇ ਤੌਰ 'ਤੇ ਕੁਝ ਵੀ ਨਹੀਂ ਮਿਲਿਆ ਹੈ। ਇਸ ਤੋਂ ਪਹਿਲਾਂ ਅਜਿਹੇ ਹੀ ਇਲਜ਼ਾਮ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੀ ਲਾ ਚੁੱਕੇ ਹਨ ਕਿ ਇਸ ਪੈਕੇਜ ਵਿਚ ਪੰਜਾਬ ਲਈ ਕੁਝ ਨਹੀਂ ਹੈ। ਕੇਜਰੀਵਾਲ ਨੂੰ ਕਿਹਾ ਕਿ ਕੇਂਦਰ ਨੂੰ ਚਾਹੀਦਾ ਸੀ ਕਿ ਉਹ ਸੂਬਿਆਂ ਨੂੰ ਸਿੱਧਾ ਪੈਸਾ ਦਿੰਦਾ, ਜਿਸ ਨਾਲ ਸੂਬੇ ਆਪਣੇ ਹਾਲਾਤਾਂ ਨੂੰ ਕਾਬੂ ਵਿੱਚ ਰੱਖਦੇ। ਮੁੱਖ ਮੰਤਰੀ ਨੇ ਕਿਹਾ ਕਿ ਇਸ ਕੋਰੋਨਾ ਕਾਲ ਵਿੱਚ ਉਨਾਂ ਨੂੰ ਕੇਂਦਰ ਤੋਂ ਟੈਸਟਿੰਗ ਕਿਟ, ਪੀਪੀਈ ਕਿਟ ਆਦਿ ਵਿੱਚ ਹੀ ਸਹਿਯੋਗ ਮਿਲਿਆ ਹੈ, ਜਦਕਿ ਆਰਥਿਕ ਪੱਖੋਂ ਉਨਾਂ ਨੂੰ ਕੋਈ ਵੀ ਸਿੱਧੀ ਮਦਦ ਨਹੀਂ ਮਿਲੀ ਹੈ। ਕੇਜਰੀਵਾਲ ਨੇ ਕਿਹਾ ਕਿ ਕੋਰੋਨਾ ਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਪਿਛਲੇ ਦੋ ਮਹੀਨਿਆਂ ਤੋਂ ਜਾਰੀ ਤਾਲਾਬੰਦੀ ਕਾਰਨ ਉਨਾਂ ਬਹੁਤ ਸਾਰੀਆਂ ਸਿਹਤ ਸਹੂਲਤਾਂ ਵਿੱਚ ਸੁਧਾਰ ਕੀਤਾ ਹੈ। ਉਨਾਂ ਕਿਹਾ ਕਿ ਦਿੱਲੀ ਸਰਕਾਰ ਨੇ ਇਸ ਦੌਰਾਨ ਅਜਿਹੇ ਬੰਦੋਬਸਤ ਕੀਤੇ ਹਨ, ਜਿਨਾਂ ਤਹਿਤ 50,000 ਮਰੀਜ਼ਾਂ ਨੂੰ ਇੱਕੋ ਵੇਲੇ ਸੰਭਾਲਿਆ ਜਾ ਸਕੇ ਤੇ ਇਲਾਜ ਮੁਹੱਈਆ ਕਰਵਾਇਆ ਜਾ ਸਕੇ।


First Time Broadcasting in USA
On Garv Punjab Gurbani TV Channel
GARV
ਪੰਜਾਬ
ਗੁਰਬਾਣੀ
SHRI AKHAND PATH SAHIB JI
ETHICS-BEHAVIOUR & JOURNALISM
BALWINDER JAMMU
HARVINDER RIAR
KANWAR SANDHU
BAAZ TV
BAAZ BROADCASTING COMPANY
FOR MORE INFO CONTACT
MR. ARJAN RIAR
+1-212-464-8628, +1-551-230-2300
Email: Baaztvusa@gmail.com


jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE +1-800-246-6242
www.jusbroadcasting.com




22




GET FLAT 22 CENTS

DISCOUNT AT

TA TravelCenters of America

PETRO Stopping Centers®

We also offer Line of Credit for Fuel Card

*Additional Services with our Fuel Card*

✓ National Tire Program ✓ PM & Light Mechanical

✓ 24 Hour Dedicated Repair Service

TRANS-ALLIANCE
TOGETHER WE SAVE

ਪੰਜਾਬੀ ਵਿਚ ਜਾਣਕਾਰੀ ਲਈ
1.855.641.6955

1.888.795.7035
www.trans-alliance.com


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com